Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969

Jassi Gill
CA DRE# 00966763

Ad Space Available
Call: 847-359-0746
e-mail: punjabtimes1@gmail.com

FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ
Duabba Insurance Agency
2450 Peralta Blvd., Suite 120, Fremont, CA 94536
Ph: 510-797-7989
Fax: 510-794-7398 visit us@ farmers.com

Gurcharan Singh Mann
Insurance Agent
Licence# OC 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿਚ ਉਪਲਬਧ ਹੈ, ਜਿਸ ਦੀ ਦਫਤਰ ਵਲੋਂ ਮਨਜ਼ੂਰੀ ਹੈ

Sixteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 17, Issue 37, September 10, 2016 20451 N Plum Grove Rd., Palatine, IL 60074 Ph:847-359-0746, Fax:847-705-9388

# ਪੰਜਾਬ ਦੀ ਸਿਆਸਤ 'ਚ ਨਵੀਂ ਸਫਬੰਦੀ ਦੇ ਉਸਲਵੱਟੇ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਚੋਣਾਂ ਨੇੜੇ ਆਉਂਦੇ ਵੇਖ ਪੰਜਾਬ ਦੀ ਸਿਆਸਤ ਨਿੱਤ ਨਵੇਂ ਰੰਗ ਵਿਖਾ ਰਹੀ ਹੈ। ਆਮ ਆਦਮੀ ਪਾਰਟੀ ਸਮੇਤ ਰਵਾਇਤੀ ਪਾਰਟੀਆਂ ਨਾਲੋਂ ਟੁੱਟੇ ਆਗੂਆਂ ਵੱਲੋਂ ਧੜਾ-ਧੜ ਬਣਾਏ ਜਾ ਰਹੇ ਦਲਾਂ ਨੇ ਸਿਆਸਤ ਦੀ ਤਾਣੀ ਉਲਝਾ ਦਿਤੀ ਹੈ।

ਅਕਾਲੀ-ਭਾਜਪਾ ਸਰਕਾਰ ਦੇ ਸਾਢੇ ਨੌਂ ਸਾਲ ਦੇ ਕਾਰਜਕਾਲ ਦੌਰਾਨ ਲੋਕਾਂ ਦੀ ਵਧ ਰਹੀ ਨਾਰਾਜ਼ਗੀ ਦੇ ਸਹਾਰੇ ਸੱਤਾ ਦੀ ਮੁੱਖ ਦਾਅਵੇਦਾਰ ਬਣੀ ਆਮ ਆਦਮੀ ਪਾਰਟੀ ਵਿਚਲੀ ਫੁੱਟ ਅਤੇ ਨਵਜੋਤ ਸਿੱਧੂ, ਪ੍ਰਗਟ ਸਿੰਘ ਅਤੇ ਬੈਂਸ ਭਰਾਵਾਂ ਵੱਲੋਂ ਚੌਥਾ ਫਰੰਟ (ਆਵਾਜ਼-ਏ-ਪੰਜਾਬ) ਬਣਾਉਣ ਦੇ ਫੈਸਲੇ ਨਾਲ ਸੂਬੇ ਅੰਦਰ ਨਵੇਂ ਸਿਆਸੀ ਸਮੀਕਰਨ ਪੈਦਾ ਹੋਣ ਦੇ ਆਸਾਰ ਬਣੇ ਗਏ ਹਨ। ਇਸੇ ਦੌਰਾਨ 'ਆਪ' ਵਿਚ ਅੰਦਰੂਨੀ ਫੁੱਟ ਨੂੰ ਦੇਖਦਿਆਂ ਅਕਾਲੀ ਦਲ ਨੇ ਟਕਰਾਅ ਵਾਲੀਆਂ ਕਾਰਵਾਈਆਂ ਨੂੰ ਅੰਜਾਮ ਦੇਣਾ ਸ਼ੁਰੂ ਕਰ ਦਿਤਾ ਹੈ। ਮਲੋਟ ਵਿਚ ਸੰਸਦ ਮੈਂਬਰ ਭਗਵੰਤ ਮਾਨ ਦੀ ਰੈਲੀ ਵਿਚ ਅਕਾਲੀ ਕਾਰਕੁਨਾਂ ਨੇ ਜਿਸ ਤਰ੍ਹਾਂ ਦਾ ਹਮਲਾਵਰ ਰੁਖ਼ ਅਖ਼ਤਿਆਰ ਕੀਤਾ, ਇਸ ਨੇ ਹਾਕਮ ਧਿਰ ਦੀ ਬੇਚੈਨੀ ਸਾਹਮਣੇ ਲਿਆ ਦਿਤੀ ਹੈ। ਉਧਰ, ਕਾਂਗਰਸ ਪਾਰਟੀ ਨੂੰ ਵੀ ਦਲਿਤ ਵੋਟ 'ਤੇ ਸਿਆਸਤ ਮਹਿੰਗੀ ਪੈ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਤੋਂ ਕਾਂਗਰਸ ਵਿਚ ਆਏ ਗਾਇਕ ਹੰਸ ਰਾਜ ਹੰਸ ਵੱਲੋਂ ਸ਼ਰੇਆਮ ਸਟੇਜ 'ਤੇ ਜਿਸ ਢੰਗ ਨਾਲ ਪਾਰਟੀ ਦੇ ਆਗੂ ਚਰਨਜੀਤ ਸਿੰਘ ਚੰਨੀ ਤੋਂ ਮਾਈਕ ਖੋਹ ਕੇ ਕਾਂਗਰਸ ਦੀਆਂ ਦਲਿਤ ਨੀਤੀਆਂ ਵਿਰੁੱਧ ਭੜਾਸ ਕੱਢੀ, ਉਸ ਤੋਂ ਇਸ ਆਗੂ (ਹੰਸ ਰਾਜ ਹੰਸ) ਦੇ



ਕਾਂਗਰਸ ਨੂੰ ਵੀ ਪਿੱਠ ਵਿਖਾਉਣ ਦੇ ਆਸਾਰ ਬਣ ਰਹੇ ਹਨ। ਨਵੇਂ ਫਰੰਟ ਆਵਾਜ਼-ਏ-ਪੰਜਾਬ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਕਾਂਗਰਸ ਤੇ ਅਕਾਲੀ ਦਲ ਦੇ ਕਈ ਵੱਡੇ ਆਗੂਆਂ ਉਨ੍ਹਾਂ ਦੇ ਸੰਪਰਕ ਵਿਚ ਹਨ। ਆਮ ਆਦਮੀ ਪਾਰਟੀ ਵੱਲੋਂ ਪੰਜਾਬ ਇਕਾਈ ਦੀ ਕਨਵੀਨਰੀ ਤੋਂ ਲਾਂਭੇ ਕੀਤੇ ਸੁੱਚਾ ਸਿੰਘ ਛੋਟੇਪੁਰ ਵੱਲੋਂ ਵੀ ਇਸ ਨਵੇਂ ਫਰੰਟ ਵਿਚ ਜਾਣ ਦੀ ਚਰਚਾ ਹੈ। ਫਿਲਹਾਲ ਉਨ੍ਹਾਂ ਨੇ ਇਹ ਫੈਸਲਾ ਲੋਕ ਰਾਇ 'ਤੇ ਛੱਡ ਦਿਤਾ ਹੈ।

ਪੰਜਾਬ ਦੀ ਸਿਆਸਤ ਵਿਚ ਕਾਂਗਰਸ, ਅਕਾਲੀ ਦਲ, ਆਮ ਆਦਮੀ ਪਾਰਟੀ, ਬੀ.ਐਸ.ਪੀ., ਭਾਰਤੀ ਜਨਤਾ ਪਾਰਟੀ, ਅਕਾਲੀ ਦਲ (ਅੰਮ੍ਰਿਤਸਰ) ਅਤੇ ਯੂਨਾਈਟਿਡ ਅਕਾਲੀ ਦਲ ਸਮੇਤ ਅੱਧੀ ਦਰਜਨ ਛੋਟੇ ਮੋਟੇ ਸਿਆਸੀ

*(ਬਾਕੀ ਸਫਾ 6 'ਤੇ)*

## ਆਪ ਵਿਚ ਬਾਗੀ ਸੁਰਾਂ ਹੋਈਆਂ ਹੋਰ ਉਚੀਆਂ

**ਅੰਮ੍ਰਿਤਸਰ:** 'ਆਪ' ਵੱਲੋਂ ਸੁੱਚਾ ਸਿੰਘ ਛੋਟੇਪੁਰ ਨੂੰ ਪੰਜਾਬ ਦੀ ਕਨਵੀਨਰੀ ਤੋਂ ਲਾਂਭੇ ਕਰਨ ਪਿੱਛੋਂ ਪਾਰਟੀ ਵਿਚ ਵੱਡੇ ਪੱਧਰ 'ਤੇ ਬਗਾਵਤ ਸ਼ੁਰੂ ਹੋ ਗਈ ਹੈ। ਸੂਬੇ ਦੇ ਜ਼ੋਨ ਇੰਚਾਰਜਾਂ ਨੇ ਹਾਈਕਮਾਨ ਦੇ ਇਸ ਫੈਸਲੇ ਵਿਰੁੱਧ ਮੋਰਚਾ ਖੋਲ੍ਹਿਆ ਹੋਇਆ ਹੈ। ਪਾਰਟੀ ਦੇ ਤਕਰੀਬਨ 86 ਅਹੁਦੇਦਾਰਾਂ ਤੇ ਕਾਰਕੁਨਾਂ ਨੇ ਇਕਦਮ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿਤਾ ਹੈ। ਅਸਤੀਫਾ ਦੇਣ ਵਾਲਿਆਂ ਵਿਚ ਜ਼ੋਨ ਇੰਚਾਰਜ ਗੁਰਿੰਦਰ ਸਿੰਘ ਬਾਜਵਾ ਸਮੇਤ ਸੂਬਾਈ ਪੱਧਰ ਦੇ ਪੰਜ ਅਹੁਦੇਦਾਰ, ਵੱਖ-ਵੱਖ ਵਿੰਗਾਂ ਦੇ 9 ਜ਼ੋਨ ਇੰਚਾਰਜ ਅਤੇ 34 ਸੈਕਟਰ ਇੰਚਾਰਜ ਵੀ ਸ਼ਾਮਲ ਹਨ। ਫੰਡਾਂ ਦੀ ਹੇਰਾਫੇਰੀ ਦੇ ਦੋਸ਼ ਇਸ ਨਵੀਂ ਪਾਰਟੀ ਲਈ ਨਮੋਸ਼ੀ ਬਣੇ ਹੋਏ ਹਨ। ਉਧਰ, ਆਮ ਆਦਮੀ ਪਾਰਟੀ ਨੇ ਗੁਰਪ੍ਰੀਤ ਘੁੱਗੀ ਨੂੰ ਸੂਬਾਈ ਕਨਵੀਨਰ ਦੀ ਜ਼ਿੰਮੇਵਾਰੀ ਸੌਂਪਣ ਤੋਂ ਬਾਅਦ ਸ. ਛੋਟੇਪੁਰ ਨਾਲ ਜੁੜੇ ਪੰਜ ਜ਼ੋਨਾਂ ਦੇ ਕੋਆਰਡੀਨੇਟਰਾਂ ਦੀ ਥਾਂ ਨਵੇਂ ਆਗੂ ਨਿਯੁਕਤ ਕਰਨ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿਤੀ ਗਈ ਹੈ। ਪਾਰਟੀ ਵਿਚੋਂ ਬਾਗੀ ਹੋਏ ਐਚ.ਐਸ. ਕਿੰਗਰਾ ਵੱਲੋਂ ਨਸ਼ਰ ਕੀਤੇ ਸਟਿੰਗ 'ਚ ਸ਼ਾਮਲ ਲੁਧਿਆਣੇ ਦੇ ਆਬਜ਼ਰਵਰ ਅਮਰੀਸ਼ ਤ੍ਰਿਖਾ ਦੀ ਦਿੱਲੀ ਦੀ ਟਿਕਟ ਕੱਟਣ ਦੇ ਨਾਲ ਹੀ ਬਾਕੀ 12 ਆਬਜ਼ਰਵਰਾਂ ਦਾ ਵੀ ਬਿਸਤਰਾ ਗੋਲ ਕਰਨ ਦਾ ਫੈਸਲਾ ਕੀਤਾ ਹੈ।

# ਵਾਦੀ 'ਚ ਸਰਬ ਪਾਰਟੀ ਵਫਦ ਵੀ ਨਾਕਾਮ



**ਸ੍ਰੀਨਗਰ:** ਕਸ਼ਮੀਰ ਵਿਚ ਸ਼ਾਂਤੀ ਦੇ ਯਤਨਾਂ ਲਈ ਗਏ ਸਰਬ ਪਾਰਟੀ ਵਫਦ ਬਾਰੇ ਵੱਖਵਾਦੀਆਂ ਵੱਲੋਂ ਸਖਤ ਰੁਖ ਅਖ਼ਤਿਆਰ ਕਰਨ ਨਾਲ ਫਿਲਹਾਲ ਵਾਦੀ ਵਿਚ ਹਾਲਾਤ ਸੁਧਰਨ ਦੇ ਆਸਾਰ ਘੱਟ ਨਜ਼ਰ ਆ ਰਹੇ ਹਨ। ਇਸ ਵਫਦ ਦੇ ਦੌਰੇ ਸਮੇਂ ਹੀ ਸੁਰੱਖਿਆ ਬਲਾਂ ਅਤੇ ਵਿਖਾਵਾਕਾਰੀਆਂ ਵਿਚ ਝੜਪਾਂ ਜਾਰੀ ਰਹੀਆਂ ਜਿਸ ਕਾਰਨ ਮੌਤਾਂ ਦੀ ਗਿਣਤੀ ਵਧ ਕੇ 75 ਹੋ ਗਈ ਹੈ। ਇਹ ਸੰਘਰਸ਼ ਪਿਛਲੇ ਤਕਰੀਬਨ ਦੋ ਮਹੀਨਿਆਂ ਤੋਂ ਚੱਲ ਰਿਹਾ ਹੈ।

ਸਰਕਾਰ ਵੱਲੋਂ ਹਾਲਾਤ ਦਾ ਸਾਹਮਣਾ ਕਰਨ ਲਈ ਸਰਬ ਪਾਰਟੀ ਵਫਦ ਭੇਜ ਕੇ ਗਰਮਖਿਆਲੀਆਂ ਨੂੰ ਗੱਲਬਾਤ ਦਾ ਸੱਦਾ ਦਿਤਾ ਗਿਆ ਸੀ। ਹੁਰੀਅਤ ਆਗੂਆਂ ਵੱਲੋਂ ਵਫ਼ਦ ਦੇ ਕੁਝ ਮੈਂਬਰਾਂ ਲਈ ਆਪਣੇ ਘਰਾਂ ਦੇ ਦਰ ਭੇੜੇ ਰੱਖਣ ਤੋਂ ਨਾਰਾਜ਼ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਇਨ੍ਹਾਂ ਆਗੂਆਂ ਦਾ ਰਵੱਈਆ ਜਮਹੂਰੀਅਤ, ਇਨਸਾਨੀਅਤ ਅਤੇ ਕਸ਼ਮੀਰੀਅਤ ਖਿਲਾਫ਼ ਸੀ। ਸਰਬ ਪਾਰਟੀ ਵਫ਼ਦ ਵਿਚ 20 ਪਾਰਟੀਆਂ ਦੇ 26 ਸੰਸਦ ਮੈਂਬਰ ਸ਼ਾਮਲ ਸਨ। ਹਾਲਾਂਕਿ ਗ੍ਰਹਿ ਮੰਤਰੀ ਦਾ ਦਾਅਵਾ ਹੈ ਕਿ ਉਨ੍ਹਾਂ ਦਾ ਮਿਸ਼ਨ ਅਸਫਲ ਨਹੀਂ ਹੋਇਆ।

ਸੂਬੇ ਦੀ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਹੁਰੀਅਤ ਦੇ ਆਗੂਆਂ ਨੂੰ ਵਫ਼ਦ ਨਾਲ ਗੱਲਬਾਤ ਕਰਨ ਲਈ ਸੱਦਾ ਦਿਤਾ ਸੀ, ਪਰ ਇਨ੍ਹਾਂ ਆਗੂਆਂ ਨੇ ਸਰਬ ਪਾਰਟੀ ਵਫਦ ਦੇ ਪ੍ਰਤੀਨਿਧਾਂ ਨਾਲ ਮਿਲਣ ਤੋਂ ਇਨਕਾਰ ਕਰ ਦਿੱਤਾ। ਇਨ੍ਹਾਂ ਵੱਖਵਾਦੀ ਆਗੂਆਂ ਵਿਚ ਮੀਰਵਾਇਜ਼ ਉਮਰ ਫਾਰੂਕ, ਯਾਸੀਨ ਮਲਿਕ ਅਤੇ ਸੱਯਦ ਅਲੀ ਗਿਲਾਨੀ ਸ਼ਾਮਲ ਹਨ। ਉਧਰ, ਸਰਬ ਪਾਰਟੀ ਵਫ਼ਦ ਨੂੰ ਵੱਖਵਾਦੀਆਂ ਵੱਲੋਂ ਮਿਲੇ ਠੰਢੇ ਹੁੰਗਾਰੇ ਤੋਂ ਨਾਰਾਜ਼ ਕੇਂਦਰ ਸਰਕਾਰ ਵੱਲੋਂ ਹੁਣ ਆਪਣਾ ਰੁਖ਼ ਸਖ਼ਤ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਤਹਿਤ ਵੱਖਵਾਦੀਆਂ ਦੇ ਪਾਸਪੋਰਟ ਜ਼ਬਤ ਕੀਤੇ ਜਾ ਸਕਦੇ ਹਨ ਤੇ ਉਨ੍ਹਾਂ ਨੂੰ ਵਿਦੇਸ਼ ਦੌਰਿਆਂ ਲਈ ਸਫ਼ਰ ਦਸਤਾਵੇਜ਼ ਮੁਹੱਈਆ ਕਰਵਾਉਣ ਤੋਂ ਨਾਂਹ ਕੀਤੀ ਜਾ ਸਕਦੀ ਹੈ। ਕੇਂਦਰ ਨੇ ਕਿਹਾ ਹੈ ਕਿ

*(ਬਾਕੀ ਸਫਾ 6 'ਤੇ)*

We Do Real Estate in Bay Area & Central Valley
We do loans anywhere in California

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

# ਹੰਸ ਨੇ ਕਾਂਗਰਸ ਦੀ ਸਟੇਜ ਤੋਂ ਜਤਾਇਆ ਰੋਸ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਨੂੰ ਗਾਇਕ ਹੰਸ ਰਾਜ ਹੰਸ ਕਾਰਨ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਜਦੋਂ ਉਸ ਨੇ ਇਥੇ 'ਦਲਿਤ ਸੰਪਰਕ' ਪ੍ਰੋਗਰਾਮ ਦੌਰਾਨ ਦਲਿਤ ਆਗੂਆਂ ਨੂੰ ਬਣਦੀ ਨੁਮਾਇੰਦਗੀ ਨਾ ਦੇਣ ਕਾਰਨ ਹੰਗਾਮਾ ਕੀਤਾ। ਹੰਸ ਕੁਝ ਮਹੀਨੇ ਪਹਿਲਾਂ ਕਾਂਗਰਸ ਵਿਚ ਸ਼ਾਮਲ ਹੋਇਆ ਸੀ। ਉਸ ਦੀ ਜਗ੍ਹਾ ਸੀਨੀਅਰ ਦਲਿਤ ਆਗੂ ਅਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ ਨੂੰ ਰਾਜ ਸਭਾ ਦੀ ਮੈਂਬਰੀ ਮਿਲਣ ਕਾਰਨ ਉਹ ਸਪਸ਼ਟ ਤੌਰ ਉਤੇ ਔਖੇ ਸਨ।



ਪ੍ਰੋਗਰਾਮ ਵਿਚ ਜਦੋਂ ਵਿਰੋਧੀ ਧਿਰ ਦੇ ਆਗੂ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪਾਰਟੀ ਨੇ ਸ੍ਰੀ ਦੂਲੋ ਨੂੰ ਰਾਜ ਸਭਾ ਮੈਂਬਰ ਬਣਾ ਕੇ ਅਤੇ ਉਸ ਨੂੰ ਵਿਧਾਇਕ ਦਲ ਦਾ ਨੇਤਾ ਬਣਾ ਕੇ ਦਲਿਤ ਆਗੂਆਂ ਨੂੰ ਨੁਮਾਇੰਦਗੀ ਦਿਤੀ ਹੈ ਤਾਂ ਇਸ ਤੋਂ ਹੰਸ ਭੜਕ ਗਏ। ਵਾਲਮੀਕ ਭਾਈਚਾਰੇ ਦੀ ਨੁਮਾਇੰਦਗੀ ਕਰਨ ਵਾਲੇ ਹੰਸ ਨੇ ਸ੍ਰੀ ਚੰਨੀ ਕੋਲੋਂ ਮਾਈਕ ਖੋਹ ਲਿਆ ਅਤੇ ਦੋਸ਼ ਲਾਇਆ ਕਿ ਪਾਰਟੀ ਵੱਲੋਂ ਉਨ੍ਹਾਂ ਨੂੰ ਬਣਦੀ ਨੁਮਾਇੰਦਗੀ ਨਹੀਂ ਦਿਤੀ ਗਈ। ਸਟੇਜ ਤੋਂ ਜਦੋਂ ਉਹ ਗਰਮੀ ਨਾਲ ਬੋਲ ਰਹੇ ਸਨ, ਉਨ੍ਹਾਂ ਦੇ ਸਮਰਥਕਾਂ ਨੇ ਕਾਂਗਰਸ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿਤੀ।

ਇਸ ਮੌਕੇ ਮੰਚ ਉਤੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ, ਪੰਜਾਬ ਮਾਮਲਿਆਂ ਦੇ ਇੰਚਾਰਜ ਆਸ਼ਾ ਕੁਮਾਰੀ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਸਕੱਤਰ ਹਰੀਸ਼ ਚੌਧਰੀ ਤੋਂ ਇਲਾਵਾ ਚੌਧਰੀ ਸੰਤੋਖ ਸਿੰਘ, ਕੇ. ਰਾਜੂ, ਆਲ ਇੰਡੀਆ ਐਸ.ਸੀ. ਸੈੱਲ ਦੇ ਇੰਚਾਰਜ ਸ਼ਮਸ਼ੇਰ ਸਿੰਘ ਦੂਲੋ ਬੈਠੇ ਹੋਏ ਸਨ।

# ਜ਼ੈੱਡ ਪਲੱਸ ਸੁਰੱਖਿਆ ਨਾਲ ਵੀ ਸੁਰੱਖਿਅਤ ਨਹੀਂ ਬਾਦਲ ਪਰਿਵਾਰ

**ਚੰਡੀਗੜ੍ਹ:** ਜ਼ੈੱਡ ਪਲੱਸ ਸੁਰੱਖਿਆ ਕਵਰ ਵਿਚ ਵੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਨੂੰ ਡਰ ਸਤਾ ਰਿਹਾ ਹੈ। ਇਸ ਲਈ ਹੁਣ ਪੰਜਾਬ ਸਰਕਾਰ ਨੇ ਹੋਰ ਵਾਧੂ ਸੁਰੱਖਿਆ ਦੀ ਮੰਗ ਕੀਤੀ ਹੈ। ਕੇਂਦਰ ਸਰਕਾਰ ਲਈ ਦਿੱਕਤ ਇਹ ਹੈ ਕਿ ਜ਼ੈੱਡ ਸੁਰੱਖਿਆ ਕਵਰ ਤੋਂ ਵੱਡੀ ਉਸ ਕੋਲ ਹੋਰ ਕੋਈ ਸੁਰੱਖਿਆ ਛੱਤਰੀ ਨਹੀਂ। ਦੇਸ਼ ਦੇ ਮੁੱਖ ਆਗੂਆਂ ਨੂੰ ਜ਼ੈੱਡ ਸੁਰੱਖਿਆ ਦਿੱਤੀ ਜਾਂਦੀ ਹੈ।

ਪੰਜਾਬ ਸਰਕਾਰ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਚਿੱਠੀ ਲਿਖੀ ਹੈ ਕਿ ਮੁੱਖ ਮੰਤਰੀ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਮਜੀਠੀਆ ਨੂੰ ਜ਼ੈੱਡ ਪਲੱਸ ਸੁਰੱਖਿਆ ਤੋਂ ਵੀ ਵੱਡਾ ਸੁਰੱਖਿਆ ਕਵਰ ਦਿੱਤਾ ਜਾਵੇ। ਮਜੀਠੀਆ, ਸੁਖਬੀਰ ਸਿੰਘ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਦੇ ਭਰਾ ਹਨ। ਗ੍ਰਹਿ ਮੰਤਰਾਲਾ ਇਸ ਗੱਲ ਨੂੰ ਲੈ ਕੇ ਦਿੱਕਤ ਵਿਚ ਹੈ ਕਿ ਜਿਸ ਬੰਦੇ ਕੋਲ ਪਹਿਲਾਂ ਹੀ ਸਭ ਤੋਂ ਵੱਡਾ ਸੁਰੱਖਿਆ ਕਵਰ ਹੋਵੇ, ਉਸ ਦੀ ਸੁਰੱਖਿਆ ਹੋਰ ਕਿਵੇਂ ਵਧਾਈ ਜਾਵੇ। ਪੰਜਾਬ ਦੇ ਮੁੱਖ ਮੰਤਰੀ, ਉਪ ਮੁੱਖ ਮੰਤਰੀ ਤੇ ਕੈਬਨਿਟ ਮੰਤਰੀ ਬਿਕਰਮ ਮਜੀਠੀਆ ਦੀ ਸੁਰੱਖਿਆ ਵਿਚ ਸੀ.ਐਸ.ਐਸ.ਐਫ. ਦੇ ਜਵਾਨ ਤਾਇਨਾਤ ਹਨ। ਜ਼ੈੱਡ ਪਲੱਸ ਸੁਰੱਖਿਆ ਵਿਚ 30-40 ਜਵਾਨ ਸੁਰੱਖਿਆ ਦਿੰਦੇ ਹਨ।

## ਗਾਖਲ ਵਲੋਂ 18 ਸਤੰਬਰ ਨੂੰ ਹੋਣ ਵਾਲੇ ਵਿਸ਼ਵ ਕਬੱਡੀ ਕੱਪ ਵਿਚ ਪਹੁੰਚਣ ਦਾ ਸੱਦਾ

**ਯੂਨੀਅਨ ਸਿਟੀ (ਬਿਊਰੋ):** ਯੂਨਾਈਟਿਡ ਸਪੋਰਟਸ ਕਲੱਬ ਦੇ ਸਰਪ੍ਰਸਤ ਅਮੋਲਕ ਸਿੰਘ ਗਾਖਲ ਨੇ ਕਲੱਬ ਵਲੋਂ ਇਥੇ ਲੋਗਨ ਹਾਈ ਸਕੂਲ ਵਿਚ 18 ਸਤੰਬਰ ਨੂੰ ਕਰਵਾਏ ਜਾ ਰਹੇ 12ਵੇਂ ਵਿਸ਼ਵ ਕਬੱਡੀ ਕੱਪ ਮੇਲੇ ਵਿਚ ਸਮੂਹ ਕਬੱਡੀ ਪ੍ਰੇਮੀਆਂ ਨੂੰ ਪਹੁੰਚਣ ਦਾ ਸੱਦਾ ਦਿੰਦਿਆਂ ਕਿਹਾ ਹੈ ਕਿ ਜਿਸ ਤਰ੍ਹਾਂ ਦਾ ਸਹਿਯੋਗ ਅਤੇ ਹੁੰਗਾਰਾ ਮਿਲ ਰਿਹਾ ਹੈ, ਉਸ ਤੋਂ ਲੱਗਦਾ ਹੈ ਕਿ ਦਰਸ਼ਕਾਂ ਦਾ ਇਕੱਠ ਆਸ ਤੋਂ ਕਿਤੇ ਵੱਧ ਹੋਵੇਗਾ। ਉਨ੍ਹਾਂ ਸਭ ਨੂੰ ਬੇਨਤੀ ਕੀਤੀ ਕਿ ਲੋਗਨ ਹਾਈ ਸਕੂਲ ਕਾਰ ਪੂਲ ਵਾਂਗ ਚਾਰ ਚਾਰ-ਪੰਜ ਪੰਜ ਹੋ ਕੇ ਇਕ ਗੱਡੀ ਵਿਚ ਆਉਣ ਤਾਂ ਕਿ ਪਾਰਕਿੰਗ ਦੀ ਕੋਈ ਸਮੱਸਿਆ ਨਾ ਆਵੇ।

ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ ਨੇ ਇਕ ਬਿਆਨ ਵਿਚ ਕਿਹਾ ਕਿ ਇਸ ਟੂਰਨਾਮੈਂਟ ਵਿਚ ਕਬੱਡੀ ਦੇ ਨਾਮੀ ਖਿਡਾਰੀ ਭਾਰਤ ਅਤੇ ਹੋਰ ਦੇਸ਼ਾਂ ਤੋਂ ਪੁੱਜ ਰਹੇ ਹਨ ਅਤੇ ਇਹ ਮੇਲਾ ਆਪਣੇ ਆਪ ਵਿਚ ਨਿਵੇਕਲਾ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਜੇ ਕਬੱਡੀ ਪ੍ਰੇਮੀਆਂ ਤੋਂ ਇਸੇ ਤਰ੍ਹਾਂ ਵਧੀਆ ਹੁੰਗਾਰਾ ਮਿਲਦਾ ਰਿਹਾ ਤਾਂ ਉਹ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਅਜਿਹਾ ਵਿਸ਼ਵ ਕੱਪ ਹਰ ਸਾਲ ਕਰਵਾਉਣ ਬਾਰੇ ਵੀ ਵਿਚਾਰ ਕਰ ਸਕਦੇ ਹਨ।

# ਜਗਮੀਤ ਬਰਾੜ ਨੇ ਪਾਈ 'ਆਪ' ਨਾਲ ਪ੍ਰੀਤ

**ਚੰਡੀਗੜ੍ਹ:** ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਆਮ ਆਦਮੀ ਪਾਰਟੀ (ਆਪ) ਦੀ ਪਿੱਠ 'ਤੇ ਆ ਗਏ ਹਨ। ਉਨ੍ਹਾਂ ਇਥੇ ਆਪਣੇ ਲੋਕ ਹਿੱਤ ਅਭਿਆਨ ਦਾ 'ਆਪ' ਨਾਲ ਪੰਜਾਬ ਦੇ ਮੁੱਦਿਆਂ ਦੇ ਆਧਾਰ 'ਤੇ ਗੱਠਜੋੜ ਕਰਨ ਦਾ ਐਲਾਨ ਕੀਤਾ। 'ਆਪ' ਦੇ ਪੰਜਾਬ ਇੰਚਾਰਜ ਸੰਜੇ ਸਿੰਘ, ਕੋ-ਇੰਚਾਰਜ ਤੇ ਦਿੱਲੀ ਤੋਂ ਵਿਧਾਇਕ ਜਰਨੈਲ ਸਿੰਘ, ਪੰਜਾਬ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ, ਸੰਸਦ ਮੈਂਬਰ ਤੇ ਪ੍ਰਚਾਰ ਕਮੇਟੀ ਦੇ ਮੁਖੀ ਭਗਵੰਤ ਮਾਨ, ਕਾਨੂੰਨੀ ਸੈੱਲ ਦੇ ਮੁਖੀ ਹਿੰਮਤ ਸਿੰਘ ਸ਼ੇਰਗਿੱਲ, ਬੁਲਾਰੇ ਸੁਖਪਾਲ ਖਹਿਰਾ ਅਤੇ ਮੈਨੀਫੈਸਟੋ ਕਮੇਟੀ ਦੇ ਮੁਖੀ ਕੰਵਰ ਸੰਧੂ ਨੇ ਸ. ਬਰਾੜ ਦੇ ਲੋਕ ਹਿੱਤ ਅਭਿਆਨ ਨਾਲ ਪੰਜਾਬ ਦੇ ਮੁੱਦਿਆਂ ਦੇ ਆਧਾਰ 'ਤੇ ਗੱਠਜੋੜ ਕਰਨ ਦਾ ਐਲਾਨ ਕੀਤਾ।

ਦੱਸਣਯੋਗ ਹੈ ਕਿ ਸ. ਬਰਾੜ ਦੋ ਵਾਰ ਕਾਂਗਰਸ ਛੱਡ ਕੇ ਮੁੜ ਇਸ ਵਿਚ ਸ਼ਾਮਲ ਹੋਏ ਸਨ। ਪਿਛਲੇ ਸਮੇਂ ਉਨ੍ਹਾਂ ਨੇ ਭਾਜਪਾ ਵਿਚ ਜਾਣ ਦੀ ਤਿਆਰੀ ਵੀ ਕਰ ਲਈ ਸੀ। ਹੁਣ ਕੁਝ ਸਮੇਂ ਤੋਂ ਉਹ 'ਆਪ' ਦਾ ਗੁਣਗਾਨ ਕਰ ਰਹੇ ਸਨ ਅਤੇ ਅਖੀਰ ਉਨ੍ਹਾਂ ਨੇ ਇਸ ਪਾਰਟੀ ਨਾਲ ਮੁੱਦਿਆਂ 'ਤੇ ਆਧਾਰ ਉਤੇ ਗੱਠਜੋੜ ਕਰਨ ਦਾ ਐਲਾਨ ਕਰ ਦਿੱਤਾ।

ਇਸ ਮੌਕੇ ਉਨ੍ਹਾਂ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਅਜੋਕੇ ਸਮੇਂ ਦਾ ਮਹਾਤਮਾ ਗਾਂਧੀ



ਕਰਾਰ ਦਿੰਦਿਆਂ ਕਿਹਾ ਕਿ ਇਸ ਆਗੂ ਤੋਂ ਮੁਲਕ ਨੂੰ ਵੱਡੀਆਂ ਆਸਾਂ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਇਹ ਗੱਠਜੋੜ ਸਿਆਸਤ ਆਧਾਰਿਤ ਨਹੀਂ, ਬਲਕਿ ਪੰਜਾਬ ਦੇ ਗੰਭੀਰ ਮੁੱਦਿਆਂ 'ਤੇ ਆਧਾਰਿਤ ਹੈ। ਉਹ ਇਸ ਗੱਠਜੋੜ ਰਾਹੀਂ ਪੰਜਾਬ ਨੂੰ ਅਕਾਲੀ-ਭਾਜਪਾ ਗੱਠਜੋੜ ਅਤੇ ਕਾਂਗਰਸ ਤੋਂ ਬਚਾਉਣ ਲਈ ਮੈਦਾਨ ਵਿਚ ਆਏ ਹਨ। ਉਨ੍ਹਾਂ ਕਿਹਾ ਕਿ 'ਆਪ' ਦੀ ਲੀਡਰਸ਼ਿਪ ਜੋ ਵੀ ਚੋਣ ਰਣਨੀਤੀ ਬਣਾਵੇਗੀ, ਲੋਕ ਹਿੱਤ ਅਭਿਆਨ ਇਸ ਨੂੰ ਪ੍ਰਵਾਨ ਕਰੇਗਾ। ਉਹ ਬਿਨਾਂ ਸ਼ਰਤ 'ਆਪ' ਦੀ ਹਮਾਇਤ 'ਤੇ ਆਏ ਹਨ ਅਤੇ ਇਹ ਗੱਠਜੋੜ ਕੇਵਲ 2017 ਦੀਆਂ ਵਿਧਾਨ ਸਭਾ ਚੋਣਾਂ ਤਕ ਹੀ ਨਹੀਂ, ਸਗੋਂ 2019 ਦੀਆਂ ਲੋਕ ਸਭਾ ਚੋਣਾਂ ਤਕ ਜਾਰੀ ਰਹੇਗਾ। ਉਨ੍ਹਾਂ ਨਾਲ ਸਾਬਕਾ ਵਿਧਾਇਕ ਵਿਜੈ ਸਾਥੀ, ਤਰਸੇਮ ਜੋਧਾ ਅਤੇ ਵੱਡੀ ਗਿਣਤੀ ਵਿਚ ਸਮਰਥਕ ਪੁੱਜੇ ਸਨ।

## 'ਆਪ' ਵੱਲੋਂ ਹਾਈ ਕੋਰਟ ਦੇ ਫੈਸਲੇ ਵਿਰੁਧ 6 ਪਟੀਸ਼ਨਾਂ ਦਾਖਲ

**ਨਵੀਂ ਦਿੱਲੀ:** ਦਿੱਲੀ ਦੀ ਆਮ ਆਦਮੀ ਪਾਰਟੀ ਸਰਕਾਰ ਨੇ ਸੁਪਰੀਮ ਕੋਰਟ ਨੂੰ ਜਾਣਕਾਰੀ ਦਿੱਤੀ ਕਿ ਉਨ੍ਹਾਂ ਦਿੱਲੀ ਹਾਈ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦੇਣ ਵਾਲੀਆਂ ਛੇ ਵੱਖ-ਵੱਖ ਪਟੀਸ਼ਨਾਂ ਦਾਖਲ ਕੀਤੀਆਂ ਹਨ। ਇਸ ਦੇ ਨਾਲ ਉਨ੍ਹਾਂ ਕੌਮੀ ਰਾਜਧਾਨੀ ਨੂੰ ਸੂਬੇ ਦਾ ਦਰਜਾ ਦੇਣ ਲਈ ਦਾਖਲ ਕੀਤੀ ਆਪਣੀ ਪਟੀਸ਼ਨ ਨੂੰ ਵਾਪਸ ਲੈ ਲਿਆ ਹੈ।


ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ

ਜਗਦੇਵ ਸਿੰਘ

ਫੋਨ: 510-689-4625



JAGDEV SINGH
Realtor
CalBre #01423409
42820 Albrae, St.,
Fremont, CA 94538

REALTOR EQUAL HOUSING OPPORTUNITY



Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

# ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦਿਹਾੜੇ ਮੌਕੇ ਅਲੌਕਿਕ ਨਗਰ ਕੀਰਤਨ

**ਸੈਨ ਹੋਜ਼ੇ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਟੈਂਪਲ ਦੀਆਂ ਸੰਗਤਾਂ ਵਲੋਂ ਲੰਘੀ 4 ਸਤੰਬਰ ਨੂੰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਪਹੁੰਚੀਆਂ। ਕਰੀਬ 4 ਮੀਲ ਦੇ ਰਾਸਤੇ ਦੌਰਾਨ ਇਉਂ ਜਾਪਦਾ ਸੀ, ਰੰਗ-ਬਰੰਗੀਆਂ ਦਸਤਾਰਾਂ ਅਤੇ ਦੁਪੱਟਿਆਂ ਦਾ ਜਿਵੇਂ ਸੜਕਾਂ 'ਤੇ ਹੜ੍ਹ ਆ ਗਿਆ ਹੋਵੇ। ਗੁਰਦੁਆਰਾ ਸੈਨ ਹੋਜ਼ੇ ਵਲੋਂ ਕੱਢਿਆ ਗਿਆ ਇਹ ਪਹਿਲਾ ਨਗਰ ਕੀਰਤਨ ਸੀ।

ਨਗਰ ਕੀਰਤਨ ਮੋਰੀਲੋ ਰੋਡ ਦੀ ਪਹਾੜੀ ਢਲਾਣ 'ਤੇ ਸਥਿਤ ਗੁਰਦੁਆਰਾ ਸਾਹਿਬ ਤੋਂ ਦੁਪਹਿਰ ਸਮੇਂ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਤੋਂ ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਵਲੋਂ ਅਰਦਾਸ ਕੀਤੇ ਜਾਣ ਉਪਰੰਤ ਜੈਕਾਰਿਆਂ ਦੀ ਗੂੰਜ ਵਿਚ ਇੱਕ ਸੁੰਦਰ ਸਜੀ ਪਾਲਕੀ ਵਿਚ ਸੁਸ਼ੋਭਿਤ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਹੇਠ ਅਤੇ ਪੰਜ ਪਿਆਰਿਆਂ ਤੇ ਨਿਸ਼ਾਨਚੀਆਂ ਦੀ ਅਗਵਾਈ ਹੇਠ ਅਰੰਭ ਹੋਇਆ। ਗੁਰੂ ਮਹਾਰਾਜ ਦੀ ਪਾਲਕੀ 'ਤੇ ਰਾਗੀ ਸਿੰਘਾਂ ਵਲੋਂ ਕੀਤੇ ਜਾ ਰਹੇ ਇਲਾਹੀ ਬਾਣੀ ਦੇ ਕੀਰਤਨ ਦੀਆਂ ਧੁਨਾਂ ਮਾਹੌਲ ਵਿਚ ਇਕ ਇਲਾਹੀ ਰੰਗ ਘੋਲ ਰਹੀਆਂ ਸਨ। ਗੁਰੂ ਘਰ ਵਲੋਂ 5 ਫਲੋਟ ਤਿਆਰ ਕੀਤੇ ਗਏ ਸਨ। ਮੇਨ ਫਲੋਟ 'ਤੇ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਅਤੇ ਦੂਜੇ ਫਲੋਟ 'ਤੇ ਖਾਲਸਾ ਸਕੂਲ ਦੇ ਬੱਚੇ ਕੀਰਤਨ ਦਾ ਪ੍ਰਵਾਹ ਚਲਾ ਰਹੇ ਸਨ। ਤੀਜੇ ਫਲੋਟ 'ਤੇ ਢਾਡੀ ਜਥੇ ਸੰਗਤਾਂ ਨੂੰ ਢਾਡੀ ਵਾਰਾਂ ਨਾਲ ਗੁਰੂ ਜਸ ਤੇ ਸਿੱਖ ਇਤਿਹਾਸ ਸਰਵਣ ਕਰਵਾ ਰਹੇ ਸਨ।

ਗਿਆਨੀ ਜਸਵਿੰਦਰ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਬੈਠੇ ਚੌਰ ਸਾਹਿਬ ਦੀ ਸੇਵਾ ਕਰ ਰਹੇ ਸਨ।





ਗੁਰੂ ਮਹਾਰਾਜ ਦੀ ਪਾਲਕੀ ਦੇ ਪਿੱਛੇ ਵੱਖ ਵੱਖ ਗੁਰੂ ਘਰਾਂ ਅਤੇ ਪੰਥਕ ਜਥੇਬੰਦੀਆਂ ਦੇ ਫਲੋਟ ਸਨ। ਅਨੇਕਾਂ ਸ਼ਰਧਾਲੂ-ਮਰਦ ਔਰਤਾਂ ਝਾੜੂ ਬਰਦਾਰ ਬਣ ਕੇ ਅੱਗੇ ਅੱਗੇ ਜਲ ਤਰੌਂਕਦੇ ਸੜਕ ਸਾਫ ਕਰ ਰਹੇ ਸਨ। ਗਤਕੇ ਦੇ ਖਿਡਾਰੀ ਗਤਕੇ ਦੇ ਜੌਹਰ ਦਿਖਾ ਕੇ ਨਾ ਸਿਰਫ ਸਿੱਖ ਸੰਗਤਾਂ ਨੂੰ ਹੀ ਅਚੰਭਿਤ ਕਰ ਰਹੇ ਸਨ ਸਗੋਂ ਸੜਕਾਂ 'ਤੇ ਖੜ੍ਹੇ ਅਮਰੀਕੀ ਮੂਲ ਦੇ ਲੋਕਾਂ ਨੂੰ ਵੀ ਚਕ੍ਰਿਤ ਕਰ ਰਹੇ ਸਨ। ਇਕ ਛੋਟੀ ਜਿਹੀ ਬੱਚੀ ਘੋੜੇ ਦੀ ਸਵਾਰੀ ਕਰ ਕੇ ਸਭ ਨੂੰ ਹੈਰਾਨ ਕਰ ਰਹੀ ਸੀ। ਮੋਟਰ ਸਾਈਕਲ ਵਾਲੇ ਨੌਜਵਾਨਾਂ ਦਾ ਜਥਾ ਆਪਣਾ ਰੰਗ ਪੇਸ਼ ਕਰ ਰਿਹਾ ਸੀ।

ਗੁਰਬਾਣੀ ਦਾ ਮਨੋਹਰ ਕੀਰਤਨ ਸਰਵਣ ਕਰਦੀਆਂ ਸੰਗਤਾਂ ਗੁਰੂ ਜੱਸ ਗਾਉਂਦੀਆਂ ਮੰਤਰ ਮੁਗਧ ਹੋ ਰਹੀਆਂ ਸਨ ਅਤੇ ਵਾਹਿਗੁਰੂ ਦਾ ਜਾਪ ਕਰ ਕੇ ਆਪਣੇ ਜੀਵਨ ਸਫਲੇ ਕਰ ਰਹੀਆਂ ਸਨ। ਜੋ ਬੋਲੇ ਸੋ ਨਿਹਾਲ ਦੇ ਜੈਕਾਰੇ ਸ਼ਹਿਰ ਦੀਆਂ ਸੜਕਾਂ 'ਤੇ ਸਿੱਖ ਪੰਥ ਦੇ ਬੋਲ-ਬਾਲੇ ਦੀਆਂ ਧਮਕਾਂ ਪਾ ਰਹੇ ਸਨ।

ਨਗਰ ਕੀਰਤਨ ਦੇ ਅਰੰਭ ਤੇ ਸਮਾਪਤੀ ਸਮੇਂ ਹੈਲੀਕਾਪਟਰ ਨੇ ਅਸਮਾਨ ਤੋਂ ਰੰਗ-ਬਰੰਗੇ ਫੁੱਲਾਂ ਦੀ ਵਰਖਾ ਕੀਤੀ। ਸਾਰੇ ਰਸਤੇ ਵਿਚ ਥਾਂ ਥਾਂ ਸੰਗਤਾਂ ਵਲੋਂ ਸਨੈਕਸ, ਪਾਣੀ, ਸ਼ਰਬਤ, ਨੂਡਲ, ਲੱਸੀ ਤੋਂ ਇਲਾਵਾ ਭਾਂਤ ਭਾਂਤ ਦੇ ਭੋਜਨ ਪਦਾਰਥਾਂ ਦੇ ਲੰਗਰ ਲਾਏ ਗਏ ਸਨ ਜਿਥੋਂ ਸਿੱਖ ਸੰਗਤਾਂ ਦੇ ਨਾਲ ਨਾਲ ਸਥਾਨਕ ਅਮਰੀਕੀ ਵੀ ਭੋਜਨ ਪਦਾਰਥਾਂ ਦਾ ਅਨੰਦ ਲੈ ਰਹੇ ਸਨ। ਫਤਿਹਗੜ੍ਹ ਸਾਹਿਬ ਦੀ ਸੰਗਤ ਵਲੋਂ ਚਾਹ, ਪਕੌੜੇ, ਨੂਡਲ, ਜਲੇਬੀਆਂ ਦੀ ਸੇਵਾ ਅਤੇ ਹੌਲਿਸਟਰ ਦੀ ਸੰਗਤ ਵਲੋਂ ਛੋਲੇ ਭਠੂਰਿਆਂ ਦੀ ਸੇਵਾ ਕੀਤੀ ਗਈ।

ਨਗਰ ਕੀਰਤਨ ਮੋਰੀਲੋ ਰੋਡ, ਕੁਇੰਬੀ ਰੋਡ, ਰੁੱਬੀ ਰੋਡ ਤੇ ਅਬੌਰਨ ਰੋਡ ਤੋਂ ਹੁੰਦਾ ਹੋਇਆ ਤਿੰਨ ਘੰਟੇ ਦੀ ਲੰਬੀ ਪਰਿਕਰਮਾ ਉਪਰੰਤ ਵਾਪਸ ਗੁਰੂ ਘਰ ਆ ਕੇ ਸਮਾਪਤ ਹੋਇਆ।

ਬਹੁਤ ਸਾਰੀਆਂ ਅਖਬਾਰਾਂ, ਚੈਨਲਾਂ ਤੇ ਮੀਡੀਆ ਸੰਸਥਾਵਾਂ ਦੇ ਪੱਤਰਕਾਰ ਤੇ ਨੁਮਾਇੰਦੇ ਕਵਰੇਜ ਵਾਸਤੇ ਨਗਰ ਕੀਰਤਨ ਦੇ ਅੱਗੇ ਪਿੱਛੇ ਫਿਰ ਰਹੇ ਸਨ। ਸੈਨ ਹੋਜ਼ੇ ਸਿਟੀ ਦੇ ਨੁਮਾਇੰਦੇ, ਕਈ ਹੋਰ ਸੰਪਰਦਾਵਾਂ ਤੇ ਭਾਈਚਾਰਿਆਂ ਦੇ ਆਗੂਆਂ ਅਤੇ ਸਿੱਖ ਪੰਥ ਦੀਆਂ ਉਘੀਆਂ ਹਸਤੀਆਂ ਨੇ ਨਗਰ ਕੀਰਤਨ ਵਿਚ ਹਾਜ਼ਰੀ ਲੁਆਈ।

ਗੁਰਦੁਆਰਾ ਸਾਹਿਬ ਦੇ ਬਾਹਰ ਖੁੱਲ੍ਹੇ ਲਾਅਨ ਵਿਚ ਚਾਹ, ਛੋਲੇ-ਭਠੂਰਿਆਂ, ਬ੍ਰੈਡ ਪਕੌੜਿਆਂ ਦੇ ਸਟਾਲਾਂ ਉਤੇ ਚਾਹਵਾਨਾਂ ਦੀ ਲੰਬੀ ਕਤਾਰ ਲੱਗੀ ਹੋਈ ਸੀ। ਕਿਤਾਬਾਂ, ਕੱਪੜੇ, ਮੁਨਿਆਰੀ ਤੇ ਹੋਰ ਕਈ ਕਿਸਮ ਦੀਆਂ ਵਸਤਾਂ ਦੀਆਂ ਦੁਕਾਨਾਂ ਇਸ ਸਾਰੇ ਸਮਾਗਮ ਨੂੰ ਮੇਲੇ ਦਾ ਰੂਪ ਦੇ ਰਹੀਆਂ ਸਨ। ਲੋਕ ਪ੍ਰਬੰਧਕ ਕਮੇਟੀ ਦੇ ਇਸ ਉਪਰਾਲੇ ਦੀ ਭਰਵੀਂ ਤਾਰੀਫ ਕਰ ਰਹੇ ਸਨ।

ਨਗਰ ਕੀਰਤਨ ਦੇ ਅਰੰਭ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੇ ਭੋਗ ਉਪਰੰਤ ਕੀਰਤਨ ਦੀਵਾਨ ਸਜਿਆ ਜਿਸ ਵਿਚ ਰਾਗੀ ਸਿੰਘਾਂ ਨੇ ਇਲਾਹੀ ਬਾਣੀ ਦਾ ਕੀਰਤਨ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ। ਗਿਆਨੀ ਜਸਵਿੰਦਰ ਸਿੰਘ ਨੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਅਤੇ ਇਸ ਦੀ ਸੰਪਾਦਨਾ ਦੇ ਮਨੋਰਥ ਉਪਰ ਚਾਨਣਾ ਪਾਉਂਦਿਆਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਨਾ ਸਿਰਫ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਸ਼ਾਮਲ ਹੈ ਸਗੋਂ ਹੋਰਨਾਂ ਧਰਮਾਂ ਦੇ ਮਹਾਂਪੁਰਸ਼ਾਂ ਦੀ ਬਾਣੀ ਸ਼ਾਮਲ ਹੈ ਜੋ ਇਸ ਗੱਲ ਦੀ ਗਵਾਹੀ ਹੈ ਕਿ ਇਹ ਸਮੁੱਚੀ ਮਨੁੱਖਤਾ ਦਾ ਰਾਹ ਦਸੇਰਾ ਹੈ।

31 ਅਗਸਤ, ਬੁੱਧਵਾਰ ਤੋਂ ਲਗਾਤਾਰ ਕੀਰਤਨੀ ਜਥੇ-ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲੇ; ਭਾਈ ਤਾਜਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਹੈਡ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਸ਼ਬਦ ਕੀਰਤਨ ਅਤੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਆ ਰਹੇ ਸਨ।

ਨਗਰ ਕੀਰਤਨ ਵਿਚ ਬਾਹਰਲੇ ਸ਼ਹਿਰਾਂ ਦੀਆਂ ਸੰਗਤਾਂ ਵੀ ਹਾਜ਼ਰੀ ਲੁਆਉਣ ਪਹੁੰਚੀਆਂ। ਯੂਬਾ ਸਿਟੀ, ਸਟਾਕਟਨ, ਫਰੀਮਾਂਟ, ਐਲ ਸਬਰਾਂਟੇ ਆਦਿ ਸ਼ਹਿਰਾਂ ਤੋਂ ਵੱਡੇ ਜਥੇ ਪਹੁੰਚੇ। ਇਸ ਮੌਕੇ ਪਹੁੰਚੀਆਂ ਮੁੱਖ ਸ਼ਖਸੀਅਤਾਂ ਵਿਚ ਸੈਨ ਹੋਜ਼ੇ ਸਿਟੀ ਕੌਂਸਲ ਮੈਂਬਰਾਂ ਤੋਂ ਇਲਾਵਾ ਯੂਬਾ ਸਿਟੀ ਤੋਂ ਗੁਰਨਾਮ ਸਿੰਘ ਪੰਮਾ, ਕਰਮ ਸਿੰਘ ਬੈਂਸ ਤੇ ਪਰਮਜੀਤ ਸਿੰਘ ਬੈਂਸ; ਸੈਕਰਾਮੈਂਟੋ ਤੋਂ ਨਰਿੰਦਰਪਾਲ ਸਿੰਘ ਹੁੰਦਲ; ਹਰਪ੍ਰੀਤ ਸਿੰਘ ਸਿੱਧੂ, ਰਬਿੰਦਰ ਸਿੰਘ ਗੋਇਲ, ਅਰਵਿੰਦਰ ਸਿੰਘ ਲਾਖਨ; ਫਰਿਜ਼ਨੋ ਤੋਂ ਚਰਨਜੀਤ ਸਿੰਘ ਬਾਠ, ਬਲਜੀਤ ਸਿੰਘ ਮਾਨ, ਬਲਰਾਜ ਸਿੰਘ ਬਰਾੜ, ਗਿਆਨੀ ਜਗਜੀਵਨ ਸਿੰਘ, ਗੁਰਕ੍ਰਿਪਾਲ ਸਿੰਘ ਗਰੇਵਾਲ, ਹਰਦੁੱਮਣ ਸਿੰਘ ਸੰਘੇੜਾ, ਡਾ. ਦਲਵੀਰ ਪੰਨੂ, ਨਿਊ ਯਾਰਕ ਤੋਂ ਸੁਰਿੰਦਰ ਸਿੰਘ ਅਤੇ ਕੁਲਵੰਤ ਸਿੰਘ ਖਹਿਰਾ ਸ਼ਾਮਲ ਸਨ।

ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਦੇਵ ਸਿੰਘ ਤੱਖਰ, ਭੁਪਿੰਦਰ (ਬਾਬ) ਸਿੰਘ ਢਿੱਲੋਂ ਤੇ ਹੋਰ ਸਾਰੇ ਮੈਂਬਰ ਨਗਰ ਕੀਰਤਨ ਦੀ ਸਫਲਤਾ ਸਹਿਤ ਸਮਾਪਤੀ ਤੋਂ ਕਾਫੀ ਖੁਸ਼ ਨਜ਼ਰ ਆ ਰਹੇ ਸਨ। ਪ੍ਰਬੰਧਕ ਕਮੇਟੀ ਨੇ ਨਗਰ ਕੀਰਤਨ ਵਿਚ ਸ਼ਾਮਲ ਹੋਈਆਂ ਸੰਗਤਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਹੈ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਕ ਬੁਲਾਰੇ ਸੁਖਦੇਵ ਸਿੰਘ ਬੈਣੀਵਾਲ ਨੇ ਕਿਹਾ ਕਿ ਅਜਿਹੇ ਉਪਰਾਲੇ ਅਮਰੀਕੀ ਲੋਕਾਂ ਵਿਚ ਸਿੱਖਾਂ ਦੀ ਪਛਾਣ ਪੱਕਿਆਂ ਕਰਨ ਵਿਚ ਵਿਸ਼ੇਸ਼ ਤੌਰ 'ਤੇ ਸਹਾਈ ਹੁੰਦੇ ਹਨ ਅਤੇ ਉਨ੍ਹਾਂ ਪ੍ਰਤੀ ਵਿਤਕਰੇ ਦੀ ਭਾਵਨਾ ਘਟਦੀ ਹੈ।

*(ਹੋਰ ਤਸਵੀਰਾਂ ਸਫਾ 18 ਉਤੇ ਦੇਖੋ)*



PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

# ਬਾਗੀਆਂ ਵੱਲੋਂ 'ਆਵਾਜ਼-ਏ-ਪੰਜਾਬ' ਰਾਜਸੀ ਮੰਚ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਚਾਰ ਰਾਜਸੀ ਹਸਤੀਆਂ ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ, ਅਕਾਲੀ ਵਿਧਾਇਕ ਪਰਗਟ ਸਿੰਘ ਅਤੇ ਲੁਧਿਆਣਾ ਤੋਂ ਆਜ਼ਾਦ ਵਿਧਾਇਕ ਭਰਾਵਾਂ ਬਲਵਿੰਦਰ ਸਿੰਘ ਬੈਂਸ ਅਤੇ ਸਿਮਰਜੀਤ ਸਿੰਘ ਬੈਂਸ ਨੇ 'ਆਵਾਜ਼-ਏ-ਪੰਜਾਬ' ਨਾਮੀ ਨਵੇਂ ਰਾਜਸੀ ਮੰਚ ਦੇ ਗਠਨ ਦਾ ਫੈਸਲਾ ਕੀਤਾ ਹੈ। ਇਨ੍ਹਾਂ ਚਾਰ ਆਗੂਆਂ ਨੇ ਇਕ ਸਾਂਝੀ ਤਸਵੀਰ ਜਾਰੀ ਕਰ ਕੇ ਨਵੇਂ ਸਿਆਸੀ ਮੰਚ ਦਾ ਐਲਾਨ ਕੀਤਾ ਹੈ।

ਵਿਧਾਇਕ ਪਰਗਟ ਸਿੰਘ ਨੇ ਇਸ ਮੰਚ ਦੇ ਗਠਨ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਸ ਦਾ ਰਸਮੀ ਐਲਾਨ ਕੁੱਝ ਦਿਨਾਂ ਤੱਕ ਕੀਤਾ ਜਾਵੇਗਾ। ਇਹ ਨਵਾਂ ਮੰਚ ਉਸ ਸਮੇਂ ਹੋਂਦ 'ਚ ਆਇਆ ਹੈ ਜਦੋਂ ਆਮ ਆਦਮੀ ਪਾਰਟੀ ਅੰਦਰ ਤੇਜ਼ੀ ਨਾਲ ਟੁੱਟ-ਭੱਜ ਹੋ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਵੱਲੋਂ ਰਾਜ ਦੇ ਸਿਆਸੀ ਦ੍ਰਿਸ਼ ਉਤੇ ਵਾਪਰ ਰਹੀਆਂ ਇਨ੍ਹਾਂ ਰਾਜਨੀਤਕ ਘਟਨਾਵਾਂ ਦਾ ਆਪੋ ਆਪਣੇ ਢੰਗ ਨਾਲ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ। ਦੂਜੇ ਪਾਸੇ 'ਆਪ' ਵੱਲੋਂ ਵਿਗੜੀ ਹੋਈ ਸਥਿਤੀ ਨੂੰ ਸਾਂਭਣ ਦੇ ਯਤਨ ਕੀਤੇ ਜਾ ਰਹੇ ਹਨ।

ਸੂਤਰਾਂ ਮੁਤਾਬਕ 'ਆਪ' ਵਿਚ ਵਾਪਰੀਆਂ ਘਟਨਾਵਾਂ ਅਤੇ ਸੁੱਚਾ ਸਿੰਘ ਛੋਟੇਪੁਰ ਨੂੰ ਕਨਵੀਨਰ ਦੇ ਅਹੁਦੇ ਤੋਂ ਲਾਹੁਣ ਬਾਅਦ ਨਵਜੋਤ ਸਿੰਘ ਸਿੱਧੂ ਅਤੇ ਪਰਗਟ ਸਿੰਘ ਦੀ 'ਆਪ' ਵਿਚ ਸ਼ਮੂਲੀਅਤ ਦਾ ਭੋਗ ਪੈ ਗਿਆ ਸੀ ਅਤੇ 'ਆਪ' ਵਿਚ ਵਾਪਰੀਆਂ ਘਟਨਾਵਾਂ ਹੀ ਬੈਂਸ ਭਰਾਵਾਂ, ਸਿੱਧੂ ਅਤੇ ਪਰਗਟ ਸਿੰਘ ਨੂੰ ਇਕ ਮੰਚ ਬਣਾਉਣ ਉਚ




ਸਹਾਈ ਹੋਈਆਂ ਦੱਸੀਆਂ ਜਾ ਰਹੀਆਂ ਹਨ। ਦਿੱਲੀ ਦੀ ਮੀਟਿੰਗ ਵਿਚ ਇਹੀ ਫੈਸਲਾ ਹੋਇਆ ਕਿ ਜਿਨ੍ਹਾਂ ਧਿਰਾਂ ਨਾਲ ਵਿਚਾਰ ਮਿਲਦੇ ਹਨ, ਉਨ੍ਹਾਂ ਨਾਲ ਸਿਆਸੀ ਗੱਠਜੋੜ ਕੀਤਾ ਜਾ ਸਕਦਾ ਹੈ। ਜਾਣਕਾਰੀ ਮੁਤਾਬਕ ਇਹ ਚਾਰੇ ਆਗੂ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਸਮੇਤ ਇਸ ਪਾਰਟੀ ਦੇ ਹੋਰ ਆਗੂਆਂ ਦੇ ਵਿਵਹਾਰ ਤੋਂ ਕਾਫੀ ਪ੍ਰੇਸ਼ਾਨ ਸਨ। ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਵੱਲੋਂ ਰਾਜ ਸਭਾ ਤੋਂ ਅਸਤੀਫਾ ਦਿੱਤੇ ਜਾਣ ਬਾਅਦ ਸ੍ਰੀ ਕੇਜਰੀਵਾਲ ਨਾਲ ਕਈ ਮੀਟਿੰਗਾਂ ਹੋਈਆਂ ਅਤੇ ਇਸ ਨਵੀਂ ਪਾਰਟੀ 'ਚ ਸਿੱਧੂ ਜੋੜੇ ਦੀ ਸ਼ਮੂਲੀਅਤ ਬਾਰੇ ਵੀ ਗੱਲ ਤੈਅ ਹੋ ਗਈ ਸੀ। ਇਸੇ ਤਰ੍ਹਾਂ ਪਰਗਟ ਸਿੰਘ ਨੇ ਵੀ ਕੇਜਰੀਵਾਲ ਸਮੇਤ ਹੋਰ ਕਈ ਆਗੂਆਂ ਨਾਲ ਮੀਟਿੰਗਾਂ ਕੀਤੀਆਂ ਸਨ।

ਲੁਧਿਆਣਾ ਤੋਂ ਵਿਧਾਇਕ ਬੈਂਸ ਭਰਾਵਾਂ ਦੀ 'ਆਪ' ਵਿਚ ਸ਼ਮੂਲੀਅਤ ਸਬੰਧੀ ਵੀ ਕੁੱਝ ਮਹੀਨੇ ਪਹਿਲਾਂ ਗੱਲਬਾਤ ਚੱਲੀ ਸੀ, ਪਰ ਕਿਸੇ ਤਣ ਪੱਤਣ ਨਹੀਂ ਲੱਗੀ ਸੀ। ਨਵਜੋਤ ਸਿੰਘ ਸਿੱਧੂ ਨੇ ਰਾਜ ਸਭਾ ਤੋਂ ਅਸਤੀਫਾ ਦੇ ਕੇ ਭਾਜਪਾ ਲੀਡਰਸ਼ਿਪ ਨੂੰ ਨਮੋਸ਼ੀ 'ਚ ਧੱਕ ਦਿੱਤਾ ਸੀ। ਉਸ ਬਾਅਦ ਪੰਜਾਬ ਦੇ ਲੋਕਾਂ ਵੱਲੋਂ ਸ੍ਰੀ ਸਿੱਧੂ ਵੱਲੋਂ ਸਿਆਸੀ ਭਵਿੱਖ ਸਬੰਧੀ ਲਏ ਜਾਣ ਵਾਲੇ ਫੈਸਲੇ ਦੀ ਉਡੀਕ ਕੀਤੀ ਜਾ ਰਹੀ ਸੀ। ਇਸੇ ਤਰ੍ਹਾਂ ਭਾਰਤੀ ਹਾਕੀ ਟੀਮ ਦੇ ਕਪਤਾਨ ਰਹੇ ਅਤੇ ਜਲੰਧਰ ਛਾਉਣੀ ਤੋਂ ਅਕਾਲੀ ਵਿਧਾਇਕ ਪਰਗਟ ਸਿੰਘ ਵੱਲੋਂ ਵੀ ਬਾਗੀ ਰੁਖ ਅਖਤਿਆਰ ਕੀਤੇ ਜਾਣ ਬਾਅਦ ਹਾਲੇ ਤੱਕ ਭਵਿੱਖ ਦੀ ਰਣਨੀਤੀ ਦਾ ਐਲਾਨ ਨਹੀਂ ਕੀਤਾ ਗਿਆ ਸੀ। ਸੂਤਰਾਂ ਮੁਤਾਬਕ ਪਰਗਟ ਸਿੰਘ ਨੇ ਵੀ ਬੈਂਸ ਭਰਾਵਾਂ ਅਤੇ ਨਵਜੋਤ ਸਿੱਧੂ ਨੂੰ ਇਕ ਦੂਜੇ ਨੇੜੇ ਲਿਆਂਦਾ ਹੈ। ਬੈਂਸ ਭਰਾਵਾਂ ਵੱਲੋਂ ਪਿਛਲੇ ਢਾਈ ਸਾਲਾਂ ਤੋਂ ਅਕਾਲੀ-ਭਾਜਪਾ ਸਰਕਾਰ ਖਾਸ ਕਰ ਕੇ ਬਾਦਲ ਪਰਿਵਾਰ ਵਿਰੁੱਧ ਤਿੱਖੀ ਮੁਹਿੰਮ ਵਿੱਢੀ ਹੋਈ ਹੈ। ਰਾਜਸੀ ਹਲਕਿਆਂ ਵਿਚ ਇਹ ਵੀ ਚਰਚਾ ਹੈ ਕਿ ਪਟਿਆਲਾ ਤੋਂ 'ਆਪ' ਦੇ ਬਾਗੀ ਸੰਸਦ ਮੈਂਬਰ ਧਰਮਵੀਰ ਗਾਂਧੀ ਤੇ ਹੋਰ ਕਈ ਆਗੂਆਂ ਦੇ ਵੀ ਇਸ ਮੰਚ ਨਾਲ ਜੁੜਨ ਦੇ ਆਸਾਰ ਹਨ।

## 'ਆਵਾਜ਼-ਏ-ਪੰਜਾਬ' ਭਗੌੜਿਆਂ ਦਾ ਟੋਲਾ: ਬਾਦਲ

**ਲੰਬੀ:** ਨਵੇਂ ਬਣੇ 'ਆਵਾਜ਼-ਏ-ਪੰਜਾਬ' ਫਰੰਟ ਨੂੰ ਮੌਕਾਪ੍ਰਸਤ ਲੀਡਰਾਂ ਦਾ ਟੋਲਾ ਦੱਸਦਿਆਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਸੂਬੇ ਦੇ ਸਿਆਸੀ ਪਿੜ ਵਿਚ ਇਕ ਫਰੰਟ ਤੋਂ ਵੱਧ ਇਸ ਦਾ ਕੋਈ ਵਜੂਦ ਨਹੀਂ ਹੈ ਅਤੇ ਇਸ ਦਾ ਸੂਬੇ ਦੀ ਸਿਆਸਤ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਫਰੰਟ 'ਭਗੌੜੇ' ਲੀਡਰਾਂ ਦੀ ਉਪਜ ਹੈ, ਜੋ ਸੱਤਾ ਵਿਚ ਆਉਣ ਦੀ ਲਾਲਸਾ ਵਿਚ ਅਜਿਹਾ ਰਾਹ ਅਪਣਾ ਰਹੇ ਹਨ ਜਦਕਿ ਅਕਾਲੀ-ਭਾਜਪਾ ਗੱਠਜੋੜ ਨੇ ਦਹਾਕਿਆਂ ਤੋਂ ਸਮਰਪਤ ਭਾਵਨਾ ਨਾਲ ਲੋਕਾਂ ਦੀ ਸੇਵਾ ਕੀਤੀ ਹੈ। ਇਸ ਫਰੰਟ 'ਤੇ ਚੁਟਕੀ ਲੈਂਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਅਜਿਹੇ ਕਈ ਹੋਰ ਫਰੰਟ ਖੁੰਬਾਂ ਵਾਂਗ ਪੈਦਾ ਹੋਣਗੇ, ਪਰ ਲੋਕਾਂ ਵੱਲੋਂ ਸਿਰਫ ਗੱਠਜੋੜ ਨੂੰ ਹੀ ਸਮਰਥਨ ਦਿੱਤਾ ਜਾਵੇਗਾ।



## ਮਾੜੇ ਸਿਸਟਮ ਦਾ ਟਾਕਰਾ ਕਰੇਗਾ ਮੰਚ: ਪਰਗਟ ਸਿੰਘ

**ਜਲੰਧਰ:** ਸੂਬੇ ਦੀ ਸਿਆਸਤ ਵਿਚ 'ਆਵਾਜ਼-ਏ-ਪੰਜਾਬ' ਰਾਹੀਂ ਚੌਥਾ ਬਦਲ ਦੇਣ ਵੱਲ ਪਹਿਲਕਦਮੀ ਕਰਨ ਵਾਲੇ ਫੋਰਮ ਦੇ ਪ੍ਰਮੁੱਖ ਮੈਂਬਰ ਪਰਗਟ ਸਿੰਘ ਨੇ ਕਿਹਾ ਕਿ ਇਹ ਧਿਰ ਸੂਬੇ ਦੇ ਭ੍ਰਿਸ਼ਟ ਹੋ ਚੁੱਕੇ ਸਿਸਟਮ ਨੂੰ ਸਾਫ ਕਰਨ ਲਈ ਕੰਮ ਕਰੇਗੀ। ਉਨ੍ਹਾਂ ਦੱਸਿਆ ਕਿ 31 ਅਗਸਤ ਨੂੰ ਦਿੱਲੀ ਵਿੱਚ ਨਵਜੋਤ ਸਿੰਘ ਸਿੱਧੂ, ਬੈਂਸ ਭਰਾ ਤੇ ਉਨ੍ਹਾਂ ਦੀ ਮੀਟਿੰਗ ਹੋਈ ਸੀ। ਇਸੇ ਮੀਟਿੰਗ ਵਿਚ ਹੀ 'ਆਵਾਜ਼-ਏ-ਪੰਜਾਬ' ਨਾਂ ਦਾ ਫੋਰਮ ਬਣਾਉਣ ਬਾਰੇ ਤੈਅ ਹੋਇਆ।

# ਮੁਫਤ ਸਾਈਕਲ ਸਕੀਮ ਉਤੇ ਉਠੀ ਉਂਗਲ

**ਬਠਿੰਡਾ:** ਪੰਜਾਬ ਸਰਕਾਰ ਦੀ ਮੁਫਤ ਸਾਈਕਲ ਦੇਣ ਦੀ ਸਕੀਮ ਉਤੇ ਹੁਣ ਉਂਗਲ ਉੱਠੀ ਹੈ। ਮਾਈ ਭਾਗੋ ਸਕੀਮ ਤਹਿਤ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੀਆਂ ਸਕੂਲੀ ਬੱਚੀਆਂ ਨੂੰ ਮੁਫਤ ਸਾਈਕਲ ਵੰਡੇ ਗਏ ਹਨ ਜਦੋਂਕਿ ਇਸ ਸਕੀਮ ਵਿਚੋਂ ਨੌਵੀਂ ਅਤੇ ਦਸਵੀਂ ਜਮਾਤ ਦੀਆਂ ਬੱਚੀਆਂ ਨੂੰ ਆਊਟ ਕਰ ਦਿੱਤਾ ਗਿਆ ਹੈ। ਇਸ



ਉਤੇ ਆਡਿਟ ਵਿਭਾਗ ਨੇ ਇਤਰਾਜ਼ ਉਠਾਏ ਹਨ। ਐਤਕੀਂ ਤਾਂ ਇਹ ਸਕੀਮ ਗਿਆਰ੍ਹਵੀਂ ਜਮਾਤ ਦੀਆਂ ਬੱਚੀਆਂ ਤੱਕ ਹੀ ਸੀਮਤ ਰਹੀ ਹੈ। ਚਾਲੂ ਮਾਲੀ ਵਰ੍ਹੇ ਦੌਰਾਨ ਗਿਆਰ੍ਹਵੀਂ ਜਮਾਤ ਦੀਆਂ 75 ਹਜ਼ਾਰ ਸਕੂਲੀ ਬੱਚੀਆਂ ਨੂੰ ਸਾਈਕਲ ਵੰਡੇ ਜਾ ਰਹੇ ਹਨ, ਜਿਨ੍ਹਾਂ 'ਤੇ 22 ਕਰੋੜ ਰੁਪਏ ਖਰਚ ਆਉਣੇ ਹਨ।

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਤੋਂ ਆਰ.ਟੀ.ਆਈ. ਤਹਿਤ ਪ੍ਰਾਪਤ ਵੇਰਵਿਆਂ ਅਨੁਸਾਰ ਆਡਿਟ ਮਹਿਕਮੇ ਨੇ ਮਾਈ ਭਾਗੋ ਸਕੀਮ ਤਹਿਤ ਸਾਲ 2015-16 ਵਿਚ ਵੰਡੇ ਸਾਈਕਲਾਂ ਉਤੇ ਇਤਰਾਜ਼ ਉਠਾਏ ਹਨ। ਇਸ ਰਿਪੋਰਟ ਅਨੁਸਾਰ ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਮਾਈ ਭਾਗੋ ਵਿੱਦਿਆ ਸਕੀਮ ਤਹਿਤ 2015-16 ਦੌਰਾਨ ਨੌਵੀਂ ਤੋਂ 12ਵੀਂ ਜਮਾਤ ਤੱਕ ਦੀਆਂ ਵਿਦਿਆਰਥਣਾਂ ਨੂੰ ਮੁਫਤ ਸਾਈਕਲ ਦੇਣ ਲਈ 42.35 ਕਰੋੜ ਰੁਪਏ ਰਿਲੀਜ਼ ਕੀਤੇ ਗਏ ਸਨ, ਪਰ ਮਗਰੋਂ ਮਹਿਕਮੇ ਨੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕਰ ਦਿੱਤੀ ਕਿ ਸਾਈਕਲ ਸਿਰਫ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਨੂੰ ਦਿੱਤੇ ਜਾਣ।

ਰਿਪੋਰਟ ਅਨੁਸਾਰ ਮਹਿਕਮੇ ਨੇ ਤਿੰਨ ਸਾਈਕਲ ਕੰਪਨੀਆਂ ਨੂੰ 1,44,894 ਸਾਈਕਲਾਂ ਦੀ ਖਰੀਦ ਕਰਨ ਦਾ ਆਰਡਰ ਦਿੱਤਾ ਸੀ, ਜਿਸ ਵਿਚੋਂ 1,18,078 ਸਾਈਕਲ ਪ੍ਰਾਪਤ ਕੀਤੇ ਸਨ। ਇਹ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੀਆਂ ਲੜਕੀਆਂ ਨੂੰ ਵੰਡੇ ਗਏ। ਮਹਿਕਮੇ ਨੇ ਸਫਾਈ ਦਿੱਤੀ ਹੈ ਕਿ ਪੰਜਾਬ ਸਰਕਾਰ ਦੀ ਹਾਈ ਪਾਵਰ ਕਮੇਟੀ ਵੱਲੋਂ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੀਆਂ ਲੜਕੀਆਂ ਨੂੰ ਮੁਫਤ ਸਾਈਕਲ ਦੇਣ ਦਾ ਫੈਸਲਾ ਹੋਇਆ ਸੀ, ਪਰ ਆਡਿਟ ਵਿਭਾਗ ਦਾ ਤਰਕ ਹੈ ਕਿ ਸਰਕਾਰੀ ਫੰਡ ਨੌਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੀਆਂ ਲੜਕੀਆਂ ਨੂੰ ਸਾਈਕਲ ਵੰਡਣ ਲਈ ਜਾਰੀ ਹੋਏ ਸਨ, ਨਾ ਕਿ ਸਿਰਫ ਗਿਆਰ੍ਹਵੀਂ ਤੇ ਬਾਰ੍ਹਵੀਂ ਜਮਾਤ ਲਈ। ਮਾਈ ਭਾਗੋ ਸਕੀਮ ਬਠਿੰਡਾ ਦੇ ਇੰਚਾਰਜ ਬਲਜਿੰਦਰ ਸਿੰਘ ਸਿੰਘੇਵਾਲਾ ਦਾ ਕਹਿਣਾ ਹੈ ਕਿ ਸੀਨੀਅਰ ਸੈਕੰਡਰੀ ਸਕੂਲ ਕਾਫੀ ਦੂਰੀ 'ਤੇ ਸਥਿਤ ਹਨ, ਜਿਸ ਕਰਕੇ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੀਆਂ ਲੜਕੀਆਂ ਨੂੰ ਤਰਜੀਹ ਦਿੱਤੀ ਗਈ ਹੈ। ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਡਾਇਰੈਕਟਰ ਗੁਰਲਵਲੀਨ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਮਾਈ ਭਾਗੋ ਸਕੀਮ ਤਹਿਤ ਨੌਵੀਂ ਅਤੇ ਦਸਵੀਂ ਜਮਾਤ ਦੀਆਂ ਸਕੂਲੀ ਬੱਚੀਆਂ ਨੂੰ ਮੁਫਤ ਸਾਈਕਲ ਦੇਣ ਦੀ ਤਜਵੀਜ਼ ਹੀ ਨਹੀਂ ਸੀ ਅਤੇ ਸਕੀਮ ਦੀਆਂ ਗਾਈਡਲਾਈਨਜ਼ ਮੁਤਾਬਕ ਹੀ ਸਾਈਕਲਾਂ ਦੀ ਵੰਡ ਹੋਈ ਹੈ।

# ਤਾਰਾ ਸਿੰਘ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ

**ਸਤਲਾਣੀ ਸਾਹਿਬ:** ਤਾਰਾ ਸਿੰਘ ਨੂੰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਥਾਪਿਆ ਗਿਆ ਹੈ। ਪਾਕਿਸਤਾਨ ਓਕਾਫ ਬੋਰਡ ਦੇ ਮੁੱਖ ਦਫਤਰ ਲਾਹੌਰ ਵਿਖੇ ਚੇਅਰਮੈਨ ਸਦੀਕ ਉਲ ਫਾਰੂਕ ਅਤੇ ਐਮ.ਪੀ.ਏ. ਰਮੇਸ਼ ਸਿੰਘ ਅਰੋੜਾ ਦੀ ਅਗਵਾਈ ਹੇਠ ਇਜਲਾਸ ਹੋਇਆ। ਇਸ ਦੇ ਨਾਲ ਹੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਂ ਅਤੇ ਪਾਕਿਸਤਾਨ ਓਕਾਫ ਬੋਰਡ ਦੇ ਅਧਿਕਾਰੀਆਂ ਨੇ ਸਹਿਮਤੀ ਪ੍ਰਗਟ ਕਰਦਿਆਂ ਪਿਛਲੇ 70 ਸਾਲ ਤੋਂ ਬੰਦ ਗੁਰਦੁਆਰਾ ਕਿਆਰਾ ਸਾਹਿਬ ਜੀ ਸ੍ਰੀ ਨਨਕਾਣਾ ਸਾਹਿਬ ਨੂੰ ਪੱਕੇ ਤੌਰ 'ਤੇ ਖੋਲ੍ਹਣ ਦੇ ਨਾਲ-ਨਾਲ ਲਾਹੌਰ ਸਥਿਤ ਗੁਰਦੁਆਰਾ ਡੇਹਰਾ ਸਾਹਿਬ ਚਾਹਲ ਬੀਬੀ ਨਾਨਕੀ ਜੀ ਵਿਖੇ ਪੱਕੇ ਤੌਰ 'ਤੇ ਗ੍ਰੰਥੀ ਸਿੰਘ ਸੇਵਾਦਾਰ ਨਿਯੁਕਤ ਕਰ ਕੇ ਗੁਰਦੁਆਰੇ ਵਿਖੇ ਸੇਵਾ ਸੰਭਾਲ ਕਰਨ ਲਈ ਸਹਿਮਤੀ ਪ੍ਰਗਟਾਈ ਗਈ। ਨਵੰਬਰ ਮਹੀਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਹੋਣ ਵਾਲੇ ਸਮੁੱਚੇ ਪ੍ਰਬੰਧ ਕਰਨ ਲਈ ਸਹਿਮਤੀ ਨਾਲ ਡਿਊਟੀਆਂ ਲਗਾਈਆਂ ਗਈਆਂ।



# ਮੀਟਿੰਗ 'ਚ ਸੌਣ ਵਾਲੇ ਨੂੰ ਮੌਤ ਦੀ ਸਜ਼ਾ

**ਸਿਓਲ:** ਉਤਰੀ ਕੋਰੀਆ ਨੇ ਸਿੱਖਿਆ ਦੇ ਮਾਮਲਿਆਂ ਨੂੰ ਵੇਖਣ ਵਾਲੇ ਇਕ ਉਪ-ਪ੍ਰਧਾਨ ਮੰਤਰੀ ਕਿਮ ਯੋਂਗ ਜਿਨ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਹੈ ਅਤੇ ਦੋ ਹੋਰ ਅਧਿਕਾਰੀਆਂ ਨੂੰ ਪੁਨਰ ਸਿੱਖਿਆ ਲਈ ਪੇਂਡੂ ਇਲਾਕਿਆਂ ਵਿਚ ਭੇਜ ਦਿੱਤਾ ਗਿਆ ਹੈ। ਇਹ ਅਧਿਕਾਰੀ ਉਤਰੀ ਕੋਰੀਆ ਦੇ ਸ਼ਾਸਕ ਕਿਮ ਜੋਂਗ-ਉਨ ਦੀ ਅਗਵਾਈ ਵਿਚ ਮੀਟਿੰਗ ਦੌਰਾਨ ਸੌਂ ਗਏ ਸਨ।

ਉਤਰੀ ਕੋਰੀਆ ਵਿਚ ਤਾਨਾਸ਼ਾਹ ਸ਼ਾਸਨ ਹੈ, ਜਿਥੇ ਪ੍ਰੈੱਸ 'ਤੇ ਸਰਕਾਰ ਦਾ ਕੰਟਰੋਲ ਹੈ। ਇਸ ਕਾਰਨ ਬਾਹਰੀ ਲੋਕਾਂ, ਇਥੋਂ ਤੱਕ ਕਿ ਉਤਰੀ ਕੋਰੀਆ ਦੇ ਨਾਗਰਿਕਾਂ ਲਈ ਵੀ ਇਹ ਜਾਣਨਾ ਮੁਸ਼ਕਲ ਹੋ ਜਾਂਦਾ ਹੈ ਕਿ ਸਰਕਾਰ ਵਿਚ ਕੀ ਹੋ ਰਿਹਾ ਹੈ। ਸਿਓਲ ਦੇ ਏਕੀਕਰਨ ਮੰਤਰਾਲੇ ਦੇ ਬੁਲਾਰੇ ਜਿਓਂਗ ਜੂਨ ਨੇ ਹੀ ਪੱਤਰਕਾਰਾਂ ਨੂੰ ਦੱਸਿਆ ਕਿ ਉਤਰੀ ਕੋਰੀਆ ਦੇ ਉਪ-ਪ੍ਰਧਾਨ ਮੰਤਰੀ ਕਿਮ ਯੋਂਗ ਜਿਨ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਗਈ ਹੈ। ਸਰਕਾਰੀ ਸੂਤਰਾਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜਿਨ ਨੂੰ ਜੁਲਾਈ ਵਿਚ ਪਾਰਟੀ ਵਿਰੋਧੀ ਦੱਸ ਕੇ ਗੋਲੀਆਂ ਨਾਲ ਉਡਾ ਦਿੱਤਾ ਗਿਆ। ਜਿਨ ਸਿੱਖਿਆ ਮਾਮਲਿਆਂ ਨੂੰ ਵੇਖਦੇ ਸਨ, ਪਰ ਉਨ੍ਹਾਂ ਇਹ ਸਪੱਸ਼ਟ ਨਹੀਂ ਕੀਤਾ ਕਿ ਕਦੋਂ ਅਤੇ ਕਿਉਂ ਸਿਓਲ ਨੂੰ ਲੱਗਾ ਕਿ ਉਨ੍ਹਾਂ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਗਈ ਹੈ। ਉਨ੍ਹਾਂ ਇਹ ਨਹੀਂ ਦੱਸਿਆ ਕਿ ਉਨ੍ਹਾਂ ਦੇ ਮੰਤਰਾਲੇ ਨੂੰ ਇਹ ਸੂਚਨਾ ਕਿਸ ਤਰ੍ਹਾਂ ਮਿਲੀ।

# ਲਾਲ ਬੱਤੀ ਕਲਚਰ ਖਤਮ ਕਰੇਗੀ ਕਾਂਗਰਸ: ਮਨਪ੍ਰੀਤ

**ਚੰਡੀਗੜ੍ਹ:** ਕਾਂਗਰਸ ਪਾਰਟੀ ਦੀ ਸਰਕਾਰ ਬਣਨ ਉਤੇ ਸੂਬੇ ਵਿਚੋਂ ਲਾਲ ਬੱਤੀ ਤੇ ਵੀ.ਆਈ.ਪੀ. ਕਲਚਰ ਖਤਮ ਕੀਤਾ ਜਾਵੇਗਾ। ਇਸ ਬਾਰੇ ਕਾਂਗਰਸ ਉਪ ਪ੍ਰਧਾਨ ਰਾਹੁਲ ਗਾਂਧੀ ਵੀ ਪੂਰੀ ਤਰ੍ਹਾਂ ਸਹਿਮਤ ਹਨ। ਇਹ ਗੱਲ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਮੈਨੀਫੈਸਟੋ ਕਮੇਟੀ ਦੇ ਕਨਵੀਨਰ ਮਨਪ੍ਰੀਤ ਸਿੰਘ ਬਾਦਲ ਨੇ ਕਹੀ ਹੈ।



ਉਨ੍ਹਾਂ ਕਿਹਾ ਕਿ ਹੁਣ ਪੁਰਾਣਾ ਦੌਰ ਜਾ ਚੁੱਕਾ ਹੈ ਤੇ ਲੋਕ ਇਨ੍ਹਾਂ ਚੀਜ਼ਾਂ ਨੂੰ ਪਸੰਦ ਨਹੀਂ ਕਰਦੇ। ਇਸ ਲਈ ਪੂਰੀ ਰਾਜਨੀਤੀ 'ਚੋਂ ਇਹ ਸੱਭਿਆਚਾਰ ਖਤਮ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਚੋਣ ਕਮਿਸ਼ਨ ਨੂੰ ਅਪੀਲ ਕਰਦੇ ਹਨ ਕਿ ਹਰ ਪਾਰਟੀ ਦਾ ਮੈਨੀਫੈਸਟੋ ਕਾਨੂੰਨੀ ਦਸਤਾਵੇਜ਼ ਬਣੇ। ਉਨ੍ਹਾਂ ਕਿਹਾ ਕਿ ਜਿਹੜੀ ਵੀ ਪਾਰਟੀ ਚੋਣ ਮਨੋਰਥ ਪੱਤਰ ਨੂੰ ਲਾਗੂ ਨਾ ਕਰੇ, ਉਸ 'ਤੇ ਕਾਰਵਾਈ ਹੋਵੇ। ਬਾਦਲ ਨੇ ਕਿਹਾ ਕਿ ਪੰਜਾਬ ਕਾਂਗਰਸ ਨੂੰ ਚੌਥੇ ਫਰੰਟ ਦੇ ਆਉਣ ਨਾਲ ਕੋਈ ਫਰਕ ਨਹੀਂ ਪਵੇਗਾ ਕਿਉਂਕਿ ਕਾਂਗਰਸ ਦਾ ਆਪਣਾ ਵੋਟ ਬੈਂਕ ਹੈ।

ਉਨ੍ਹਾਂ ਕਿਹਾ ਲੋਕਤੰਤਰ 'ਚ ਹਰ ਨਵੀਂ ਪਾਰਟੀ ਦਾ ਸਵਾਗਤ ਹੋਣਾ ਚਾਹੀਦਾ ਹੈ। ਲੋਕਤੰਤਰ ਦੀ ਇਹੀ ਮਜ਼ਬੂਤੀ ਹੈ ਕਿ ਹਰ ਪਾਰਟੀ 'ਤੇ ਆਪਣੇ ਵਿਚਾਰ ਰੱਖ ਸਕਦਾ ਹੈ। ਉਨ੍ਹਾਂ ਕਿਹਾ ਕਿ ਉਹ ਚੋਣ ਲੜਨ ਜਾ ਰਹੇ ਹਨ ਤੇ ਪਾਰਟੀ ਜਿਸ ਹਲਕੇ ਤੋਂ ਕਹੇਗੀ ਉਹ ਉਥੋਂ ਹੀ ਚੋਣ ਲੜਨਗੇ। ਉਨ੍ਹਾਂ ਕਿਹਾ ਕਿ ਪੰਜਾਬ 'ਚ ਆਮ ਆਦਮੀ ਪਾਰਟੀ ਦਾ ਬਹੁਤ ਖਿਲਾਰਾ ਪਿਆ ਹੋਇਆ ਹੈ ਤੇ ਇਸ ਕਰ ਕੇ ਪੰਜਾਬ ਦਾ 'ਆਪ' ਦਾ ਕੁਝ ਨਹੀਂ ਬਣੇਗਾ। ਪੰਜਾਬ ਦੇ ਲੋਕ ਕਾਂਗਰਸ ਪਾਰਟੀ ਦੇ ਨਾਲ ਹਨ ਤੇ ਸੂਬੇ 'ਚ ਅਗਲੀ ਸਰਕਾਰ ਕਾਂਗਰਸ ਪਾਰਟੀ ਦੀ ਬਣੇਗੀ।

## ਜਾਖੜ ਵੱਲੋਂ ਬਾਦਲਾਂ ਦੇ ਵਿਕਾਸ ਬਾਰੇ ਦਾਅਵਿਆਂ 'ਤੇ ਸਵਾਲ

**ਜਲੰਧਰ:** ਪੰਜਾਬ ਦੀ ਅਕਾਲੀ ਸਰਕਾਰ ਸੂਬੇ ਵਿਚ ਵਿਕਾਸ ਦੇ ਨਾਮ 'ਤੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਸੱਤਾ ਧਿਰ 'ਤੇ ਇਹ ਇਲਜ਼ਾਮ ਕਾਂਗਰਸ ਆਗੂ ਤੇ ਸਾਬਕਾ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਨੇ ਲਾਏ ਹਨ। ਜਾਖੜ ਨੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ 'ਤੇ ਹਮਲਾ ਬੋਲਦਿਆਂ ਕਿਹਾ ਪੰਜਾਬ 'ਚ ਸ਼ਹਿਰਾਂ ਦੇ ਵਿਕਾਸ ਦੇ ਨਾਂ ਉਤੇ ਝੂਠੇ ਇਸ਼ਤਿਹਾਰ ਜਾਰੀ ਕੀਤੇ ਜਾ ਰਹੇ ਹਨ। ਜਦਕਿ ਸ਼ਹਿਰਾਂ ਦੀ ਅਸਲ ਤਸਵੀਰ ਬਿਲਕੁਲ ਵੱਖ ਹੈ। ਜਾਖੜ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਸ਼ਤਿਹਾਰ ਜਾਰੀ ਕਰ ਦਾਅਵਾ ਕੀਤਾ ਹੈ ਕਿ ਬਠਿੰਡਾ 'ਚ ਵਿਕਾਸ ਉਤੇ 1735 ਕਰੋੜ ਅਤੇ ਜਲੰਧਰ ਦੇ ਵਿਕਾਸ ਲਈ 2186 ਕਰੋੜ ਰੁਪਏ ਖਰਚ ਕੀਤੇ ਗਏ ਹਨ, ਪਰ ਅਸਲ 'ਚ ਸ਼ਹਿਰਾਂ ਦੀ ਹਾਲਤ ਬੇਹੱਦ ਤਰਸਯੋਗ ਹੈ। ਜਾਖੜ ਨੇ ਦੋਵਾਂ ਸ਼ਹਿਰਾਂ ਦੀ ਸੱਚਾਈ ਬਿਆਨ ਕਰਦੀਆਂ ਕਈ ਤਸਵੀਰਾਂ ਵੀ ਵਿਖਾਈਆਂ। ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਉਹ ਵਿਧਾਨ ਸਭਾ 'ਚ ਪ੍ਰਿਵਲੇਜ਼ ਮੋਸ਼ਨ ਲਿਆਉਣਗੇ। ਸੁਨੀਲ ਜਾਖੜ ਨੇ ਇਲਜ਼ਾਮ ਲਗਾਇਆ ਕਿ ਕੇਂਦਰ ਸਰਕਾਰ ਦੀ ਅਮਰੂਤ ਸਕੀਮ ਤਹਿਤ ਪੰਜਾਬ ਨੂੰ ਹੁਣ ਤੱਕ 144 ਕਰੋੜ ਰੁਪਏ ਮਿਲੇ ਹਨ, ਪਰ ਪੰਜਾਬ ਸਰਕਾਰ ਨੇ ਅਜੇ ਤੱਕ ਇਸ ਰਕਮ 'ਚੋਂ ਕਿਸੇ ਨਗਰ ਨਿਗਮ ਨੂੰ ਵਿਕਾਸ ਕਾਰਜਾਂ ਲਈ ਇਕ ਪੈਸਾ ਵੀ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਆਖਰ ਇਹ ਪੈਸਾ ਕਿਥੇ ਗਿਆ? ਕੀ ਬਾਦਲ ਸਾਹਿਬ ਨੇ ਇਹ ਪੈਸਾ ਸੰਗਤ ਦਰਸ਼ਨ 'ਚ ਵੰਡ ਦਿੱਤਾ? ਇਸ ਦੀ ਜਾਂਚ ਹੋਣੀ ਚਾਹੀਦੀ ਹੈ।



# ਅੰਦਰੂਨੀ ਬਗਾਵਤ ਆਮ ਆਦਮੀ ਪਾਰਟੀ ਲਈ ਬਣੀ ਵੰਗਾਰ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਕਸੂਤੀ ਹਾਲਤ ਵਿਚ ਫਸ ਗਈ ਹੈ। ਪਾਰਟੀ ਵੱਲੋਂ ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੂੰ ਅਹੁਦੇ ਤੋਂ ਹਟਾਏ ਜਾਣ ਬਾਅਦ ਵੱਡੇ ਪੱਧਰ 'ਤੇ ਬਗਾਵਤ ਸ਼ੁਰੂ ਹੋ ਗਈ ਹੈ। 'ਆਪ' ਦੇ ਬਾਗੀ ਆਗੂ ਹਰਦੀਪ ਸਿੰਘ ਕਿੰਗਰਾ ਵੱਲੋਂ ਇਕ ਤੋਂ ਬਾਅਦ ਇਕ ਖੁਲਾਸੇ ਵੀ ਪਾਰਟੀ ਲਈ ਮੁਸੀਬਤ ਬਣ ਰਹੇ ਹਨ। ਪੰਜਾਬ ਵਿਧਾਨ ਸਭਾ ਚੋਣਾਂ ਲਈ 'ਆਪ' ਦੀ ਮੈਨੀਫੈਸਟੋ ਕਮੇਟੀ ਦੇ ਮੁਖੀ ਕੰਵਰ ਸੰਧੂ ਨੇ ਛੋਟੇਪੁਰ ਨੂੰ ਕੱਢਣ ਵਾਲੇ ਪੱਤਰ ਉਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਹਰਮੇਲ ਸਿੰਘ ਟੌਹੜਾ ਦੇ ਪਰਿਵਾਰ ਨੂੰ 'ਆਪ' ਵਿਚ ਸ਼ਾਮਲ ਕਰਨ ਉੱਤੇ ਵੀ ਵੱਖਰੀ ਰਾਇ ਪ੍ਰਗਟ ਕੀਤੀ ਸੀ। ਸੰਕਟ ਵਿਚ ਘਿਰੀ ਕੇਂਦਰੀ ਲੀਡਰਸ਼ਿਪ ਫਿਲਹਾਲ ਬਾਗੀਆਨਾ ਬਿਆਨਾਂ ਉਤੇ ਕਾਰਵਾਈ ਕਰਨ ਤੋਂ ਸੰਕੋਚ ਕਰ ਰਹੀ ਹੈ ਕਿਉਂਕਿ ਪਹਿਲਾਂ ਹੀ ਦਿੱਲੀ ਦੇ ਆਗੂਆਂ ਦੇ ਪੰਜਾਬ ਉਤੇ ਦਾਬੇ ਦੇ ਦੋਸ਼ਾਂ ਕਾਰਨ ਸਥਿਤੀ ਵਿਗੜਦੀ ਜਾ ਰਹੀ ਹੈ।

ਪਾਰਟੀ ਦੇ ਸੀਨੀਅਰ ਆਗੂਆਂ ਦਾ ਮੰਨਣਾ ਹੈ ਕਿ ਛੋਟੇਪੁਰ ਦੇ ਮਾਮਲੇ 'ਚ ਇੰਨੇ ਸਖਤ ਪ੍ਰਤੀਕਰਮ ਦੀ ਉਮੀਦ ਕਿਸੇ ਨੂੰ ਨਹੀਂ ਸੀ। ਪੰਜਾਬ ਭਰ ਵਿਚੋਂ ਵੱਖ-ਵੱਖ ਘਟਨਾਵਾਂ ਦੀਆਂ ਸੂਚਨਾਵਾਂ ਮਿਲ ਰਹੀਆਂ ਹਨ। ਵਿਰੋਧੀਆਂ ਦੇ ਦੋਸ਼ਾਂ ਵਿਚ ਫਸੀ 'ਆਪ' ਨੂੰ ਇਸ ਕਰ ਕੇ ਵੱਡੇ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਉਸ ਨੇ ਸਿਆਸਤ ਵਿਚ ਨੈਤਿਕ ਕਦਰਾਂ ਕੀਮਤਾਂ ਬਹਾਲ ਕਰਨ ਦੇ ਦਾਅਵੇ ਨਾਲ ਸਿਆਸਤ ਵਿਚ ਪੈਰ ਧਰਿਆ ਸੀ। ਹੁਣ ਤੱਕ ਪਾਰਟੀ ਦੇ ਦਿੱਲੀ 'ਚ ਤਿੰਨ ਮੰਤਰੀ ਗੰਭੀਰ ਦੋਸ਼ਾਂ ਕਾਰਨ ਕੱਢੇ ਜਾ ਚੁੱਕੇ ਹਨ ਅਤੇ 11 ਵਿਧਾਇਕਾਂ ਖਿਲਾਫ਼ ਗੰਭੀਰ ਦੋਸ਼ ਲੱਗੇ ਹਨ। ਅਜਿਹੀ ਸਥਿਤੀ ਵਿਚ ਹੋਰਨਾਂ ਤੋਂ ਵੱਖ ਪਾਰਟੀ ਦੀ ਛਵੀ ਨੂੰ ਕਾਇਮ ਰੱਖਣਾ ਮੁਸ਼ਕਲ ਬਣਦਾ ਜਾ ਰਿਹਾ ਹੈ।

ਉਧਰ, ਹਰਦੀਪ ਸਿੰਘ ਕਿੰਗਰਾ ਵਾਰ-ਵਾਰ ਦਾਅਵਾ ਕਰ ਰਹੇ ਹਨ ਕਿ ਪਾਰਟੀ ਫੰਡਾਂ ਵਿਚ ਵੱਡੀ ਗੜਬੜ ਕੀਤੀ ਗਈ ਹੈ ਅਤੇ ਉਹ ਚੋਣ ਕਮਿਸ਼ਨ ਕੋਲ ਪਹੁੰਚ ਕਰ ਕੇ ਫੰਡਾਂ ਦੀ ਪੜਤਾਲ ਦੀ ਮੰਗ ਕਰਨਗੇ। ਸ੍ਰੀ ਕਿੰਗਰਾ ਨੇ ਇਕ ਸਟਿੰਗ ਦੀ ਆਡੀਓ ਸੁਣਾ ਕੇ ਦਾਅਵਾ ਕੀਤਾ ਕਿ ਲੁਧਿਆਣਾ ਵਿਚ ਲਾਇਆ ਇੰਚਾਰਜ ਅਮਰੀਸ਼ ਤ੍ਰਿਖਾ ਸਮਰਾਲਾ ਦੇ ਇਕ ਵਿਅਕਤੀ ਪਰਮਜੀਤ ਸਿੰਘ ਢਿੱਲੋਂ ਤੋਂ ਕੌਮੀ ਸੰਗਠਨ ਦੇ ਮੁਖੀ ਦੁਰਗੇਸ਼ ਪਾਠਕ ਨਾਲ ਮੀਟਿੰਗ ਕਰਵਾਉਣ ਲਈ ਪੰਜ ਲੱਖ ਰੁਪਏ ਫੀਸ ਮੰਗ ਰਿਹਾ ਹੈ। ਸ੍ਰੀ ਕਿੰਗਰਾ ਨੇ ਦੱਸਿਆ ਕਿ ਮਾਰਚ 2016 ਵਿਚ ਤਰਨ ਤਾਰਨ ਖੇਤਰ ਦੇ ਵਲੰਟੀਅਰਾਂ ਨੇ ਪਾਰਟੀ ਦੇ ਕੌਮੀ ਲੀਡਰ ਆਸ਼ੂਤੋਸ਼ ਨੂੰ 16 ਲੱਖ ਰੁਪਏ ਦੀ ਥੈਲੀ ਭੇਟ ਕੀਤੀ ਸੀ ਪਰ ਉਸ ਦਾ ਪਾਰਟੀ ਕੋਲ ਕੋਈ ਹਿਸਾਬ ਨਹੀਂ।



## ਲੋਕ ਰਾਇ ਨਾਲ ਅਗਲਾ ਫੈਸਲਾ ਕਰਾਂਗਾ: ਛੋਟੇਪੁਰ

**ਅੰਮ੍ਰਿਤਸਰ:** 'ਆਪ' ਦੇ ਸੂਬਾਈ ਕਨਵੀਨਰ ਦੇ ਅਹੁਦੇ ਤੋਂ ਹਟਾਏ ਸੁੱਚਾ ਸਿੰਘ ਛੋਟੇਪੁਰ ਨੇ ਦਰਬਾਰ ਸਾਹਿਬ ਵਿਚ ਮੱਥਾ ਟੇਕਣ ਮਗਰੋਂ ਐਲਾਨ ਕੀਤਾ ਕਿ ਉਹ ਪਾਰਟੀ ਵਾਲੰਟੀਅਰਾਂ ਨਾਲ ਮਿਲਣ ਦੀ ਮੁਹਿੰਮ ਸ਼ੁਰੂ ਕਰਨਗੇ। ਇਸ ਮੁਹਿੰਮ ਦੌਰਾਨ ਜੋ ਲੋਕ ਰਾਇ ਬਣੇਗੀ, ਉਸ ਮੁਤਾਬਕ ਅਗਲੀ ਰਣਨੀਤੀ ਉਲੀਕੀ ਜਾਵੇਗੀ। ਗੁਰੂ ਘਰ ਨਤਮਸਤਕ ਹੋਣ ਮਗਰੋਂ ਪੱਤਰਕਾਰਾਂ ਨਾਲ ਸੰਖੇਪ ਗੱਲਬਾਤ ਦੌਰਾਨ ਸ੍ਰੀ ਛੋਟੇਪੁਰ ਨੇ ਆਖਿਆ ਕਿ ਪਾਰਟੀ ਵੱਲੋਂ ਗੰਭੀਰ ਦੋਸ਼ ਲਾਉਣ ਮਗਰੋਂ ਅਹੁਦੇ ਤੋਂ ਹਟਾਉਣ ਦੇ ਫੈਸਲੇ ਨੇ ਉਨ੍ਹਾਂ ਨੂੰ ਵੱਡਾ ਝਟਕਾ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਪਾਰਟੀ ਨੇ ਉਸ ਨੂੰ ਸਿਆਸੀ ਤੌਰ 'ਤੇ ਖਤਮ ਕਰਨ ਦਾ ਯਤਨ ਕੀਤਾ। ਇਸ ਕਾਰਨ ਉਹ ਕਈ ਦਿਨ ਪ੍ਰੇਸ਼ਾਨ ਰਹੇ, ਪਰ ਇਸ ਦੌਰਾਨ ਮੀਡੀਆ ਅਤੇ ਕੁਝ ਵਾਲੰਟੀਅਰਾਂ ਵੱਲੋਂ ਕੀਤੇ ਖੁਲਾਸਿਆਂ ਨੇ ਉਨ੍ਹਾਂ ਦੀ 40 ਸਾਲ ਦੀ ਮਿਹਨਤ ਨਾਲ ਕਾਇਮ ਕੀਤੀ ਸਾਖ ਨੂੰ ਢਾਹ ਲੱਗਣ ਤੋਂ ਬਚਾਅ ਲਿਆ। ਉਨ੍ਹਾਂ ਨਾਲ 'ਆਪ' ਦੇ ਸੱਤ ਜ਼ੋਨ ਕੋਆਰਡੀਨੇਟਰ ਅਤੇ ਸਾਬਕਾ ਕੋਆਰਡੀਨੇਟਰ ਵੀ ਸਨ, ਜਿਨ੍ਹਾਂ ਚੰਡੀਗੜ੍ਹ ਵਿਚ ਦਿੱਲੀ ਵਾਲਿਆਂ ਨਾਲੋਂ ਨਾਤਾ ਤੋੜਨ ਦਾ ਐਲਾਨ ਕੀਤਾ ਸੀ। ਇਸ ਐਲਾਨ ਮਗਰੋਂ ਆਪ ਹੁਣ ਪੰਜਾਬ ਵਿਚ ਦੋ ਹਿੱਸਿਆਂ ਵਿਚ ਵੰਡੀ ਗਈ ਹੈ।

## ਘੁੱਗੀ ਬਣੇ 'ਆਪ' ਪੰਜਾਬ ਦੇ ਨਵੇਂ ਕਨਵੀਨਰ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਫਿਲਮਾਂ ਤੋਂ ਸਿਆਸਤ ਵਿਚ ਆਏ ਪ੍ਰਸਿੱਧ ਕਲਾਕਾਰ ਗੁਰਪ੍ਰੀਤ ਸਿੰਘ ਘੁੱਗੀ ਨੂੰ ਸੁੱਚਾ ਸਿੰਘ ਛੋਟੇਪੁਰ ਦੀ ਥਾਂ ਪੰਜਾਬ ਇਕਾਈ ਦਾ ਨਵਾਂ ਕਨਵੀਨਰ ਨਿਯੁਕਤ ਕਰ ਦਿੱਤਾ ਹੈ। ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ (ਪੀ.ਏ.ਸੀ.) ਵੱਲੋਂ ਸ੍ਰੀ ਘੁੱਗੀ ਦੇ ਨਾਮ ਨੂੰ ਹਰੀ ਝੰਡੀ ਦੇਣ ਤੋਂ ਬਾਅਦ ਉਨ੍ਹਾਂ ਨੂੰ ਪਾਰਟੀ ਦਾ ਮੁਖੀ ਬਣਾਇਆ ਹੈ। ਦੱਸਣਯੋਗ ਹੈ ਕਿ ਪਾਰਟੀ ਨੇ ਸ੍ਰੀ ਛੋਟੇਪੁਰ ਨੂੰ ਪੈਸੇ ਲੈਣ ਦਾ ਇਕ ਸਟਿੰਗ ਸਾਹਮਣੇ ਆਉਣ ਤੋਂ ਬਾਅਦ ਕਨਵੀਨਰਸ਼ਿਪ ਤੋਂ ਲਾਹ ਕੇ ਦੋ ਮੈਂਬਰੀ ਜਾਂਚ ਕਮੇਟੀ ਬਣਾਈ ਸੀ। ਇਤਫਾਕਨ ਸ੍ਰੀ ਘੁੱਗੀ ਵੀ ਸ੍ਰੀ ਛੋਟੇਪੁਰ ਦੇ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਤ ਹਨ। ਪਾਰਟੀ ਵੱਲੋਂ ਸੀਨੀਅਰ ਆਗੂ ਐਚ.ਐਸ. ਫੂਲਕਾ ਨੂੰ ਅੱਖੋਂ-ਪਰੋਖੇ ਕਰ ਕੇ ਹਾਲੇ 7 ਮਹੀਨੇ ਪਹਿਲਾਂ ਪਾਰਟੀ ਵਿਚ ਸ਼ਾਮਲ ਹੋਏ ਸ੍ਰੀ ਘੁੱਗੀ ਨੂੰ ਕਨਵੀਨਰ ਬਣਾ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਸੂਤਰਾਂ ਅਨੁਸਾਰ ਪਾਰਟੀ ਪਹਿਲਾਂ ਹੀ ਸ੍ਰੀ ਛੋਟੇਪੁਰ ਦੀ ਕਾਰਵਾਈ ਕਾਰਨ ਝਟਕੇ ਵਿਚ ਹੈ ਅਤੇ ਹੁਣ ਲੀਡਰਸ਼ਿਪ ਫੂਕ-ਫੂਕ ਕੇ ਪੈਰ ਧਰ ਰਹੀ ਹੈ। ਸੂਤਰਾਂ ਅਨੁਸਾਰ ਸ੍ਰੀ ਘੁੱਗੀ ਹਾਈ ਕਮਾਂਡ ਦਾ ਭਰੋਸੇਯੋਗ ਆਗੂ ਹੈ। ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਨੇ ਸ੍ਰੀ ਘੁੱਗੀ ਦੀ ਚੋਣ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨ ਨੂੰ ਆਧਾਰ ਬਣਾ ਕੇ ਕੀਤੀ ਹੈ ਕਿਉਂਕਿ ਘੁੱਗੀ ਬਤੌਰ ਕਲਾਕਾਰ ਨੌਜਵਾਨਾਂ ਵਿਚ ਕਾਫੀ ਮਕਬੂਲ ਹਨ। ਉਹ ਜਦੋਂ ਤੋਂ ਕਾਮੇਡੀ ਖੇਤਰ ਤੋਂ ਫਿਲਮਾਂ ਵਿਚ ਗਏ ਹਨ, ਉਸ ਵੇਲੇ ਤੋਂ ਉਨ੍ਹਾਂ ਦੀ ਨੌਜਵਾਨਾਂ ਵਿਚ ਮਕਬੂਲੀਅਤ ਕਾਫੀ ਵਧ ਗਈ ਹੈ। ਪਿਛਲੇ ਸਮੇਂ ਉਨ੍ਹਾਂ ਦੀ ਪੰਜਾਬ ਦੇ ਮੌਜੂਦਾ ਹਾਲਾਤ 'ਤੇ ਆਈ ਫਿਲਮ 'ਅਰਦਾਸ' ਵੀ ਖਾਸ ਕਰਕੇ ਨੌਜਵਾਨਾਂ ਵਿੱਚ ਬੜੀ ਚਰਚਿਤ ਰਹੀ ਸੀ।



## ਛੋਟੇਪੁਰ ਹੁਣ ਕੇਜਰੀਵਾਲ ਅੱਗੇ ਨਾ ਝੁਕਣ: ਖਾਲਸਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨਾਲ ਸਬੰਧਤ ਪੰਜਾਬ ਤੋਂ ਲੋਕ ਸਭਾ ਮੈਂਬਰ ਹਰਿੰਦਰ ਸਿੰਘ ਖਾਲਸਾ ਜਿਨ੍ਹਾਂ ਨੂੰ ਪਿਛਲੇ ਲਗਪਗ ਡੇਢ ਸਾਲ ਤੋਂ ਮੁਅੱਤਲ ਕਰ ਰੱਖਿਆ ਹੈ, ਨੇ 'ਆਪ' ਦੀ ਪੰਜਾਬ ਇਕਾਈ ਦੀ ਕਨਵੀਨਰਸ਼ਿਪ ਤੋਂ ਹਟਾ ਦਿੱਤੇ ਗਏ ਸੁੱਚਾ ਸਿੰਘ ਛੋਟੇਪੁਰ ਨੂੰ ਸੁਝਾਅ ਦਿੱਤਾ ਹੈ ਕਿ ਉਹ ਹੁਣ ਕਿਸੇ ਕੀਮਤ 'ਤੇ 'ਆਪ' ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਅੱਗੇ ਨਾ ਝੁਕਣ, ਕਿਉਂਕਿ ਦਿੱਲੀ ਵਾਲੇ ਪੰਜਾਬ ਦੇ ਕਿਸੇ ਵੀ ਆਗੂ ਵਿਸ਼ੇਸ਼ ਤੌਰ 'ਤੇ ਸਿੱਖ ਨੂੰ ਬਰਦਾਸ਼ਤ ਨਹੀਂ ਕਰਦੇ। ਸ. ਖਾਲਸਾ ਨੇ ਵਿਚਾਰ ਪ੍ਰਗਟ ਕੀਤਾ ਕਿ ਜਿਸ ਤਰ੍ਹਾਂ ਸ੍ਰੀ ਕੇਜਰੀਵਾਲ ਤੇ ਉਨ੍ਹਾਂ ਦੇ ਯੂ.ਪੀ. ਤੇ ਬਿਹਾਰ ਦੇ ਸਾਥੀਆਂ ਨੇ ਪੰਜਾਬੀਆਂ ਨੂੰ ਜ਼ਲੀਲ ਕੀਤਾ ਹੈ, ਉਸ ਦਾ ਬਦਲਾ ਲੈਣ ਦਾ ਇਹ ਸੁਨਹਿਰੀ ਮੌਕਾ ਹੈ ਕਿ ਜਦੋਂ ਵੀ ਦਿੱਲੀ ਦੇ ਮੁੱਖ ਮੰਤਰੀ ਪੰਜਾਬ ਆਉਣ ਤਾਂ ਉਨ੍ਹਾਂ ਵਿਰੁੱਧ ਜ਼ੋਰਦਾਰ ਰੋਸ ਪ੍ਰਗਟ ਕਰਨ ਤਾਂ ਕਿ ਇਨ੍ਹਾਂ ਲੋਕਾਂ ਨੂੰ ਪਤਾ ਚੱਲ ਜਾਵੇ ਕਿ ਪੰਜਾਬੀਆਂ ਵਿਚ ਅਣਖ ਅਜੇ ਵੀ ਕਾਇਮ ਹੈ।

# ਅਕਾਲੀਆਂ ਵੱਲੋਂ ਆਮ ਆਦਮੀ ਪਾਰਟੀ ਦੀ ਰੈਲੀ 'ਤੇ ਧਾਵਾ

### ਭਗਵੰਤ ਮਾਨ ਨੂੰ ਬਣਾਇਆ ਨਿਸ਼ਾਨਾ, ਦਰਜਨ ਤੋਂ ਵੱਧ ਵਰਕਰ ਜ਼ਖ਼ਮੀ

**ਸ੍ਰੀ ਮੁਕਤਸਰ ਸਾਹਿਬ:** ਮਲੋਟ ਵਿਚ ਆਮ ਆਦਮੀ ਪਾਰਟੀ ਦੀ ਰੈਲੀ ਵਿਚ ਲੋਕ ਸਭਾ ਮੈਂਬਰ ਭਗਵੰਤ ਮਾਨ ਉਪਰ ਅਕਾਲੀ ਆਗੂਆਂ ਵੱਲੋਂ ਕਾਪੇ, ਤਲਵਾਰਾਂ, ਇੱਟਾਂ ਤੇ ਡਾਗਾਂ ਨਾਲ ਹਮਲਾ ਕੀਤਾ ਗਿਆ। ਸ੍ਰੀ ਮਾਨ ਨੂੰ ਬਚਾਉਂਦਿਆਂ 'ਆਪ' ਦੇ ਤਕਰੀਬਨ ਦਰਜਨ ਭਰ ਵਰਕਰ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿਚੋਂ ਦੋ ਦੀ ਹਾਲਤ ਗੰਭੀਰ ਹੈ ਅਤੇ ਮੁਕਤਸਰ ਦੇ ਸਿਵਲ ਹਸਪਤਾਲ 'ਚ ਦਾਖਲ ਹਨ। ਦੱਸਣਯੋਗ ਹੈ ਕਿ ਪੁਲਿਸ ਵੱਲੋਂ ਇਕ ਦਿਨ ਪਹਿਲਾਂ ਹੀ ਭਗਵੰਤ ਮਾਨ ਨੂੰ ਜਾਨ ਦਾ ਖਤਰਾ ਦੱਸਦਿਆਂ ਸੰਗਤ ਮੰਡੀ ਤੋਂ ਮੋੜਨ ਦੇ ਬਾਵਜੂਦ ਉਨ੍ਹਾਂ ਦੀ ਸੁਰੱਖਿਆ ਲਈ ਇਥੇ ਕੋਈ ਢੁੱਕਵਾਂ ਪ੍ਰਬੰਧ ਨਹੀਂ ਕੀਤਾ ਗਿਆ ਸੀ। ਸੰਸਦ ਮੈਂਬਰ ਮਾਨ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਦੋਸ਼ੀ ਅਕਾਲੀ ਆਗੂ ਗ੍ਰਿਫਤਾਰ ਨਾ ਕੀਤੇ ਗਏ ਤਾਂ ਰਾਜ ਭਰ ਵਿਚ ਧਰਨੇ ਦਿੱਤੇ ਜਾਣਗੇ। 'ਆਪ' ਵੱਲੋਂ ਮਲੋਟ ਦੀ ਦਾਣਾ ਮੰਡੀ ਵਿਚ ਪ੍ਰਸ਼ਾਸਨ ਤੋਂ ਪ੍ਰਵਾਨਗੀ ਬਾਅਦ ਇਹ ਰੈਲੀ ਕੀਤੀ ਜਾ ਰਹੀ ਸੀ ਅਤੇ ਇਸ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੇ ਹਲਕੇ ਲੰਬੀ ਵਿਖੇ ਸੰਗਤ ਦਰਸ਼ਨ ਕਰ ਰਹੇ ਸਨ। ਰੈਲੀ ਨੂੰ ਬਲਦੇਵ ਸਿੰਘ ਆਜ਼ਾਦ, ਐਮ.ਪੀ. ਪ੍ਰੋ. ਸਾਧੂ ਸਿੰਘ ਤੇ ਹੋਰ ਆਗੂਆਂ ਦੇ ਸੰਬੋਧਨ ਤੋਂ ਬਾਅਦ ਐਮ.ਪੀ. ਭਗਵੰਤ ਮਾਨ ਨੇ ਆਪਣੀ ਤਕਰੀਰ ਸ਼ੁਰੂ ਕੀਤੀ।

ਉਨ੍ਹਾਂ ਵੱਲੋਂ ਸੋਸ਼ਲ ਮੀਡੀਆ ਉਪਰ ਨਸ਼ਾ ਤਸਕਰੀ ਨੂੰ ਲੈ ਕੇ ਚਰਚਿਤ ਟਿੱਪਣੀ 'ਕਿੱਕਲੀ ਕਲੀਰ ਦੀ' ਦੀ ਸੁਣਾਉਣ ਉਤੇ ਠੀਕ ਉਸੇ ਵੇਲੇ ਪੰਡਾਲ ਵਿਚ ਪਹਿਲਾਂ ਹੀ ਤਿਆਰ-ਬਰ-ਤਿਆਰ ਬੈਠੇ ਅਕਾਲੀ ਵਰਕਰਾਂ ਨੇ ਹੁੱਲੜਬਾਜ਼ੀ ਸ਼ੁਰੂ ਕਰ ਦਿੱਤੀ ਅਤੇ ਮਿੰਟਾਂ 'ਚ ਨੌਬਤ ਵੱਢਾ-ਟੁੱਕੀ ਤੱਕ ਆ ਗਈ। ਇਸ ਦੌਰਾਨ ਭਗਵੰਤ ਮਾਨ ਨੇ ਸਟੇਜ ਤੋਂ ਵਾਰ-ਵਾਰ ਪ੍ਰਸ਼ਾਸਨ ਨੂੰ ਸਥਿਤੀ ਸੰਭਾਲਣ ਤੇ 'ਆਪ' ਵਰਕਰਾਂ ਨੂੰ ਕਾਨੂੰਨ ਹੱਥ ਵਿਚ ਨਾ ਲੈਣ ਦੀ ਅਪੀਲ ਕੀਤੀ। ਐਨੇ ਨੂੰ 'ਸੋਈ' ਦੇ ਕੁਝ ਆਗੂ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਸਟੇਜ ਕੋਲ ਜਾ ਕੇ ਸ੍ਰੀ ਮਾਨ ਉਪਰ ਹੱਲਾ ਬੋਲ ਦਿੱਤਾ ਪਰ 'ਆਪ' ਵਾਲੰਟੀਅਰ ਭਗਵੰਤ ਮਾਨ ਨੂੰ ਸਟੇਜ ਤੋਂ ਉਤਾਰ ਕੇ ਲੈ ਗਏ। ਇਸ ਘਟਨਾ ਸਮੇਂ ਪੰਡਾਲ ਵਿਚ ਮੌਜੂਦ ਅੱਧੀ ਕੁ ਦਰਜਨ ਪੁਲਿਸ ਮੁਲਾਜ਼ਮ ਮੂਕ ਦਰਸ਼ਕ ਬਣੇ ਰਹੇ।

'ਆਪ' ਆਗੂਆਂ ਨੇ ਦੱਸਿਆ ਕਿ ਉਨ੍ਹਾਂ ਪੰਡਾਲ 'ਚ ਪਹਿਲਾਂ ਤੋਂ ਬੈਠੇ ਸੋਈ ਦੇ ਆਗੂਆਂ ਨੂੰ ਬਾਹਰ ਭੇਜਣ ਲਈ ਪੁਲਿਸ ਨੂੰ ਕਿਹਾ ਸੀ, ਪਰ ਪੁਲਿਸ ਕਰਮੀਆਂ ਇਹ ਕਹਿ ਕੇ ਟਾਲਾ ਵੱਟ ਗਏ ਕਿ ਇਹ ਮੁੰਡੇ ਪਹਿਲਾਂ ਅਕਾਲੀ ਦਲ 'ਚ ਹੁੰਦੇ ਸਨ, ਪਰ ਹੁਣ ਇਹ 'ਆਪ' ਵਿਚ ਸ਼ਾਮਲ ਹੋਣ ਆਏ ਹਨ। ਉਨ੍ਹਾਂ ਦੱਸਿਆ ਕਿ ਬਾਅਦ ਵਿਚ ਇਨ੍ਹਾਂ ਆਗੂਆਂ ਨੇ ਹੀ ਵੱਢਾ ਟੁੱਕੀ ਕੀਤੀ।

ਇਸ ਹਮਲੇ 'ਚ ਪਿੰਡ ਉਦੇਕਰਨ ਵਾਸੀ ਸੁਖਜਿੰਦਰ ਸਿੰਘ ਅਤੇ ਲੰਬੀ ਦਾ ਸੁਨੀਲ ਕੁਮਾਰ ਸਿਰ ਵਿਚ ਕਾਪੇ ਵੱਜਣ ਕਾਰਨ ਗੰਭੀਰ ਜ਼ਖ਼ਮੀ ਹੋ ਗਏ। ਇਨ੍ਹਾਂ ਨੂੰ ਮੁਕਤਸਰ ਦੇ ਸਿਵਲ ਹਸਪਤਾਲ ਲਈ ਰੈਫਰ ਕਰ ਦਿੱਤਾ ਹੈ। ਗੰਭੀਰ ਜ਼ਖ਼ਮੀਆਂ ਨੂੰ ਸਿਵਲ ਹਸਪਤਾਲ 'ਚ ਦਾਖਲ ਕਰਾਉਣ ਲਈ 'ਆਪ' ਨੂੰ ਧਰਨਾ ਲਾਉਣਾ ਪਿਆ। ਉਨ੍ਹਾਂ ਦੋਸ਼ ਲਾਇਆ ਕਿ ਘਟਨਾ ਦੀ ਮੂਵੀ ਬਣਾ ਰਹੇ ਕਈ 'ਆਪ' ਵਰਕਰਾਂ ਦੇ ਮੋਬਾਈਲ ਵੀ ਅਕਾਲੀ ਵਰਕਰ ਖੋਹ ਕੇ ਲੈ ਗਏ। ਸ੍ਰੀ ਆਜ਼ਾਦ ਨੇ ਦੋਸ਼ ਲਾਇਆ ਕਿ ਪੁਲਿਸ ਅਫਸਰਾਂ ਨੇ ਕੋਈ ਜ਼ਿੰਮੇਵਾਰੀ ਨਹੀਂ ਨਿਭਾਈ। ਉਨ੍ਹਾਂ ਦਰਜਨ ਭਰ ਆਗੂਆਂ ਦੀ ਸੂਚੀ ਪੁਲਿਸ ਨੂੰ ਸੌਂਪੀ ਹੈ।





## ਮਲੂਕਾ ਦੇ ਭਤੀਜੇ ਵੱਲੋਂ ਵਕੀਲ ਦੀ ਕੁੱਟ-ਮਾਰ

**ਮੋਗਾ:** ਡੀ.ਐਸ.ਪੀ. ਸਿਟੀ ਦਫਤਰ ਕੋਲ ਮੋਗਾ-ਲੁਧਿਆਣਾ ਮਾਰਗ 'ਤੇ ਗੱਡੀ ਓਵਰਟੇਕ ਕਰਨ ਦੇ ਮਾਮਲੇ ਉਤੇ ਹੋਏ ਝਗੜੇ ਵਿਚ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਦੇ ਭਤੀਜੇ ਅਤੇ ਉਸ ਦੇ ਸਾਥੀਆਂ ਨੇ ਸਥਾਨਕ ਵਕੀਲ ਦੀ ਕੁੱਟਮਾਰ ਕੀਤੀ। ਇਸ ਘਟਨਾ ਤੋਂ ਬਾਅਦ ਮਾਰਗ 'ਤੇ ਵਾਹਨਾਂ ਦਾ ਜਾਮ ਲੱਗ ਗਿਆ। ਮੌਕੇ 'ਤੇ ਪਹੁੰਚੀ ਸਿਟੀ ਪੁਲੀਸ ਨੇ ਅਕਾਲੀ ਮੰਤਰੀ ਦੇ ਭਤੀਜੇ ਅਤੇ ਉਸ ਦੇ ਤਿੰਨ ਸਾਥੀਆਂ ਨੂੰ ਉਨ੍ਹਾਂ ਦੀ ਓਡੀ ਕਾਰ ਸਮੇਤ ਹਿਰਾਸਤ ਵਿਚ ਲੈ ਲਿਆ। ਹਸਪਤਾਲ ਵਿਚ ਦਾਖਲ ਵਕੀਲ ਸਤਵੀਰ ਸਿੰਘ ਗਿੱਲ ਅਨੁਸਾਰ ਉਹ ਆਪਣੀ ਕਾਰ ਵਿਚ ਆਪਣੇ ਇਕ ਸਾਥੀ ਨਾਲ ਮੋਗਾ-ਲੁਧਿਆਣਾ ਮਾਰਗ 'ਤੇ ਜਾ ਰਿਹਾ ਸੀ। ਪਿੱਛੋਂ ਆਈ ਓਡੀ ਕਾਰ 'ਚ ਸਵਾਰ ਨੌਜਵਾਨਾਂ ਨਾਲ ਉਸ ਦੀ ਗਲਤ ਢੰਗ ਨਾਲ ਓਵਰਟੇਕ ਕਰਨ ਦੇ ਮਾਮਲੇ 'ਤੇ ਤਕਰਾਰ ਹੋ ਗਈ। ਉਹ ਜਦੋਂ ਆਪਣੀ ਗੱਡੀ 'ਚੋਂ ਬਾਹਰ ਨਿਕਲਿਆ ਤਾਂ ਕਾਰ ਵਿਚ ਸਵਾਰ ਚਾਰ ਨੌਜਵਾਨਾਂ ਨੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ।

## ਮਲੋਟ ਹਿੰਸਾ ਲਈ ਬਾਦਲ ਦੋਸ਼ੀ: ਕੈਪਟਨ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਮਲੋਟ ਵਿਚ ਆਮ ਆਦਮੀ ਪਾਰਟੀ (ਆਪ) ਦੀ ਰੈਲੀ ਦੌਰਾਨ ਅਕਾਲੀ ਵਰਕਰਾਂ ਵੱਲੋਂ ਕੀਤੀ ਗਈ ਹਿੰਸਾ ਤੇ ਗੁੰਡਾਗਰਦੀ ਦੀ ਨਿੰਦਾ ਕੀਤੀ ਹੈ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਅਜਿਹੀਆਂ ਘਟਨਾਵਾਂ ਨੂੰ ਸ਼ੁਰੂ ਵਿਚ ਹੀ ਰੋਕ ਲਿਆ ਜਾਣਾ ਚਾਹੀਦਾ ਹੈ ਕਿਉਂਕਿ ਚੋਣ ਹਿੰਸਾ ਪੰਜਾਬ ਲਈ ਸਭ ਤੋਂ ਬੁਰੀ ਗੱਲ ਹੋਵੇਗੀ। ਉਨ੍ਹਾਂ ਇਸ ਹਿੰਸਾ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਇਹ ਸਭ ਕੁਝ ਸ੍ਰੀ ਬਾਦਲ ਦੇ ਇਸ਼ਾਰੇ 'ਤੇ ਕੀਤਾ ਗਿਆ ਹੈ ਕਿਉਂਕਿ ਉਹ ਇਸ ਵੇਲੇ ਉਸੇ ਜ਼ਿਲ੍ਹੇ 'ਚ ਵਿਚਰ ਰਹੇ ਸਨ। ਇਹ ਅਕਾਲੀਆਂ ਅਤੇ ਖਾਸ ਕਰ ਕੇ ਬਾਦਲਾਂ ਵਿਚਾਲੇ ਨਿਰਾਸ਼ਾ ਦਾ ਪ੍ਰਗਟਾਵਾ ਹੈ।

## ਬ੍ਰਿਟਿਸ਼ ਸੰਸਦ ਮੈਂਬਰ ਕੀਥ ਸੈਕਸ ਸਕੈਂਡਲ 'ਚ ਘਿਰਿਆ

**ਲੰਡਨ:** ਬ੍ਰਿਟੇਨ ਵਿਚ ਸਭ ਤੋਂ ਲੰਬਾ ਸਮਾਂ ਸੇਵਾ ਨਿਭਾਉਣ ਵਾਲੇ ਭਾਰਤੀ ਮੂਲ ਦੇ ਐਮ.ਪੀ. ਕੀਥ ਵਾਜ਼ ਸੈਕਸ ਸਕੈਂਡਲ ਵਿਚ ਘਿਰ ਗਏ ਹਨ। ਇਕ ਅਖਬਾਰ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਸੈਕਸ ਲਈ ਪੁਰਸ਼ਾਂ ਨੂੰ ਭੁਗਤਾਨ ਕੀਤਾ ਸੀ। 'ਸੰਡੇ ਮਿਰਰ' ਨੇ ਦਾਅਵਾ ਕੀਤਾ ਹੈ ਕਿ ਸਾਲ 1987 ਤੋਂ ਲੈਸਟਰ ਤੋਂ ਲੇਬਰ ਪਾਰਟੀ ਦਾ ਐਮ.ਪੀ. ਕੀਥ ਵਾਜ਼ ਦੋ ਬੱਚਿਆਂ ਦਾ ਪਿਤਾ ਹੈ ਅਤੇ ਪਿਛਲੇ ਮਹੀਨੇ ਦੀ ਇਕ ਸ਼ਾਮ ਉਸ ਨੇ ਆਪਣੇ ਲੰਡਨ ਵਿਚਲੇ ਫਲੈਟ ਵਿਚ ਪੁਰਸ਼ ਸੱਦੇ ਸਨ ਅਤੇ ਭੁਗਤਾਨ ਕੀਤਾ ਸੀ। ਇਸ ਤੋਂ ਇਲਾਵਾ ਉਸ ਵੱਲੋਂ ਏ ਕਲਾਸ ਜਾਂ ਪਾਬੰਦੀਸ਼ੁਦਾ ਡਰੱਗ ਲਈ ਪੇਸ਼ਕਸ਼ ਵੀ ਕੀਤੀ ਗਈ ਸੀ। ਗੋਆ ਵਿਚ ਪੈਦਾ ਹੋਏ 59 ਸਾਲਾ ਕੀਥ ਨੇ ਇਸ ਰਿਪੋਰਟ ਬਾਅਦ ਐਲਾਨ ਕੀਤਾ ਹੈ ਕਿ ਉਹ ਹਾਊਸ ਆਫ ਕਾਮਨਜ਼ ਹੋਮ ਅਫੇਅਰਜ਼ ਕਮੇਟੀ ਦੀ ਪ੍ਰਧਾਨਗੀ ਤੋਂ ਲਾਂਭੇ ਹੋਵੇਗਾ। ਇਸ ਅਹਿਮ ਅਹੁਦੇ ਉਤੇ ਉਹ ਪਿਛਲੇ 10 ਸਾਲਾਂ ਤੋਂ ਕਾਬਜ਼ ਸੀ।

## ਰਘੂਰਾਮ ਰਾਜਨ ਦਾ ਕਾਰਜਕਾਲ ਸਮਾਪਤ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਦੇ ਅਹੁਦੇ ਤੋਂ ਰਘੂਰਾਮ ਰਾਜਨ ਦਾ ਕਾਰਜਕਾਲ ਸਮਾਪਤ ਹੋਣ ਦੇ ਨਾਲ ਹੀ ਕੇਂਦਰੀ ਬੈਂਕ ਦੇ ਹੁਣ ਤੱਕ ਦੇ ਸਭ ਤੋਂ ਬੇਬਾਕ ਮੁਖੀ ਦੀ ਵਿਦਾਈ ਹੋ ਗਈ ਹੈ। ਤਿੰਨ ਸਾਲ ਦੇ ਕਾਰਜਕਾਲ ਦੌਰਾਨ ਸ੍ਰੀ ਰਾਜਨ ਆਪਣੀਆਂ ਨੀਤੀਆਂ ਸਮੇਤ ਹੋਰਨਾਂ ਮੁੱਦਿਆਂ 'ਤੇ ਆਪਣੀ ਸਪੱਸ਼ਟ ਰਾਏ ਰੱਖਣ ਕਾਰਨ ਕਈ ਵਾਰ ਵਿਵਾਦਾਂ ਵਿਚ ਵੀ ਰਹੇ।

'ਮੇਰਾ ਨਾਂ ਰਾਜਨ ਹੈ ਅਤੇ ਮੈਂ ਉਹੀ ਕਰਦਾ ਹਾਂ ਜੋ ਮੈਂ ਕਰਨਾ ਹੁੰਦਾ ਹੈ' ਵਰਗੇ ਜੁਮਲੇ ਅਤੇ ਦੇਸ਼ ਵਿਚ ਵਧਦੀ ਅਸਹਿਣਸ਼ੀਲਤਾ ਵਰਗੇ ਮੁੱਦਿਆਂ 'ਤੇ ਆਪਣੀ ਬੇਬਾਕ ਟਿੱਪਣੀਆਂ ਨਾਲ ਇਸ ਤਿੰਨਾਂ ਸਾਲਾਂ ਦੇ ਕਾਰਜਕਾਲ ਦੌਰਾਨ ਰਾਜਨ ਨੇ ਜਿੰਨੇ ਦੋਸਤ ਕਮਾਏ, ਉਨੇ ਹੀ ਦੁਸ਼ਮਨ ਵੀ ਬਣਾਏ। ਰਾਜਨ ਨੂੰ ਚਾਹੁਣ ਵਾਲਿਆਂ ਨੇ ਉਨ੍ਹਾਂ ਨੂੰ 'ਰੌਕ ਸਟਾਰ ਰਾਜਨ' ਅਤੇ 'ਬਾਂਡ ਆਫ ਦਿ ਮਿੰਟ ਸਟਰੀਟ' ਕਹਿ ਕੇ ਬੁਲਾਇਆ ਤਾਂ ਵਿਰੋਧੀਆਂ ਨੇ ਉਨ੍ਹਾਂ ਦੀ ਦੇਸ਼ ਭਗਤੀ 'ਤੇ ਸਵਾਲ ਵੀ ਖੜ੍ਹੇ ਕੀਤੇ।

**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.


Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜਨਵਰੀ ਵਿਚ ਹੋਣਗੀਆਂ ਪੰਜਾਬ ਵਿਧਾਨ ਸਭਾ ਚੋਣਾਂ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਅਗਲੇ ਵਰ੍ਹੇ ਜਨਵਰੀ ਦੇ ਤੀਜੇ ਜਾਂ ਚੌਥੇ ਹਫ਼ਤੇ ਹੋਣਗੀਆਂ ਅਤੇ ਚੋਣ ਜ਼ਾਬਤਾ ਦਸੰਬਰ ਵਿਚ ਲੱਗੇਗਾ। ਇਥੇ ਵਿਧਾਨ ਸਭਾ ਚੋਣਾਂ ਲਈ ਵੋਟ ਸੂਚੀਆਂ ਦੀ ਸੁਧਾਈ ਦਾ ਅਮਲ ਸ਼ੁਰੂ ਹੋਣ ਦਾ ਐਲਾਨ ਕਰਦਿਆਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵਿਜੈ ਕੁਮਾਰ ਸਿੰਘ ਨੇ ਕਿਹਾ ਕਿ ਮੁੱਖ ਚੋਣ ਕਮਿਸ਼ਨਰ ਇਸ ਮਹੀਨੇ ਦੇ ਤੀਜੇ ਹਫ਼ਤੇ ਦੌਰਾਨ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਆਉਣਗੇ।

ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਨੌਜਵਾਨਾਂ ਦੀਆਂ ਵੋਟਾਂ ਘੱਟ ਬਣੀਆਂ ਹਨ, ਇਸ ਲਈ ਹੁਣ ਸ਼ੁਰੂ ਕੀਤੀ ਮੁਹਿੰਮ ਦੌਰਾਨ ਨੌਜਵਾਨਾਂ ਦੀਆਂ ਵੋਟਾਂ ਬਣਾਉਣ 'ਤੇ ਜ਼ੋਰ ਦਿੱਤਾ ਜਾਵੇਗਾ। ਪੰਜਾਬ ਵਿਚ 18 ਸਾਲ ਤੋਂ ਉਪਰਲੀ ਉਮਰ ਦੇ ਨੌਜਵਾਨ ਜਿਨ੍ਹਾਂ



ਦੀਆਂ ਵੋਟਾਂ ਬਣਨੀਆਂ ਚਾਹੀਦੀਆਂ ਹਨ, ਦੀ ਗਿਣਤੀ 11 ਲੱਖ 50 ਹਜ਼ਾਰ 357 ਹੈ। ਇਨ੍ਹਾਂ ਵਿਚੋਂ 95 ਹਜ਼ਾਰ 22 ਵੋਟਾਂ ਹੀ ਬਣੀਆਂ ਹਨ। ਇਸ ਤਰ੍ਹਾਂ ਨਾਲ 10 ਲੱਖ ਤੋਂ ਜ਼ਿਆਦਾ ਨੌਜਵਾਨਾਂ ਦੀਆਂ ਵੋਟਾਂ ਬਣਨ ਵਾਲੀਆਂ ਹਨ। ਨੌਜਵਾਨਾਂ ਦੀਆਂ ਵੋਟਾਂ ਬਣਾਉਣ ਲਈ ਵਿਦਿਅਕ ਸੰਸਥਾਵਾਂ ਵਿਚ ਵਿਸ਼ੇਸ਼ ਕੈਂਪ ਲਾਏ ਜਾਣਗੇ।

ਉਨ੍ਹਾਂ ਦੱਸਿਆ ਕਿ ਸੂਬੇ ਦੀ ਕੁੱਲ ਵਸੋਂ 2 ਕਰੋੜ 95 ਲੱਖ 23 ਹਜ਼ਾਰ 569 ਹੈ। ਇਸ ਵਿਚੋਂ 18 ਸਾਲ ਤੋਂ ਉਪਰਲੀ ਉਮਰ ਦੇ ਪੁਰਸ਼ਾਂ ਤੇ ਔਰਤਾਂ ਦੀ ਗਿਣਤੀ ਇਕ ਕਰੋੜ 99 ਲੱਖ 49 ਹਜ਼ਾਰ 125 ਦੇ ਕਰੀਬ ਹੈ। ਇਸੇ ਸਮੇਂ ਇਕ ਕਰੋੜ 92 ਲੱਖ 14 ਹਜ਼ਾਰ 509 ਦੀਆਂ ਵੋਟਾਂ ਬਣੀਆਂ ਹੋਈਆਂ ਹਨ ਤੇ ਇਹ ਅੰਕੜਾ 96.32 ਫ਼ੀਸਦੀ ਬਣਦਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਚੰਡੀਗੜ੍ਹ ਭਾਵੇਂ ਪੰਜਾਬ ਦੀ ਰਾਜਧਾਨੀ ਹੈ, ਪਰ ਕੇਂਦਰ ਸ਼ਾਸਤ ਪ੍ਰਦੇਸ਼ ਹੋਣ ਕਾਰਨ ਉਥੋਂ ਦੇ ਵੋਟਰ ਪੰਜਾਬ ਦੀਆਂ ਚੋਣਾਂ ਲਈ ਯੋਗ ਨਹੀਂ ਮੰਨੇ ਜਾਂਦੇ।

## ਨਵੀਂ ਸਫਬੰਦੀ ਵੱਲ ਤੁਰੀ ਪੰਜਾਬ ਦੀ ਸਿਆਸਤ

*(ਸਫਾ ਇਕ ਦੀ ਬਾਕੀ)*

ਦਲ ਸਰਗਰਮ ਹਨ। ਪੰਜਾਬ ਦੇ ਲੋਕ, ਖਾਸ ਕਰ ਕੇ ਨੌਜਵਾਨਾਂ ਦਾ ਵੱਡਾ ਤਬਕਾ ਕਾਂਗਰਸ ਅਤੇ ਅਕਾਲੀ ਦਲ, ਦੋਵਾਂ ਤੋਂ ਹੀ ਦੁਖੀ ਹੈ। ਇਹ ਨੌਜਵਾਨ ਨਹੀਂ ਚਾਹੁੰਦੇ ਕਿ ਉਨ੍ਹਾਂ ਦੀਆਂ ਵੰਡੀਆਂ ਵੋਟਾਂ ਇਨ੍ਹਾਂ ਦੋਵਾਂ ਵਿਚੋਂ ਕਿਸੇ ਇਕ ਨੂੰ ਵੀ ਫਾਇਦਾ ਪਹੁੰਚਾਉਣ, ਕਿਉਂਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ ਨੇ ਸ਼੍ਰੋਮਣੀ ਅਕਾਲੀ ਦਲ ਬਾਦਲ ਲਈ ਜਿੱਤ ਦਾ ਰਾਹ ਸਾਫ ਕਰ ਦਿਤਾ ਸੀ। ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਨਵੇਂ ਫਰੰਟ ਆਵਾਜ਼-ਏ-ਪੰਜਾਬ ਨੂੰ ਸਿਆਸੀ ਧਿਰਾਂ ਵੱਲੋਂ ਛੇਕੇ ਆਗੂਆਂ ਦਾ ਵੱਡਾ ਸਮਰਥਨ ਮਿਲ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਵੱਲੋਂ ਬੈਂਸ ਭਰਾਵਾਂ, ਸਿੱਧੂ ਜੋੜੀ, ਸੁੱਚਾ ਸਿੰਘ ਛੋਟੇਪੁਰ, ਧਰਮਵੀਰ ਗਾਂਧੀ, ਹਰਿੰਦਰ ਸਿੰਘ ਖਾਲਸਾ ਅਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਸਰਬੱਤ ਖਾਲਸਾ ਜਥੇਬੰਦੀਆਂ ਦੇ ਪੰਥਕ ਪਲੇਟਫਾਰਮ 'ਤੇ ਆਉਣ ਦਾ ਸੱਦਾ ਦੇਣ ਨਾਲ ਰਵਾਇਤੀ ਧਿਰਾਂ ਲਈ ਵੱਡੀ ਚੁਣੌਤੀ ਖੜ੍ਹੀ ਹੋ ਗਈ ਹੈ।

## ਭਾਰਤ ਨੇ ਦਾਊਦ 'ਤੇ ਕੱਸਿਆ ਸ਼ਿਕੰਜਾ

**ਨਵੀਂ ਦਿੱਲੀ:** ਅੰਡਰਵਰਲਡ ਸਰਗਨੇ ਦਾਊਦ ਇਬਰਾਹੀਮ 'ਤੇ ਸ਼ਿਕੰਜਾ ਕੱਸਣ ਲਈ ਮੋਦੀ ਸਰਕਾਰ ਵੱਲੋਂ ਪੂਰੀ ਯੋਜਨਾ ਬਣਾ ਲਈ ਗਈ ਹੈ। ਸੂਤਰਾਂ ਮੁਤਾਬਕ ਉਸ ਦੇ ਕਾਰੋਬਾਰ ਤੇ ਗਤੀਵਿਧੀਆਂ 'ਤੇ ਨਜ਼ਰ ਰੱਖਣ ਲਈ 50 ਲੋਕਾਂ ਦੀ ਇਕ ਸੰਯੁਕਤ ਟੀਮ ਕੰਮ ਕਰ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਦਾਊਦ ਬਿਮਾਰ ਹੋਣ ਕਰ ਕੇ ਹਿਲਜੁੱਲ ਨਹੀਂ ਸਕਦਾ ਤੇ ਫੋਨ ਵੀ ਉਸ ਦੀ ਪਤਨੀ ਮੇਹਜ਼ਬੀਨ ਸ਼ੇਖ ਹੀ ਅਟੈਂਡ ਕਰਦੀ ਹੈ।

## ਬੁਗਤੀ ਵਿਰੁੱਧ ਇੰਟਰਪੋਲ ਦੀ ਮਦਦ ਲਈ ਤਿਆਰੀ

**ਇਸਲਾਮਾਬਾਦ:** ਪਾਕਿਸਤਾਨੀ ਅਧਿਕਾਰੀਆਂ ਨੇ ਬਲੋਚ ਨੇਤਾ ਤੇ ਨਵਾਬ ਅਕਬਰ ਖਾਂ ਬੁਗਤੀ ਦੇ ਪੋਤੇ ਬ੍ਰਹਮਦਾਗ ਬੁਗਤੀ ਨੂੰ ਵਾਪਸ ਲਿਆਉਣ ਲਈ ਕੋਸ਼ਿਸ਼ਾਂ ਤੇਜ਼ ਕਰਨ ਦਾ ਫੈਸਲਾ ਕੀਤਾ ਹੈ ਜੋ ਜਲਾਵਤਨੀ ਤਹਿਤ ਸਵਿਟਜ਼ਰਲੈਂਡ ਵਿਚ ਹੈ। ਬ੍ਰਹਮਦਾਗ ਦੇ ਦਾਦਾ ਅਕਬਰ ਬੁਗਤੀ ਸਾਲ 2006 ਵਿਚ ਫੌਜੀ ਕਾਰਵਾਈ ਦੌਰਾਨ ਮਾਰੇ ਗਏ ਸਨ, ਜਿਸ ਤੋਂ ਨਾਰਾਜ਼ ਬਲੋਚ ਨੌਜਵਾਨਾਂ ਨੇ ਹਥਿਆਰ ਚੁੱਕ ਲਏ ਸਨ।

# ਫਰਾਂਸ ਵਿਚ ਹਿਜਾਬ ਕਾਰਨ ਮਾਂਵਾਂ ਨੂੰ ਸਕੂਲ ਵੜਨ ਤੋਂ ਰੋਕਿਆ

**ਮਾਰਸਿਲੇ (ਫਰਾਂਸ):** ਫਰਾਂਸੀਸੀ ਟਾਪੂ ਕੌਰਸਿਕਾ ਵਿਚ ਹਿਜਾਬ ਕਾਰਨ ਦੋ ਮੁਸਲਿਮ ਬੀਬੀਆਂ ਨੂੰ ਹੋਰ ਬੱਚਿਆਂ ਦੇ ਮਾਪਿਆਂ ਨੇ ਨਰਸਰੀ ਸਕੂਲ ਵਿਚ ਦਾਖਲ ਹੋਣ ਤੋਂ ਰੋਕ ਦਿਤਾ। ਕੌਰਸਿਕਾ ਦੇ ਦੱਖਣੀ ਹਿੱਸੇ ਵਿਚ ਸਥਿਤ ਬੋਨੀਫਾਸੀਓ ਵਿਚ ਸਕੂਲ ਲੱਗਣ ਉਤੇ ਮਾਪੇ ਆਪਣੇ ਬੱਚਿਆਂ ਨੂੰ ਛੱਡਣ ਆਏ ਸਨ।

ਸਥਾਨਕ ਅਧਿਕਾਰੀ ਨੇ ਇਸ ਖ਼ਬਰ ਦੀ ਪੁਸ਼ਟੀ ਕੀਤੀ ਹੈ ਅਤੇ ਦੱਸਿਆ ਕਿ ਦੋਵੇਂ ਮੁਸਲਿਮ ਔਰਤਾਂ ਨੇ ਹਿਜਾਬ ਪਾਇਆ ਹੋਇਆ ਸੀ ਅਤੇ ਚਾਰ ਜਣਿਆਂ ਨੇ ਉਨ੍ਹਾਂ ਨੂੰ ਸਕੂਲ ਵਿਚ ਦਾਖਲ ਹੋਣ ਤੋਂ ਰੋਕ ਦਿਤਾ। ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਉਨ੍ਹਾਂ ਦੇ ਬੱਚਿਆਂ ਨੂੰ ਸਕੂਲ ਅੰਦਰ ਆਪਣੇ ਧਰਮ ਨਾਲ ਜੁੜੇ ਚਿੰਨ੍ਹ ਪਹਿਨਣ ਦੀ ਆਗਿਆ ਨਹੀਂ ਹੈ ਤਾਂ ਇਹ ਔਰਤਾਂ ਹਿਜਾਬ ਪਾ ਕੇ ਕਿਵੇਂ



ਸਕੂਲ ਅੰਦਰ ਦਾਖਲ ਹੋ ਰਹੀਆਂ ਹਨ। ਇਸ ਮੌਕੇ ਪੁਲਿਸ ਅਤੇ ਸਕੂਲ ਇੰਸਪੈਕਟਰ ਨੂੰ ਭੇਜਿਆ ਗਿਆ ਅਤੇ ਉਨ੍ਹਾਂ ਨੇ ਹਾਲਾਤ ਸੰਭਾਲੇ।

## ਬਲੋਚਿਸਤਾਨ 'ਚ ਹਿੰਦੂ ਦੁਕਾਨਦਾਰ ਦੀ ਹੱਤਿਆ

**ਕੋਇਟਾ:** ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਦੇ ਸ਼ਹਿਰ ਚਮਨ ਵਿਚ ਪਾਕਿਸਤਾਨੀ ਹਿੰਦੂ ਦੁਕਾਨਦਾਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿਤੀ ਗਈ ਹੈ। ਜਾਣਕਾਰੀ ਮੁਤਾਬਕ ਸਾਲ ਪਹਿਲਾਂ ਸੰਤੋਸ਼ ਕੁਮਾਰ ਨੂੰ ਦਿਨ-ਦਿਹਾੜੇ ਅਗਵਾ ਕਰ ਲਿਆ ਗਿਆ ਸੀ ਅਤੇ ਬਾਅਦ ਵਿਚ ਉਸ ਦੇ ਪਰਿਵਾਰ ਨੇ ਅਗਵਾਕਾਰਾਂ ਨੂੰ ਮੋਟੀ ਵੱਡੀ ਰਕਮ ਦੇ ਕੇ ਛੁਡਵਾਇਆ ਸੀ। ਹੁਣ ਸ਼ਹਿਰ ਦੀ ਤਾਜ ਰੋਡ ਸਥਿਤ ਉਸ ਦੀ ਦੁਕਾਨ ਬੰਦੂਕਧਾਰੀਆਂ ਨੇ ਉਸ ਦੀ ਹੱਤਿਆ ਕਰ ਦਿਤੀ। ਇਲਾਕੇ ਦੇ ਦੁਕਾਨਦਾਰਾਂ ਅਤੇ ਸਮਾਜਸੇਵੀ ਸੰਸਥਾਵਾਂ ਨੇ ਲਾਸ਼ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਰੱਖ ਕੇ ਰੋਸ ਪ੍ਰਦਰਸ਼ਨ ਕਰਦਿਆਂ ਹਿੰਦੂਆਂ ਦੀ ਸੁਰੱਖਿਆ ਯਕੀਨੀ ਬਣਾਏ ਜਾਣ ਦੀ ਮੰਗ ਕੀਤੀ।

## ਵਾਦੀ 'ਚ ਸਰਬ ਪਾਰਟੀ ਵਫਦ ਵੀ ਨਾਕਾਮ

*(ਸਫਾ ਇਕ ਦੀ ਬਾਕੀ)*

ਅੱਠ ਜੁਲਾਈ ਨੂੰ ਹਿਜ਼ਬੁਲ ਦੇ ਕਮਾਂਡਰ ਬੁਰਹਾਨ ਵਾਨੀ ਦੀ ਮੌਤ ਤੋਂ ਬਾਅਦ ਵਾਦੀ ਵਿਚ ਗੜਬੜ ਫੈਲਾਉਣ ਲਈ ਨੌਜਵਾਨਾਂ ਨੂੰ ਭੜਕਾਉਣ ਵਾਲਿਆਂ ਨੂੰ ਸਖਤ ਸੁਨੇਹਾ ਦਿਤਾ ਜਾਵੇਗਾ। ਦੂਜੇ ਪਾਸੇ ਕਸ਼ਮੀਰ ਵਾਦੀ ਵਿਚ ਹਿੰਸਾ ਜਾਰੀ ਹੈ ਜਿਸ ਦੌਰਾਨ ਪੱਥਰਬਾਜ਼ਾਂ ਅਤੇ ਸਲਾਮਤੀ ਦਸਤਿਆਂ ਦਰਮਿਆਨ ਹੋਈਆਂ ਝੜਪਾਂ ਕਾਰਨ ਅਨੰਤਨਾਗ ਵਿਚ ਦੋ ਹੋਰ ਨੌਜਵਾਨਾਂ ਦੀ ਮੌਤ ਹੋ ਗਈ। ਸ੍ਰੀਨਗਰ ਜ਼ਿਲ੍ਹੇ ਵਿਚੋਂ ਕਰਫ਼ਿਊ ਭਾਵੇਂ ਹਟਾ ਲਿਆ ਗਿਆ ਹੈ, ਪਰ ਵੱਖਵਾਦੀਆਂ ਵੱਲੋਂ ਦਿੱਤੇ ਹੜਤਾਲ ਦੇ ਸੱਦੇ ਕਾਰਨ ਵਾਦੀ 'ਚ ਜਨਜੀਵਨ ਪ੍ਰਭਾਵਿਤ ਹੈ।


## ਫਿਲਪੀਨੀ ਰਾਸ਼ਟਰਪਤੀ ਦੀ ਬਦਕਲਾਮੀ ਪਿੱਛੋਂ ਅਮਰੀਕੀ ਮੀਟਿੰਗ ਰੱਦ

**ਵਾਸ਼ਿੰਗਟਨ:** ਫਿਲਪੀਨਜ਼ ਦੇ ਰਾਸ਼ਟਰਪਤੀ ਰੌਡਰਿਗੋ ਡਿਊਟੇਰਟੇ ਵਲੋਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਖਿਲਾਫ ਬਦਕਲਾਮੀ ਪਿੱਛੋਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਉਨ੍ਹਾਂ ਨਾਲ ਆਪਣੀ ਮੀਟਿੰਗ ਰੱਦ ਕਰ ਦਿੱਤੀ ਹੈ। ਡਿਊਟੇਰਟੇ ਨੇ ਆਪਣੇ ਬਿਆਨ ਵਿਚ ਕਿਹਾ ਕਿ ਓਬਾਮਾ ਆਪਣੇ ਆਪ ਨੂੰ ਸਮਝਦਾ ਕੀ ਹੈ, ਫਿਲਪੀਨਜ਼ ਅਮਰੀਕਾ ਦੀ ਕਠਪੁਤਲੀ ਨਹੀਂ ਹੈ। ਇਸ ਪਿੱਛੋਂ ਉਨ੍ਹਾਂ ਅਮਰੀਕੀ ਰਾਸ਼ਟਰਪਤੀ ਨੂੰ ਮਾਂ ਦੀ ਗਾਲ੍ਹ ਕੱਢੀ।

# ਸਾਬਕਾ ਮੁੱਖ ਮੰਤਰੀ ਹੁੱਡਾ ਦੇ ਟਿਕਾਣਿਆਂ 'ਤੇ ਛਾਪੇ

**ਚੰਡੀਗੜ੍ਹ:** ਗੁੜਗਾਉਂ ਜ਼ਿਲ੍ਹੇ ਦੇ ਤਿੰਨ ਪਿੰਡਾਂ ਦੀ ਜ਼ਮੀਨ ਬਿਲਡਰਾਂ ਨੂੰ ਦੇਣ ਦੇ ਮਾਮਲੇ ਵਿਚ ਸੀ.ਬੀ.ਆਈ. ਨੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ, ਤਿੰਨ ਸਾਬਕਾ ਪ੍ਰਮੁੱਖ ਸਕੱਤਰਾਂ ਸਮੇਤ ਕੁਝ ਹੋਰ ਸਹਿਯੋਗੀਆਂ ਦੇ 20 ਟਿਕਾਣਿਆਂ 'ਤੇ ਇਕੋ ਸਮੇਂ ਛਾਪੇ ਮਾਰੇ। ਚੰਡੀਗੜ੍ਹ ਤੋਂ ਇਲਾਵਾ ਸ੍ਰੀ ਹੁੱਡਾ ਦੇ ਰੋਹਤਕ ਅਤੇ ਦਿੱਲੀ ਸਥਿਤ ਰਿਹਾਇਸ਼, ਉਨ੍ਹਾਂ ਦੇ ਸਹਿਯੋਗੀਆਂ ਦੇ ਗੁੜਗਾਉਂ ਅਤੇ ਪੰਚਕੂਲਾ ਵਿਚਲੇ ਨਿਵਾਸ ਸਥਾਨਾਂ ਉਤੇ ਵੀ ਛਾਪੇ ਮਾਰੇ ਗਏ। ਰੋਹਤਕ ਵਿਚ ਕਾਂਗਰਸ ਵਰਕਰਾਂ ਨੂੰ ਜਦੋਂ ਛਾਪੇ ਦਾ ਪਤਾ ਲੱਗਾ ਤਾਂ ਉਨ੍ਹਾਂ ਇਸ ਦਾ ਵਿਰੋਧ ਕੀਤਾ ਅਤੇ ਪੁਲਿਸ ਨਾਲ ਤਲਖੀ ਵੀ ਹੋਈ।

ਜ਼ਿਕਰਯੋਗ ਹੈ ਕਿ ਹੁੱਡਾ ਸਰਕਾਰ ਨੇ ਗੁੜਗਾਉਂ ਜ਼ਿਲ੍ਹੇ ਵਿਚ ਸਨਅਤੀ ਟਾਊਨਸ਼ਿਪ ਕਾਇਮ ਕਰਨ ਲਈ 27 ਅਗਸਤ 2004 ਤੋਂ



24 ਅਗਸਤ 2007 ਤੱਕ ਤਿੰਨ ਪਿੰਡਾਂ ਮਾਨੇਸਰ, ਨੌਰੰਗਪੁਰ ਅਤੇ ਲਖਨੌਲਾ ਦੀ 912 ਏਕੜ ਜ਼ਮੀਨ ਸਸਤੇ ਭਾਅ ਉਪਰ ਐਕੁਆਇਰ ਕਰਨ ਦੀ ਯੋਜਨਾ ਬਣਾਈ ਸੀ। ਸੀ.ਬੀ.ਆਈ. ਨੇ ਪਿਛਲੇ ਸਾਲ ਸਤੰਬਰ ਵਿਚ ਦਰਜ ਕੀਤੇ ਕੇਸ ਵਿਚ ਕਿਹਾ ਹੈ ਕਿ ਕਿਸਾਨਾਂ ਨੂੰ ਜ਼ਮੀਨ ਗ੍ਰਹਿਣ ਦਾ ਡਰ ਦਿਖਾਇਆ ਗਿਆ ਜਿਸ ਤੋਂ ਬਾਅਦ ਕਿਸਾਨਾਂ ਦੀ 400 ਏਕੜ ਜ਼ਮੀਨ ਸਸਤੇ ਭਾਅ 'ਤੇ ਬਿਲਡਰਾਂ ਨੇ ਹਥਿਆ ਲਈ ਸੀ।


ਹਰਿਆਣਾ ਸਰਕਾਰ ਦੇ ਸਨਅਤੀ ਵਿਭਾਗ ਨੇ 24 ਅਗਸਤ 2007 ਵਿਚ ਕਾਫੀ ਜ਼ਮੀਨ ਸਰਕਾਰ ਦੀ ਨੀਤੀ ਦੇ ਉਲਟ ਜਾ ਕੇ ਰਿਲੀਜ਼ ਕਰ ਦਿਤੀ, ਪਰ ਇਹ ਜ਼ਮੀਨ ਕਿਸਾਨਾਂ ਨੂੰ ਵਾਪਸ ਦੇਣ ਦੀ ਥਾਂ ਬਿਲਡਰਾਂ ਨੂੰ ਦੇ ਦਿਤੀ ਗਈ। ਇਸ ਮਾਮਲੇ ਨੂੰ ਲੈ ਕੇ ਕਿਸਾਨ ਰੌਲਾ ਪਾਉਂਦੇ ਰਹੇ। ਅਖੀਰ ਪਿਛਲੇ ਸਾਲ ਸੁਪਰੀਮ ਕੋਰਟ ਨੇ ਕਿਸਾਨਾਂ ਨੂੰ ਸਟੇਅ ਦੇ ਦਿਤਾ। ਭਾਜਪਾ ਸਰਕਾਰ ਨੇ ਪਿਛਲੇ ਸਾਲ ਕੇਸ ਦਰਜ ਕਰ ਕੇ ਇਸ ਨੂੰ ਸੀ.ਬੀ.ਆਈ. ਹਵਾਲੇ ਕਰ ਦਿੱਤਾ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਡੇਵਿਸ ਵਿਚ ਵਿਰੋਧ ਦੇ ਬਾਵਜੂਦ ਗਾਂਧੀ ਦਾ ਬੁੱਤ ਲੱਗੇਗਾ

**ਡੇਵਿਸ, ਕੈਲੀਫੋਰਨੀਆ (ਬਿਊਰੋ):** ਮੋਹਨ ਦਾਸ ਕਰਮ ਚੰਦ ਗਾਂਧੀ ਦਾ ਬੁੱਤ ਇਥੋਂ ਦੇ ਸੈਂਟਰ ਪਾਰਕ ਵਿਚ ਲੱਗੇਗਾ। 30 ਅਗਸਤ ਨੂੰ ਡੇਵਿਸ ਸ਼ਹਿਰ ਦੇ ਮੇਅਰ ਅਤੇ ਸਾਰੇ ਕੌਂਸਲ ਮੈਂਬਰਾਂ ਨੇ ਸਰਬਸੰਮਤੀ ਨਾਲ ਲੋਕਾਂ ਦੀ ਹਾਜ਼ਰੀ



ਵਿਚ ਮਤਾ ਪਾਸ ਕਰ ਕੇ ਐਲਾਨ ਕੀਤਾ ਹੈ ਕਿ ਦੋ ਅਕਤੂਬਰ ਨੂੰ ਗਾਂਧੀ ਦੇ ਜਨਮ ਦਿਨ ਮੌਕੇ ਬੁੱਤ ਪਾਰਕ ਵਿਚ ਲਾ ਦਿੱਤਾ ਜਾਵੇਗਾ।

ਭਾਰਤੀ ਭਾਈਚਾਰੇ ਦੇ ਕੁਝ ਲੋਕਾਂ ਨੇ ਗਾਂਧੀ ਦਾ ਬੁੱਤ ਲਾਏ ਜਾਣ ਦਾ ਵਿਰੋਧ ਵੀ ਕੀਤਾ ਜਿਸ ਦੀ ਕੋਈ ਦਲੀਲ ਨਹੀਂ ਸੀ ਬਣਦੀ। ਸ਼ਾਮ ਲਾਲ ਗੋਇਲ, ਗੁਲਿੰਦਰ ਗਿੱਲ, ਅਮਰੀਕ ਸਿੰਘ ਪਰਹਾਰ, ਬਲਵਿੰਦਰ ਸਿੰਘ ਡੂਲਕੂ, ਜਨਕ ਰਾਜ ਸਿਧਰਾ, ਪੰਡਿਤ ਸ਼ਰਮਾ ਆਦਿ ਬੁੱਤ ਲਾਏ ਜਾਣ ਦੇ ਹਮਾਇਤੀਆਂ ਨੇ ਵਿਰੋਧੀਆਂ ਨਾਲ ਵੀ ਮੀਟਿੰਗਾਂ ਕੀਤੀਆਂ ਕਿ ਸਾਨੂੰ ਸਾਰਿਆਂ ਨੂੰ ਰਲ ਕੇ ਭਾਈਚਾਰੇ ਦੇ ਕੰਮ ਕਰਨੇ ਚਾਹੀਦੇ ਹਨ, ਵੰਡ ਨਹੀਂ ਕਰਨੀ ਚਾਹੀਦੀ।

'ਗਾਂਧੀ ਸਟੈਚੂ ਫਾਰ ਪੀਸ' ਦੇ ਪ੍ਰਧਾਨ ਸ਼ਾਮ ਲਾਲ ਗੋਇਲ ਅਤੇ ਸੈਕਟਰੀ ਮੋਹਨੀ ਜੈਨ ਨੇ ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮਰੀਕਾ ਦੇ ਪ੍ਰਧਾਨ ਗੁਲਿੰਦਰ ਗਿੱਲ ਤੇ ਕਮੇਟੀ ਦੇ ਸਾਰੇ ਮੈਂਬਰਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਆਪਾਂ ਸਭ ਨੂੰ ਰਲ ਕੇ ਗਦਰ ਮੈਮੋਰੀਅਲ ਹਾਲ ਸੈਨ ਫਰਾਂਸਿਸਕੋ ਨੂੰ ਜਲਦੀ ਤੋਂ ਜਲਦੀ ਬਣਵਾਉਣ ਲਈ ਭਾਰਤ ਦੀ ਕੇਂਦਰ ਸਰਕਾਰ ਦੇ ਮੰਤਰੀਆਂ ਅਤੇ ਅਫਸਰਾਂ ਨਾਲ ਰਾਬਤਾ ਕਾਇਮ ਕਰਨਾ ਚਾਹੀਦਾ ਹੈ ਅਤੇ ਭਾਰਤੀ ਭਾਈਚਾਰੇ ਦੇ ਸਹਿਯੋਗ ਨਾਲ ਜਿੰਨੀ ਜਲਦੀ ਹੋ ਸਕੇ, ਮੈਮੋਰੀਅਲ ਦੀ ਮੁੜ ਉਸਾਰੀ ਮੁਕੰਮਲ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ ਅਤੇ ਮਦਨ ਲਾਲ ਢੀਂਗੜਾ ਦੀ ਯਾਦਗਾਰਾਂ ਬਣਾਉਣ ਅਤੇ ਉਨ੍ਹਾਂ ਦੇ ਸ਼ਹੀਦੀ ਦਿਨ ਮਨਾਏ ਜਾਣ ਲਈ ਜਨਵਰੀ 2017 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਮਿਲਿਆ ਜਾਵੇ।

# ਆਰਥਿਕ ਵਿਕਾਸ ਲੀਹੇ ਪਾਉਣ ਲਈ ਸਮੂਹਿਕ ਤਾਲਮੇਲ ਦਾ ਸੱਦਾ

**ਹਾਂਗਜ਼ੂ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਿਸ਼ਵ ਆਰਥਿਕ ਵਿਕਾਸ ਨੂੰ ਮੁੜ ਲੀਹ 'ਤੇ ਲਿਆਉਣ ਲਈ ਜੀ-20 ਮੈਂਬਰ ਦੇਸ਼ਾਂ 'ਤੇ ਸਮੂਹਿਕ ਤਾਲਮੇਲ ਨਾਲ ਨਿਸ਼ਾਨਾ ਮਿਥ ਕੇ ਕਾਰਵਾਈ ਕਰਨ 'ਤੇ ਜ਼ੋਰ ਦਿੱਤਾ ਹੈ। ਚੀਨ ਦੇ ਇਸ ਪੂਰਬੀ ਸ਼ਹਿਰ ਵਿਚ ਪ੍ਰਧਾਨ ਮੰਤਰੀ ਮੋਦੀ ਨੇ ਜੀ-20 ਨੇਤਾਵਾਂ ਨੂੰ ਕਿਹਾ ਕਿ ਅਸੀਂ ਉਸ ਸਮੇਂ ਸੰਮੇਲਨ ਕਰ ਰਹੇ ਹਾਂ ਜਦੋਂ ਵਿਸ਼ਵ ਗੁੰਝਲਦਾਰ ਰਾਜਸੀ ਅਤੇ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਖੁੱਲ੍ਹੀ ਤੇ ਡੂੰਘੀ ਵਿਚਾਰ ਚਰਚਾ ਕਾਫੀ ਨਹੀਂ।

ਸ੍ਰੀ ਮੋਦੀ ਨੇ ਵਿਸ਼ਵ ਵਿਕਾਸ ਨੂੰ ਮੁੜ ਲੀਹ 'ਤੇ ਲਿਆਉਣ ਲਈ ਢਾਂਚਾਗਤ ਸੁਧਾਰਾਂ ਲਈ ਏਜੰਡਾ ਪੇਸ਼ ਕਰਦਿਆਂ ਕਿਹਾ ਕਿ ਜੀ-20 ਦੇਸ਼ਾਂ ਨੂੰ ਸਮੂਹਿਕ ਤਾਲਮੇਲ ਨਾਲ ਨਿਸ਼ਾਨੇ ਵਾਲੇ ਏਜੰਡੇ 'ਤੇ ਕਾਰਵਾਈ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਵਿਚ ਵਿੱਤੀ ਪ੍ਰਣਾਲੀ 'ਚ ਸੁਧਾਰ, ਘਰੇਲੂ ਉਤਪਾਦਨ ਵਿਚ ਬੜਾਵਾ, ਬੁਨਿਆਦੀ ਢਾਂਚੇ ਵਿਚ ਨਿਵੇਸ਼ ਵਧਾਉਣ ਅਤੇ ਮਾਨਵੀ ਪੂੰਜੀ ਦਾ ਇਕ ਪੂਲ ਕਾਇਮ ਕਰਨ ਦੀ ਲੋੜ ਹੈ। ਸਾਡੀਆਂ ਚੁਣੌਤੀਆਂ ਸਾਂਝੀਆਂ ਹਨ ਅਤੇ ਇਸੇ ਤਰ੍ਹਾਂ ਮੌਕੇ ਹਨ। ਉਨ੍ਹਾਂ ਕਿਹਾ ਕਿ ਮਸ਼ੀਨੀ ਸੰਪਰਕ, ਡਿਜੀਟਲ ਇਨਕਲਾਬ ਅਤੇ ਨਵੀਂ ਤਕਨਾਲੋਜੀ ਨਵੀਂ ਪੀੜ੍ਹੀ ਦੇ ਵਿਸ਼ਵ ਵਿਕਾਸ ਦਾ ਆਧਾਰ ਬਣ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਭਾਈਵਾਲੀ ਲਈ ਮਜ਼ਬੂਤ ਨੈਟਵਰਕ ਦੀ ਲੋੜ ਹੈ। ਜੀ-20 ਮੈਂਬਰ ਦੇਸ਼ਾਂ ਦਾ ਕੁੱਲ ਵਿਸ਼ਵ ਉਤਪਾਦਨ ਵਿਚ 85 ਫ਼ੀਸਦੀ ਹਿੱਸਾ ਹੈ।

ਜੀ-20 ਗਰੁੱਪ ਵਿਚ ਭਾਰਤ ਤੋਂ ਇਲਾਵਾ ਅਰਜਨਟੀਨਾ, ਆਸਟਰੇਲੀਆ, ਬਰਾਜ਼ੀਲ, ਕੈਨੇਡਾ, ਚੀਨ, ਫਰਾਂਸ, ਜਰਮਨੀ, ਇੰਡੋਨੇਸ਼ੀਆ, ਇਟਲੀ, ਜਪਾਨ, ਮੈਕਸੀਕੋ, ਰੂਸ, ਸਾਊਦੀ ਅਰਬ, ਦੱਖਣੀ ਕੋਰੀਆ, ਤੁਰਕੀ, ਬਰਤਾਨੀਆ, ਅਮਰੀਕਾ ਅਤੇ ਯੂਰਪੀਨ ਯੂਨੀਅਨ ਸ਼ਾਮਲ ਹਨ।


ਰੈਸਟੋਰੈਂਟ ਲਈ ਲੋੜ ਹੈ



ਵਿਸਕਾਨਸਿਨ 'ਚ ਇੰਡੀਅਨ ਰੈਸਟੋਰੈਂਟ 'ਹਵੇਲੀ' ਲਈ ਤੰਦੂਰੀਏ, ਡਿਸ਼ ਵਾਸ਼ਰ ਅਤੇ ਅਨੁਭਵੀ ਹੈਲਪਰ ਦੀ ਲੋੜ ਹੈ।

ਸੰਪਰਕ ਕਰੋ: ਦਵਿੰਦਰ ਸਿੰਘ

ਫੋਨ: 262-391-7666

33/3


# ਮਾਂ-ਧੀ ਨੂੰ ਸਾੜ ਕੇ ਮਾਰਨ ਵਾਲੇ ਸਿਰਫਿਰੇ ਆਸ਼ਕ ਨੂੰ ਉਮਰ ਕੈਦ

**ਫਾਜ਼ਿਲਕਾ:** ਮਾਂ ਅਤੇ ਧੀ ਨੂੰ ਸਾੜ ਕੇ ਮਾਰਨ ਵਾਲੇ ਇਕ ਸਿਰਫਿਰੇ ਆਸ਼ਕ ਨੂੰ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। 7 ਮਾਰਚ 2014 ਨੂੰ ਥਾਣਾ ਸਦਰ ਜਲਾਲਾਬਾਦ ਪੁਲਿਸ ਨੇ ਇਕ 19 ਸਾਲਾ ਵਿਆਹੁਤਾ ਦੇ ਬਿਆਨਾਂ 'ਤੇ ਕਿ ਉਸ ਦੇ ਪਿੰਡ ਚੱਕ ਬੁੱਧੋ ਕੀ ਵਾਸੀ ਪਰਵਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਨਾਲ ਸਬੰਧ ਸਨ ਅਤੇ ਉਹ ਮੇਰੇ ਨਾਲ ਵਿਆਹ ਕਰਨਾ ਚਾਹੁੰਦਾ ਸੀ, ਪਰ ਮਾਪਿਆਂ ਨੇ ਮੇਰਾ ਵਿਆਹ ਇਕ ਮਹੀਨਾ ਪਹਿਲਾ ਪਿੰਡ ਬਾਂਡੀਵਾਲਾ ਜ਼ਿਲ੍ਹਾ ਫ਼ਾਜ਼ਿਲਕਾ ਵਿਚ ਕਰਵਾ ਦਿੱਤੀ।

ਇਸ ਦੇ ਬਾਵਜੂਦ ਪਰਵਿੰਦਰ ਸਿੰਘ ਉਸ ਦੇ ਸਹੁਰੇ ਘਰ ਆ ਪੁੱਜਿਆ ਅਤੇ ਉਸ ਨੂੰ ਧੋਖਾ ਦੇਣ ਦੀ ਗੱਲ ਆਖ ਕੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਲੱਗਿਆ, ਜਿਸ ਤੋਂ ਬਾਅਦ ਮਾਤਾ ਮੈਨੂੰ ਆਪਣੇ ਨਾਲ ਪੇਕੇ ਪਿੰਡ ਬੁੱਧੋ ਕੀ ਲੈ ਆਈ। ਪਰਵਿੰਦਰ ਸਿੰਘ ਧੱਕੇ ਨਾਲ ਸਾਡੇ ਘਰ ਦਾਖਲ ਹੋ ਗਿਆ, ਇਸ ਤੋਂ ਬਾਅਦ ਮੇਰੇ ਅਤੇ ਮੇਰੀ ਮਾਂ 'ਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਗਾ ਦਿੱਤੀ, ਅਤੇ ਮੌਕੇ ਤੋਂ ਫ਼ਰਾਰ ਹੋ ਗਿਆ।

ਇਨ੍ਹਾਂ ਨੂੰ ਸਿਵਲ ਹਸਪਤਾਲ ਫ਼ਾਜ਼ਿਲਕਾ 'ਚ ਦਾਖਲ ਕਰਵਾਇਆ ਗਿਆ, ਜਿਸ ਤੋਂ ਬਾਅਦ ਮੈਡੀਕਲ ਕਾਲਜ ਫ਼ਰੀਦਕੋਟ ਉਨ੍ਹਾਂ ਦੀ ਮੌਤ ਹੋ ਗਈ।

# ਮੁੰਬਈ ਹਮਲੇ ਦੇ ਗੁਨਾਹਗਾਰ ਹਾਫਿਜ਼ ਦੇ ਸੰਗਠਨ ਨੂੰ ਪਾਕਿ ਨੇ ਦਿਤੀ ਖੁੱਲ੍ਹ

**ਇਸਲਾਮਾਬਾਦ:** ਪਾਕਿਸਤਾਨ ਨੇ ਮੁੰਬਈ ਉਤੇ ਹਮਲੇ ਦੇ ਮੁੱਖ ਗੁਨਾਹਗਾਰ ਹਾਫ਼ਿਜ਼ ਸਈਦ ਦੇ ਸੰਗਠਨ ਫਲਾਅ-ਏ-ਇਨਸਾਨੀਅਤ ਫਾਊਂਡੇਸ਼ਨ (ਐਫ.ਆਈ.ਐਫ.) ਨੂੰ ਕਸ਼ਮੀਰ ਦੇ ਲੋਕਾਂ ਲਈ ਫੰਡ ਇਕੱਠਾ ਕਰਨ ਲਈ ਕੈਂਪ ਸਥਾਪਤ ਕਰਨ ਦੀ ਆਗਿਆ ਦੇ ਦਿੱਤੀ ਹੈ। ਹਾਫ਼ਿਜ਼ ਦੇ ਸੰਗਠਨ ਨੇ ਇਹ ਕੈਂਪ ਇਸਲਾਮਾਬਾਦ ਵਿਚ ਸਥਾਪਤ ਕੀਤਾ ਹੈ।



ਪਾਕਿਸਤਾਨ ਮੀਡੀਆ ਅਨੁਸਾਰ ਇਸਲਾਮਾਬਾਦ ਵਿਚ ਵੱਖ-ਵੱਖ ਥਾਵਾਂ ਉਤੇ ਬੈਨਰ ਲਾ ਕੇ ਲੋਕਾਂ ਨੂੰ ਕਸ਼ਮੀਰੀਆਂ ਲਈ ਫੰਡ ਦੇਣ ਦੀ ਅਪੀਲ ਕੀਤੀ ਗਈ ਹੈ। ਇਸ ਤੋਂ ਇਲਾਵਾ ਸੰਗਠਨ ਵੱਲੋਂ ਜੇਹਾਦ ਲਈ ਨੌਜਵਾਨਾਂ ਨੂੰ ਤਿਆਰ ਕਰਨ ਲਈ ਗਾਣੇ ਤੇ ਕਸ਼ਮੀਰ ਵਿਚ ਫੈਲੀ ਹਿੰਸਾ ਦੀਆਂ ਵੀਡੀਓ ਦਿਖਾਈਆਂ ਜਾ ਰਹੀਆਂ ਹਨ। ਜਮਾਤ-ਉਦ ਦਾਅਵਾ ਪਾਕਿਸਤਾਨ ਵਿਚ ਸ਼ੱਕੀ ਸੰਗਠਨਾਂ ਵਿਚੋਂ ਇਕ ਹੈ, ਪਰ ਸੰਗਠਨ ਦੇ ਮੀਡੀਆ ਕੋਆਰਡੀਨੇਟਰ ਅਹਿਮਦ ਨਦੀਮ ਨੇ ਆਖਿਆ ਹੈ ਕਿ ਲੋਕ ਭਲਾਈ ਦੇ ਕੰਮਾਂ ਲਈ ਉਨ੍ਹਾਂ ਉਤੇ ਕੋਈ ਰੋਕ ਨਹੀਂ ਹੈ। ਕੁਝ ਸਮਾਂ ਪਹਿਲਾਂ ਹਾਫ਼ਿਜ਼ ਦੇ ਸੰਗਠਨ ਉਤੇ ਪਾਬੰਦੀ ਵੀ ਲਾ ਦਿੱਤੀ ਗਈ ਸੀ, ਪਰ ਲਾਹੌਰ ਹਾਈ ਕੋਰਟ ਨੇ ਇਸ ਵਿਚ ਦਖਲ ਦਿੰਦਿਆਂ ਸੰਗਠਨ ਨੂੰ ਲੋਕ ਭਲਾਈ ਕੰਮ ਕਰਨ ਲਈ ਖੁੱਲ੍ਹੇ ਦਿੱਤੀ ਸੀ। ਨਦੀਮ ਨੇ ਦੱਸਿਆ ਕਿ ਉਨ੍ਹਾਂ ਇਸਲਾਮਾਬਾਦ ਵਿਚ ਕੈਂਪ ਪ੍ਰਸ਼ਾਸਨ ਦੀ ਆਗਿਆ ਨਾਲ ਸ਼ੁਰੂ ਕੀਤਾ ਹੈ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India


**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

**7021 Village Park Way, Dublin, CA 94568**

Email: Homeomedicine@yahoo.com



**Satwant Singh Insurance Services**

*We serve all over California*


**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ



Satwant Singh, CLCS, MBA

*(CA Lic # 0H11256)*

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

Allied Insurance
a Nationwide Insurance® company

**Call today for your FREE, no-obligation quote:** **1-408-771-2438**

satwant@satwantins.com

# ਪੰਜਾਬ ਵਿਚ ਰੁਕ ਨਹੀਂ ਰਹੀਆਂ ਬੇਅਦਬੀ ਦੀਆਂ ਵਾਰਦਾਤਾਂ

**ਬਟਾਲਾ:** ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਪਿਛਲੇ ਇਕ ਮਹੀਨੇ ਵਿਚ ਤਕਰੀਬਨ ਇਕ ਦਰਜਨ ਘਟਨਾਵਾਂ ਵਾਪਰੀਆਂ ਹਨ, ਪਰ ਪੁਲਿਸ ਜ਼ਿਆਦਾਤਰ ਵਿਚ ਦੋਸ਼ੀਆਂ ਨੂੰ ਕਾਬੂ ਕਰਨ ਵਿਚ ਨਾਕਾਮ ਰਹੀ ਹੈ। ਪਿੰਡ ਕੀੜੀ ਅਫਗਾਨਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਦੀ ਬੇਅਦਬੀ ਦੀ ਤਾਜ਼ਾ ਘਟਨਾ ਵਾਪਰੀ ਹੈ। ਇਸ ਤੋਂ ਪਹਿਲਾਂ ਤਰਨ ਤਾਰਨ ਦੇ ਪਿੰਡ ਡਿਬੀਪੁਰ ਦੇ ਗੁਰਦੁਆਰੇ ਵਿਚ ਗੁਰਬਾਣੀ ਦੇ ਗੁਟਕੇ ਦੇ 16 ਅੰਗ ਪਾੜੇ ਗਏ ਸਨ।

ਪਿੰਡ ਕੀੜੀ ਅਫਗਾਨਾ ਦੇ ਸ੍ਰੀ ਗੁਰੂ ਨਾਨਕ ਦੇਵ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦੇ ਅੰਗ ਪਾੜ ਦਿੱਤੇ ਗਏ। ਗੁਰਦੁਆਰੇ ਦੇ ਗ੍ਰੰਥੀ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਨ੍ਹਾਂ ਸੰਗਤ ਸੂਚਿਤ ਕੀਤਾ। ਕੀੜੀ ਅਫ਼ਗਾਨਾ ਦੇ ਸਰਪੰਚ ਗੁਰਮੀਤ ਸਿੰਘ ਗੋਰਾਇਆ ਨੇ ਪੁਲਿਸ ਨੂੰ ਸੂਚਨਾ ਦਿੱਤੀ। ਪੁਲਿਸ ਨੇ ਗੁਰਦੁਆਰੇ ਦੇ ਗ੍ਰੰਥੀ ਭਾਈ ਕੁਲਬੀਰ ਸਿੰਘ ਦੇ ਬਿਆਨਾਂ 'ਤੇ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਇਸ ਘਟਨਾ ਵਿਚ ਗੁਰੂ ਗ੍ਰੰਥ ਸਾਹਿਬ ਦੇ 4 ਅੰਗ ਨੁਕਸਾਨੇ ਗਏ, ਜਦੋਂਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰ ਮੁਹੰਮਦ) ਦੇ ਕੌਮੀ ਜਨਰਲ ਸਕੱਤਰ ਗਗਨਦੀਪ ਸਿੰਘ ਰਿਆੜ ਨੇ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਦੇ 10 ਅੰਗ ਨੁਕਸਾਨੇ ਗਏ ਹਨ।

ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਕਸ਼ਮੀਰ ਸਿੰਘ ਬਰਿਆਰ ਅਤੇ ਕਾਂਗਰਸ ਦੇ ਹਲਕਾ ਇੰਚਾਰਜ ਬਲਵਿੰਦਰ ਸਿੰਘ ਲਾਡੀ ਨੇ ਵੀ ਘਟਨਾ ਦਾ ਜਾਇਜ਼ਾ ਲਿਆ। ਇਸ ਤੋਂ ਇਲਾਵਾ ਪਿੰਡ ਡਿਬੀਪੁਰਾ ਦੇ ਗੁਰਦੁਆਰੇ ਵਿਚ ਗੁਰਬਾਣੀ ਦੇ ਗੁਟਕੇ ਦੀ ਬੇਅਦਬੀ ਹੋਈ ਹੈ। ਗੁਰਦੁਆਰੇ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਵਿਚ ਨਜ਼ਰ ਆਉਂਦਾ ਹੈ ਕਿ ਮੱਥਾ ਟੇਕਣ ਆਇਆ ਇਕ ਵਿਅਕਤੀ ਉਥੇ ਗੁਟਕਾ ਰੱਖਦਾ ਹੈ। ਉਸ ਨੇ ਕੱਪੜੇ ਨਾਲ ਮੂੰਹ ਸਿਰ ਲਪੇਟਿਆ ਹੋਇਆ ਸੀ। ਉਸ ਵੱਲੋਂ ਰੱਖੇ ਗੁਟਕੇ ਵਿਚੋਂ 16 ਦੇ ਕਰੀਬ ਪੱਤਰੇ ਗਾਇਬ ਪਾਏ ਗਏ। ਸੀ.ਸੀ.ਟੀ.ਵੀ. ਫੁਟੇਜ ਦੇ ਆਧਾਰ 'ਤੇ ਬੰਦੇ ਦੀ ਭਾਲ ਕੀਤੀ ਗਈ, ਜੋ ਪਿੰਡ ਦਾ ਹੀ ਇਕ ਦਰਜੀ ਨਿਕਲਿਆ। ਖਬਰ ਸੁਣ ਕੇ ਪੰਥਕ ਜਥੇਬੰਦੀਆਂ ਦੇ ਕਾਰਕੁਨ ਪਿੰਡ ਪੁੱਜਣੇ ਸ਼ੁਰੂ ਹੋ ਗਏ ਅਤੇ ਪੁਲਿਸ ਪ੍ਰਸ਼ਾਸਨ ਵੀ ਹਰਕਤ 'ਚ ਆ ਗਿਆ।



## ਮੱਕੜ ਵੱਲੋਂ ਪੰਜਾਬ ਦੇ ਹਾਲਾਤ 'ਤੇ ਚਿੰਤਾ ਪ੍ਰਗਟ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਹਲਕਾ ਸ੍ਰੀ ਹਰਗੋਬਿੰਦਪੁਰ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਕੀੜੀ ਅਫਗਾਨਾ ਵਿਚ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਦੀ ਬੇਅਦਬੀ ਅਤੇ ਤਰਨ ਤਾਰਨ ਦੇ ਪਿੰਡ ਡਿਬੀਪੁਰ ਦੇ ਗੁਰਦੁਆਰੇ ਵਿਚ ਗੁਰਬਾਣੀ ਦੇ ਗੁਟਕੇ ਦੇ 16 ਅੰਗ ਪਾੜੇ ਜਾਣ ਦੀਆਂ ਘਟਨਾਵਾਂ ਨੂੰ ਨਿੰਦਣਯੋਗ ਕਰਾਰ ਦਿੰਦਿਆਂ ਪ੍ਰਸ਼ਾਸਨ ਤੋਂ ਦੋਸ਼ੀਆਂ ਦੀ ਜਲਦੀ ਗ੍ਰਿਫਤਾਰੀ ਦੀ ਮੰਗ ਕੀਤੀ ਹੈ। ਉਨ੍ਹਾਂ ਤਰਨ ਤਾਰਨ ਦੇ ਪਿੰਡ ਖਾਰਾ ਇੱਟਾਂ ਵਾਲਾ ਦੇ ਗੁਰਦੁਆਰੇ ਵਿੱਚ ਚੋਰਾਂ ਵੱਲੋਂ ਚੋਰੀ ਦੌਰਾਨ ਸੇਵਾਦਾਰ ਨੂੰ ਜਿਉਂਦਾ ਸਾੜਨ ਦੀ ਘਟਨਾ ਨੂੰ ਮੰਦਭਾਗੀ ਦੱਸਿਆ ਹੈ।

## ਅਕਾਲ ਤਖਤ 'ਤੇ ਸਿੱਖ ਜਥੇਬੰਦੀਆਂ ਦੀ ਮੀਟਿੰਗ ਮੁਲਤਵੀ

**ਅੰਮ੍ਰਿਤਸਰ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਵੱਖ-ਵੱਖ ਸਿਖ ਜਥੇਬੰਦੀਆਂ, ਸੰਪਰਦਾਵਾਂ ਤੇ ਸਭਾ ਸੁਸਾਇਟੀਆਂ ਦੀ ਛੇ ਸਤੰਬਰ ਨੂੰ ਸੱਦੀ ਗਈ ਮੀਟਿੰਗ ਮੁਲਤਵੀ ਕਰ ਦਿੱਤੀ ਗਈ ਹੈ। ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਮੀਟਿੰਗ ਵਿਚ ਪੰਜ ਸਿੰਘ ਸਾਹਿਬਾਨ ਦੀ ਸ਼ਮੂਲੀਅਤ ਹੋਣੀ ਜ਼ਰੂਰੀ ਸੀ, ਪਰ ਤਖਤ ਸ੍ਰੀ ਕੇਸਗੜ੍ਹ ਦੇ ਜਥੇਦਾਰ ਗਿਆਨੀ ਮੱਲ ਸਿੰਘ ਦੀ ਸਿਹਤ ਠੀਕ ਨਾ ਹੋਣ ਕਾਰਨ ਮੀਟਿੰਗ ਅਗਲੇ ਹੁਕਮਾਂ ਤੱਕ ਮੁਲਤਵੀ ਕਰ ਦਿੱਤੀ ਗਈ ਹੈ। ਉਨ੍ਹਾਂ ਨੇ ਸਮੂਹ ਜਥੇਬੰਦੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ 10 ਸਤੰਬਰ ਤੱਕ ਆਪਣੇ ਸੁਝਾਅ ਤੇ ਵਿਚਾਰ ਸ੍ਰੀ ਅਕਾਲ ਤਖਤ ਉਤੇ ਲਿਖਤੀ ਰੂਪ ਵਿਚ ਭੇਜਣ। ਦੱਸਣਯੋਗ ਹੈ ਕਿ ਕਈ ਜਥੇਬੰਦੀਆਂ ਦੇ ਆਗੂਆਂ ਵੱਲੋਂ ਇਸ ਮੀਟਿੰਗ ਦਾ ਵਿਰੋਧ ਕਰਦਿਆ ਆਖਿਆ ਗਿਆ ਸੀ ਕਿ ਸੰਗਤ ਵੱਲੋਂ ਰੱਦ ਕੀਤੇ ਜਥੇਦਾਰਾਂ ਨੂੰ ਪੰਥਕ ਮਾਮਲੇ ਵਿਚਾਰਨ ਅਤੇ ਫੈਸਲੇ ਲੈਣ ਦਾ ਕੋਈ ਹੱਕ ਨਹੀਂ ਹੈ।

# ਸਰਕਾਰੀ ਸਕੂਲਾਂ ਵਿਚ ਪੜ੍ਹਨਗੇ ਲੀਡਰਾਂ ਦੇ ਬੱਚੇ?

**ਚੰਡੀਗੜ੍ਹ:** ਮਿਸ਼ਨ 2017 ਨੂੰ ਲੈ ਕੇ ਇਕ-ਦੂਜੇ 'ਤੇ ਬਿਆਨਬਾਜ਼ੀ ਕਰ ਰਹੀਆਂ ਪਾਰਟੀਆਂ ਵੱਲੋਂ ਪਹਿਲੀ ਵਾਰ ਅਲਾਹਾਬਾਦ ਹਾਈਕੋਰਟ ਦੇ ਸਿੱਖਿਆ ਬਾਰੇ ਦਿਤੇ ਫੈਸਲੇ, ਜਿਸ ਵਿਚ ਕਿਹਾ ਗਿਆ ਹੈ ਕਿ ਐਮ.ਪੀ., ਐਮ.ਐਲ.ਏ. ਤੇ ਸਰਕਾਰੀ ਕਰਮਚਾਰੀਆਂ ਦੇ ਬੱਚਿਆਂ ਲਈ ਸਰਕਾਰੀ ਸਕੂਲਾਂ ਵਿਚ ਦਾਖਲਾ ਜ਼ਰੂਰੀ ਕੀਤਾ ਗਿਆ ਹੈ, ਬਾਰੇ ਸਿਧਾਂਤਕ ਤੌਰ 'ਤੇ ਸਹਿਮਤ ਦਿਖਾਈ ਹੈ।

'ਪਿੰਡ ਬਚਾਓ ਪੰਜਾਬ ਬਚਾਓ' ਤੇ ਹੋਰ ਜਥੇਬੰਦੀਆਂ ਵੱਲੋਂ ਕਰਵਾਈ ਗੋਸ਼ਟੀ ਵਿਚ ਹਿੱਸਾ ਲੈਂਦਿਆਂ ਰਾਜਨੀਤਕ ਪਾਰਟੀਆਂ, ਕਿਸਾਨ ਸੰਗਠਨਾਂ ਤੇ ਸਮਾਜਕ ਕਾਰਕੁਨਾਂ ਨੇ ਹਿੱਸਾ ਲਿਆ। ਕਾਂਗਰਸ ਦੇ ਨੇਤਾ ਮਨਪ੍ਰੀਤ ਸਿੰਘ ਬਾਦਲ, ਆਮ ਆਦਮੀ ਪਾਰਟੀ ਦੇ ਕੰਵਰ ਸੰਧੂ, ਸੈਂਟਰ ਫਾਰ ਰਿਸਰਚ ਇਨ ਰੂਰਲ ਐਂਡ ਇੰਡਸਟ੍ਰੀਅਲ ਡੈਵਲਪਮੈਂਟ ਦੇ ਡਾ. ਸੁੱਚਾ ਸਿੰਘ ਗਿੱਲ, ਬਾਬਾ ਫਰੀਦ ਯੂਨੀਵਰਸਿਟੀ ਦੇ ਸਾਬਕਾ ਰਜਿਸਟਰਾਰ ਡਾ. ਪਿਆਰਾ ਲਾਲ ਗਰਗ, ਭਾਰਤੀ ਕਿਸਾਨ ਯੂਨੀਅਨ ਦੇ ਪਿਸ਼ੌਰਾ ਸਿੰਘ ਸਿੱਧੂਪੁਰ, ਪ੍ਰੋ. ਮੁਹੰਮਦ ਖਾਲਿਦ, ਡਾ. ਕੁਲਦੀਪ ਸਿੰਘ ਨੇ ਕੋਰਟ ਦੇ ਇਸ ਫੈਸਲੇ ਦੀ ਪ੍ਰਸ਼ੰਸਾ ਕੀਤੀ। ਪੰਜਾਬ ਦੇ ਸਿੱਖਿਆ ਮੰਤਰੀ ਦਲਜੀਤ ਸਿੰਘ ਚੀਮਾ ਨੂੰ ਵੀ ਇਸ ਪ੍ਰੋਗਰਾਮ ਵਿਚ ਪੁੱਜਣ ਦਾ ਸੱਦਾ ਦਿੱਤਾ ਗਿਆ ਸੀ, ਪਰ ਉਹ ਪ੍ਰੋਗਰਾਮ ਵਿਚ ਨਹੀਂ ਪੁੱਜੇ। ਭਾਜਪਾ ਦੇ ਬੁਲਾਰੇ ਸੁਭਾਸ਼ ਸ਼ਰਮਾ ਨੇ ਵੀ ਅਲਾਹਾਬਾਦ ਹਾਈਕੋਰਟ ਦੇ ਇਸ ਫੈਸਲੇ ਦੀ ਪ੍ਰਸ਼ੰਸਾ ਕੀਤੀ। ਕਾਂਗਰਸ ਲੀਡਰ ਮਨਪ੍ਰੀਤ ਬਾਦਲ ਨੇ ਕਿਹਾ ਕਿ ਜੇ ਸਿਆਸਤਦਾਨਾਂ ਦੀ ਨੀਅਤ ਸਾਫ ਹੋਵੇ ਤਾਂ ਸਭ ਕੁਝ ਹੋ ਸਕਦਾ ਹੈ। ਚੰਗੇ ਮਾਹਿਰਾਂ ਨੂੰ ਨਾਲ ਲੈ ਕੇ ਹੀ ਇਹ ਸਿੱਖਿਆ ਪ੍ਰਬੰਧ ਨੂੰ ਚੰਗਾ ਬਣਾਇਆ ਜਾ ਸਕਦਾ ਹੈ। 'ਆਪ' ਲੀਡਰ ਕੰਵਰ ਸੰਧੂ ਨੇ ਕਿਹਾ ਕਿ ਸਿੱਖਿਆ ਦੇ ਸੁਧਾਰ ਲਈ ਸਿਆਸੀ ਇੱਛਾ ਦੀ ਲੋੜ ਹੈ, ਪਰ ਸਾਡੀ ਤ੍ਰਾਸਦੀ ਹੈ, ਪੰਜਾਬ ਦੀ ਸਿਆਸਤ ਨੇ ਕਦੇ ਸਿੱਖਿਆ ਵਿਵਸਥਾ ਵੱਲ ਧਿਆਨ ਨਹੀਂ ਦਿਤਾ।

ਡਾ. ਪਿਆਰਾ ਲਾਲ ਗਰਗ ਨੇ ਕਿਹਾ ਕਿ ਸਿੱਖਿਆ ਤੇ ਸਿਹਤ ਦੇ ਖੇਤਰ ਦਾ ਲਗਾਤਾਰ ਨਿੱਜੀਕਰਨ ਹੋ ਰਿਹਾ ਹੈ ਜਿਸ ਕਰ ਕੇ ਇਹ ਖੇਤਰ ਬਰਬਾਦ ਹੋ ਰਹੇ ਹਨ। ਇਨ੍ਹਾਂ ਖੇਤਰਾਂ ਦੀ ਮਾੜੀ ਹਾਲਤ ਕਾਰਨ ਸਭ ਤੋਂ ਵੱਧ ਨੁਕਸਾਨ ਗਰੀਬ ਬੰਦੇ ਦਾ ਹੋ ਰਿਹਾ ਹੈ। ਅਰਥ ਸ਼ਾਸਤਰੀ ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਦਲਿਤ ਇਲਾਕਿਆਂ ਵਾਲੇ ਸਕੂਲਾਂ ਦੀ ਸਹੂਲਤਾਂ ਲਗਾਤਾਰ ਘਟੀਆਂ ਹਨ। ਇੰਜ ਸਿੱਖਿਆ ਪ੍ਰਬੰਧ 'ਚ ਵੀ ਜਾਤੀਵਾਦ ਨਜ਼ਰ ਆ ਰਿਹਾ ਹੈ। ਪਿੰਡ ਬਚਾਓ ਪੰਜਾਬ ਬਚਾਓ ਲਹਿਰ ਦੇ ਆਗੂ ਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੇ ਫੋਰਮਾਂ 'ਤੇ ਚਰਚਾ ਨਾਲ ਚੰਗੇ ਹੱਲ ਨਿਕਲ ਸਕਦੇ ਹਨ। ਪ੍ਰੋਗਰਾਮ ਵਿਚ ਡਾ. ਕੁਲਦੀਪ ਪੁਰੀ, ਪ੍ਰੋ. ਮਨਜੀਤ ਸਿੰਘ (ਸਵਰਾਜ ਪਾਰਟੀ), ਸਮਾਜਿਕ ਕਾਰਕੁਨ ਬਲਵੰਤ ਖੇੜਾ, ਪ੍ਰੋ. ਬਾਵਾ ਸਿੰਘ, ਪੱਤਰਕਾਰ ਜਸਪਾਲ ਸਿੱਧੂ ਤੇ ਹਮੀਰ ਸਿੰਘ ਹਾਜ਼ਰ ਸਨ।

# ਗੁਰੂ ਗ੍ਰੰਥ ਸਾਹਿਬ ਦਾ ਪ੍ਰਥਮ ਪ੍ਰਕਾਸ਼ ਪੁਰਬ ਮਨਾਇਆ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਥਮ ਪ੍ਰਕਾਸ਼ ਪੁਰਬ ਮਨਾਇਆ ਗਿਆ। ਇਸ ਮੌਕੇ ਗੁਰਦੁਆਰਾ ਰਾਮਸਰ ਤੋਂ ਨਗਰ ਕੀਰਤਨ ਸਜਾਇਆ ਗਿਆ, ਜਿਸ ਰਾਹੀਂ ਪੁਰਾਤਨ ਪਰੰਪਰਾ ਮੁਤਾਬਕ ਪਾਵਨ ਸਰੂਪ ਨੂੰ ਸ੍ਰੀ ਹਰਿਮੰਦਰ ਸਾਹਿਬ ਲਿਆਂਦਾ ਗਿਆ।



ਇਸ ਤੋਂ ਇਕ ਦਿਨ ਪਹਿਲਾਂ ਕੁਝ ਸਿੱਖ ਜਥੇਬੰਦੀਆਂ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਇਹ ਪ੍ਰਕਾਸ਼ ਪੁਰਬ ਮਨਾਇਆ ਗਿਆ ਸੀ ਅਤੇ ਗੁਰਦੁਆਰਾ ਰਾਮਸਰ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ ਮਾਰਚ ਕੀਤਾ ਗਿਆ ਸੀ। ਇਸ ਤੋਂ ਇਲਾਵਾ ਪਾਕਿਸਤਾਨ ਵਿਚ ਵੀ ਪੀ.ਜੀ.ਪੀ.ਸੀ. ਵੱਲੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪੁਰਬ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਇਆ ਗਿਆ ਹੈ। ਕੈਲੰਡਰ ਵਿਵਾਦ ਦੇ ਕਾਰਨ ਸਿੱਖ ਸੰਗਤਾਂ ਵਿਚ ਗੁਰਪੁਰਬ ਤੇ ਹੋਰ ਤਿਉਹਾਰਾਂ ਸਬੰਧੀ ਦੁਬਿਧਾ ਬਣੀ ਹੋਈ ਹੈ, ਜਿਸ ਕਾਰਨ ਵਧੇਰੇ ਗੁਰਪੁਰਬ ਦੋ-ਦੋ ਵਾਰ ਵੱਖ-ਵੱਖ ਥਾਵਾਂ ਉਤੇ ਮਨਾਏ ਜਾ ਰਹੇ ਹਨ। ਇਹ ਪ੍ਰਕਾਸ਼ ਪੁਰਬ ਵੀ ਦੋ ਵੱਖ-ਵੱਖ ਤਰੀਕਾਂ ਉਤੇ ਮਨਾਇਆ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸਭਾ ਸੁਸਾਇਟੀਆਂ, ਧਾਰਮਿਕ ਜਥੇਬੰਦੀਆਂ ਅਤੇ ਸੰਗਤ ਦੇ ਸਹਿਯੋਗ ਨਾਲ ਨਗਰ ਕੀਰਤਨ ਸਜਾਇਆ ਗਿਆ।

ਨਗਰ ਕੀਰਤਨ ਵਿਚ ਗਤਕੇ ਦੀਆਂ ਟੀਮਾਂ ਨੇ ਗਤਕੇ ਦੇ ਜੌਹਰ ਦਿਖਾਏ। ਸਕੂਲੀ ਬੈਂਡ ਅਤੇ ਹੋਰ ਬੈਂਡ ਪਾਰਟੀਆਂ ਵੀ ਸ਼ਾਮਲ ਸਨ। ਥਾਂ-ਥਾਂ ਤੇ ਸੰਗਤ ਵੱਲੋਂ ਲੰਗਰ ਲਾਏ ਗਏ ਸਨ। ਪ੍ਰਕਾਸ਼ ਪੁਰਬ ਸਬੰਧੀ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਵਿਖੇ ਸੁੰਦਰ ਜਲੌਅ ਸਜਾਏ ਗਏ, ਜਿਸ ਵਿਚ ਪੁਰਾਤਨ ਤੇ ਬੇਸ਼ਕੀਮਤੀ ਵਸਤਾਂ ਸੰਗਤ ਦੇ ਦਰਸ਼ਨਾਂ ਲਈ ਰੱਖੀਆਂ ਗਈਆਂ। ਰਾਤ ਨੂੰ ਦੀਪ ਮਾਲਾ ਕੀਤੀ ਗਈ ਅਤੇ ਆਤਿਸ਼ਬਾਜ਼ੀ ਵੀ ਚੱਲੀ।

# ਪੰਜਾਬ ਪੁਲਿਸ ਦੀ ਭਰਤੀ 'ਚ ਵੀ ਘੁਟਾਲਾ

**ਫਰੀਦਕੋਟ:** ਪੁਲਿਸ ਭਰਤੀ ਵਿਚ ਲਾਜ਼ਮੀ ਤੌਰ 'ਤੇ ਕਰਵਾਏ ਡੋਪ ਟੈਸਟ ਦੀਆਂ ਰਿਪੋਰਟਾਂ ਬਦਲ ਕੇ ਜਾਅਲਸਾਜ਼ੀ ਨਾਲ ਭਰਤੀ ਲਈ ਕਾਮਯਾਬ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਵਿਚ ਸਿਟੀ ਪੁਲਿਸ ਫਰੀਦਕੋਟ ਨੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਦੇ ਮਨੋਰੋਗ ਵਿਭਾਗ ਦੀ ਸਹਾਇਕ ਪ੍ਰੋ. ਗੁਰਮੀਤ ਕੌਰ ਦੀ ਸ਼ਿਕਾਇਤ ਦੇ ਅਧਾਰ 'ਤੇ ਚਾਰ ਵਿਅਕਤੀਆਂ ਖਿਲਾਫ਼ ਜਾਅਲਸਾਜ਼ੀ ਕਰਨ ਦੇ ਦੋਸ਼ਾਂ ਤਹਿਤ ਪਰਚਾ ਦਰਜ ਕਰ ਲਿਆ ਹੈ।

ਹਾਲਾਂਕਿ ਇਸ ਮਾਮਲੇ ਵਿਚ ਅਜੇ ਤੱਕ ਕਿਸੇ ਸਰਕਾਰੀ ਕਰਮਚਾਰੀ ਜਾਂ ਅਧਿਕਾਰੀ ਨਾਮ ਨਸ਼ਰ ਨਹੀਂ ਹੋਇਆ, ਪਰ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਡੋਪ ਟੈਸਟ ਦੌਰਾਨ ਨਸ਼ੇ ਦੀ ਪੁਸ਼ਟੀ ਕਰਨ ਵਾਲੀਆਂ ਰਿਪੋਰਟਾਂ ਨੂੰ ਨੈਗੇਟਿਵ ਕਰਨ ਲਈ ਕੁਝ ਸਰਕਾਰੀ ਕਰਮਚਾਰੀਆਂ ਤੇ ਅਧਿਕਾਰੀਆਂ ਨੇ ਸਬੰਧਤ ਉਮੀਦਵਾਰਾਂ ਤੋਂ ਮੋਟੀਆਂ ਰਕਮਾਂ ਲਈਆਂ ਹਨ। ਮਾਮਲਾ ਧਿਆਨ ਵਿਚ ਆਉਣ ਤੋਂ ਬਾਅਦ ਜ਼ਿਲ੍ਹਾ ਪੁਲਿਸ ਨੇ ਮਨੋਰੋਗ ਵਿਭਾਗ ਦਾ ਸਾਰਾ ਰਿਕਾਰਡ ਆਪਣੇ ਕਬਜ਼ੇ ਵਿਚ ਲੈ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਹਰਪ੍ਰੀਤ ਸਿੰਘ ਵਾਸੀ ਜਿਉਣਵਾਲਾ, ਹਰਿੰਦਰ ਪਾਲ ਸਿੰਘ ਵਾਸੀ ਫਰੀਦਕੋਟ, ਕੁਲਦੀਪ ਸਿੰਘ ਵਾਸੀ ਕੋਟਕਪੂਰਾ ਤੇ ਮਨਪ੍ਰੀਤ ਸਿੰਘ ਵਾਸੀ ਬਰਗਾੜੀ ਨੇ ਪੁਲਿਸ ਭਰਤੀ ਲਈ ਫਾਰਮ ਭਰੇ ਸਨ ਜਿਨ੍ਹਾਂ ਦਾ ਕੁਝ ਦਿਨ ਪਹਿਲਾਂ ਮੈਡੀਕਲ ਕਾਲਜ ਦੇ ਮਨੋਰੋਗ ਵਿਭਾਗ ਵਿਚ ਡੋਪ ਟੈਸਟ ਹੋਇਆ ਸੀ।

ਡੋਪ ਦੌਰਾਨ ਇਨ੍ਹਾਂ ਨੌਜਵਾਨਾਂ ਵਿਚ ਨਸ਼ੇ ਦੀ ਪੁਸ਼ਟੀ ਹੋਈ ਸੀ। ਇਸ ਪੁਸ਼ਟੀ ਦੇ ਅਧਾਰ 'ਤੇ ਇਹ ਨੌਜਵਾਨ ਪੁਲਿਸ ਭਰਤੀ ਦੀ ਪ੍ਰਕਿਰਿਆ 'ਚੋਂ ਬਾਹਰ ਹੋਣੇ ਸਨ, ਪਰ ਇਨ੍ਹਾਂ ਨੌਜਵਾਨਾਂ ਨੇ ਨਸ਼ੇ ਦੀ ਪੁਸ਼ਟੀ ਵਾਲੀਆਂ ਰਿਪੋਰਟਾਂ ਨੂੰ ਬਦਲਵਾ ਲਿਆ ਤੇ ਫਾਈਲਾਂ ਵਿਚ ਨਸ਼ਾ ਰਹਿਤ ਹੋਣ ਦੀਆਂ ਰਿਪੋਰਟਾਂ ਲੁਆ ਦਿੱਤੀਆਂ। ਸਹਾਇਕ ਪ੍ਰੋਫੈਸਰ ਗੁਰਮੀਤ ਕੌਰ ਦੀ ਸ਼ਿਕਾਇਤ ਅਨੁਸਾਰ ਸਰਕਾਰੀ ਫਾਈਲਾਂ ਨਾਲ ਇਨ੍ਹਾਂ ਨੌਜਵਾਨਾਂ ਨੇ ਛੇੜਛਾੜ ਕੀਤੀ ਹੈ। ਹਾਲਾਂਕਿ ਮਨੋਰੋਗ ਵਿਭਾਗ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਇਹ ਫਾਈਲਾਂ ਕਿਸ ਵਿਅਕਤੀ ਦੇ ਕਬਜ਼ੇ ਵਿਚ ਸਨ। ਹੁਣ ਤੱਕ 200 ਨੌਜਵਾਨ ਦੇ ਡੋਪ ਟੈਸਟ ਦੌਰਾਨ ਨਸ਼ੇ ਦੀ ਪੁਸ਼ਟੀ ਹੋ ਚੁੱਕੀ ਹੈ। ਜ਼ਿਲ੍ਹਾ ਪੁਲਿਸ ਮੁਖੀ ਦਰਸ਼ਨ ਸਿੰਘ ਮਾਨ ਨੇ ਕਿਹਾ ਕਿ ਡੋਪ ਟੈਸਟ ਰਿਪੋਰਟਾਂ ਦੀ ਅਦਲਾ ਬਦਲੀ ਵਿਚ ਪੁਲਿਸ ਵਿਭਾਗ ਦਾ ਕੋਈ ਕਰਮਚਾਰੀ ਜਾਂ ਅਧਿਕਾਰੀ ਸ਼ਾਮਲ ਨਹੀਂ ਕਿਉਂਕਿ ਇਨ੍ਹਾਂ ਫਾਈਲਾਂ ਦਾ ਸਿੱਧਾ ਸਬੰਧ ਮੈਡੀਕਲ ਕਾਲਜ ਤੇ ਹਸਪਤਾਲਾਂ ਦਾ ਹੈ।

# ਬ੍ਰਿਟਿਸ਼ ਬੇਕਰੀ ਸ਼ੋਅ 'ਚ ਸਿੱਖ ਉਤੇ ਨਸਲੀ ਟਿੱਪਣੀਆਂ

ਲੰਡਨ: ਬ੍ਰਿਟੇਨ ਵਿਚ ਇਕ ਮਸ਼ਹੂਰ ਟੀ.ਵੀ. ਬੇਕਰੀ ਸ਼ੋਅ ਵਿਚ ਹਿੱਸਾ ਲੈਣ ਵਾਲੇ 28 ਸਾਲਾ ਸਿੱਖ ਨੌਜਵਾਨ ਨੂੰ ਦੋ ਸ਼ੋਆਂ ਬਾਅਦ ਨਸਲੀ ਟਿੱਪਣੀਆਂ ਦਾ ਸਾਹਮਣਾ ਕਰਨਾ ਪਿਆ ਹੈ। ਮੀਡੀਆ ਰਿਪੋਰਟ ਮੁਤਾਬਕ 'ਦਿ ਗਰੇਟ ਬ੍ਰਿਟਿਸ਼ ਬੇਕ ਆਫ' (ਜੀ.ਬੀ.ਬੀ.ਓ.) ਸ਼ੋਅ ਵਿਚ ਪ੍ਰਸਿੱਧ ਹੋਏ ਰੈਵ ਬਾਂਸਲ ਨੇ ਕਿਹਾ ਕਿ ਉਸ ਨੂੰ ਕਿਸੇ ਅਜਨਬੀ ਨੇ ਪੁੱਛਿਆ ਸੀ ਕਿ ਕੀ ਉਹ 'ਪਾਕੀ' ਹੈ? ਸ੍ਰੀ ਬਾਂਸਲ ਨੇ ਟਵਿੱਟਰ ਉਤੇ ਲਿਖਿਆ, 'ਅੱਜ ਮੈਨੂੰ ਪੁੱਛਿਆ ਗਿਆ, ਕੀ ਤੁਸੀਂ ਪਾਕੀ ਹੋ? ਸ਼ੋਅ ਦੇ ਸਾਥੀ ਉਮੀਦਵਾਰ ਬੈਂਜਾਮਿਨ ਇਬ੍ਰਹੀ ਉਸ ਦੇ ਟਵੀਟ ਦੇ ਜਵਾਬ 'ਚ ਲਿਖਿਆ, 'ਬੇਹੱਦ ਭਿਆਨਕ।' ਇਸ ਸਾਲ ਦੇ ਸ਼ੋਅ ਵਿਚ ਇਕ ਹੋਰ ਬੇਕਰ ਸੇਲਾਸੀ ਗਬੋਰਮਿਤਾ ਨੇ ਲਿਖਿਆ, 'ਕੀ ਹੋ ਰਿਹਾ ਹੈ?' ਇਕ ਹੋਰ ਨੇ ਲਿਖਿਆ, 'ਇਸ ਸਭ ਨਾਲ ਮੇਰੇ ਵਿਚ ਨਾਰਾਜ਼ਗੀ ਭਰ ਗਈ ਹੈ। ਮੈਨੂੰ ਦੁੱਖ ਹੈ ਕਿ ਅਜਿਹੇ ਲੋਕ ਵੀ ਹਨ। ਤੁਸੀਂ ਮਹਾਨ ਹੋ ਅਤੇ ਨਿਸ਼ਚਤ ਤੌਰ 'ਤੇ ਬਰਤਾਨਵੀ ਹੋ। ਅੱਗੇ ਵਧਦੇ ਰਹੋ।' ਇਸ ਸ਼ੋਅ ਵਿਚ ਨਸਲੀ ਟਿੱਪਣੀਆਂ ਦਾ ਸਾਹਮਣਾ ਕਰਨ ਵਾਲਾ ਰੈਵ ਬਾਂਸਲ ਪਹਿਲਾ ਉਮੀਦਵਾਰ ਨਹੀਂ ਹੈ। ਪਿਛਲੇ ਸਾਲ ਦੀ ਜੇਤੂ 31 ਸਾਲਾ ਨਾਦੀਆ ਹੁਸੈਨ ਨੇ ਅਜਨਬੀਆਂ ਵੱਲੋਂ ਕੀਤੇ ਗਏ ਅਪਮਾਨ ਅਤੇ ਹਿੰਸਾ ਬਾਰੇ ਦੱਸਿਆ ਸੀ। ਬੰਗਲਾਦੇਸ਼ੀ ਮੂਲ ਦੀ ਨਾਦੀਆ ਨੇ ਹਾਲ ਹੀ ਵਿਚ ਦੱਸਿਆ ਸੀ, 'ਮੇਰੇ ਉਤੇ ਚੀਜ਼ਾਂ ਸੁੱਟੀਆਂ ਗਈਆਂ ਸਨ ਅਤੇ ਮੈਨੂੰ ਧੱਕਾ ਮਾਰਿਆ ਗਿਆ ਸੀ।' ਜ਼ਿਕਰਯੋਗ ਹੈ ਕਿ ਇਸ ਸਾਲ ਇਸ ਸ਼ੋਅ ਨੂੰ ਰਿਕਾਰਡ ਰੇਟਿੰਗ ਮਿਲੀ ਹੈ। ਇਸ ਸ਼ੋਅ ਨੂੰ ਦੋ ਐਪੀਸੋਡਜ਼ ਵਿਚ ਹਰੇਕ ਰਾਤ ਵਿਚ ਇਕ ਕਰੋੜ ਤੋਂ ਜ਼ਿਆਦਾ ਦਰਸ਼ਕ ਮਿਲੇ ਹਨ।



# ਪਰਵਾਸੀ ਕੋਟੇ ਦੀਆਂ ਸੀਟਾਂ ਮੈਡੀਕਲ ਕਾਲਜਾਂ ਲਈ ਘਾਟੇ ਦਾ ਸੌਦਾ

**ਫਰੀਦਕੋਟ:** ਪੰਜਾਬ ਦੇ ਸਰਕਾਰੀ ਅਤੇ ਪ੍ਰਾਈਵੇਟ ਮੈਡੀਕਲ ਕਾਲਜਾਂ ਨੂੰ ਇਸ ਵਾਰ ਐਨ.ਆਰ.ਆਈ. ਕੋਟੇ ਦੀਆਂ ਸਾਰੀਆਂ ਸੀਟਾਂ ਨਾ ਭਰਨ ਕਾਰਨ ਵਿੱਤੀ ਘਾਟੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਐਨ.ਆਰ.ਆਈ. ਕੋਟੇ ਦੀਆਂ 210 ਸੀਟਾਂ ਹਨ, ਪਰ ਐਤਕੀਂ ਸਿਰਫ਼ 29 ਉਮੀਦਵਾਰ ਹੀ ਯੋਗ ਪਾਏ ਗਏ ਹਨ।

ਪੰਜਾਬ ਦੇ ਨੌਂ ਮੈਡੀਕਲ ਕਾਲਜਾਂ ਤੇ 16 ਡੈਂਟਲ ਕਾਲਜਾਂ ਵਿਚ ਐਨ.ਆਰ.ਆਈ. ਕੋਟੇ ਦੀਆਂ 108, ਐਮ.ਬੀ.ਬੀ.ਐਸ. ਤੇ 100 ਬੀ.ਡੀ.ਐਸ. ਸੀਟਾਂ ਹਨ। ਸੂਬੇ ਦੇ ਤਿੰਨ ਸਰਕਾਰੀ ਮੈਡੀਕਲ ਤੇ ਦੋ ਡੈਂਟਲ ਕਾਲਜਾਂ ਵਿਚ ਐਨ. ਆਰ. ਆਈ. ਕੋਟੇ ਦੀਆਂ 41 ਐਮ.ਬੀ.ਬੀ.ਐਸ. ਤੇ 7 ਬੀ.ਡੀ.ਐਸ. ਦੀਆਂ ਸੀਟਾਂ ਭਰਨ ਲਈ ਸਪੈਸ਼ਲ ਦਾਖ਼ਲਾ ਟੈਸਟ ਜੋ 9 ਅਗਸਤ ਨੂੰ ਲਿਆ ਗਿਆ ਸੀ, 'ਚ 7 ਉਮੀਦਵਾਰ ਹੀ ਪਾਸ ਹੋਏ ਸਨ।

# ਮੌਤ ਤੋਂ ਦੋ ਦਹਾਕੇ ਬਾਅਦ ਮਦਰ ਟੈਰੇਸਾ ਬਣੀ ਸੰਤ

**ਵੈਟੀਕਨ ਸਿਟੀ:** ਰੋਮਨ ਕੈਥੋਲਿਕ ਚਰਚ ਦੇ ਪੋਪ ਫਰਾਂਸਿਸ ਨੇ ਵੈਟੀਕਨ ਸਿਟੀ ਵਿਚ ਸਮਾਰੋਹ ਦੌਰਾਨ ਮਦਰ ਟੈਰੇਸਾ ਨੂੰ ਸੰਤ ਦੀ ਉਪਾਧੀ ਦਿੱਤੀ। ਇਹ ਉਪਾਧੀ ਮਿਲਣ ਤੋਂ ਬਾਅਦ ਹੁਣ ਮਦਰ ਟੈਰੇਸਾ ਨੂੰ ਸੰਤ ਵਜੋਂ ਜਾਣਿਆ ਜਾਵੇਗਾ। ਇਸ ਸਮਾਰੋਹ ਵਿਚ ਦੁਨੀਆਂ ਦੇ ਵੱਖ-ਵੱਖ ਕੋਨਿਆਂ ਤੋਂ ਲੋਕ ਪਹੁੰਚੇ ਹੋਏ ਸਨ। ਇਸ ਮੌਕੇ ਵਿਸ਼ਵ ਭਰ ਤੋਂ ਉਨ੍ਹਾਂ ਦੇ ਲੱਖਾਂ ਸ਼ਰਧਾਲੂ ਪਹਿਲਾਂ ਹੀ ਰੋਮ ਪਹੁੰਚ ਚੁੱਕੇ ਸਨ। ਭਾਰਤ ਵਿਚੋਂ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦੀ ਅਗਵਾਈ ਵਿਚ 12 ਮੈਂਬਰੀ ਕੇਂਦਰੀ ਵਫ਼ਦ ਰੋਮ ਪਹੁੰਚਿਆ ਹੈ। ਜਿਉਂਦੇ ਸਮੇਂ ਮਦਰ ਟੈਰੇਸਾ ਨੂੰ 124 ਵੱਡੇ ਪੁਰਸਕਾਰ ਮਿਲਣ ਤੋਂ ਬਾਅਦ ਦੇਹਾਂਤ ਤੋਂ ਪਿੱਛੋਂ ਇਹ ਉਪਾਧੀ ਮਿਲਣਾ ਉਨ੍ਹਾਂ ਲਈ ਵੱਡੀ ਸ਼ਰਧਾਂਜਲੀ ਹੈ। ਭਾਰਤ ਰਤਨ ਤੇ ਨੋਬਲ ਪੁਰਸਕਾਰ ਜਿੱਤਣ ਵਾਲੀ ਉਹ ਪਹਿਲੀ ਮਹਿਲਾ ਭਾਰਤੀ ਹੈ ਜਿਸ ਨੂੰ ਵੈਟੀਕਨ ਸਿਟੀ ਇਸਾਈ ਧਰਮ ਗੁਰੂਆਂ ਨੇ ਸੰਤ ਐਲਾਨਿਆ ਹੈ।

ਟੈਰੇਸਾ ਵਿਦੇਸ਼ ਵਿਚ ਜਨਮੀ ਪਹਿਲੀ ਕੈਥੋਲਿਕ ਹੈ ਜਿਸ ਨੂੰ ਭਾਰਤੀ ਮੰਨ ਕੇ ਸੰਤ ਦਾ ਦਰਜਾ ਦਿੱਤਾ ਗਿਆ ਹੈ। ਰੋਮਨ ਕੈਥੋਲਿਕ ਭਾਈਚਾਰੇ ਵਿਚ 1600 ਈਸਵੀ ਤੋਂ ਸੰਤ ਐਲਾਨ ਦਾ ਲਿਖਤੀ ਇਤਿਹਾਸ ਹੈ। ਪਹਿਲੀ ਵਾਰ ਕਿਸੇ ਨੂੰ ਮੌਤ ਤੋਂ ਸਿਰਫ 19 ਸਾਲ ਬਾਅਦ ਸੰਤ ਦੀ ਉਪਾਧੀ ਦਿੱਤੀ ਗਈ ਹੈ।

ਇਸ ਮੌਕੇ ਉਤੇ 13 ਦੇਸ਼ਾਂ ਦੇ ਖਾਸ ਮਹਿਮਾਨਾਂ ਅਤੇ ਇਕ ਲੱਖ ਲੋਕਾਂ ਦੀ ਮੌਜੂਦਗੀ



ਵਿਚ ਟੈਰੇਸਾ ਨੂੰ ਸੰਤ ਐਲਾਨਿਆ ਗਿਆ। ਸੰਤ ਦਾ ਐਲਾਨ ਕਰਨ ਦੀ ਵੀ ਖਾਸ ਪ੍ਰਕ੍ਰਿਆ ਹੈ। ਸਭ ਤੋਂ ਪਹਿਲਾਂ ਪੋਪ ਵੱਲੋਂ ਇਕ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ। ਸਬੰਧਤ ਵਿਅਕਤੀ ਦੀ ਮੌਤ ਤੋ ਪੰਜ ਸਾਲ ਬਾਅਦ ਇਹ ਪ੍ਰਕ੍ਰਿਆ ਸ਼ੁਰੂ ਕੀਤੀ ਜਾਂਦੀ ਹੈ। ਕਮੇਟੀ ਸਬੰਧਤ ਵਿਅਕਤੀ ਦੇ ਕੰਮਾਂ ਦੀ ਸਮੀਖਿਆ ਕਰਦੀ ਹੈ। ਇਸ ਤੋਂ ਬਾਅਦ ਕਾਗਜ਼ ਜਮ੍ਹਾ ਕਰਵਾਏ ਜਾਂਦੇ ਹਨ।

ਮਦਰ ਟੈਰੇਸਾ ਦੇ ਮਾਮਲੇ ਵਿਚ ਨਿਯਮ ਬਦਲੇ ਗਏ ਹਨ। ਉਨ੍ਹਾਂ ਦੇ ਦੇਹਾਂਤ ਤੋਂ ਤਿੰਨ ਸਾਲ ਬਾਅਦ ਇਹ ਪ੍ਰਕ੍ਰਿਆ ਸ਼ੁਰੂ ਕੀਤੀ ਗਈ। ਮਦਰ ਟੈਰੇਸਾ ਦੁਨੀਆਂ ਦੀ ਤੀਜੀ ਮਹਿਲਾ ਜਿਨ੍ਹਾਂ ਨੂੰ ਮਰਨੋਂ ਉਪਰੰਤ ਉਪਾਧੀ ਦਿੱਤੀ ਗਈ ਹੈ।

# ਬੰਗਲਾਦੇਸ਼ ਵਿਚ ਹਿੰਦੂਆਂ ਤੇ ਮੁਸਲਮਾਨਾਂ ਵਿਚਾਲੇ ਝੜਪ

**ਢਾਕਾ:** ਇਥੇ ਇਸਕੋਨ ਮੰਦਰ ਵਿਚ ਹਿੰਦੂਆਂ ਤੇ ਨੇੜਲੀ ਮਸਜਿਦ ਦੇ ਮੁਸਲਮਾਨ ਸ਼ਰਧਾਲੂਆਂ ਵਿਚਾਲੇ ਹੋਈ ਝੜਪ ਵਿਚ ਇਕ ਔਰਤ ਸਣੇ ਘੱਟੋ ਘੱਟ 10 ਜਣੇ ਜ਼ਖ਼ਮੀ ਹੋ ਗਏ। ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਇਹ ਝੜਪ ਜੁੰਮੇ ਦੀ ਨਮਾਜ਼ ਮਗਰੋਂ ਉਦੋਂ ਹੋਈ, ਜਦੋਂ ਮੁਸਲਮਾਨ ਸ਼ਰਧਾਲੂਆਂ ਨੇ ਮੰਦਰ ਵਿਚ ਜਾ ਕੇ ਪ੍ਰਬੰਧਕਾਂ ਨੂੰ ਕੀਰਤਨ ਨਾ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਮੁਸਲਿਮ ਸ਼ਰਧਾਲੂਆਂ ਨੇ ਜੁੰਮੇ ਦੀ ਨਮਾਜ਼ ਤੋਂ ਪਹਿਲਾਂ ਮੰਦਰ ਪ੍ਰਬੰਧਕਾਂ ਨੂੰ ਨਮਾਜ਼ ਦੌਰਾਨ ਕੀਰਤਨ ਰੋਕਣ ਦੀ ਅਪੀਲ ਕੀਤੀ ਸੀ। ਫਿਰ ਵੀ ਕੀਰਤਨ ਚਲਦਾ ਰਿਹਾ। ਸ਼ਰਧਾਲੂ ਨਮਾਜ਼ ਤੋਂ ਬਾਅਦ ਫਿਰ ਉਥੇ ਗਏ, ਜਿਸ ਕਾਰਨ ਤਕਰਾਰ ਹੋ ਗਿਆ। ਦੋਵੇਂ ਫਿਰਕਿਆਂ ਦੇ ਲੋਕਾਂ ਨੇ ਲਾਠੀਆਂ ਨਾਲ ਹਮਲਾ ਕਰ ਦਿੱਤਾ, ਜਿਸ ਦੌਰਾਨ 10 ਜਣੇ ਜ਼ਖ਼ਮੀ ਹੋਏ।

ਚਸ਼ਮਦੀਦਾਂ ਮੁਤਾਬਕ ਝੜਪ ਦੌਰਾਨ ਮੰਦਰ ਦੇ ਪ੍ਰਵੇਸ਼ ਦੁਆਰ ਉਤੇ ਲੱਗੇ ਬੈਨਰ ਪਾੜ ਦਿੱਤੇ ਗਏ। ਸੰਪਰਕ ਕਰਨ ਉਤੇ ਇਸਕੋਨ ਮੰਦਰ ਦੇ ਪ੍ਰਮੁੱਖ ਗੌਰਾਂਗੋ ਬ੍ਰਹਮਚਾਰੀ ਨੇ ਕਿਹਾ ਕਿ ਸਿਲਹਟ ਡਿਵੀਜ਼ਨਲ ਕਮਿਸ਼ਨਰ ਜਮਾਲ-ਉਦ-ਦੀਨ ਅਹਿਮਦ ਨੇ ਮੌਕੇ ਦਾ ਦੌਰਾ ਕੀਤਾ। ਉਨ੍ਹਾਂ ਕਿਹਾ ਕਿ ਮੰਦਰ ਪ੍ਰਬੰਧਕ ਇਸ ਸਬੰਧੀ ਕੇਸ ਦਰਜ ਕਰਵਾਉਣ ਉਤੇ ਵਿਚਾਰ ਕਰ ਰਹੇ ਹਨ।

# ਮਾਲਿਆ ਦੇ 6630 ਕਰੋੜ ਦੇ ਅਸਾਸੇ ਜ਼ਬਤ

**ਨਵੀਂ ਦਿੱਲੀ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਕਾਰੋਬਾਰੀ ਵਿਜੈ ਮਾਲਿਆ ਦੇ 6630 ਕਰੋੜ ਰੁਪਏ ਦੇ ਅਸਾਸੇ ਜ਼ਬਤ ਕਰਨ ਦਾ ਦੂਜਾ ਹੁਕਮ ਜਾਰੀ ਕਰ ਦਿਤਾ ਹੈ। ਇਸ ਵਿਚ ਉਸ ਦਾ ਇਕ ਫਾਰਮ ਹਾਊਸ, ਫਲੈਟ ਅਤੇ ਫਿਕਸਡ ਡਿਪਾਜਿਟ (ਐਫ.ਡੀ.) ਸ਼ਾਮਲ ਹਨ। ਇਹ ਜ਼ਬਤੀ ਉਸ ਵਿਰੁੱਧ ਕਾਲੇ ਧਨ ਨੂੰ ਜਾਇਜ਼ ਬਣਾਉਣ ਦੇ ਮਾਮਲੇ ਵਿਚ ਕੀਤੀ ਗਈ।

ਕਰਜ਼ ਵਸੂਲੀ ਲਈ ਜਾਂਚ ਸ਼ੁਰੂ ਕਰਨ ਤੋਂ ਬਾਅਦ ਏਜੰਸੀ ਨੇ ਹਾਲ ਹੀ ਵਿਚ ਜਾਂਚ ਦਾ ਘੇਰਾ ਵਧਾਉਂਦਿਆਂ ਕਾਲੇ ਧਨ ਨੂੰ ਜਾਇਜ਼ ਬਣਾਉਣ ਸਬੰਧੀ ਜਾਂਚ ਸ਼ੁਰੂ ਕੀਤੀ। ਇਸ ਕੇਸ ਵਿਚ ਏਜੰਸੀ ਵੱਲੋਂ ਜ਼ਬਤ ਅਸਾਸਿਆਂ ਦੀ ਕੀਮਤ ਵਧ ਕੇ 8,044 ਕਰੋੜ ਰੁਪਏ ਹੋ ਗਈ। ਪਿਛਲੇ ਮਹੀਨੇ ਹੀ ਈ.ਡੀ. ਨੇ 1411 ਕਰੋੜ ਰੁਪਏ ਦੇ ਅਸਾਸੇ ਜ਼ਬਤ ਕੀਤੇ ਸਨ।

## Matrimonial

### ਕੰਨਿਆ ਦੀ ਲੋੜ ਹੈ

Wanted suitable match for US citizen Jatt Sikh boy 29, 5'-11", turbaned, trims beard. Bachelors in computer info. systems. Family well settled in Bay Area, CA. Contact, Ph: 510-213-8294 or e-mail: bayarea257@gmail.com

36-39

ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ, ਸਿਵਲ ਇੰਜੀਨੀਅਰ ਡਿਪਲੋਮਾ, 22 ਸਾਲਾ, 6 ਫੁੱਟ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੇ ਪਰਿਵਾਰ ਪਾਸ ਕੋਠੀ, ਜ਼ਮੀਨ-ਜਾਇਦਾਦ ਹੈ ਤੇ ਅੱਧਾ ਪਰਿਵਾਰ ਅਮਰੀਕਾ-ਕੈਨੇਡਾ ਰਹਿੰਦਾ ਹੈ। ਲੜਕੇ ਦੀ ਉਚ ਸਿਖਿਆ ਦਾ ਖਰਚਾ ਪਰਿਵਾਰ ਵਲੋਂ ਕੀਤਾ ਜਾਵੇਗਾ। ਸੰਪਰਕ ਕਰੋ, ਫੋਨ: 775-315-9955, 775-884-3401 ਜਾਂ ਈਮੇਲ: labhsinghgill@yahoo.com

35-38

### ਜੀਵਨ ਸਾਥੀ ਦੀ ਲੋੜ

Wanted traditional, simple & sincere girl for a boy in late 40s, 5'- 6" teaching professional, having legal US status. Caste no bar. Radhasoamie, Fijian, Divorcee/Widow can be considered. Only serious inquiries. Email details & photo: commoncartoon@gmail.com or call Ph: 323-351-5737

35-38

### ਵਰ ਦੀ ਲੋੜ ਹੈ

Wanted well educated, well settled businessman Jatt Sikh boy for US Green Card holder Jatt Sikh gill, 25yrs, 4'-4.5" Registered nurse in India. Send photo & bio data: harpreetsingh9922@yahoo.com

37-40

Wanted suitable Jatt Sikh match for a good looking US Citizen Jatt Sikh girl. 28 years, 5'-6", currently living in Detroit, MI. Contact: pamgill@yahoo.com

34-37

U.S. citizen boy sought for U.S. citizen Jatt Sikh girl. 26 years, 5'-2", Software Engineer, Master's degree. A well educated Jatt Sikh boy with computer Science/Computer Engineering background preferred. Contact: bsinghs408@gmail.com

34-37

**ਪੰਜਾਬ ਟਾਈਮਜ਼**
ਰਿਸ਼ਤੇ ਸੰਬੰਧੀ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਫੋਨ: 847-359-0746
*e-mail: punjabtimes1@gmail.com*

# ਲੁਟੇਰਿਆਂ ਨੇ ਡੇਰੇ ਦੇ ਸੇਵਾਦਾਰ ਨੂੰ ਜਿਉਂਦਾ ਸਾੜਿਆ

**ਸਰਹਾਲੀ ਕਲਾਂ:** ਪਿੰਡ ਖਾਰਾ ਦੇ ਬਾਹਰ ਖੇਤਾਂ 'ਚ ਬਣੇ ਡੇਰਾ ਸ਼ਹੀਦ ਬਾਬਾ ਰਾਜੂ ਸਿੰਘ 'ਚ ਅਣਪਛਾਤੇ ਲੁਟੇਰਿਆਂ ਨੇ ਮੁੱਖ ਸੇਵਾਦਾਰ ਨੂੰ ਜਿਉਂਦਾ ਸਾੜ ਦਿੱਤਾ ਤੇ ਉਥੋਂ ਏ.ਸੀ., ਬੈਟਰਾ, ਗੋਲਕ ਆਦਿ ਵੀ ਲੁੱਟ ਕੇ ਲੈ ਗਏ। ਸਵੇਰ ਹੋਣ 'ਤੇ ਇਸ ਘਟਨਾ ਦਾ ਡੇਰੇ ਨਾਲ ਲੱਗਦੀ ਜ਼ਮੀਨ ਦੇ ਕਿਸਾਨ ਜੋਗਿੰਦਰ ਸਿੰਘ ਨੂੰ ਪਤਾ ਲੱਗਾ।

ਪਿੰਡ ਖਾਰਾ ਦਾ ਮੰਗਲ ਸਿੰਘ (75) ਪਿਛਲੇ 25 ਸਾਲ ਤੋਂ ਉਕਤ ਡੇਰੇ ਦੀ ਸੇਵਾ ਸੰਭਾਲ ਕਰਦਾ ਆ ਰਿਹਾ ਸੀ। ਲੁਟੇਰਿਆਂ ਵੱਲੋਂ ਇਸ ਸਥਾਨ 'ਤੇ ਸ਼ਹੀਦਾਂ ਦੇ ਕਮਰੇ 'ਤੇ ਲੱਗੇ ਏ.ਸੀ. ਇਨਵਰਟਰ, ਬੈਟਰੀ ਅਤੇ ਕੁਝ ਨਗਦੀ ਦੀ ਚੋਰੀ ਕੀਤੀ ਅਤੇ ਜਾਂਦੇ ਸਮੇਂ ਉਨ੍ਹਾਂ ਸੇਵਾਦਾਰ ਮੰਗਲ ਸਿੰਘ ਨੂੰ ਕਮਰੇ ਵਿਚ ਬੰਨ੍ਹ ਕੇ ਉਸ 'ਤੇ ਦੇਸੀ ਘਿਉ ਪਾ ਕੇ ਅੱਗ ਲਗਾ ਦਿੱਤੀ, ਤੇ ਬਾਹਰ ਪਿਆ ਪਲਾਸਟਿਕ ਦਾ ਸਾਮਾਨ ਵੀ ਅੰਦਰ ਸੁੱਟ ਦਿੱਤਾ ਅਤੇ ਕਮਰੇ ਨੂੰ ਬਾਹਰੋਂ ਕੁੰਡਾ ਲਗਾ ਦਿੱਤਾ। ਸਵੇਰੇ ਜਦੋਂ ਜੋਗਿੰਦਰ ਸਿੰਘ ਜੋ ਕਿ ਇਥੇ ਸਾਈਕਲ ਖੜ੍ਹਾ ਕਰ ਕੇ ਆਪਣੀ ਮੋਟਰ 'ਤੇ ਸਾਣ ਗਿਆ ਸੀ, ਵਾਪਸ ਮੁੜਿਆ ਤਾਂ ਕਮਰੇ 'ਚੋਂ ਧੂੰਆਂ ਨਿਕਲਦਾ ਵੇਖ ਉਸ ਨੇ ਕਮਰਾ ਖੋਲ੍ਹਿਆ, ਪਰ ਤਦ ਤੱਕ ਸਿਰਫ ਹੱਡੀਆਂ ਅਤੇ ਰਾਖ ਹੀ ਬਚੀ ਸੀ।


**Prince's Barber Shop**

37477 Fremont Blvd, suite C, Fremont, CA 94536

**Men & Children's Hair Cut**

*Threading
*Custom Text
*Men's Facials
*Hair Coler
*Custom Designing
*Shave &
*Line-ups
*Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



**Cell: (510)-677-9942**
**Shop: (510)-505-9605**
www.princebarbershop.com

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

# ਤਾਰੇ ਨੇ ਲਈ ਬੇਅੰਤ ਸਿੰਘ ਦੇ ਕਤਲ ਦੀ ਜ਼ਿੰਮੇਵਾਰੀ

**ਚੰਡੀਗੜ੍ਹ:** ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਮੁਖੀ ਜਗਤਾਰ ਸਿੰਘ ਤਾਰਾ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦਾ ਕਤਲ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਹੈ। ਅਦਾਲਤ ਦੀ ਸੁਣਵਾਈ ਦੌਰਾਨ ਉਸ ਨੇ ਯੂ.ਟੀ. ਦੇ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਨੂੰ ਦਿੱਤੇ ਤਿੰਨ ਪੰਨਿਆਂ ਦੇ ਹੱਥ ਲਿਖਤ ਪੱਤਰ ਵਿਚ ਮੰਨਿਆ ਹੈ ਕਿ ਬੇਅੰਤ ਸਿੰਘ ਨੂੰ ਕਤਲ ਕਰਨ ਵੇਲੇ ਉਹ ਮਨੁੱਖੀ ਬੰਬ ਦਿਲਾਵਰ ਸਿੰਘ ਦੇ ਨਾਲ ਸੀ। ਇਹ ਪਹਿਲੀ ਵਾਰ ਹੈ ਜਦੋਂ ਉਸ ਨੇ ਅਦਾਲਤ ਅੱਗੇ ਆਪਣਾ ਦੋਸ਼ ਕਬੂਲ ਕੀਤਾ ਹੈ। ਇਸ ਤੋਂ ਪਹਿਲਾਂ ਉਹ ਕੇਸ ਨਾ ਲੜਨ ਦਾ ਦਾਅਵਾ ਪੇਸ਼ ਕਰਦਾ ਰਿਹਾ ਹੈ। ਦੱਸਣਯੋਗ ਹੈ ਕਿ ਬੇਅੰਤ ਸਿੰਘ ਦੀ ਸਿਵਲ ਸਕੱਤਰੇਤ ਮੂਹਰੇ 31 ਅਗਸਤ 1995 ਨੂੰ ਬੰਬ ਧਮਾਕੇ ਵਿਚ ਮੌਤ ਹੋ ਗਈ ਸੀ।



ਤਾਰਾ ਨੇ ਅਦਾਲਤ ਨੂੰ ਦਿੱਤੇ ਹੱਥ ਲਿਖਤ ਪੱਤਰ ਵਿਚ ਕਿਹਾ ਹੈ ਕਿ ਬੇਅੰਤ ਸਿੰਘ ਨੂੰ ਮਾਰਨ ਵੇਲੇ ਉਹ ਭਾਈ ਦਿਲਾਵਰ ਸਿੰਘ ਅਤੇ ਭਾਈ ਬਲਵੰਤ ਸਿੰਘ ਦੇ ਨਾਲ ਸੀ। ਉਸ ਨੂੰ ਬੇਅੰਤ ਸਿੰਘ ਨੂੰ ਮਾਰਨ ਦਾ ਕਿਸੇ ਤਰ੍ਹਾਂ ਦਾ ਕੋਈ ਪਛਤਾਵਾ ਜਾਂ ਅਫਸੋਸ ਨਹੀਂ ਹੈ, ਪਰ ਬੰਬ ਧਮਾਕੇ ਵਿਚ ਮਾਰੇ ਗਏ ਦੂਜੇ ਬੇਕਸੂਰ ਬੰਦਿਆਂ ਦਾ ਦੁੱਖ ਜ਼ਰੂਰ ਹੈ। ਉਸ ਨੇ ਇਹ ਵੀ ਕਿਹਾ ਹੈ ਕਿ ਘਟਨਾ ਨੂੰ ਅੰਜਾਮ ਦੇਣ ਦਾ ਫੈਸਲਾ ਪੂਰੀ ਤਰ੍ਹਾਂ ਸੋਚ ਵਿਚਾਰ ਕੇ ਸਿਧਾਂਤਾਂ ਮੁਤਾਬਕ ਹੀ ਲਿਆ ਗਿਆ ਸੀ। ਪੱਤਰ ਵਿਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦੇਸ਼ ਭਰ ਵਿਚ ਸਿੱਖਾਂ ਉਤੇ ਹੋਏ ਅਤਿਆਚਾਰ, ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਅਤੇ ਸਿੱਖ ਨੌਜਵਾਨਾਂ ਨੂੰ ਦਿੱਤੇ ਤਸੀਹਿਆਂ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਉਸ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਨੂੰ ਢਹਿ-ਢੇਰੀ ਕਰਨ ਦੀ ਕਾਰਵਾਈ ਨੇ ਸਿੱਖ ਨੌਜਵਾਨਾਂ ਨੂੰ ਹਥਿਆਰ ਚੁੱਕਣ ਲਈ ਮਜਬੂਰ ਕੀਤਾ ਸੀ।

ਉਸ ਨੇ ਦੋਸ਼ ਲਾਇਆ ਕਿ ਖਾੜਕੂਵਾਦ ਵੇਲੇ ਪੁਲਿਸ ਆਮ ਲੋਕਾਂ ਨੂੰ ਡਾਕੂ ਲੁਟੇਰੇ ਦੇ ਭੇਸ ਵਿਚ ਲੁੱਟਦੀ ਰਹੀ ਸੀ ਅਤੇ ਇਸ ਲਈ ਬਦਨਾਮ ਨੌਜਵਾਨ ਸਿੱਖਾਂ ਨੂੰ ਕੀਤਾ ਜਾਂਦਾ ਸੀ। ਇਹ ਵਰਤਾਰਾ ਲੰਬਾ ਸਮਾਂ ਚੱਲਦਾ ਰਿਹਾ। ਪੱਤਰ ਵਿਚ ਥਾਂ-ਥਾਂ ਆਪਣੀ ਦਲੀਲ ਦੇ ਹੱਕ ਵਿਚ ਗੁਰਬਾਣੀ ਦੀਆਂ ਤੁਕਾਂ ਦਾ ਹਵਾਲਾ ਵੀ ਦਿੱਤਾ ਗਿਆ ਹੈ। ਅਦਾਲਤ ਵੱਲੋਂ ਪੱਤਰ ਦੀਆਂ ਕਾਪੀਆਂ ਸੀ.ਬੀ.ਆਈ. ਅਤੇ ਬਚਾਅ ਪੱਖ ਦੇ ਵਕੀਲਾਂ ਨੂੰ ਦਿੱਤੀਆਂ ਗਈਆਂ ਹਨ। ਪੱਤਰ ਦੇ ਅੰਤ ਵਿਚ ਖਾਲਿਸਤਾਨ ਜ਼ਿੰਦਾਬਾਦ ਅਤੇ ਭਾਈ ਦਿਲਾਵਰ ਸਿੰਘ ਦੇ ਨਾਅਰੇ ਲਿਖੇ ਗਏ ਹਨ।

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਕੇਸ ਦੇ ਦੋ ਹੋਰ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਅਤੇ ਜਗਤਾਰ ਸਿੰਘ ਹਵਾਰਾ ਵੀ ਬੇਅੰਤ ਸਿੰਘ ਨੂੰ ਕਤਲ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਚੁੱਕੇ ਹਨ। ਬੇਅੰਤ ਕਤਲ ਕੇਸ ਦਾ ਫੈਸਲਾ ਹੋ ਚੁੱਕਾ ਹੈ ਅਤੇ ਅੱਠ ਦੋਸ਼ੀਆਂ ਨੂੰ ਅੱਠ ਸਾਲ ਪਹਿਲਾਂ ਸਜ਼ਾ ਹੋ ਸੁਣਾਈ ਜਾ ਚੁੱਕੀ ਹੈ ਅਤੇ ਨੌਵਾਂ ਮੁਲਜ਼ਮ ਤਾਰਾ ਉਸ ਵੇਲੇ ਜੇਲ੍ਹ 'ਚੋਂ ਫਰਾਰ ਹੋਣ ਕਰ ਕੇ ਉਸ ਨੂੰ ਸੁਣਵਾਈ ਤੋਂ ਬਾਹਰ ਰੱਖ ਲਿਆ ਗਿਆ ਸੀ। ਤਾਰਾ ਦੇ ਵਕੀਲ ਨੇ ਦੱਸਿਆ ਕਿ ਕੇਸ ਦੀ ਅਗਲੀ ਸੁਣਵਾਈ 22 ਸਤੰਬਰ ਲਈ ਮੁਕਰਰ ਕੀਤੀ ਗਈ ਹੈ।

## ਇਨੋਵਾ ਨੇ ਲੰਗਰ ਲਗਾਉਣ ਵਾਲੇ ਪੰਜ ਸ਼ਰਧਾਲੂ ਦਰੜੇ


**ਮੁਕੇਰੀਆਂ:** ਕੌਮੀ ਮਾਰਗ 'ਤੇ ਪੈਂਦੇ ਪਿੰਡ ਖਾਨਪੁਰ ਕੋਲ ਮੰਦਰ ਦੇ ਬਾਹਰ ਮਣੀ ਮਹੇਸ਼ ਜਾਣ ਵਾਲਿਆਂ ਲਈ ਲਾਏ ਲੰਗਰ 'ਚ ਸੇਵਾ ਕਰਦੇ ਸ਼ਰਧਾਲੂ ਤੇਜ਼ ਰਫ਼ਤਾਰ ਇਨੋਵਾ ਕਾਰ ਦੀ ਲਪੇਟ ਵਿਚ ਆ ਗਏ। ਇਸ ਹਾਦਸੇ ਵਿਚ ਪੰਜ ਵਿਅਕਤੀ ਮਾਰੇ ਗਏ ਅਤੇ ਇਕ ਗੰਭੀਰ ਜ਼ਖ਼ਮੀ ਹੋ ਗਿਆ। ਜਾਣਕਾਰੀ ਅਨੁਸਾਰ ਦੁਰਗਾ ਮੰਦਰ ਪ੍ਰਬੰਧਕ ਸੁਸਾਇਟੀ ਤੇ ਲੰਗਰ ਸੇਵਾ ਦਲ ਦੇ ਸਹਿਯੋਗ ਨਾਲ ਇਲਾਕਾ ਵਾਸੀਆਂ ਵੱਲੋਂ ਖਾਨਪੁਰ ਕੋਲ ਮਣੀ ਮਹੇਸ਼ ਦੇ ਯਾਤਰੀਆਂ ਲਈ ਲੰਗਰ ਲਾਇਆ ਹੋਇਆ ਸੀ। ਤਕਰੀਬਨ ਬਾਅਦ ਦੁਪਹਿਰ 2 ਵਜੇ ਜਤਿੰਦਰ ਸਿੰਘ ਵਾਸੀ ਪਿੰਡ ਖਾਨਪੁਰ, ਬਲਵੰਤ ਸਿੰਘ ਪਿੰਡ ਲੋਹਗੜ੍ਹ, ਕਰਨੈਲ ਸਿੰਘ, ਗੰਧਰਵ ਸਿੰਘ, ਰਾਮ ਸ਼ਰਨ ਦਾਸ ਵਾਸੀਆਨ ਲਤੀਫਪੁਰ ਅਤੇ ਦਰਸ਼ਨ ਸਿੰਘ ਵਾਸੀ ਪਿੰਡ ਅਲੀਪੁਰ ਲੰਗਰ ਦੇ ਬਾਹਰ ਕੁਰਸੀਆਂ 'ਤੇ ਬੈਠੇ ਸਨ।

ਇਸੇ ਦੌਰਾਨ ਇਕ ਤੇਜ਼ ਰਫਤਾਰ ਇਨੋਵਾ ਕਾਰ (ਪੀਬੀ 10 ਡੀ ਐਚ-0096), ਜਿਸ ਨੂੰ ਅਸ਼ੀਸ਼ ਕੁਮਾਰ ਚਲਾ ਰਿਹਾ ਸੀ, ਗਲਤ ਸਾਈਡ ਤੋਂ ਓਵਰਟੇਕ ਕਰਨ ਸਮੇਂ ਸੰਤੁਲਨ ਵਿਗੜਨ ਕਾਰਨ ਸ਼ਰਧਾਲੂਆਂ 'ਤੇ ਚੜ੍ਹ ਗਈ। ਅਸ਼ੀਸ਼ ਕੁਮਾਰ ਗੱਡੀ ਵਿਚ ਚੱਪਲਾਂ ਦਾ ਸਾਮਾਨ ਵੇਚਣ ਲੁਧਿਆਣਾ ਤੋਂ ਪਠਾਨਕੋਟ ਜਾ ਰਿਹਾ ਸੀ। ਇਸ ਹਾਦਸੇ ਵਿਚ ਕਰਨੈਲ ਸਿੰਘ, ਗੰਧਰਵ ਸਿੰਘ, ਰਾਮ ਸ਼ਰਨ ਸਾਰੇ ਵਾਸੀ ਲਤੀਫਪੁਰ, ਦਰਸ਼ਨ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ।

# ਚੋਣ ਕਮਿਸ਼ਨ ਨੇ ਵੀ ਖਿੱਚੀ ਪੰਜਾਬ ਚੋਣਾਂ ਦੀ ਤਿਆਰੀ

**ਬਠਿੰਡਾ:** ਮੁੱਖ ਚੋਣ ਅਫਸਰ ਪੰਜਾਬ ਨੇ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਪੁਲਿਸ ਤੋਂ ਗੈਂਗਸਟਰਾਂ, ਭਗੌੜਿਆਂ ਅਤੇ ਅਪਰਾਧੀਆਂ ਦਾ ਰਿਕਾਰਡ ਤਲਬ ਕਰ ਲਿਆ ਹੈ। ਮੁੱਖ ਚੋਣ ਅਫਸਰ ਨੇ ਆਗਾਮੀ ਚੋਣਾਂ ਦੀ ਤਿਆਰੀ ਦਾ ਕੰਮ ਜੰਗੀ ਪੱਧਰ 'ਤੇ ਵਿੱਢ ਦਿੱਤਾ ਹੈ ਅਤੇ ਪੰਜਾਬ ਵਿਚ ਅੱਠ ਸੂਬਿਆਂ ਤੋਂ ਤਕਰੀਬਨ 38 ਹਜ਼ਾਰ ਈ.ਵੀ.ਐਮ. ਮਸ਼ੀਨਾਂ ਪੁੱਜ ਗਈਆਂ ਹਨ। ਸਾਰੇ ਜ਼ਿਲ੍ਹਿਆਂ ਨੇ ਇਹ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਪ੍ਰਾਪਤ ਕਰ ਲਈਆਂ ਹਨ।

ਵੇਰਵਿਆਂ ਅਨੁਸਾਰ ਮੁੱਖ ਚੋਣ ਅਫਸਰ ਵੱਲੋਂ ਮਾੜੇ ਅਨਸਰਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਰਿਹਾ ਹੈ। ਗੈਂਗਸਟਰ ਅਤੇ ਖਾਸ ਕਿਸਮ ਦੇ ਜੁਰਮਾਂ ਵਿਚ ਜੇਲ੍ਹ ਜਾ ਚੁੱਕੇ ਲੋਕਾਂ ਨੂੰ ਏ-ਕੈਟਾਗਿਰੀ ਵਿਚ ਰੱਖਿਆ ਜਾਵੇਗਾ। ਛੋਟੇ ਜੁਰਮਾਂ ਵਾਲਿਆਂ ਨੂੰ ਬੀ ਕੈਟਾਗਿਰੀ ਵਿਚ ਰੱਖਿਆ ਜਾਵੇਗਾ। ਗੈਂਗਸਟਰਾਂ ਦੀ ਵੱਖਰੀ ਸੂਚੀ ਮੰਗੀ ਗਈ ਹੈ ਅਤੇ ਬਦਮਾਸ਼ਾਂ (ਦਸ ਨੰਬਰੀਆਂ) ਦੇ ਵੇਰਵੇ ਵੀ ਮੰਗੇ ਗਏ ਹਨ। ਜੋ ਪੁਲਿਸ ਦੇ ਭਗੌੜੇ ਹਨ ਅਤੇ ਜਿਨ੍ਹਾਂ ਵਿਰੁੱਧ ਗੈਰ ਜ਼ਮਾਨਤੀ ਵਾਰੰਟ ਜਾਰੀ ਹੋਏ ਹਨ, ਉਨ੍ਹਾਂ ਦੇ ਵੇਰਵੇ ਵੀ ਪੁਲਿਸ ਤੋਂ ਤਲਬ ਕੀਤੇ ਗਏ ਹਨ। ਪੰਜਾਬ ਪੁਲਿਸ ਨੇ ਜ਼ਿਲਿਆਂ 'ਚੋਂ ਇਹ ਸੂਚਨਾ ਮੰਗ ਲਈ ਹੈ। ਹੁਣ ਤੱਕ ਪੰਜਾਬ ਵਿਚ 38,344 ਬੈਲਟ ਯੂਨਿਟ ਅਤੇ 30,152 ਕੰਟਰੋਲ ਯੂਨਿਟ ਪੁੱਜ ਚੁੱਕੇ ਹਨ।



ਕੁਝ ਕੰਟਰੋਲ ਯੂਨਿਟ ਹੋਰ ਪੁੱਜਣੇ ਬਾਕੀ ਹਨ। ਪੰਜਾਬ ਵਿਚ 1.92 ਕਰੋੜ ਵੋਟਰ ਹਨ, ਜਿਨ੍ਹਾਂ ਵਿਚ 90.52 ਲੱਖ ਮਹਿਲਾ ਵੋਟਰ ਹਨ। ਪੰਜਾਬ ਵਿਚ ਇਸ ਵੇਲੇ 22,600 ਪੋਲਿੰਗ ਸਟੇਸ਼ਨ ਹਨ, ਜਿਨ੍ਹਾਂ ਲਈ ਲੋੜੀਂਦੀਆਂ ਈ.ਵੀ.ਐਮ. ਮਸ਼ੀਨਾਂ ਤੋਂ ਇਲਾਵਾ 25 ਫੀਸਦੀ ਵਾਧੂ ਮਸ਼ੀਨਾਂ ਮੰਗਵਾਈਆਂ ਗਈਆਂ ਹਨ। ਇਸੇ ਤਰ੍ਹਾਂ 10 ਫੀਸਦੀ ਮਸ਼ੀਨਾਂ ਰਿਹਰਸਲ ਆਦਿ ਵਾਸਤੇ ਮੰਗਵਾਈਆਂ ਗਈਆਂ ਹਨ। ਪੰਜਾਬ ਵਿਚ ਪਹਿਲੀ ਵਾਰ ਵੀਵੀਪੈਟ ਮਸ਼ੀਨਾਂ ਨਾਲ ਵਿਧਾਨ ਸਭਾ ਦੇ 22 ਸ਼ਹਿਰੀ ਹਲਕਿਆਂ ਵਿਚ ਵੋਟਿੰਗ ਹੋਣੀ ਹੈ, ਜਿਸ ਨਾਲ ਵੋਟਰ ਆਪਣੀ ਵੋਟ ਕਾਸਟ ਹੁੰਦੀ ਦੇਖ ਸਕੇਗਾ। ਪੰਜਾਬ ਵਿਚ ਕਰੀਬ 4400 ਵੀਵੀਪੈਟ ਮਸ਼ੀਨਾਂ ਦੀ ਲੋੜ ਹੈ, ਜਿਸ 'ਚੋਂ 2112 ਮਸ਼ੀਨਾਂ ਪੰਜਾਬ ਪੁੱਜ ਗਈਆਂ ਹਨ।

# ਪਾਕਿਸਤਾਨ 'ਚ ਭਾਰਤੀ ਚੈਨਲ ਬੰਦ

**ਇਸਲਾਮਾਬਾਦ:** ਪਾਕਿਸਤਾਨ ਨੇ ਦੇਸ਼ ਵਿਚ ਸਾਰੇ ਭਾਰਤੀ ਚੈਨਲਾਂ ਉਤੇ ਪਾਬੰਦੀ ਲਾ ਦਿੱਤੀ ਹੈ। ਪਾਕਿਸਤਾਨ ਨੇ ਇਹ ਕਦਮ ਆਲ ਇੰਡੀਆ ਰੇਡੀਓ ਉਤੇ ਬਲੋਚ ਭਾਸ਼ਾ ਵਿਚ ਪ੍ਰੋਗਰਾਮ ਸ਼ੁਰੂ ਕੀਤੇ ਜਾਣ ਤੋਂ ਬਾਅਦ ਚੁੱਕਿਆ ਹੈ। ਦੂਜੇ ਪਾਸੇ ਟਾਈਮਜ਼ ਨਾਓ ਟੈਲੀਵਿਜ਼ਨ ਦੀ ਰਿਪੋਰਟ ਅਨੁਸਾਰ ਪਾਕਿਸਤਾਨ ਮੀਡੀਆ ਰੈਗੂਲੇਟਰੀ ਅਥਾਰਿਟੀ ਨੇ ਡੀ.ਟੀ.ਐਚ. ਰਾਹੀਂ ਟੈਲੀਕਾਸਟ ਹੁੰਦੇ ਸਾਰੇ ਭਾਰਤੀ ਚੈਨਲਾਂ ਉਤੇ ਪਾਬੰਦੀ ਲਾ ਦਿੱਤੀ ਹੈ।

ਪਾਕਿਸਤਾਨ ਦੀ ਮੀਡੀਆ ਅਥਾਰਿਟੀ ਨੇ ਸਥਾਨਕ ਕੇਬਲ ਓਪਰੇਟਰਾਂ ਨੂੰ ਵੀ ਇਸ ਸਬੰਧੀ ਹੁਕਮ ਦੇ ਦਿੱਤਾ ਹੈ। ਪਾਕਿਸਤਾਨ ਮੀਡੀਆ ਰੈਗੂਲੇਟਰੀ ਅਥਾਰਿਟੀ ਅਨੁਸਾਰ ਦੇਸ਼ ਦੇ ਵੱਖ-ਵੱਖ ਕੋਨਿਆਂ ਤੋਂ ਉਨ੍ਹਾਂ ਨੂੰ ਇਸ ਸਬੰਧੀ ਸ਼ਿਕਾਇਤਾਂ ਮਿਲ ਰਹੀਆਂ ਸਨ ਜਿਸ ਤੋਂ ਬਾਅਦ ਇਹ ਕਦਮ ਚੁੱਕਿਆ ਗਿਆ ਹੈ। ਭਾਰਤ ਵੱਲੋਂ ਬਲੋਚਿਸਤਾਨ ਦੇ ਹੱਕ ਵਿਚ ਕੀਤੀ ਜਾ ਰਹੀ ਬਿਆਨਬਾਜ਼ੀ ਤੋਂ ਪਾਕਿਸਤਾਨ ਖਫਾ ਹੈ। ਪਾਕਿਸਤਾਨ ਦਾ ਇਲਜ਼ਾਮ ਹੈ ਕਿ ਭਾਰਤ ਬਲੋਚਿਸਤਾਨ ਵਿਚ ਹਾਲਤ ਖਰਾਬ ਕਰ ਰਿਹਾ ਹੈ। ਪਾਕਿਸਤਾਨ ਵਿਚ ਭਾਰਤੀ ਚੈਨਲ ਕਾਫੀ ਪ੍ਰਸਿੱਧ ਹਨ। ਖਾਸ ਤੌਰ ਉਤੇ ਮਨੋਰੰਜਨ ਵਾਲੇ ਭਾਰਤੀ ਚੈਨਲ ਪਾਕਿਸਤਾਨ ਦੇ ਦਰਸ਼ਕਾਂ ਵੱਲੋਂ ਕਾਫੀ ਪਸੰਦ ਕੀਤੇ ਜਾਂਦੇ ਹਨ।



## ਏ.ਆਈ.ਆਰ. 'ਤੇ ਚੱਲਣਗੇ ਨਵੇਂ ਬਲੋਚੀ ਪ੍ਰੋਗਰਾਮ

**ਨਵੀਂ ਦਿੱਲੀ:** ਆਲ ਇੰਡੀਆ ਰੇਡੀਓ (ਏ.ਆਈ.ਆਰ.) ਆਪਣੇ ਮੌਜੂਦਾ ਬਲੋਚੀ ਭਾਸ਼ਾ ਦੇ ਪ੍ਰੋਗਰਾਮ ਨੂੰ ਨਵਿਆਉਣ ਦੀ ਯੋਜਨਾ ਬਣਾ ਰਿਹਾ ਹੈ। ਸੂਤਰਾਂ ਨੇ ਦੱਸਿਆ ਕਿ ਏ.ਆਈ.ਆਰ. 'ਤੇ ਬਲੋਚੀ ਭਾਸ਼ਾ ਵਿਚ ਸੇਵਾਵਾਂ 1974-75 ਵਿਚ ਸ਼ੁਰੂ ਹੋਈਆਂ ਸਨ ਤੇ ਹੁਣ ਬਲੋਚੀ ਭਾਸ਼ਾ ਵਿਚ ਬਿਹਤਰ ਖਬਰਾਂ ਦਾ ਪ੍ਰਸਾਰਨ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਅਨੁਸਾਰ ਮੀਡੀਆ ਮੁਹਿੰਮ ਅਤੇ ਬਲੋਚ ਖੇਤਰ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੇ ਮਨੁੱਖੀ ਅਧਿਕਾਰਾਂ ਬਾਰੇ ਜਾਗਰੂਕਤਾ ਪ੍ਰੋਗਰਾਮ ਵੀ ਚਲਾਏ ਜਾ ਸਕਦੇ ਹਨ।

# ਐਸ.ਵਾਈ.ਐਲ. ਦੇ ਮੁੱਦੇ 'ਤੇ ਕੈਪਟਨ ਤੇ ਬਾਦਲ ਆਹਮੋ-ਸਾਹਮਣੇ

**ਚੰਡੀਗੜ੍ਹ:** ਐਸ.ਵਾਈ.ਐਲ. ਦੇ ਮੁੱਦੇ ਉਤੇ ਪੰਜਾਬ ਦੇ ਸਾਬਕਾ ਤੇ ਮੌਜੂਦਾ ਮੁੱਖ ਮੰਤਰੀ ਆਹਮੋ-ਸਾਹਮਣੇ ਹੋ ਗਏ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਫਿਰ ਦੁਹਰਾਇਆ ਕਿ ਸੀ ਮੁੱਖ ਮੰਤਰੀ ਬਾਦਲ ਨੇ 1978 ਵਿਚ ਐਸ.ਵਾਈ.ਐਲ. ਬਣਾਉਣ ਲਈ ਜ਼ਮੀਨ ਐਕਵਾਇਰ ਕਰਨ ਲਈ ਫਾਈਲ 'ਤੇ ਹਸਤਾਖਰ ਕੀਤੇ ਸਨ। ਹੁਣ ਇਸ ਤੋਂ ਇਨਕਾਰ ਕਰ ਕੇ ਸਾਬਤ ਕਰ ਦਿੱਤਾ ਹੈ ਕਿ ਉਹ ਝੂਠੇ ਹਨ।



ਕੈਪਟਨ ਨੇ ਬਾਦਲ ਨੂੰ ਸਵਾਲ ਕੀਤਾ ਹੈ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਵਿਚ ਸਹੁੰ ਕਿਉਂ ਨਹੀਂ ਚੁੱਕਦੇ ਕਿ ਉਨ੍ਹਾਂ ਹਸਤਾਖਰ ਨਹੀਂ ਕੀਤੇ ਸਨ। ਉਨ੍ਹਾਂ ਬਾਦਲ ਨੂੰ ਇਹ ਸਪੱਸ਼ਟ ਕਰਨ ਲਈ ਕਿਹਾ ਕਿ ਕੀ ਉਨ੍ਹਾਂ ਨੇ ਜ਼ਮੀਨ ਐਕਵਾਇਰ ਕਰਨ ਲਈ ਫਾਈਲ 'ਤੇ ਹਸਤਾਖਰ ਨਹੀਂ ਕੀਤੇ ਸਨ। ਦਰਅਸਲ, ਬਾਦਲ ਦਾਅਵਾ ਕਰ ਰਹੇ ਹਨ ਕਿ ਐਸ.ਵਾਈ.ਐਲ. ਦਾ ਮੁੱਦਾ ਕਾਂਗਰਸ ਨੇ ਉਲਝਾਇਆ ਹੈ। ਐਸ.ਵਾਈ.ਐਲ. ਮੁੱਦੇ 'ਤੇ ਕੈਪਟਨ ਅਮਰਿੰਦਰ ਸਿੰਘ ਨੇ ਚੈਲੇਂਜ ਕੀਤਾ ਕਿ ਬਾਦਲ ਅਕਾਲ ਤਖਤ ਸਾਹਿਬ ਸਹੁੰ ਚੁੱਕਣ ਕਿ ਸਤਲੁਜ-ਜਮਨਾ ਲਿੰਕ ਨਹਿਰ ਦਾ ਪ੍ਰਾਜੈਕਟ ਇੰਦਰਾ ਗਾਂਧੀ ਨੇ ਮਨਜ਼ੂਰ ਕੀਤਾ ਸੀ, ਹਸਤਾਖਰ ਗਿਆਨੀ ਜ਼ੈਲ ਸਿੰਘ ਨੇ ਕੀਤੇ ਸਨ। ਕੈਪਟਨ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ, ਕੈਪਟਨ ਝੂਠ ਬੋਲ ਰਹੇ ਹਨ।

# ਕਸ਼ਮੀਰ ਵਾਦੀ 'ਚ ਸਿੱਖਾਂ ਲਈ ਹਾਲਾਤ ਮਾੜੇ

**ਅੰਮ੍ਰਿਤਸਰ:** ਕਸ਼ਮੀਰ ਵਾਦੀ ਵਿਚ ਸਿੱਖਾਂ ਦੀਆਂ ਜ਼ਮੀਨਾਂ ਉਤੇ ਕਬਜ਼ੇ ਕੀਤੇ ਜਾ ਰਹੇ ਹਨ ਅਤੇ ਕਈ ਥਾਵਾਂ ਉਤੇ ਸਿੱਖਾਂ ਨੂੰ ਜਬਰੀ ਮੁਸਲਮਾਨ ਬਣਾਉਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ ਹਨ। ਇਹ ਦਾਅਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕੀਤਾ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਕਸ਼ਮੀਰ ਵਾਦੀ ਵਿਚ ਰਹਿੰਦੇ ਸਿੱਖਾਂ ਦੀ ਸਥਿਤੀ ਦਾ ਪਤਾ ਲਾਉਣ ਲਈ ਸਿੱਖ ਆਗੂਆਂ ਦਾ ਚਾਰ ਮੈਂਬਰੀ ਵਫਦ ਵਾਦੀ ਵਿਚ ਭੇਜਿਆ ਗਿਆ ਸੀ। ਇਸ ਵਫਦ ਨੇ ਸਮੁੱਚੇ ਹਾਲਾਤ ਬਾਰੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੂੰ ਜਾਣਕਾਰੀ ਦਿੱਤੀ ਹੈ।



ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵਫਦ ਨੂੰ ਵਾਦੀ ਵਿਚ ਵਸਦੇ ਸਿੱਖਾਂ ਨੇ ਆਪਣੀਆਂ ਮੁਸ਼ਕਲਾਂ ਬਾਰੇ ਦੱਸਿਆ ਕਿ ਜਦੋਂ ਤੋਂ ਵਾਦੀ ਵਿਚ ਅਤਿਵਾਦ ਦਾ ਦੌਰ ਸ਼ੁਰੂ ਹੋਇਆ ਹੈ, ਉਸ ਵੇਲੇ ਤੋਂ ਹੀ ਸਿੱਖ ਉਥੇ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ।

ਮੌਜੂਦਾ ਸਥਿਤੀ ਵਿਚ ਸਿੱਖਾਂ ਦੀ ਜਾਨ-ਮਾਲ ਨੂੰ ਵਧੇਰੇ ਖਤਰਾ ਹੈ। ਉਨ੍ਹਾਂ ਦੀਆਂ ਜ਼ਮੀਨਾਂ 'ਤੇ ਕਬਜ਼ੇ ਕੀਤੇ ਜਾ ਰਹੇ ਹਨ ਅਤੇ ਕਈ ਥਾਵਾਂ ਉਤੇ ਸਿੱਖਾਂ ਨੂੰ ਜਬਰੀ ਮੁਸਲਮਾਨ ਬਣਾਉਣ ਦੀਆਂ ਕੋਸ਼ਿਸ਼ਾਂ ਵੀ ਹੋਈਆਂ ਹਨ। ਵਾਦੀ ਵਿਚ ਰਹਿੰਦੇ ਬਹੁ-ਗਿਣਤੀ ਕਸ਼ਮੀਰੀ ਪੰਡਿਤ ਵਾਦੀ ਨੂੰ ਛੱਡ ਗਏ ਹਨ ਅਤੇ ਹੁਣ ਸਿੱਖਾਂ ਨੂੰ ਵੀ ਹੌਲੀ-ਹੌਲੀ ਹਿਜ਼ਰਤ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਦਿਹਾਤੀ ਖੇਤਰ ਵਿਚ ਵੱਸਦੇ ਸਿੱਖਾਂ ਲਈ ਵਧੇਰੇ ਮੁਸ਼ਕਲਾਂ ਹਨ। ਕਈ ਸਿੱਖ ਪਰਿਵਾਰਾਂ ਨੇ ਆਪਣੇ ਬੱਚਿਆਂ ਨੂੰ ਜੰਮੂ, ਪੰਜਾਬ ਅਤੇ ਹੋਰ ਥਾਵਾਂ ਉਤੇ ਭੇਜਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰ ਵਾਦੀ ਵਿਚ ਵੱਸਦੇ ਸਿੱਖਾਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਘੱਟ ਗਿਣਤੀ ਕੌਮ ਦਾ ਰੁਤਬਾ ਦਿੱਤਾ ਜਾਵੇ ਤਾਂ ਜੋ ਉਨ੍ਹਾਂ ਨੂੰ ਬਰਾਬਰ ਮਨੁੱਖੀ ਹੱਕ ਅਤੇ ਉਥੋਂ ਦੀ ਪੁਲਿਸ ਅਤੇ ਨੀਮ ਫੌਜੀ ਬਲਾਂ ਵਿਚ ਭਰਤੀ ਹੋਣ ਦਾ ਮੌਕਾ ਮਿਲ ਸਕੇ।

ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਿੱਖਾਂ ਨੂੰ ਜੰਮੂ-ਕਸ਼ਮੀਰ ਵਿਚ ਘੱਟ ਗਿਣਤੀ ਦਾ ਰੁਤਬਾ ਅਤੇ ਨੌਕਰੀਆਂ ਲਈ ਰਾਖਵਾਂਕਰਨ ਦਿੱਤਾ ਜਾਵੇ। ਉਨ੍ਹਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਤੋਂ ਮਿਲਣ ਲਈ ਸਮਾਂ ਮੰਗਿਆ ਤਾਂ ਜੋ ਇਹ ਮਾਮਲਾ ਉਨ੍ਹਾਂ ਕੋਲ ਰੱਖਿਆ ਜਾ ਸਕੇ।

# ਸ਼੍ਰੋਮਣੀ ਢਾਡੀ ਜਸਵੰਤ ਸਿੰਘ ਤਾਨ ਨਹੀਂ ਰਹੇ

**ਚੰਡੀਗੜ੍ਹ:** ਪਿਛਲੇ ਕੁਝ ਮਹੀਨਿਆਂ ਤੋਂ ਬਿਮਾਰ ਚੱਲ ਰਹੇ ਸ਼੍ਰੋਮਣੀ ਢਾਡੀ ਤੇ ਸ਼੍ਰੋਮਣੀ ਕਮੇਟੀ ਮੈਂਬਰ ਰਹਿ ਚੁੱਕੇ ਗਿਆਨੀ ਜਸਵੰਤ ਸਿੰਘ ਤਾਨ ਇਸ ਦੁਨੀਆਂ ਤੋਂ ਕੂਚ ਕਰ ਗਏ ਹਨ। ਗਿਆਨੀ ਤਾਨ ਦਾ ਅਕਾਲ ਚਲਾਣਾ ਆਪਣੇ ਜੱਦੀ ਘਰ ਫਤਿਹਗੜ੍ਹ ਸਾਹਿਬ ਵਿਖੇ ਹੋਇਆ ਜਿਥੇ ਉਹ ਆਪਣੇ ਪੁੱਤਰਾਂ ਤੇ ਪਰਿਵਾਰ ਸਮੇਤ ਰਹਿ ਰਹੇ ਸਨ। ਮਰਹੂਮ ਜਸਵੰਤ ਸਿੰਘ ਤਾਨ ਸ਼੍ਰੋਮਣੀ ਕਮੇਟੀ ਮੈਂਬਰ, ਜ਼ਿਲ੍ਹਾ ਪ੍ਰੀਸ਼ਦ ਫਤਿਹਗੜ੍ਹ ਸਾਹਿਬ ਦੇ ਮੈਂਬਰ, ਸ੍ਰੀ ਗੁਰੂ ਹਰਗੋਬਿੰਦ ਢਾਡੀ ਸਭਾ ਦੇ ਲੰਬਾ ਅਰਸਾ ਪ੍ਰਧਾਨ, ਵਿਸ਼ਵ ਕੇਂਦਰੀ ਸਿੰਘ ਸਭਾ ਦੇ ਸਕੱਤਰ, ਵਿਸ਼ਵ ਪ੍ਰਚਾਰ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੇ ਕੌਂਸਲ ਮੈਂਬਰ, ਸਿੱਖ ਐਜੂਕੇਸ਼ਨ ਸੁਸਾਇਟੀ ਦੇ ਮੈਂਬਰ ਤੇ ਸ਼੍ਰੋਮਣੀ ਅਕਾਲੀ ਦਲ ਫਤਿਹਗੜ੍ਹ ਸਾਹਿਬ ਦੇ ਜ਼ਿਲ੍ਹਾ ਪ੍ਰਧਾਨ ਵੀ ਰਹਿ ਚੁੱਕੇ ਸਨ।

ਗਿਆਨੀ ਜਸਵੰਤ ਸਿੰਘ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਵੱਕਾਰੀ ਅਵਾਰਡ ਸ਼੍ਰੋਮਣੀ ਢਾਡੀ ਪੁਰਸਕਾਰ ਸਮੇਤ ਕਈ ਸੰਸਥਾਵਾਂ ਵੱਲੋਂ ਬਹੁਤ ਸਾਰੇ ਸਨਮਾਨਾਂ ਨਾਲ ਨਵਾਜਿਆ ਗਿਆ। ਭਾਸ਼ਾ ਵਿਭਾਗ ਪੰਜਾਬ ਨੇ ਗਿਆਨੀ ਜਸਵੰਤ ਸਿੰਘ ਤਾਨ ਦੇ ਜੀਵਨ 'ਤੇ ਕਿਤਾਬ ਵੀ ਛਾਪੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਨੇ ਗਿਆਨੀ ਜਸਵੰਤ ਸਿੰਘ ਤਾਨ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਹਾਲਾਂਕਿ ਗਿਆਨੀ ਤਾਨ ਦੇ ਪੁੱਤਰ ਦਾ ਕਹਿਣਾ ਹੈ ਕਿ ਬਿਮਾਰੀ ਦੌਰਾਨ ਨਾ ਤਾਂ ਸ਼੍ਰੋਮਣੀ ਕਮੇਟੀ ਤੇ ਨਾ ਹੀ ਪੰਜਾਬ ਸਰਕਾਰ ਨੇ ਕਦੇ ਵੀ ਉਨ੍ਹਾਂ ਦਾ ਹਾਲ ਪੁੱਛਿਆ ਤੇ ਗਿਆਨੀ ਜੀ ਅਣਗੌਲੇਪਣ ਦਾ ਇਹ ਰੰਜ ਆਪਣੇ ਮਨ ਵਿਚ ਹੀ ਲੈ ਕੇ ਚਲੇ ਗਏ।

# ਪੰਜਾਬ ਵਿਚ ਡੇਂਗੂ ਦਾ ਵੱਜਿਆ ਡੰਗ



**ਚੰਡੀਗੜ੍ਹ:** ਪੰਜਾਬ ਵਿਚ ਡੇਂਗੂ ਅਤੇ ਚਿਕਨਗੁਨੀਆ ਦਾ ਕਹਿਰ ਤੇਜ਼ੀ ਨਾਲ ਵਧ ਰਿਹਾ ਹੈ। ਪੰਜਾਬ ਤੇ ਚੰਡੀਗੜ੍ਹ ਵਿਚ ਵੱਡੀ ਗਿਣਤੀ ਮਰੀਜ਼ਾਂ ਦੀ ਪੁਸ਼ਟੀ ਹੋਈ ਹੈ। ਗੌਰਤਲਬ ਹੈ ਕਿ ਪਿਛਲੇ ਸਾਲ ਵੀ ਪੰਜਾਬ ਵਿਚ ਡੇਂਗੂ ਦੇ 1000 ਤੋਂ ਵੱਧ ਮਰੀਜ਼ਾਂ ਦੀ ਪੁਸ਼ਟੀ ਹੋਈ ਸੀ ਜਦੋਂਕਿ ਇਸ ਦੇ ਸ਼ੱਕੀ ਮਰੀਜ਼ਾਂ ਦੀ ਗਿਣਤੀ 2500 ਤੋਂ ਟੱਪ ਗਈ ਸੀ। ਨਾ ਸਿਰਫ ਪੰਜਾਬ, ਬਲਕਿ ਇਸ ਦੇ ਗੁਆਂਢੀ ਸੂਬਿਆਂ ਹਰਿਆਣਾ, ਹਿਮਾਚਲ ਅਤੇ ਦਿੱਲੀ ਵਿਚ ਵੀ ਡੇਂਗੂ ਦੀ ਦਸਤਕ ਦੀਆਂ ਖਬਰਾਂ ਹਨ। ਚਿਕਨਗੁਨੀਆ ਪਹਿਲਾਂ ਉਤਰੀ ਰਾਜਾਂ ਵਿਚ ਨਹੀਂ ਸੀ ਹੁੰਦੀ, ਪਰ ਹੁਣ ਦਿੱਲੀ ਵਿਚ ਇਸ ਦੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।


ਪਿਛਲੇ ਕਈ ਸਾਲਾਂ ਤੋਂ ਲਗਾਤਾਰ ਡੇਂਗੂ ਦੇ ਮਰੀਜ਼ਾਂ ਦੀ ਗਿਣਤੀ ਵਿਚ ਹੋ ਰਿਹਾ ਵਾਧਾ ਸਰਕਾਰਾਂ ਵੱਲੋਂ ਲੋਕਾਂ ਨੂੰ ਸਸਤੀਆਂ, ਬਿਹਤਰ ਸਿਹਤ ਅਤੇ ਸਫਾਈ ਸਹੂਲਤਾਂ ਪ੍ਰਦਾਨ ਕੀਤੇ ਜਾਣ ਦੇ ਦਾਅਵਿਆਂ ਦੀ ਫੂਕ ਕੱਢ ਰਿਹਾ ਹੈ। ਡੇਂਗੂ ਪਿਛਲੇ ਲਗਪਗ ਦੋ ਦਹਾਕਿਆਂ ਤੋਂ ਆਮ ਲੋਕਾਂ ਦੀਆਂ ਜ਼ਿੰਦਗੀਆਂ ਉਤੇ ਭਾਰੂ ਪੈਂਦਾ ਆ ਰਿਹਾ ਹੈ, ਪਰ ਹਾਲੇ ਤੱਕ ਸਰਕਾਰਾਂ ਨੇ ਇਸ ਦੀ ਰੋਕਥਾਮ ਲਈ ਕੋਈ ਠੋਸ ਯਤਨ ਨਹੀਂ ਕੀਤੇ। 1996-97 ਦੌਰਾਨ ਡੇਂਗੂ ਨੇ ਕੌਮੀ ਰਾਜਧਾਨੀ ਦਿੱਲੀ ਅਤੇ ਪੰਜਾਬ ਸਮੇਤ ਮੁਲਕ ਦੇ ਕਈ ਸੂਬਿਆਂ ਵਿਚ ਭਾਰੀ ਦਹਿਸ਼ਤ ਪਾ ਦਿੱਤੀ ਸੀ, ਪਰ ਇਸ ਦੇ ਬਾਵਜੂਦ ਸਰਕਾਰ ਵੱਲੋਂ ਇਸ ਦੇ ਇਲਾਜ ਲਈ ਕੋਈ ਪ੍ਰਮਾਣਿਕ ਦਵਾਈ ਜਾਂ ਵੈਕਸੀਨ ਦੀ ਖੋਜ ਵੱਲ ਠੋਸ ਉਪਰਾਲਾ ਨਹੀਂ ਕੀਤਾ ਗਿਆ। ਡੇਂਗੂ ਦੇ ਕਹਿਰ ਤੋਂ ਬਚਣ ਲਈ ਫਿਲਹਾਲ ਕੋਈ ਕਾਰਗਰ ਇਲਾਜ ਉਪਲਬਧ ਨਾ ਹੋਣ ਕਰ ਕੇ ਇਸ ਨੂੰ ਪੈਦਾ ਕਰਨ ਵਾਲੇ ਏਡੀਜ਼ ਇਜਪਟੀ ਮੱਛਰ ਤੋਂ ਬਚਾਅ ਹੀ ਇਕੋ ਇਕ ਸਮਾਧਾਨ ਹੈ।

ਲੋਕਾਂ ਨੂੰ ਡੇਂਗੂ ਦੇ ਡੰਗ ਤੋਂ ਬਚਾਉਣ ਲਈ ਸਰਕਾਰਾਂ ਸਸਤੀਆਂ ਅਤੇ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੀ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀਆਂ ਹਨ। ਸਿਹਤ ਸੇਵਾਵਾਂ ਦੇ ਬਜਟ ਵਿਚ ਹਰ ਸਾਲ ਕਟੌਤੀ ਕੀਤੀ ਜਾ ਰਹੀ ਹੈ। ਦਵਾਈਆਂ ਸਬੰਧੀ ਖੋਜ ਕਾਰਜ ਲਗਪਗ ਠੱਪ ਹੋ ਕੇ ਰਹਿ ਗਏ ਹਨ। ਮੋਦੀ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਸਵੱਛ ਭਾਰਤ ਮੁਹਿੰਮ' ਦਮ ਤੋੜ ਚੁੱਕੀ ਹੈ। ਸ਼ਹਿਰੀ ਵਿਕਾਸ ਸੰਸਥਾਵਾਂ ਅਤੇ ਸੈਨੀਟੇਸ਼ਨ ਵਿਭਾਗ ਸਫ਼ਾਈ ਦੇ ਮਾਮਲੇ ਵਿਚ ਮੂਕ ਦਰਸ਼ਕ ਬਣੇ ਹੋਏ ਹਨ।

## ਸਿੰਗਾਪੁਰ 'ਚ 13 ਭਾਰਤੀਆਂ ਵਿਚ ਜ਼ੀਕਾ ਵਾਇਰਸ

**ਨਵੀਂ ਦਿੱਲੀ:** ਸਿੰਗਾਪੁਰ ਵਿਚ 13 ਭਾਰਤੀਆਂ ਦੇ ਜ਼ੀਕਾ ਵਾਇਰਸ ਟੈਸਟ ਪਾਜ਼ੀਟਿਵ ਪਾਏ ਗਏ ਹਨ। ਇਸ ਦੀ ਪੁਸ਼ਟੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਿਕਾਸ ਸਵਰੂਪ ਨੇ ਸਿੰਗਾਪੁਰ ਵਿਚ ਭਾਰਤੀ ਮਿਸ਼ਨ ਦੇ ਹਵਾਲੇ ਨਾਲ ਕੀਤੀ ਹੈ। ਸਿੰਗਾਪੁਰ ਵਿਚ 115 ਲੋਕਾਂ ਦੇ ਜ਼ੀਕਾ ਵਾਇਰਸ ਤੋਂ ਪ੍ਰਭਾਵਿਤ ਹੋਣ ਦੀ ਪੁਸ਼ਟੀ ਹੋਈ ਹੈ ਜਿਨ੍ਹਾਂ 'ਚ 21 ਚੀਨੀ ਤੇ 6 ਬੰਗਲਾਦੇਸ਼ੀ ਨਾਗਰਿਕ ਸ਼ਾਮਲ ਹਨ। ਸਿੰਗਾਪੁਰ 'ਚ ਕਾਫੀ ਲੋਕ ਜ਼ੀਕਾ ਵਾਇਰਸ ਤੋਂ ਪ੍ਰਭਾਵਿਤ ਹਨ ਜਿਨ੍ਹਾਂ 'ਚੋਂ ਬਹੁਤੇ ਉਹ ਲੋਕ ਹਨ ਜੋ ਨਿਰਮਾਣ ਕਾਰਜਾਂ ਵਿਚ ਲੱਗੇ ਹੋਏ ਹਨ।

# ਖਾਤਿਆਂ ਵਿਚ ਪੰਦਰਾਂ ਲੱਖ ਜਮ੍ਹਾਂ ਕਰਵਾਉਣ ਬਾਰੇ ਮੋਦੀ ਲਾਜਵਾਬ



**ਨਵੀਂ ਦਿੱਲੀ:** ਮੋਦੀ ਸਰਕਾਰ ਵੱਲੋਂ ਆਮ ਜਨਤਾ ਦੇ ਖਾਤੇ ਵਿਚ 15 ਲੱਖ ਰੁਪਏ ਕਦੋਂ ਭੇਜੇ ਜਾਣਗੇ ਜਿਸ ਬਾਰੇ 2014 ਲੋਕ ਸਭਾ ਚੋਣਾਂ ਦੌਰਾਨ ਭਾਜਪਾ ਨੇ ਵਾਅਦਾ ਕੀਤਾ ਸੀ। ਆਰ.ਟੀ.ਆਈ. ਰਾਹੀਂ ਮੰਗੀ ਗਈ ਇਸ ਜਾਣਕਾਰੀ 'ਤੇ ਕੇਂਦਰੀ ਸੂਚਨਾ ਕਮਿਸ਼ਨ ਨੇ ਪ੍ਰਧਾਨ ਮੰਤਰੀ ਦਫਤਰ ਨੂੰ ਜਵਾਬ ਦੇਣ ਦਾ ਹੁਕਮ ਦਿੱਤਾ ਹੈ। ਦਰਅਸਲ, ਰਾਜਸਥਾਨ ਦੇ ਝਾਲਾਵਾੜ ਜ਼ਿਲ੍ਹੇ 'ਚ ਕਨ੍ਹੱਈਆ ਲਾਲ ਵੱਲੋਂ ਆਰ.ਟੀ.ਆਈ. ਰਾਹੀਂ ਮੰਗੀ ਗਈ ਜਾਣਕਾਰੀ ਦੇ ਸਿਲਸਲੇ 'ਚ ਕੇਂਦਰੀ ਸੂਚਨਾ ਕਮਿਸ਼ਨ ਵੱਲੋਂ ਪੀ.ਐਮ.ਓ. ਨੂੰ ਅਦੇਸ਼ ਦਿੱਤੇ ਗਏ ਹਨ।

ਲਾਲ ਨੇ ਪੀ.ਐਮ.ਓ. ਵਿਚ ਇਕ ਆਰ.ਟੀ.ਆਈ. ਅਰਜ਼ੀ ਦਾਇਰ ਕਰ ਪੁੱਛਿਆ ਸੀ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਸੌਂਪੇ ਗਏ ਉਸ ਦੇ ਪੱਤਰ ਦੀ ਕੀ ਹਾਲਤ ਹੈ। ਮੁੱਖ ਸੂਚਨਾ ਅਧਿਕਾਰੀ ਰਾਧਾ ਕ੍ਰਿਸ਼ਨ ਮਾਥੁਰ ਮੁਤਾਬਕ ਪੀ.ਐਮ.ਓ. ਨੂੰ ਭੇਜੇ ਗਏ ਪੱਤਰ 'ਚ ਦਰਜ ਕੀਤੀ ਗਈ ਜਾਣਕਾਰੀ 'ਚ ਲਾਲ ਨੇ ਇਹ ਕਿਹਾ ਸੀ ਕਿ ਚੋਣਾਂ ਦੇ ਸਮੇਂ ਐਲਾਨ ਕੀਤਾ ਗਿਆ ਸੀ ਕਿ ਕਾਲਾ ਧਨ ਵਾਪਸ ਭਾਰਤ ਲਿਆਂਦਾ ਜਾਏਗਾ ਤੇ ਹਰ ਗਰੀਬ ਦੇ ਖਾਤੇ ਵਿਚ 15 ਲੱਖ ਰੁਪਏ ਜਮ੍ਹਾਂ ਕਰਵਾਏ ਜਾਣਗੇ।


# ਗੋਆ ਵਿਚ ਆਰ.ਐਸ.ਐਸ. ਨੂੰ ਬਗਾਵਤ ਦਾ ਸਾਹਮਣਾ



**ਪਣਜੀ:** ਆਰ.ਐਸ.ਐਸ. ਨੇ ਗੋਆ ਮੁਖੀ ਸੁਭਾਸ਼ ਵੇਲਿੰਗਕਰ ਨੂੰ ਬਰਖਾਸਤ ਕਰ ਦਿੱਤਾ ਹੈ। ਉਨ੍ਹਾਂ 'ਤੇ ਭਾਜਪਾ ਸਰਕਾਰ ਖਿਲਾਫ ਕਾਰਵਾਈ ਵਿਚ ਸ਼ਾਮਲ ਹੋਣ ਦਾ ਦੋਸ਼ ਹੈ। ਮਾਮਲੇ ਨੇ ਉਸ ਵੇਲੇ ਤੂਲ ਫੜਿਆ, ਜਦ ਉਨ੍ਹਾਂ ਦੇ ਸਮਰਥਨ 'ਚ ਕੋਈ 1000 ਵਲੰਟੀਅਰਾਂ ਨੇ ਅਸਤੀਫਾ ਦੇ ਦਿੱਤਾ।

ਇਨ੍ਹਾਂ ਲੋਕਾਂ ਦੀ ਮੰਗ ਹੈ ਕਿ ਵੇਲਿੰਗਕਰ ਨੂੰ ਫਿਰ ਤੋਂ ਬਹਾਲ ਕੀਤਾ ਜਾਵੇ। ਉਨ੍ਹਾਂ ਪਿਛਲੇ ਹਫਤੇ ਹੀ ਭਾਜਪਾ ਮੁਖੀ ਅਮਿਤ ਸ਼ਾਹ ਨੂੰ ਉਨ੍ਹਾਂ ਦੇ ਗੋਆ ਦੌਰੇ ਸਮੇਂ ਕਾਲੇ ਝੰਡੇ ਦਿਖਾਏ ਸਨ। ਜ਼ਿਕਰਯੋਗ ਹੈ ਕਿ ਗੋਆ 'ਚ ਅਗਲੇ ਸਾਲ ਵਿਧਾਨ ਸਭਾ ਚੋਣਾਂ ਹਨ। ਸੁਭਾਸ਼ ਵੇਲਿੰਗਕਰ ਆਰ.ਐਸ.ਐਸ. ਗੋਆ ਦੇ ਸੂਬਾ ਇਕਾਈ ਦੇ ਮੁਖੀ ਸਨ। ਇਸ ਤੋਂ ਇਲਾਵਾ ਭਾਰਤੀ ਭਾਸ਼ਾ ਸੁਰੱਖਿਆ ਮੰਚ ਦੇ ਕਨਵੀਨਰ ਵੀ ਹਨ। ਇਹ ਮੰਚ ਖੇਤਰੀ ਭਾਸ਼ਾ ਦੀ ਰਾਖੀ ਲਈ ਕੰਮ ਕਰਦਾ ਹੈ। ਸੁਭਾਸ਼ 'ਤੇ ਭਾਜਪਾ ਸਰਕਾਰ ਖਿਲਾਫ ਬਿਆਨ ਦੇਣ ਦਾ ਇਲਜ਼ਾਮ ਹੈ। ਕੁਝ ਸਮਾਂ ਪਹਿਲਾਂ ਹੀ ਵੇਲਿੰਗਕਰ ਨੇ ਕਿਹਾ ਸੀ ਕਿ ਅਗਲੀਆਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਹਾਰ ਜਾਏਗੀ। ਇਸ ਦੇ ਨਾਲ ਹੀ ਧਮਕੀ ਵੀ ਦਿੱਤੀ ਸੀ ਕਿ ਉਹ ਭਾਜਪਾ ਨੂੰ ਹਰਾਉਣ ਲਈ ਨਵੀਂ ਪਾਰਟੀ ਬਣਾਉਣਗੇ। ਇਨ੍ਹਾਂ ਦਾ ਦੋਸ਼ ਹੈ ਕਿ ਸਕੂਲਾਂ 'ਚ ਖੇਤਰੀ ਭਾਸ਼ਾ ਪੜ੍ਹਾਏ ਜਾਣ ਦੇ ਵਾਅਦੇ ਤੋਂ ਪਿੱਛੇ ਹਟ ਕੇ ਭਾਜਪਾ ਸਰਕਾਰ ਨੇ ਲੋਕਾਂ ਨਾਲ ਧੋਖਾ ਕੀਤਾ ਹੈ। ਆਰ. ਐਸ. ਐਸ. ਦੇ ਸੀਨੀਅਰ ਪ੍ਰਚਾਰਕ ਮਨਮੋਹਨ ਵੈਧ ਨੇ ਕਿਹਾ ਕਿ ਵੇਲਿੰਗਕਰ ਨੂੰ ਜ਼ਿੰਮੇਵਾਰੀ ਤੋਂ ਹਟਾ ਦਿੱਤਾ ਗਿਆ ਹੈ। ਉਹ ਕੁਝ ਸਿਆਸੀ ਗਤੀਵਿਧੀਆਂ 'ਚ ਸ਼ਾਮਲ ਹੋਣਾ ਚਾਹੁੰਦੇ ਸਨ ਪਰ ਸੰਘ 'ਚ ਅਜਿਹਾ ਕਰਨਾ ਸੰਭਵ ਨਹੀਂ ਹੈ।

# ਕਿਵੇਂ ਬਣੀ ਭੇਡਾਂ ਚਾਰਨ ਵਾਲੀ ਕੁੜੀ ਸਿੱਖਿਆ ਮੰਤਰੀ?



**ਪੈਰਿਸ:** ਸੋਸ਼ਲ ਮੀਡੀਆ ਉਤੇ ਅੱਜ ਕਲ੍ਹ ਇਕ ਫੋਟੋ ਬੜੀ ਚਰਚਾ ਵਿਚ ਹੈ। ਇਸ ਫੋਟੋ ਵਿਚ ਇਕ ਕੁੜੀ ਭੇਡਾਂ ਚਾਰ ਰਹੀ ਹੈ। ਕੁਝ ਲੋਕ ਇਸ ਤਸਵੀਰ ਜ਼ਰੀਏ ਦਾਅਵਾ ਕਰ ਰਹੇ ਹਨ ਕਿ ਇਹ ਫੋਟੋ ਫਰਾਂਸ ਦੀ ਸਿੱਖਿਆ ਮੰਤਰੀ ਨਜਤ ਵਲੋਦ ਦੀ ਹੈ।

ਲੋਕਾਂ ਦਾ ਕਹਿਣਾ ਹੈ ਕਿ ਫਰਾਂਸ ਦੀ ਸਿੱਖਿਆ ਮੰਤਰੀ ਨਜਤ ਵਲੋਦ ਬਚਪਨ ਵਿਚ ਭੇਡਾਂ ਚਰਾਉਂਦੀ ਸੀ। ਇਸ ਵਾਇਰਲ ਤਸਵੀਰ ਵਿਚ ਇਕ ਪਾਸੇ ਉਨ੍ਹਾਂ ਦੇ ਬਚਪਨ ਦੀ ਤਸਵੀਰ ਵਿਖਾਈ ਗਈ ਹੈ ਤੇ ਦੂਜੇ ਪਾਸੇ ਸਿੱਖਿਆ ਮੰਤਰੀ ਬਣਨ ਤੋਂ ਬਾਅਦ ਦੀ ਤਸਵੀਰ। ਇਸ ਨਾਲ ਮੈਸੇਜ਼ ਲਿਖਿਆ ਹੈ, 'ਮੋਰਕਕੋ ਵਿਚ ਭੇੜ ਚਰਾਉਣ ਵਾਲੀ ਕੁੜੀ ਫਰਾਂਸ ਦੀ ਸਿੱਖਿਆ ਮੰਤਰੀ ਬਣ ਗਈ ਹੈ। ਸੁਫਨੇ ਵੇਖਣਾ ਵੀ ਨਾ ਛੱਡੋ ਤੇ ਕਦੇ ਆਪਣੇ ਸੁਫਨੇ ਲਈ ਮਿਹਨਤ ਕਰਨਾ ਨਾ ਛੱਡੋ।'

ਇਹ ਕਹਾਣੀ ਸੋਸ਼ਲ ਮੀਡੀਆ 'ਤੇ ਸੁਰਖੀਆਂ ਵਿਚ ਹੈ। ਫੇਸਬੁੱਕ 'ਤੇ ਇਸ ਨੂੰ ਸਾਢੇ 34 ਹਜ਼ਾਰ ਤੋਂ ਜ਼ਿਆਦਾ ਲੋਕ ਸ਼ੇਅਰ ਕਰ ਚੁੱਕੇ ਹਨ, ਪਰ ਸਵਾਲ ਇਹ ਹੈ ਕਿ ਜੋ ਦਾਅਵਾ ਕੀਤਾ ਜਾ ਰਿਹਾ ਹੈ ਕੀ ਉਹ ਸੱਚ ਹੈ?।

ਨਜਤ ਦਾ ਜਨਮ ਮੋਰਕਕੋ ਦੇਸ਼ ਦੇ ਇਕ ਗਰੀਬ ਮੁਸਲਿਮ ਪਰਿਵਾਰ ਵਿਚ ਹੋਇਆ ਸੀ। ਨਜਤ ਦੇ ਸੱਤ ਭੈਣ-ਭਰਾ ਹਨ। ਪਿਤਾ ਮਜ਼ਦੂਰ ਸੀ ਤੇ ਨਜਤ ਆਪਣੇ ਪਰਿਵਾਰ ਦੀ ਮਦਦ ਲਈ ਭੇਡਾਂ ਚਰਾਉਂਦੀ ਸੀ। ਨਜਤ ਨੂੰ ਬਚਪਨ ਤੋਂ ਹੀ ਪੜ੍ਹਾਈ ਦਾ ਸ਼ੌਕ ਸੀ। ਉਸ ਦੀ ਚੰਗੀ ਜ਼ਿੰਦਗੀ ਲਈ ਉਸ ਦੇ ਪਿਤਾ ਪਰਿਵਾਰ ਨੂੰ ਲੈ ਕੇ ਫਰਾਂਸ ਚਲੇ ਗਏ ਸਨ। ਨਜਤ ਨੇ ਰਾਜਨੀਤੀ ਵਿਚ ਆਉਣ ਤੋਂ ਬਾਅਦ ਨਾਗਰਿਕ ਅਧਿਕਾਰਾਂ ਲਈ ਜੰਗ ਵੀ ਕੀਤੀ। ਉਸ ਦੀ ਕਾਬਲੀਅਤ ਨੂੰ ਦੇਖਦੇ ਹੋਏ 2012 ਵਿਚ ਮਹਿਲਾ ਅਧਿਕਾਰਾਂ ਦੀ ਮੰਤਰੀ ਦਾ ਅਹੁਦਾ ਮਿਲਿਆ। ਇਸ ਤੋਂ ਬਾਅਦ 2014 ਵਿਚ ਨਜਤ ਨੂੰ ਫਰਾਂਸ ਦੀ ਸਿੱਖਿਆ ਮੰਤਰੀ ਦੀ ਕੁਰਸੀ ਦਿੱਤੀ ਗਈ।

## 'ਆਪ' ਦੇ ਬਰਖਾਸਤ ਮੰਤਰੀ 'ਤੇ ਜਬਰ ਜਨਾਹ ਦਾ ਕੇਸ

**ਨਵੀਂ ਦਿੱਲੀ:** ਦਿੱਲੀ ਸਰਕਾਰ ਵੱਲੋਂ ਮੰਤਰੀ ਦੇ ਅਹੁਦੇ ਤੋਂ ਬਰਖਾਸਤ ਕੀਤੇ ਸੰਦੀਪ ਕੁਮਾਰ ਖਿਲਾਫ਼ ਜਬਰ ਜਨਾਹ ਦਾ ਕੇਸ ਦਰਜ ਕੀਤਾ ਗਿਆ ਹੈ। ਧਾਰਾ 376 ਤਹਿਤ ਕੇਸ ਦਰਜ ਹੋਣ ਮਗਰੋਂ ਵਿਧਾਇਕ ਨੇ ਦਿੱਲੀ ਪੁਲਿਸ ਦੇ ਡੀ.ਸੀ.ਪੀ. (ਬਾਹਰੀ ਦਿੱਲੀ) ਅੱਗੇ ਆਤਮ-ਸਮਰਪਣ ਕਰ ਦਿੱਤਾ।

ਇਤਰਾਜ਼ਯੋਗ ਸੀ.ਡੀ. ਵਿਚਲੀ ਔਰਤ ਨੇ ਸੁਲਤਾਨਪੁਰੀ ਥਾਣੇ ਵਿਚ ਕੇਸ ਦਰਜ ਕਰਵਾਇਆ। ਉਸ ਨੇ ਦੋਸ਼ ਲਾਇਆ ਕਿ ਉਹ ਵਿਧਾਇਕ ਕੋਲ ਰਾਸ਼ਨ ਕਾਰਡ ਬਣਵਾਉਣ ਗਈ ਸੀ। ਵਿਧਾਇਕ ਨੇ ਠੰਢੇ ਵਿਚ ਨਸ਼ੀਲਾ ਪਦਾਰਥ ਪਿਲਾ ਕੇ ਉਸ ਨਾਲ ਜਬਰ ਜਨਾਹ ਕੀਤਾ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ



ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ

Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 10 ਸਤੰਬਰ 2016*

# ਪੰਜਾਬ ਦੀਆਂ ਸਿਆਸੀ ਸਫਾਂ

ਪੰਜਾਬ ਵਿਚ ਵਿਧਾਨ ਸਭਾ ਚੋਣਾਂ ਜਨਵਰੀ 2017 ਦੇ ਅਖੀਰਲੇ ਦਿਨਾਂ ਵਿਚ ਹੋਣ ਦੀਆਂ ਕਨਸੋਆਂ ਪੈ ਗਈਆਂ ਹਨ, ਉਧਰ ਸੂਬੇ ਦਾ ਸਿਆਸੀ ਮਾਹੌਲ ਠਾਠਾਂ ਮਾਰ ਰਿਹਾ ਹੈ। ਆਮ ਆਦਮੀ ਪਾਰਟੀ (ਆਪ) ਅੰਦਰ ਹੋ ਰਹੀ ਤਿੱਖੀ ਅਤੇ ਤੀਬਰ ਟੁੱਟ-ਭੱਜ ਨੂੰ ਸਭ ਸਿਆਸੀ ਸਿਆਣੇ ਬੜੇ ਗਹੁ ਨਾਲ ਵਾਚ ਰਹੇ ਹਨ। ਕੁਝ ਸਿਆਣਿਆਂ ਨੇ ਤਾਂ ਇਸ ਨੂੰ 'ਆਪ' ਨੂੰ ਵੱਜੀ ਕਸੂਤੀ ਸੱਟ ਨਾਲ ਵੀ ਜੋੜ ਲਿਆ ਹੈ, ਪਰ ਇਕ ਨੁਕਤਾ ਵਿਚਾਰਨ ਵਾਲਾ ਹੈ ਕਿ ਜਦੋਂ ਤੋਂ 'ਆਪ' ਪੰਜਾਬ ਦੇ ਸਿਆਸੀ ਸੀਨ ਉਤੇ ਆਈ ਹੈ, ਸਿਆਸਤ ਵਿਚ ਚੋਖੀ ਉਥਲ-ਪੁਥਲ ਦੇਖਣ ਨੂੰ ਮਿਲ ਰਹੀ ਹੈ। ਇਸ ਉਥਲ-ਪੁਥਲ ਵਿਚ ਚੰਗੀਆਂ ਤੇ ਮਾੜੀਆਂ-ਦੋਵੇਂ ਗੱਲਾਂ ਇਕੋ ਵੇਲੇ ਸਾਹਮਣੇ ਆ ਰਹੀਆਂ ਹਨ। ਚੰਗੀ ਗੱਲ ਇਹ ਹੈ ਕਿ ਚਿਰਾਂ ਤੋਂ ਸੱਤਾ ਉਤੇ ਕੁੰਡਲੀ ਮਾਰ ਕੇ ਬੈਠੀਆਂ ਰਵਾਇਤੀ ਸਿਆਸੀ ਪਾਰਟੀ ਨੂੰ ਪਹਿਲੀ ਵਾਰ ਸਿਆਸੀ ਮੈਦਾਨ ਵਿਚ ਵੱਡੀ ਵੰਗਾਰ ਪਈ ਹੈ। ਪਿਛਲੇ ਦੋ ਕੁ ਸਾਲਾਂ ਦੀ ਸਿਆਸਤ ਉਤੇ ਤਰਦੀ ਜਿਹੀ ਨਿਗ੍ਹਾ ਮਾਰਿਆਂ ਪਤਾ ਲੱਗ ਜਾਂਦਾ ਹੈ ਕਿ 'ਆਪ' ਹੀ ਸੂਬੇ ਦੀ ਸਿਆਸਤ ਦਾ ਕੇਂਦਰ ਬਣੀ ਹੋਈ ਹੈ। ਮਾੜੀ ਗੱਲ ਇਹ ਹੋਈ ਹੈ ਕਿ 'ਆਪ' ਦਾ ਟੀਚਾ ਵੀ ਸੱਤਾ ਉਤੇ ਕਾਬਜ਼ ਹੋਣਾ ਹੀ ਜਾਪ ਰਿਹਾ ਹੈ। ਪੰਜਾਬ ਪਿਛਲੇ ਲੰਮੇ ਸਮੇਂ ਤੋਂ ਖੁਦਮੁਖਤਾਰੀ ਦੇ ਮੁੱਦੇ ਨਾਲ ਦੋ-ਚਾਰ ਹੁੰਦਾ ਰਿਹਾ ਹੈ, ਬਲਕਿ ਪੰਜਾਬ ਨੇ 80ਵਿਆਂ ਤੋਂ ਬਾਅਦ ਤਕਰੀਬਨ ਡੇਢ ਦਹਾਕਾ ਜਿਹੜਾ ਸੰਤਾਪ ਹੰਢਾਇਆ, ਉਸ ਦਾ ਅਰੰਭ ਖੁਦਮੁਖਤਾਰੀ ਦੇ ਮਸਲੇ ਤੋਂ ਹੀ ਹੋਇਆ ਹੈ। ਕੁਝ ਸਿਆਸੀ ਪਾਰਟੀਆਂ ਨੇ ਮਗਰੋਂ ਇਹ ਮਸਲਾ ਇੰਨਾ ਤਾਰਪੀਡੋ ਬਣਾ ਦਿੱਤਾ ਕਿ ਅੱਜ ਇਸ ਦੀ ਕੋਈ ਤੰਦ ਲੱਭਣ ਲਈ ਬਹੁਤ ਜ਼ਿਆਦਾ ਤਰੱਦਦ ਕਰਨਾ ਪੈਂਦਾ ਹੈ। ਤ੍ਰਾਸਦੀ ਇਹ ਕਿ ਇਨ੍ਹਾਂ ਉਲਝੀਆਂ ਤੰਦਾਂ ਤੋਂ ਭਵਿੱਖ ਦਾ ਕੋਈ ਨੈਣ-ਨਕਸ਼ ਨਹੀਂ ਉਘੜਦਾ। 'ਆਪ' ਦੇ ਦਾਖਲੇ ਨਾਲ ਇਹ ਆਸ ਜ਼ਰੂਰ ਬਣੀ ਸੀ, ਪਰ ਖੁਦਮੁਖਤਾਰੀ ਦੇ ਮੁੱਦੇ ਤੋਂ ਇਹ ਪਾਰਟੀ ਵੀ ਲਾਂਭੇ-ਲਾਂਭੇ ਲੰਘ ਰਹੀ ਹੈ।

ਖੁਦਮੁਖਤਾਰੀ ਬਾਰੇ ਗੱਲ ਅਗਾਂਹ ਤੋਰਨ ਤੋਂ ਪਹਿਲਾਂ ਗੁਆਂਢੀ ਸੂਬੇ ਜੰਮੂ-ਕਸ਼ਮੀਰ ਉਤੇ ਝਾਤੀ ਮਾਰਨੀ ਜ਼ਰੂਰੀ ਹੈ। ਉਥੇ ਦੋ ਮਹੀਨਿਆਂ ਤੋਂ ਲੋਕ ਸੜਕਾਂ 'ਤੇ ਨਿਕਲੇ ਹੋਏ ਹਨ ਅਤੇ ਕੋਈ ਕਰਫਿਊ, ਗੱਲ ਜਾਂ ਗੋਲੀ, ਉਨ੍ਹਾਂ ਨੂੰ ਡੱਕਣ ਵਿਚ ਨਾਕਾਮ ਰਹੀ ਹੈ। ਜੰਮੂ-ਕਸ਼ਮੀਰ ਦਾ ਜੇ ਖੁਦਮੁਖਤਾਰੀ ਦੇ ਕੋਣ ਤੋਂ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਸੂਬਾ ਇਸ ਮਸਲੇ 'ਤੇ ਸਾਰੇ ਸੂਬਿਆਂ ਲਈ ਮਿਸਾਲ ਬਣ ਸਕਦਾ ਹੈ/ਸੀ, ਪਰ ਜੰਮੂ-ਕਸ਼ਮੀਰ ਦੀ ਖੁਦਮੁਖਤਾਰੀ ਜਾਂ ਵੱਧ ਹੱਕਾਂ ਵਾਲਾ ਤੱਥ, ਸਿਰਫ ਜੰਮੂ-ਕਸ਼ਮੀਰ ਤਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਕਿਸੇ ਵੀ ਸਿਆਸੀ ਧਿਰ ਨੇ ਇਸ ਸੂਬੇ ਨੂੰ ਹਾਸਲ ਹੱਕਾਂ ਦਾ ਮੁਤਾਲਾ ਕਰਨ ਦਾ ਸ਼ਾਇਦ ਹੀ ਕਦੀ ਯਤਨ ਕੀਤਾ ਹੋਵੇ। ਯਾਦ ਕਰਵਾਉਣਾ ਪਵੇਗਾ ਕਿ ਵੀਹਵੀਂ ਸਦੀ ਦੇ ਸ਼ੁਰੂ ਵਿਚ ਜਦੋਂ ਗਦਰੀਆਂ ਨੇ ਭਾਰਤ ਵਿਚ ਅੰਗਰੇਜ਼ਾਂ ਦਾ ਤਖਤਾ ਉਲਟਾਉਣ ਦੀ ਸੋਚੀ ਸੀ ਤਾਂ ਸ਼ੁਰੂਆਤ ਕਸ਼ਮੀਰ ਤੋਂ ਕਰਨ ਦਾ ਹੀ ਦਾਈਆ ਬੰਨ੍ਹਿਆ ਸੀ। ਗਦਰੀਆਂ ਨੂੰ ਆਪਣੀ ਲੰਮੀ-ਲਮਕਵੀਂ ਜੰਗ ਜਿੱਤਣ ਲਈ ਭੂਗੋਲਿਕ ਅਤੇ ਸਿਆਸੀ ਕਾਰਨਾਂ ਕਰ ਕੇ ਇਹ ਸੂਬਾ ਘੋਲ ਲਈ ਵਧੇਰੇ ਮੇਚ ਦਾ ਲਗਦਾ ਸੀ, ਪਰ ਉਦੋਂ ਸੰਸਾਰ ਜੰਗ ਸ਼ੁਰੂ ਹੋਣ ਕਾਰਨ ਗਦਰੀਆਂ ਨੇ ਅੰਗਰੇਜ਼ਾਂ ਖਿਲਾਫ ਤੁਰੰਤ ਮੈਦਾਨ ਵਿਚ ਜੂਝਣ ਦਾ ਫੈਸਲਾ ਕਰ ਲਿਆ। ਇਕ ਸਦੀ ਬਾਅਦ ਹਾਲਾਤ ਇਕ ਵਾਰ ਫਿਰ ਉਸੇ ਮੋੜ ਉਤੇ ਆਣ ਖਲੋਤੇ ਹਨ। ਇਹ ਸਮੇਂ ਦੀ ਸਿਤਮਜ਼ਰੀਫੀ ਹੀ ਹੈ ਕਿ ਚਿਰਾਂ ਬਾਅਦ ਪੰਜਾਬ ਵਿਚ ਜਦੋਂ ਨਵਾਂ ਸਿਆਸੀ ਉਭਾਰ ਮੌਲ ਰਿਹਾ ਹੈ ਤਾਂ ਖੁਦਮੁਖਤਾਰੀ ਦਾ ਏਜੰਡਾ ਸੀਨ ਉਤੇ ਨਹੀਂ ਹੈ। ਨੀਝ ਨਾਲ ਦੇਖਿਆ ਜਾਵੇ ਤਾਂ 'ਆਪ' ਦੀ ਖਾਨਾਜੰਗੀ ਦਾ ਅਸਲ ਕਾਰਨ ਖੁਦਮੁਖਤਾਰੀ ਦਾ ਮੁੱਦਾ ਹੀ ਹੈ। ਹੁਣ ਤਕ 'ਆਪ' ਦੇ ਜਿੰਨੇ ਵੀ ਲੀਡਰ ਇਸ ਤੋਂ ਲਾਂਭੇ ਹੋਏ ਹਨ, ਉਨ੍ਹਾਂ ਦਾ ਪਾਰਟੀ ਲਈ ਵੱਡਾ ਸਵਾਲ ਇਹੀ ਸੀ ਕਿ ਪਾਰਟੀ ਨੂੰ ਪੰਜਾਬ ਦੀ ਥਾਂ ਦਿੱਲੀ ਤੋਂ ਚਲਾਇਆ ਜਾ ਰਿਹਾ ਹੈ।

ਇਸ ਵੇਲੇ ਪੰਜਾਬ ਵਿਚ ਸਾਰਾ ਕੁਝ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਹੀ ਹੋ ਰਿਹਾ ਹੈ, ਪਰ ਜਿੰਨਾ ਚਿਰ ਖੁਦਮੁਖਤਾਰੀ ਵਾਲਾ ਮੁੱਦਾ ਮੁਖ ਰੂਪ ਵਿਚ ਅੱਗੇ ਨਹੀਂ ਆਉਂਦਾ, ਸੂਬੇ ਵਿਚ ਸਿਫਤੀ ਸਿਆਸੀ ਤਬਦੀਲੀ ਦੀ ਗੁੰਜਾਇਸ਼ ਪੇਤਲੀ ਪੈ ਜਾਂਦੀ ਹੈ। ਸਵਾਲ ਸਿਰਫ ਸੱਤਾ ਦਾ ਨਹੀਂ, ਸਵਾਲ ਤਾਂ ਪ੍ਰਚੰਡ ਸਿਆਸਤ ਦਾ ਹੈ। ਬਿਨਾ ਸ਼ੱਕ, 'ਆਪ' ਦੀ ਲੀਡਰਸ਼ਿਪ ਪਾਰਟੀ ਅੰਦਰਲੇ ਅੰਦਰੂਨੀ ਕਲੇਸ਼ ਨੂੰ ਜਿਵੇਂ-ਕਿਵੇਂ ਨਜਿੱਠ ਲਵੇਗੀ। ਜੇ ਇਕ ਸੁੱਚਾ ਸਿੰਘ ਛੋਟੇਪੁਰ ਜਾ ਰਿਹਾ ਹੈ ਤਾਂ ਦੂਜਾ ਜਗਮੀਤ ਸਿੰਘ ਬਰਾੜ ਪਾਰਟੀ ਵਿਚ ਆ ਵੀ ਰਿਹਾ ਹੈ। ਵਿਚਾਰਨ ਵਾਲਾ ਨੁਕਤਾ ਇਹ ਹੈ ਕਿ ਪੰਜਾਬ ਜਾਂ ਖੁਦਮੁਖਤਾਰੀ ਦਾ ਮਸਲਾ ਸਿਰਫ ਚੋਣਾਂ ਤਕ ਸੀਮਤ ਨਹੀਂ। ਚੋਣਾਂ ਸਿਰ 'ਤੇ ਹੋਣ ਕਾਰਨ ਚੌਥਾ ਤਾਂ ਕੀ, ਪੰਜਵਾਂ-ਛੇਵਾਂ ਫਰੰਟ ਵੀ ਹੋਂਦ ਵਿਚ ਆ ਸਕਦਾ ਹੈ, ਪਰ ਚੋਣਾਂ ਤੋਂ ਬਾਅਦ ਅਜਿਹੇ ਫਰੰਟਾਂ ਦਾ ਕੀ ਬਣਦਾ ਹੈ, ਇਸ ਬਾਰੇ ਬਹੁਤਾ ਕੁਝ ਕਹਿਣ-ਸੁਣਨ ਦੀ ਲੋੜ ਨਹੀਂ। ਇਤਿਹਾਸ ਅਜਿਹੇ ਸਿਆਸੀ ਸਮੀਕਰਨਾਂ ਨਾਲ ਭਰਿਆ ਪਿਆ ਹੈ। ਲੋਕ ਸਭਾ ਚੋਣਾਂ ਵਿਚ 'ਆਪ' ਦੀ ਪੰਜਾਬ ਵਾਲੀ ਜਿੱਤ ਨੇ ਸੂਬੇ ਵਿਚ ਨਵੀਂ ਸਿਆਸਤ ਦੀ ਸ਼ੁਰੂਆਤ ਹੋਣ ਦੀ ਆਸ ਜਗਾਈ ਸੀ। ਕਿਹਾ ਜਾ ਰਿਹਾ ਕਿ ਐਤਕੀਂ ਚੋਣਾਂ ਵਿਚ ਨੌਜਵਾਨਾਂ ਦੀ ਭੂਮਿਕਾ ਅਹਿਮ ਹੋਵੇਗੀ। 'ਆਪ' ਦੀ ਅਸਲ ਤਾਕਤ ਵੀ ਨਵੀਂ ਪੀੜ੍ਹੀ ਹੀ ਦੱਸੀ ਜਾ ਰਹੀ ਹੈ, ਪਰ ਸਰਕਾਰੀ ਅੰਕੜੇ ਦੱਸਦੇ ਹਨ ਕਿ 18 ਸਾਲ ਤੋਂ ਉਪਰ ਵਾਲੇ ਉਮਰ ਵਰਗ ਦੇ ਨੌਜਵਾਨਾਂ ਦੀ ਗਿਣਤੀ ਭਾਵੇਂ ਸਾਢੇ ਗਿਆਰਾਂ ਲੱਖ ਦੇ ਕਰੀਬ ਹੈ ਅਤੇ ਇਸ ਵੇਲੇ ਇਸ ਉਮਰ ਵਰਗ ਵਿਚੋਂ ਸਿਰਫ 95 ਹਜ਼ਾਰ ਨੌਜਵਾਨ ਹੀ ਵੋਟਰ ਬਣੇ ਹਨ। ਇਥੋਂ ਹੀ ਚੋਣ ਢਾਂਚੇ ਦੀ ਕਮਜ਼ੋਰੀ ਉਜਾਗਰ ਹੋ ਜਾਂਦੀ ਹੈ। ਇਸੇ ਕਰ ਕੇ ਹਰ ਥਾਂਈਂ ਵੱਧ ਵੋਟਾਂ ਬਣਵਾਉਣ ਵਾਲੀ ਧਿਰ ਦਾ ਹੱਥ ਉਪਰ ਹੋ ਜਾਂਦਾ ਹੈ। ਜ਼ਾਹਰ ਹੈ ਕਿ ਵੋਟਰ ਹੀ ਅਗਲੇ ਹੁਕਮਰਾਨ ਬਾਰੇ ਫੈਸਲਾ ਕਰਨਗੇ। ਇਸ ਵੋਟ ਜੰਗ ਵਿਚੋਂ ਅਸਲ ਜੰਗ ਕਦੋਂ ਸ਼ੁਰੂ ਹੋਣੀ ਹੈ, ਵਕਤ ਹੀ ਤੈਅ ਕਰੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸੌ ਕਿ ਹਜਾਰ ਬਿਮਾਰ?*

ਕਾਲੀ ਸ਼ਾਹ ਸਿਆਸਤ ਦੀ ਧੂੜ ਅੰਦਰ, ਚਿੱਟੇ ਵਸਤਰ ਪਾ ਦਾਗੀ ਕਿਰਦਾਰ ਫਿਰਦੇ।
ਸੁੱਚੇ-ਸੱਚੇ ਜੋ ਹੋਣ ਦੇ ਕਰਨ ਦਾਅਵੇ, ਪਰਦੇ ਚੁੱਕ ਕੇ ਵੇਖੋ ਬਦਕਾਰ ਫਿਰਦੇ।
ਹੱਥ ਜੋੜ ਕੇ ਖੜ੍ਹੇ ਜੋ 'ਬੈਨਰਾਂ' 'ਤੇ, ਖਾਤਰ ਅਹੁਦਿਆਂ ਕਰਦੇ ਤਕਰਾਰ ਫਿਰਦੇ।
ਕਿਤਿਓਂ ਰੁੱਸਦੇ ਕਿਸੇ ਨੂੰ ਜੱਫੀਆਂ ਪਾ, ਦਾਅ ਲਾਉਣ ਲਈ ਹੋਏ ਲਾਚਾਰ ਫਿਰਦੇ।
ਕੁਰਸੀ ਖਾਤਰ ਹੀ ਤੜਫਨਾ ਬਹੁਤਿਆਂ ਦੀ, ਸੌਦੇਬਾਜ਼ੀਆਂ ਕਰਨ ਲਈ ਤਿਆਰ ਫਿਰਦੇ।
ਸੌਖਾ ਵੰਡਣਾ 'ਇਕ ਅਨਾਰ' ਸੌ ਨੂੰ, ਹੁਣ ਤਾਂ ਕਈ ਹਜਾਰ 'ਬਿਮਾਰ' ਫਿਰਦੇ!

# ਰਾਸ਼ਟਰੀ ਸੋਇਮਸੇਵਕ ਸੰਘ ਦਾ ਸਰਕਾਰੀਕਰਨ

*ਅੱਜ ਹਾਲਤ ਇਹ ਹੈ ਕਿ ਸੰਘ ਦੇ ਕਈ ਅਹੁਦੇਦਾਰ ਅਤੇ ਜਨਤਕ ਜੀਵਨ ਵਿਚ ਇਸ ਨਾਲ ਜੁੜੇ ਹੋਏ ਸਰਗਰਮ ਲੋਕ ਵੱਖ-ਵੱਖ ਸਰਕਾਰੀ ਅਤੇ ਅਰਧ-ਸਰਕਾਰੀ ਸੰਸਥਾਵਾਂ ਦੇ ਮੁਖੀ ਬਣਾ ਦਿਤੇ ਗਏ ਹਨ। ਉਨ੍ਹਾਂ ਨੂੰ ਇਨ੍ਹਾਂ ਅਹੁਦਿਆਂ 'ਤੇ ਇਸ ਲਈ ਨਹੀਂ ਬਿਠਾਇਆ ਗਿਆ ਕਿ ਉਹ ਇਨ੍ਹਾਂ ਦੇ ਕਾਬਲ ਹਨ, ਸਗੋਂ ਇਸ ਲਈ ਬਿਠਾਇਆ ਗਿਆ ਹੈ ਕਿ ਉਨ੍ਹਾਂ ਦਾ ਨਾਂ ਸੰਘ ਦੀਆਂ ਕਿਤਾਬਾਂ ਵਿਚ ਦਰਜ ਹੈ। ਇਸੇ ਤਰ੍ਹਾਂ ਭਾਜਪਾ ਦੀ ਸਥਾਨਕ ਰਾਜਨੀਤੀ ਵੀ ਸੰਘ ਦੇ ਸਥਾਨਕ ਅਹੁਦੇਦਾਰਾਂ ਦੇ ਹੱਥਾਂ ਵਿਚ ਹੈ। ਹੁਣ ਭਾਜਪਾ ਵਿਰੋਧੀ ਧਿਰ ਨਹੀਂ ਹੈ, ਇਸ ਲਈ ਉਨ੍ਹਾਂ ਸੀਨੀਅਰ ਸੋਇਮਸੇਵਕਾਂ ਨੂੰ ਸੱਤਾ, ਇਸ ਦੇ ਸੁੱਖਾਂ ਅਤੇ ਇਸ ਨਾਲ ਜੁੜੇ ਲਾਭਾਂ ਦੀ ਵੰਡ ਵਿਚ ਰੁਝੇ ਰਹਿਣਾ ਪੈਂਦਾ ਹੈ। ਭਾਜਪਾ ਦੀਆਂ ਸੂਬਾਈ ਸਰਕਾਰਾਂ ਦੇ ਭ੍ਰਿਸ਼ਟਾਚਾਰ ਵਿਚ ਉਥੋਂ ਦੇ ਸੋਇਮਸੇਵਕਾਂ ਦੇ ਹੱਥ ਰੰਗੇ ਹੋਣ ਦੀਆਂ ਕਹਾਣੀਆਂ ਮੀਡੀਆ ਦੇ ਹਲਕਿਆਂ ਵਿਚ ਸੁਣੀਆਂ ਅਤੇ ਕਹੀਆਂ ਜਾਂਦੀਆਂ ਹਨ।*

ਕੁਝ ਮਹੀਨੇ ਪਹਿਲਾਂ ਰਾਸ਼ਟਰੀ ਸੋਇਮਸੇਵਕ ਸੰਘ (ਆਰ.ਐਸ.ਐਸ.) ਦੀਆਂ ਅੰਦਰੂਨੀ ਸਮੱਸਿਆਵਾਂ ਬਾਰੇ ਮੈਂ ਦੋ ਟਿਪਣੀਆਂ ਕੀਤੀਆਂ ਸਨ। 'ਸਰਕਾਰੀ ਬਣਦਾ ਜਾ ਰਿਹਾ ਰਾਸ਼ਟਰੀ ਸੋਇਮਸੇਵਕ ਸੰਘ' ਵਿਚ ਵਿਸ਼ਲੇਸ਼ਣ ਕੀਤਾ ਗਿਆ ਸੀ ਕਿ 2014 ਦੀ ਜਿੱਤ ਨੇ ਸੰਘ ਦਾ ਆਤਮ-ਵਿਸ਼ਵਾਸ ਬਹੁਤ ਵਧਾ ਦਿਤਾ ਹੈ, ਪਰ 'ਇਸ ਨਵੇਂ ਆਤਮ-ਵਿਸ਼ਵਾਸ ਦਾ ਦੂਜਾ ਪਹਿਲੂ ਵੀ ਹੈ। ਉਸ ਦੀ ਵਿਚਾਰਧਾਰਾ ਸਰਕਾਰੀ ਜ਼ਰੂਰ ਬਣ ਗਈ ਹੈ, ਪਰ ਇਸ ਅਮਲ ਵਿਚ ਸੰਘ ਦੀਆਂ ਸਰਗਰਮੀਆਂ ਸਰਕਾਰੀ ਸਰਗਰਮੀਆਂ ਦਾ ਵਿਸਥਾਰ ਹੀ ਬਣ ਰਹੀਆਂ ਹਨ। ਕੁੱਲ ਮਿਲਾ ਕੇ ਸੰਘ ਸਰਕਾਰੀ ਸੰਗਠਨ ਬਣਨ ਦੇ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ...

**ਅਭੈ ਕੁਮਾਰ ਦੂਬੇ**

ਜੇ 2019 ਵਿਚ ਚੋਣ ਨਤੀਜੇ ਸੰਘ ਦੀ ਮਰਜ਼ੀ ਮੁਤਾਬਿਕ ਨਾ ਨਿਕਲੇ ਤਾਂ ਕੀ ਹੋਵੇਗਾ? ਉਸ ਸਮੇਂ ਤੱਕ... ਸਮੁੱਚੇ ਸੰਘ ਪਰਿਵਾਰ ਵਿਚ ਸੋਇਮਸੇਵਕਾਂ ਦਾ ਨੈਤਿਕ ਬਲ ਸੱਤਾ ਦੀ ਸਿੱਧੀ ਅਤੇ ਨਿਰੰਤਰ ਨੇੜਤਾ ਕਾਰਨ ਪ੍ਰਦੂਸ਼ਿਤ ਹੋ ਚੁੱਕਾ ਹੋਵੇਗਾ।' ਦੂਜੀ ਟਿੱਪਣੀ ਸੰਘ ਦੀ ਗੋਆ ਸ਼ਾਖਾ ਵੱਲੋਂ ਕੋਂਕਣੀ ਅਤੇ ਮਰਾਠੀ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਅਤੇ ਅੰਗਰੇਜ਼ੀ ਸਕੂਲਾਂ ਦੀ ਸਰਕਾਰੀ ਮਦਦ ਰੋਕਣ ਦੀ ਮੰਗ ਕਰਦਿਆਂ ਭਾਰਤੀ ਜਨਤਾ ਪਾਰਟੀ ਦੀ ਸੂਬਾਈ ਸਰਕਾਰ ਖਿਲਾਫ਼ ਚਲਾਈ ਜਾ ਰਹੀ ਮੁਹਿੰਮ ਬਾਰੇ ਸੀ। ਉਸ ਲੇਖ ਵਿਚ ਲਿਖਿਆ ਗਿਆ ਸੀ ਕਿ 'ਗੋਆ ਦੀ ਸਰਕਾਰ ਅੰਗਰੇਜ਼ੀ ਸਕੂਲਾਂ ਨੂੰ ਸਰਕਾਰੀ ਪੈਸਾ ਘੱਟ-ਗਿਣਤੀ ਭਾਈਚਾਰੇ ਵੱਲੋਂ ਚਲਾਏ ਜਾਣ ਵਾਲੇ ਸਕੂਲਾਂ ਨੂੰ ਮਦਦ ਦੇ ਨਾਂ 'ਤੇ ਦੇ ਰਹੀ ਹੈ।

ਜ਼ਾਹਰ ਹੈ ਕਿ ਗੋਆ ਦੀ ਭਾਜਪਾ ਘੱਟ-ਗਿਣਤੀਆਂ ਲਈ ਚਿੰਤਤ ਨਹੀਂ ਹੈ, ਸਗੋਂ ਉਹ ਤਾਂ ਗੋਆ ਦੇ ਬੱਚਿਆਂ ਨੂੰ ਅੰਗਰੇਜ਼ੀਪ੍ਰਸਤ ਬਣਾਉਣਾ ਚਾਹੁੰਦੀ ਹੈ। ਡਾ. ਹੈਡਗੇਵਾਰ ਦੀ ਮਾਤ ਭਾਸ਼ਾ ਮਰਾਠੀ ਸੀ। ਜੇ ਉਹ ਅੱਜ ਦੇ ਜ਼ਮਾਨੇ ਵਿਚ ਆਪਣਾ ਬਚਪਨ ਗੋਆ ਵਿਚ ਗੁਜ਼ਾਰ ਰਹੇ ਹੁੰਦੇ ਤਾਂ ਉਨ੍ਹਾਂ ਦੇ ਹੀ ਵਿਚਾਰ-ਪੁੱਤਰ ਉਨ੍ਹਾਂ ਨੂੰ ਅੰਗਰੇਜ਼ੀ ਮਾਧਿਅਮ ਸਕੂਲ ਵਿਚ ਪੜ੍ਹਾਉਂਦੇ ਅਤੇ ਪੱਛਮੀ ਗਲਬੇ ਵਾਲੇ ਸੰਸਾਰੀਕਰਨ ਸਭਿਆਚਾਰ ਦੀ ਖੁਰਾਕ 'ਤੇ ਪਾਲਦੇ। ਭਾਰਤੀਅਤਾ, ਭਾਰਤੀ ਸਭਿਆਚਾਰ, ਦੇਸ਼ ਭਗਤੀ ਅਤੇ ਰਾਸ਼ਟਰਵਾਦ ਦੀ ਦੁਹਾਈ ਦਿੰਦੇ ਰਹਿਣ ਵਾਲੇ ਸੰਘ ਪਰਿਵਾਰ ਅਤੇ ਇਸ ਦੇ ਪੈਰੋਕਾਰਾਂ ਦਾ ਆਪਣੇ ਇਸ ਸਪਸ਼ਟ ਵਿਰੋਧਾਭਾਸ ਬਾਰੇ ਕੀ ਖਿਆਲ ਹੈ?'

ਮੈਂ ਕੋਈ ਸਵੈ-ਪ੍ਰਸੰਸਾ ਨਹੀਂ ਕਰਨਾ ਚਾਹੁੰਦਾ, ਪਰ ਮੈਂ ਉਨ੍ਹਾਂ ਦੋਵਾਂ ਲੇਖਾਂ ਵਿਚ ਜੋ ਲਿਖਿਆ ਸੀ, ਉਹ ਅੱਜ ਸਹੀ ਹੁੰਦਾ ਨਜ਼ਰ ਆ ਰਿਹਾ ਹੈ। ਅੱਜ ਹਾਲਤ ਇਹ ਹੈ ਕਿ ਸੰਘ ਦੇ ਕਈ ਅਹੁਦੇਦਾਰ ਅਤੇ ਜਨਤਕ ਜੀਵਨ ਵਿਚ ਇਸ ਨਾਲ ਜੁੜੇ ਹੋਏ ਸਰਗਰਮ ਲੋਕ ਵੱਖ-ਵੱਖ ਸਰਕਾਰੀ ਅਤੇ ਅਰਧ-ਸਰਕਾਰੀ ਸੰਸਥਾਵਾਂ ਦੇ ਮੁਖੀ ਬਣਾ ਦਿਤੇ ਗਏ ਹਨ। ਉਨ੍ਹਾਂ ਨੂੰ ਇਨ੍ਹਾਂ ਅਹੁਦਿਆਂ 'ਤੇ ਇਸ ਲਈ ਨਹੀਂ ਬਿਠਾਇਆ ਗਿਆ ਕਿ ਉਹ ਇਨ੍ਹਾਂ ਦੇ ਕਾਬਲ ਹਨ, ਸਗੋਂ ਇਸ ਲਈ ਬਿਠਾਇਆ ਗਿਆ ਹੈ ਕਿ ਉਨ੍ਹਾਂ ਦਾ ਨਾਂ ਸੰਘ ਦੀਆਂ ਕਿਤਾਬਾਂ ਵਿਚ ਦਰਜ ਹੈ। ਮਿਸਾਲ ਵਜੋਂ ਸਭਿਆਚਾਰਕ ਸੰਗਠਨ ਦੀ ਵਾਗਡੋਰ ਅਜਿਹੇ ਪੱਤਰਕਾਰ ਦੇ ਹੱਥਾਂ ਵਿਚ ਦਿਤੀ ਗਈ ਹੈ ਜਿਸ ਦਾ ਕਿਸੇ ਵੀ ਤਰ੍ਹਾਂ ਦੇ ਸਭਿਆਚਾਰਕ (ਸਾਹਿਤ, ਕਲਾ ਜਾਂ ਲਲਿਤ ਕਲਾਵਾਂ) ਉਤਪਾਦਨ ਨਾਲ ਕੋਈ ਵਾਸਤਾ ਕਦੇ ਨਹੀਂ ਰਿਹਾ। ਇਸੇ ਤਰ੍ਹਾਂ ਇਤਿਹਾਸਕ ਖੋਜ ਲਈ ਜਾਣੀ ਜਾਂਦੀ ਇਕ ਸੰਸਥਾ ਉਪਰ ਜਬਰਨ ਨੌਕਰਸ਼ਾਹ ਨੂੰ ਥੋਪਣ ਦੀ ਤਿਆਰੀ ਚੱਲ ਰਹੀ ਹੈ। ਇਸੇ ਤਰ੍ਹਾਂ ਭਾਜਪਾ ਦੀ ਸਥਾਨਕ ਰਾਜਨੀਤੀ ਵੀ ਸੰਘ ਦੇ ਸਥਾਨਕ ਅਹੁਦੇਦਾਰਾਂ ਦੇ ਹੱਥਾਂ ਵਿਚ ਹੈ। ਹੁਣ ਕਿਉਂਕਿ ਭਾਜਪਾ ਵਿਰੋਧੀ ਧਿਰ ਦੀ ਪਾਰਟੀ ਨਹੀਂ ਹੈ, ਇਸ ਲਈ ਉਨ੍ਹਾਂ ਸੀਨੀਅਰ ਸੋਇਮਸੇਵਕਾਂ ਨੂੰ ਸੱਤਾ, ਇਸ ਦੇ ਸੁੱਖਾਂ ਅਤੇ ਇਸ ਨਾਲ ਜੁੜੇ ਲਾਭਾਂ ਦੀ ਵੰਡ ਵਿਚ ਰੁਝੇ ਰਹਿਣਾ ਪੈਂਦਾ ਹੈ। ਭਾਜਪਾ ਦੀਆਂ ਸੂਬਾਈ ਸਰਕਾਰਾਂ ਦੇ ਭ੍ਰਿਸ਼ਟਾਚਾਰ ਵਿਚ ਉੱਥੋਂ ਦੇ ਸੋਇਮਸੇਵਕਾਂ ਦੇ ਹੱਥ ਰੰਗੇ ਹੋਣ ਦੀਆਂ ਕਹਾਣੀਆਂ ਮੀਡੀਆ ਦੇ ਹਲਕਿਆਂ ਵਿਚ ਸੁਣੀਆਂ ਅਤੇ ਕਹੀਆਂ ਜਾਂਦੀਆਂ ਹਨ।

ਸੰਘ ਦੇ ਇਸ ਸਰਕਾਰੀਕਰਨ ਨੂੰ ਦੂਜੇ ਸ਼ਬਦਾਂ ਵਿਚ ਉਸ ਦਾ ਭਾਜਪਾਈਕਰਨ ਵੀ ਕਿਹਾ ਜਾ ਸਕਦਾ ਹੈ। ਗੋਆ ਦੀ ਘਟਨਾ ਇਸ ਦਾ ਸਪਸ਼ਟ ਸਬੂਤ ਹੈ। ਸੰਘ ਦੇ 90 ਸਾਲ ਦੇ ਇਤਿਹਾਸ ਵਿਚ ਪਹਿਲੀ ਵਾਰ ਅਜਿਹਾ ਹੋਇਆ ਹੈ ਕਿ ਸੰਗਠਨ ਦੀ ਇਕ ਅਹਿਮ ਸ਼ਾਖਾ ਆਪਣੇ ਹੈੱਡਕੁਆਰਟਰ ਤੋਂ ਵੱਖਰਾ ਰੁਖ਼ ਅਪਣਾਵੇ ਅਤੇ ਵੱਖਰੀ ਹੋ ਜਾਵੇ। ਸਪਸ਼ਟ ਰੂਪ ਵਿਚ ਇਹ ਵੰਡ ਹੈ। ਠੀਕ ਉਸੇ ਤਰ੍ਹਾਂ ਜਿਵੇਂ ਬਾਕੀ ਸਿਆਸੀ ਪਾਰਟੀਆਂ ਵੰਡੀਆਂ ਜਾਂਦੀਆਂ ਹਨ। ਇਹ ਵੰਡ ਉਸੇ ਸਵਾਲ 'ਤੇ ਹੋਈ ਹੈ ਜੋ ਲੇਖ ਵਿਚ ਉਠਾਇਆ ਸੀ। ਭਾਜਪਾ ਦੀ ਸੂਬਾ ਸਰਕਾਰ ਆਪਣੇ ਚੋਣ ਵਾਅਦੇ ਤੋਂ ਪਲਟਦਿਆਂ ਮਰਾਠੀ ਅਤੇ ਕੋਂਕਣੀ ਨੂੰ ਸਿੱਖਿਆ ਦੇ ਮਾਧਿਅਮ ਵਜੋਂ ਉਤਸ਼ਾਹਿਤ ਕਰਨ ਦੀ ਥਾਂ ਚਰਚ ਵੱਲੋਂ ਚਲਾਏ ਜਾਣ ਵਾਲੇ ਅੰਗਰੇਜ਼ੀ ਮਾਧਿਅਮ ਦੇ ਸਕੂਲਾਂ ਨੂੰ ਆਰਥਿਕ ਮਦਦ ਦੇਣ ਵਿਚ ਲੱਗੀ ਹੋਈ ਹੈ। ਇਹ ਸਰਕਾਰ ਭੁੱਲ ਗਈ ਹੈ ਕਿ ਜਿਸ ਭਾਰਤੀ ਭਾਸ਼ਾ ਸੁਰੱਖਿਆ ਸਮਿਤੀ ਦੀ ਅਗਵਾਈ ਹੇਠ ਇਹ ਮੰਗ ਕੀਤੀ ਗਈ ਸੀ, ਉਸ ਦੀ ਅਗਵਾਈ ਸੰਘ ਦੇ ਮੁਖੀ ਸੁਭਾਸ਼ ਵੇਲਿੰਗਕਰ ਦੇ ਨਾਲ-ਨਾਲ ਗੋਆ ਦੇ ਮੌਜੂਦਾ ਮੁੱਖ ਮੰਤਰੀ ਲਕਸ਼ਮੀਕਾਂਤ ਪਾਰਸੇਕਰ ਅਤੇ ਮੌਜੂਦਾ ਕੇਂਦਰੀ ਰੱਖਿਆ ਮੰਤਰੀ ਮਨੋਹਰ ਪਾਰੀਕਰ ਦੇ ਹੱਥਾਂ ਵਿਚ ਵੀ ਸੀ। ਅੱਜ ਪਾਰਸੇਕਰ ਜਾਂ ਪਾਰੀਕਰ ਨੇ ਉਸੇ ਵੇਲਿੰਗਕਰ ਨੂੰ ਸੰਘ ਦੇ ਮੁਖੀ ਦੇ ਅਹੁਦੇ ਤੋਂ ਹਟਵਾਇਆ ਹੈ ਜਿਸ ਦੀ ਸਰਪ੍ਰਸਤੀ ਵਿਚ ਉਨ੍ਹਾਂ ਨੇ ਹਿੰਦੂ ਰਾਸ਼ਟਰਵਾਦ ਦੀ ਵਿਚਾਰਧਾਰਾ ਸਿੱਖੀ ਸੀ, ਪਰ ਗੋਆ ਵਿਚ ਸੰਘ ਦੇ ਸਾਰੇ ਮੈਂਬਰ ਸੋਇਮਸੇਵਕ ਤੋਂ ਸਰਕਾਰ ਸੇਵਕ ਬਣੇ ਇਨ੍ਹਾਂ ਦੋਵਾਂ ਆਗੂਆਂ ਵਰਗੇ ਨਹੀਂ ਨਿਕਲੇ। ਉਨ੍ਹਾਂ ਨੇ ਆਪਣੇ ਸੰਘ ਚਾਲਕ ਵੇਲਿੰਗਕਰ ਦੇ ਨਾਲ ਹੀ ਵਿਰੋਧ ਵਜੋਂ ਅਸਤੀਫ਼ੇ ਦੇ ਦਿਤੇ। ਇਸ ਤਰ੍ਹਾਂ ਹੁਣ ਕੋਂਕਣ ਦੀ ਪ੍ਰਮੁੱਖ ਸ਼ਾਖਾ ਨਾਗਪੁਰ ਸਥਿਤ ਸੰਘ ਦੇ ਮੁੱਖ ਦਫ਼ਤਰ ਤੋਂ ਵੱਖਰੀ ਹੋ ਗਈ ਹੈ।

ਵੇਲਿੰਗਕਰ ਅਤੇ ਵਿਚਾਰਧਾਰਕ ਤੌਰ 'ਤੇ ਪ੍ਰਤੀਬੱਧ ਉਨ੍ਹਾਂ ਦੇ ਸੈਂਕੜੇ ਸਾਥੀਆਂ ਦਾ ਕਹਿਣਾ ਹੈ ਕਿ ਉਹ ਨਾਗਪੁਰ ਦਾ ਕੋਈ ਵੀ ਰਾਜਨੀਤਕ ਨਿਰਦੇਸ਼ ਨਹੀਂ ਮੰਨਣਗੇ। ਹਾਂ, ਉਹ ਸ਼ਾਖਾਵਾਂ ਲਾਉਂਦੇ ਰਹਿਣਗੇ ਅਤੇ ਆਪਣੀ ਰਿਪੋਰਟ ਮੁੱਖ ਦਫ਼ਤਰ ਨੂੰ ਭੇਜਦੇ ਰਹਿਣਗੇ। ਨਾਗਪੁਰ ਸਥਿਤ ਮੁੱਖ ਦਫ਼ਤਰ ਹੁਣ ਦੂਜੇ ਅਹੁਦੇਦਾਰਾਂ ਨੂੰ ਨਿਯੁਕਤ ਕਰਨ ਵਾਲਾ ਹੈ। ਇਸ ਤਰ੍ਹਾਂ ਗੋਆ ਵਿਚ ਹੁਣ ਦੋ ਸੰਘ ਕੰਮ ਕਰਨਗੇ। ਵੇਲਿੰਗਕਰ ਦਾ ਕੀ ਹੋਵੇਗਾ, ਇਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਜੇ ਭਾਜਪਾ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਹਾਰ ਗਈ ਤਾਂ ਉਨ੍ਹਾਂ ਦੀ ਮੁਹਿੰਮ ਸਫਲ ਹੋਵੇਗੀ ਅਤੇ ਜੇ ਨਾ ਹਾਰੀ ਤਾਂ ਇਹ ਸਾਰੇ ਲੋਕ ਸੰਘ ਦੇ ਇਤਿਹਾਸ ਦਾ ਹਿੱਸਾ ਬਣ ਜਾਣਗੇ। ਜੋ ਵੀ ਹੋਵੇ, ਇਸ ਨਾਲ ਦੋ ਗੱਲਾਂ ਤੈਅ ਹੁੰਦੀਆਂ ਹਨ। ਪਹਿਲੀ ਇਹ ਕਿ ਸੰਘ ਦੇ ਅੰਦਰ ਹੀ ਇਸ ਦੇ ਅਣਐਲਾਨੇ ਸੰਸਾਰੀਕਰਨ ਪੱਖੀ ਰਵੱਈਏ (ਇਸ ਨੂੰ ਪੱਛਮੀ ਸਭਿਆਚਾਰ ਪੱਖੀ ਰਵੱਈਏ ਦਾ ਨਾਂ ਵੀ ਦਿਤਾ ਜਾ ਸਕਦਾ ਹੈ) ਖਿਲਾਫ਼ ਵਿਰੋਧ ਪਨਪ ਰਿਹਾ ਹੈ। ਮੌਜੂਦਾ ਸਮੇਂ ਇਹ ਵਿਰੋਧ ਭਾਰਤੀ ਭਾਸ਼ਾਵਾਂ ਦੇ ਸਵਾਲ 'ਤੇ ਫੁੱਟਿਆ ਹੈ, ਕੱਲ੍ਹ ਨੂੰ ਕਿਸੇ ਹੋਰ ਗੱਲ 'ਤੇ ਵੀ ਇਸ ਦਾ ਪ੍ਰਗਟਾਵਾ ਹੋ ਸਕਦਾ ਹੈ। ਦੂਜੀ ਗੱਲ ਇਹ ਕਿ ਸੰਘ ਦੇ ਅੰਦਰਲਾ ਸੰਘਰਸ਼ ਦੱਸਦਾ ਹੈ ਕਿ ਸੰਘ ਅਤੇ ਭਾਜਪਾ ਵਿਚਕਾਰ ਸਬੰਧਾਂ ਦੇ ਸਮੀਕਰਨ ਬਦਲ ਗਏ ਹਨ। ਪਹਿਲਾਂ ਸਬੰਧਾਂ ਦੇ ਇਸ ਸਮੀਕਰਨ ਵਿਚ ਸੰਘ ਭਾਰੂ ਰਹਿੰਦਾ ਸੀ, ਹੁਣ ਭਾਜਪਾ ਭਾਰੂ ਹੈ।

ਸੰਘ ਅਤੇ ਭਾਜਪਾ ਦੇ ਬਦਲੇ ਆਪਸੀ ਸਮੀਕਰਨਾਂ ਦਾ ਅੰਦਾਜ਼ਾ ਇਸੇ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ 1950 ਵਿਚ ਭਾਰਤੀ ਜਨਸੰਘ (ਭਾਜਪਾ ਦਾ ਪੁਰਾਣਾ ਰੂਪ) ਦੀ ਸਥਾਪਨਾ ਤੋਂ ਕੁਝ ਦਿਨਾਂ ਬਾਅਦ ਗੁਰੂ ਗੋਲਵਲਕਰ ਨੇ ਕਿਹਾ ਸੀ ਕਿ ਜਨਸੰਘ ਤਾਂ ਉਨ੍ਹਾਂ ਲਈ ਗਾਜਰ ਦੀ ਬੰਸਰੀ ਹੈ, ਜਦੋਂ ਤੱਕ ਵੱਜੇਗੀ, ਵਜਾਵਾਂਗੇ, ਨਹੀਂ ਵੱਜੇਗੀ ਤਾਂ ਖਾ ਜਾਵਾਂਗੇ। ਦਰਅਸਲ ਹੁਣ ਗਾਜਰ ਦੀ ਬੰਸਰੀ ਇੰਨੀ ਮਹੱਤਵਪੂਰਨ ਹੋ ਚੁੱਕੀ ਹੈ ਕਿ ਜੇ ਸੰਘ ਇਸ ਨੂੰ ਖਾਣਾ ਵੀ ਚਾਹੇ ਤਾਂ ਨਹੀਂ ਖਾ ਸਕਦਾ; ਭਾਵ ਜੇ ਹੁਣ ਸੰਘ ਤੋਂ ਭਾਜਪਾ ਵਿਦਰੋਹ ਕਰ ਦੇਵੇ ਤਾਂ ਇਸ ਸਵਾਲ 'ਤੇ ਭਾਜਪਾ ਵਿਚ ਨਹੀਂ, ਸਗੋਂ ਸੰਘ ਵਿਚ ਹੀ ਵੰਡ ਹੋ ਜਾਵੇਗੀ। ਭਾਜਪਾ ਆਪਣੇ ਵਿਕਾਸ ਲਈ ਸੰਘ 'ਤੇ ਨਿਰਭਰ ਨਹੀਂ ਰਹਿ ਗਈ, ਸਗੋਂ ਸੰਘ ਆਪਣੇ ਵਿਕਾਸ ਅਤੇ ਵਿਸਥਾਰ ਲਈ ਭਾਜਪਾ ਦੀ ਚੁਣਾਵੀ ਰਾਜਨੀਤੀ 'ਤੇ ਨਿਰਭਰ ਹੋ ਗਿਆ ਹੈ। ਸ਼ਾਇਦ ਸੰਘ ਮੰਨਣ ਲੱਗਾ ਹੈ ਕਿ ਜੇ ਭਾਜਪਾ ਜਿੱਤਦੀ ਰਹੇਗੀ ਤਾਂ ਉਸ ਨੂੰ ਆਪਣਾ ਏਜੰਡਾ ਲਾਗੂ ਕਰਨ ਵਿਚ ਵਧੇਰੇ ਸਹੂਲਤ ਹੋਵੇਗੀ। ਇਸ ਲਈ ਉਹ ਪੱਛਮੀ ਸਭਿਆਚਾਰ ਅਤੇ ਪੱਛਮੀ ਆਰਥਿਕਤਾ ਨਾਲ ਸੰਘਰਸ਼ ਕਰਨ ਵਾਲੇ 'ਸਵਦੇਸ਼ੀ' ਏਜੰਡੇ ਨੂੰ ਠੰਢੇ ਬਸਤੇ ਵਿਚ ਪਾਉਣ ਲਈ ਤਿਆਰ ਹੈ। ਸਰਸੰਘਚਾਲਕ ਮੋਹਨ ਭਾਗਵਤ ਨੇ ਮੋਦੀ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਬਾਅਦ ਸੰਸਾਰੀਕਰਨ ਖਿਲਾਫ਼ ਸਰਗਰਮ ਸਵਦੇਸ਼ੀ ਜਾਗਰਣ ਮੰਚ, ਭਾਰਤੀ ਮਜ਼ਦੂਰ ਸੰਘ ਅਤੇ ਭਾਰਤੀ ਕਿਸਾਨ ਸੰਘ ਵਰਗੇ ਸੰਗਠਨਾਂ 'ਤੇ ਕੇਂਦਰ ਸਰਕਾਰ ਖਿਲਾਫ਼ ਬੋਲਣ ਦੀ ਰੋਕ ਸਿਰਫ ਇਕ ਸਾਲ ਲਈ ਲਾਈ ਸੀ, ਪਰ ਹੁਣ ਇਹ ਰੋਕ ਵਧ ਚੁੱਕੀ ਹੈ। ਸਰਸੰਘਚਾਲਕ ਨੇ ਸਪਸ਼ਟ ਰੂਪ ਵਿਚ ਕਿਹਾ ਹੈ ਕਿ ਮੋਦੀ ਸਰਕਾਰ ਦੀ ਜਨਤਕ ਮੰਚਾਂ ਤੋਂ ਕੋਈ ਆਲੋਚਨਾ ਨਹੀਂ ਕੀਤੀ ਜਾਣੀ ਚਾਹੀਦੀ।

ਸੰਘ ਦੀ ਨਾਗਪੁਰ ਵਿਚਲੀ ਲੀਡਰਸ਼ਿਪ ਕਿੰਨੀਆਂ ਵੀ ਸਫ਼ਾਈਆਂ ਦੇਵੇ ਕਿ ਵੇਲਿੰਗਕਰ ਦੇ ਖਿਲਾਫ਼ ਭਾਜਪਾ ਵਿਰੋਧੀ ਸਰਗਰਮੀਆਂ ਕਰਨ ਕਰ ਕੇ ਕਾਰਵਾਈ ਨਹੀਂ ਹੋਈ, ਤਾਂ ਵੀ ਇਹ ਸਪਸ਼ਟ ਹੋ ਚੁੱਕਾ ਹੈ ਕਿ ਵੇਲਿੰਗਕਰ ਦੀ ਕਿਸਮਤ ਉਸੇ ਦਿਨ ਸੀਲ ਹੋ ਗਈ ਸੀ, ਜਦੋਂ ਉਨ੍ਹਾਂ ਦੇ ਸੋਇਮਸੇਵਕਾਂ ਨੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੂੰ ਕਾਲੇ ਝੰਡੇ ਵਿਖਾਏ ਸਨ। ਹੁਣ ਸਵਾਲ ਇਹ ਹੈ ਕਿ ਸੰਘ ਦੇ ਦੇਸ਼ ਭਰ ਵਿਚ ਫੈਲੇ ਸੋਇਮਸੇਵਕਾਂ ਵਿਚੋਂ ਕਿੰਨੇ ਵੇਲਿੰਗਕਰ ਦੇ ਨਕਸ਼ੇ-ਕਦਮ 'ਤੇ ਚੱਲਣਗੇ ਅਤੇ ਕਿੰਨੇ ਪਾਰੀਕਰ ਦੇ? ਸੋਇਮਸੇਵਕਾਂ ਦੇ ਸਰਕਾਰੀ ਸੇਵਕ ਬਣਨ ਦੇ ਅਮਲ ਦਾ ਅਧਿਐਨ ਕਰਨ ਲਈ ਇਹ ਵੇਖਣਾ ਦਿਲਚਸਪ ਹੋਵੇਗਾ।

*ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਦਿੱਲੀ ਵੱਸਦੇ ਲੇਖਕ ਗੁਰਬਚਨ ਸਿੰਘ ਭੁੱਲਰ ਚਲੰਤ ਮਾਮਲਿਆਂ ਬਾਰੇ ਵੀ ਗਾਹੇ-ਬਗਾਹੇ ਕਲਮ ਵਾਹੁੰਦੇ ਰਹਿੰਦੇ ਹਨ। ਪਿਛੇ ਜਿਹੇ ਭਾਰਤ ਅੰਦਰ ਅਸਹਿਣਸ਼ੀਲਤਾ ਖਿਲਾਫ ਉਠੀ ਸਾਹਿਤਕ ਲਹਿਰ ਵਿਚ ਵੀ ਉਨ੍ਹਾਂ ਪੰਜਾਬੀ ਵਾਲੇ ਖੇਤਰ ਵਿਚੋਂ ਮੋਹਰੀ ਰੋਲ ਨਿਭਾਇਆ ਸੀ। 'ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਨਿਰਾਦਰੀ' ਲੇਖ ਵਿਚ ਉਨ੍ਹਾਂ ਬੇਹੱਦ ਭਾਵਪੂਰਤ ਮੁੱਦੇ ਛੋਹੇ ਹਨ। ਉਨ੍ਹਾਂ ਦੀ ਇਹ ਟਿੱਪਣੀ ਭਾਵੇਂ ਪੰਜਾਬ ਕਲਾ ਪ੍ਰੀਸ਼ਦ ਦੇ ਮੁਖੀ ਦੀ ਚੋਣ ਦੇ ਸਿਲਸਿਲੇ ਵਿਚ ਕੀਤੀ ਗਈ ਹੈ, ਪਰ ਉਨ੍ਹਾਂ ਪੰਜਾਬ ਅਤੇ ਪੰਜਾਬੀ ਨੂੰ ਲਗਾਤਾਰ ਪੈ ਰਹੇ ਧੌਲ-ਧੱਫਿਆਂ ਬਾਰੇ ਗੱਲਾਂ, ਤੱਥਾਂ ਸਮੇਤ ਕੀਤੀਆਂ ਹਨ। ਉਨ੍ਹਾਂ ਦੀ ਲਿਖਤ ਦੀ ਇਹੋ ਖੂਬਸੂਰਤੀ ਹੁੰਦੀ ਹੈ ਕਿ ਇਸ ਵਿਚ ਤੱਥ ਤਾਂ ਬੋਲਦੇ ਹੀ ਹਨ, ਪਰ ਇਸ ਵਿਚ ਵਿਅੰਗ ਦਾ ਬਾਣ ਬਹੁਤ ਤਿੱਖਾ ਤੇ ਸੂਖਮ ਢੰਗ ਨਾਲ ਚਲਦਾ ਹੈ। ਫਲਸਰੂਪ, ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਦੇ ਜ਼ਿਹਨ ਅੰਦਰ ਸਹਿਜੇ ਹੀ ਲਹਿ-ਲਹਿ ਜਾਂਦੀਆਂ ਹਨ। -ਸੰਪਾਦਕ*

# ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਨਿਰਾਦਰੀ

ਪੰਜਾਬ ਕਲਾ ਪ੍ਰੀਸ਼ਦ ਦੀਆਂ ਤਿੰਨ-ਸਾਲਾ ਪਦਵੀਆਂ ਲਈ ਪੰਜਾਬ ਸਰਕਾਰ ਵਲੋਂ ਚੁਣੇ ਗਏ ਨਾਂਵਾਂ ਨੂੰ ਲੈ ਕੇ ਬਹਿਸ ਛਿੜ ਪਈ ਹੈ। ਖਾਸ ਕਰ ਕੇ ਬੀਬੀ ਸਤਿੰਦਰ ਸੱਤੀ ਦੇ ਨਾਂ ਨੂੰ ਲੈ ਕੇ ਲੋਕ ਹੈਰਾਨ ਹਨ। ਕਈ ਵੱਡੇ ਲੇਖਕਾਂ ਨੇ ਇਸ ਨਾਂ ਦੀ ਨੁਕਤਾਚੀਨੀ ਕੀਤੀ ਹੈ ਅਤੇ ਕਿਹਾ ਹੈ ਕਿ ਇਸ ਪਦਵੀ ਉਤੇ ਕੋਈ ਮੰਨਿਆ ਹੋਇਆ ਸਾਹਿਤਕਾਰ ਹੀ ਹੋਣਾ ਚਾਹੀਦਾ ਹੈ। ਇਸ ਸੰਬੰਧ ਵਿਚ ਡਾ. ਮਹਿੰਦਰ ਸਿੰਘ ਰੰਧਾਵਾ, ਕੁਲਵੰਤ ਸਿੰਘ ਵਿਰਕ, ਕਰਤਾਰ ਸਿੰਘ ਦੁੱਗਲ, ਦਲੀਪ ਕੌਰ ਟਿਵਾਣਾ ਜਿਹੇ ਪਹਿਲਾਂ ਰਹਿ ਚੁਕੇ ਮੁਖੀਆਂ ਦੀਆਂ ਮਿਸਾਲਾਂ ਦਿਤੀਆਂ ਜਾ ਰਹੀਆਂ ਹਨ। ਮੈਂ ਇਸ ਸਾਰੇ ਮਾਮਲੇ ਵਿਚ ਬੀਬੀ ਸੱਤੀ ਦਾ ਕੋਈ ਦੋਸ਼ ਨਹੀਂ ਮੰਨਦਾ। ਬਹੁਤ



**ਗੁਰਬਚਨ ਸਿੰਘ ਭੁੱਲਰ**
**ਫੋਨ: +1142502364**

ਸਾਰੇ ਬਸ ਡਰਾਈਵਰ ਅਜਿਹੇ ਮਿਲ ਜਾਣਗੇ ਜੋ ਹਵਾਈ ਜਹਾਜ਼ ਦੇ ਪਾਇਲਟ ਲੱਗਣ ਵਾਸਤੇ ਬੇਝਿਜਕ ਹਾਮੀ ਭਰ ਦੇਣਗੇ। ਇਸ ਬੇਨੇਮੇ ਤੇ ਬੇਅਸੂਲੇ ਜ਼ਮਾਨੇ ਵਿਚ ਅਜਿਹੀ 'ਤਰੱਕੀ' ਕੌਣ ਨਹੀਂ ਚਾਹੁੰਦਾ! ਮੈਂ ਸੱਤੀ ਦੇ ਇਸ ਬਿਆਨ ਨਾਲ ਸਹਿਮਤ ਹਾਂ ਕਿ "ਮੈਂ ਆਪਣਾ ਸਰਬੋਤਮ ਦੇਣ ਦੀ ਕੋਸ਼ਿਸ਼ ਕਰਾਂਗੀ ਤੇ ਆਲੋਚਕਾਂ ਨੂੰ ਮੇਰੀ ਸਖ਼ਤ ਮਿਹਨਤ ਹੀ ਜਵਾਬ ਦੇਵੇਗੀ।"

ਇਥੇ ਇਹ ਚਿਤਾਰਨਾ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਪਹਿਲੀਆਂ ਸਰਕਾਰਾਂ ਵੀ ਕਈ ਵਾਰ ਆਪਣੇ ਕਿਸੇ ਮਨਚਾਹੇ ਬੰਦੇ ਨੂੰ ਸਾਹਿਤਕ-ਸਭਿਆਚਾਰਕ ਪਦਵੀ ਉਤੇ ਲਾਉਂਦੀਆਂ ਰਹੀਆਂ ਹਨ ਪਰ ਉਹ ਇਹ ਧਿਆਨ ਜ਼ਰੂਰ ਰਖਦੀਆਂ ਸਨ ਕਿ ਬੰਦਾ ਭਾਵੇਂ ਆਪਣਾ ਹੋਵੇ ਪਰ ਉਸ ਦੀ ਕਲਮੀ ਦੇਣ ਏਨੀ ਕੁ ਜ਼ਰੂਰ ਹੋਵੇ ਕਿ ਇਸ ਪਖੋਂ ਕੋਈ ਉਸ ਵੱਲ ਉਂਗਲ ਨਾ ਕਰ ਸਕੇ। ਸਰਦਾਰ ਅੰਜੁਮ ਇਕ ਅਜਿਹੀ ਮਿਸਾਲ ਹੈ। ਪਰ ਹੁਣ ਵਾਲ਼ੇ ਵਿਚਾਰਧਾਰਕ ਢਾਂਚੇ ਵਿਚ ਜਮਹੂਰੀ ਰਾਜਿਆਂ ਦੀ ਸੋਚ ਇਹ ਹੈ ਕਿ ਅਸੀਂ ਜਿਸ ਗੂੰਗੇ ਦੇ ਸਿਰ ਉਤੇ ਹੱਥ ਰੱਖ ਦੇਵਾਂਗੇ, ਉਹ ਮੰਤਰ-ਸ਼ਲੋਕ ਉਚਾਰਨ ਲੱਗ ਪਵੇਗਾ! ਇਸ ਸੰਬੰਧ ਵਿਚ ਕੇਂਦਰ ਸਰਕਾਰ ਦੀਆਂ ਅਨਗਿਣਤ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ ਜਿਥੇ ਸਿਰਫ਼ ਸੱਤਾ ਨਾਲ ਉਮੀਦਵਾਰ ਦੀ ਨੇੜਤਾ ਨੂੰ ਇਕੋ-ਇਕ ਨਿਰਣਈ ਜੋਗਤਾ ਸਮਝਿਆ ਗਿਆ ਹੈ, ਸਾਹਿਤਕ-ਸਭਿਆਚਾਰਕ ਦੇਣ ਵਾਧੂ-ਬੇਲੋੜੀ ਚੀਜ਼ ਬਣ ਕੇ ਰਹਿ ਗਈ ਹੈ। ਮਿਸਾਲ ਵਜੋਂ ਜਦੋਂ ਫ਼ਿਲਮ ਤੇ ਟੈਲੀਵਿਯਨ ਇੰਸਟੀਚਿਊਟ ਦਾ ਮੁਖੀ ਸਿਰਫ਼ 'ਭਗਤ' ਹੋਣ ਕਰਕੇ ਤੀਜੀ ਕੋਟੀ ਦਾ ਠੁੱਸ ਐਕਟਰ ਗਜੇਂਦਰ ਚੌਹਾਨ ਲਾਇਆ ਗਿਆ ਸੀ, ਸੰਬੰਧਿਤ ਖੇਤਰਾਂ ਦੇ ਲੋਕਾਂ ਨੇ ਅਜਿਹਾ ਹੀ ਵਿਰੋਧ ਕੀਤਾ ਸੀ ਤੇ ਚੌਹਾਨ ਨੇ ਸੱਤੀ ਵਾਲ਼ਾ ਹੀ ਬਿਆਨ ਦਿਤਾ ਸੀ।

ਪਰ ਇਥੇ ਇਹ ਜ਼ਰੂਰ ਯਾਦ ਰੱਖਣਾ ਚਾਹੀਦਾ ਹੈ ਕਿ ਕਾਂਗਰਸੀਆਂ ਤੇ ਖਾਸ ਕਰ ਕੇ ਕਮਿਊਨਿਸਟਾਂ ਦੀ ਸਾਹਿਤ-ਸਭਿਆਚਾਰ ਨਾਲ ਵਾਹ ਦੀ ਸ਼ਾਨਦਾਰ ਪ੍ਰੰਪਰਾ ਰਹੀ ਹੈ। ਆਪਣੀਆਂ ਸਫ਼ਾਂ ਵਿਚ ਸਦਾ ਹੀ ਬੇਮਿਸਾਲ ਕਲਮਾਂ ਵਾਲ਼ੇ ਸ਼ਾਮਲ ਰਹੇ ਹੋਣ ਦਾ ਉਹਨਾਂ ਨੂੰ ਵਾਜਬ ਮਾਣ ਰਿਹਾ ਹੈ। ਗਾਂਧੀ-ਨਹਿਰੂ ਤੋਂ ਤੁਰੀ ਕਾਂਗਰਸ ਦੀ ਸ਼ਬਦੀ ਪ੍ਰੰਪਰਾ ਅੱਜ ਵੀ ਸ਼ਸ਼ੀ ਥਰੂਰ ਤੇ ਸਲਮਾਨ ਖ਼ੁਰਸ਼ੀਦ ਜਿਹਿਆਂ ਦੀਆਂ ਕਲਮਾਂ ਰਾਹੀਂ ਉਜਾਗਰ ਹੁੰਦੀ ਰਹਿੰਦੀ ਹੈ। ਕਮਿਊਨਿਸਟਾਂ ਦਾ ਤਾਂ ਸਾਹਿਤ-ਸਭਿਆਚਾਰ ਨਾਲ ਅਜਿਹਾ ਅਟੁੱਟ ਤੇ ਸੰਘਣਾ ਨਾਤਾ ਰਿਹਾ ਹੈ ਤੇ ਸਿਆਸੀ ਨਿਵਾਣ ਦੇ ਬਾਵਜੂਦ ਅੱਜ ਵੀ ਕਾਇਮ ਹੈ ਕਿ ਦੇਸ ਦੀ ਹਰ ਭਾਸ਼ਾ ਦੇ ਪ੍ਰਮੁੱਖ ਨਾਂ ਇਸ ਲਹਿਰ ਦਾ ਮਾਣ ਬਣਦੇ ਰਹੇ ਹਨ। ਸਾਹਿਤ, ਭਾਸ਼ਾ, ਨਾਟਕ ਤੇ ਫਿਲਮਾਂ ਜਿਹੇ ਖੇਤਰਾਂ ਦੇ ਕੌਮਾਤਰੀ ਪ੍ਰਸਿੱਧੀ ਵਾਲ਼ੇ ਨਾਂ ਖੱਬੀ ਲਹਿਰ ਨਾਲ ਜੁੜਦੇ ਰਹੇ ਹਨ ਤੇ ਉਹਨੇ ਪੈਦਾ ਵੀ ਕੀਤੇ ਹਨ। ਜੇ ਅਜੋਕੇ ਪੰਜਾਬੀ ਸਾਹਿਤ ਦੀ ਗੱਲ ਹੀ ਕਰੀਏ, ਗੁਰਬਖ਼ਸ਼ ਸਿੰਘ, ਹੀਰਾ ਸਿੰਘ ਦਰਦ, ਸੰਤ ਸਿੰਘ ਸੇਖੋਂ, ਸੁਜਾਨ ਸਿੰਘ ਤੇ ਸੰਤੋਖ ਸਿੰਘ ਧੀਰ ਤੋਂ ਲੈ ਕੇ ਅਨੇਕ ਨਾਂ ਗਿਣਵਾਏ ਜਾ ਸਕਦੇ ਹਨ ਜਿਨ੍ਹਾਂ ਦੀ ਸਾਹਿਤਕ ਹੈਸੀਅਤ ਉਤੇ ਕਿਸੇ ਵਿਚਾਰਧਾਰਕ ਵਿਰੋਧੀ ਲਈ ਵੀ ਕਿੰਤੂ-ਪ੍ਰੰਤੂ ਕਰਨਾ ਸੰਭਵ ਨਹੀਂ।

ਇਹਦੇ ਉਲਟ ਕੇਂਦਰ ਤੇ ਪੰਜਾਬ ਦੀਆਂ ਵਰਤਮਾਨ ਸਰਕਾਰਾਂ ਦੇ ਭਾਂਡੇ ਬਿਲਕੁਲ ਖਾਲੀ ਹਨ। ਏਨਾ ਹੀ ਨਹੀਂ, ਉਹਨਾਂ ਦੀ ਸੋਚ ਵਿਚ



*ਚੰਡੀਗੜ੍ਹ ਦਾ ਪੰਜਾਬ ਕਲਾ ਭਵਨ ਜਿਥੋਂ ਪੰਜਾਬ ਕਲਾ ਪ੍ਰੀਸ਼ਦ ਦੀ ਅਗਵਾਈ ਹੇਠ ਤਿੰਨ ਅਕਾਦਮੀਆਂ ਚਲਦੀਆਂ ਹਨ।*

ਸਾਹਿਤ-ਸਭਿਆਚਾਰ ਵਾਸਤੇ ਅਜੀਬ ਕਿਸਮ ਦਾ ਤ੍ਰਿਸਕਾਰ ਹੈ। ਇਨਾਮ-ਵਾਪਸੀ ਤੋਂ ਮਗਰੋਂ ਅਸਹਿਣਸ਼ੀਲਤਾ ਬਾਰੇ ਟੀਵੀ ਬਹਿਸਾਂ ਵਿਚ ਹਿੱਸਾ ਲੈਣ ਦਾ ਸਬੱਬ ਬਣਨ ਸਮੇਂ ਇਕ ਵਾਰ ਇਕ ਚੈਨਲ ਦੇ ਉਡੀਕ-ਕਮਰੇ ਵਿਚ ਬੈਠਿਆਂ ਮੈਂ ਆਪਣੇ ਨਾਲ ਕਾਫ਼ੀ ਖੁੱਲ੍ਹ ਗਏ ਇਕ ਭਗਵੇਂ ਬੁਲਾਰੇ ਨਾਲ ਗੱਲਾਂ ਕਰ ਰਿਹਾ ਸੀ। ਮੈਂ ਨੈਸ਼ਨਲ ਬੁਕ ਟਰੱਸਟ ਦੇ ਮੁਖੀ ਲਾਏ ਗਏ ਆਰ. ਐਸ. ਐਸ. ਦੇ ਬਲਦੇਵ ਭਾਈ ਦੇ ਹਵਾਲੇ ਨਾਲ ਕਿਹਾ ਕਿ ਅਸਾਹਿਤਕ ਬੰਦਾ ਅਜਿਹੀ ਅਹਿਮ ਸਾਹਿਤਕ ਪਦਵੀ ਉਤੇ ਲਾਉਣ ਦੀ ਥਾਂ ਤੁਸੀਂ ਲਾ ਤਾਂ ਕੋਈ ਭਗਵਾਂ ਹੀ ਲੈਂਦੇ ਪਰ ਘੱਟੋ-ਘੱਟ ਮਾੜਾ-ਮੋਟਾ ਲੇਖਕ ਤਾਂ ਹੁੰਦਾ। ਉਹ ਮੁਸਕਰਾ ਕੇ ਕਹਿੰਦਾ, "ਲਿਆਈਏ ਕਿਥੋਂ?" ਬਿਲਕੁਲ ਇਹੋ ਗੱਲ ਅਕਾਲੀ ਸਰਕਾਰ ਉਤੇ ਢੁਕਦੀ ਹੈ। ਮੈਂ ਨਹੀਂ ਸਮਝਦਾ, ਸਾਡੇ ਮੁੱਖ ਮੰਤਰੀ, ਉਪ ਮੁੱਖ ਮੰਤਰੀ, ਕਿਸੇ ਹੋਰ ਮੰਤਰੀ ਜਾਂ ਜਥੇਦਾਰ ਨੇ ਕਦੀ ਕੋਈ ਸਾਹਿਤਕ ਪੁਸਤਕ ਖੋਲ੍ਹਣ ਦੀ ਲੋੜ ਸਮਝੀ ਹੋਵੇਗੀ। ਬਠਿੰਡੇ ਦੇ ਕਬੱਡੀ ਕੱਪਾਂ ਵੇਲ਼ੇ ਤੁਸੀਂ ਬਾਦਲ ਪਿਓ-ਪੁੱਤਰ ਨੂੰ ਮੂਹਰਲੇ ਸੋਫ਼ੇ ਉਤੇ ਇਕੱਠੇ ਬੈਠ ਕੇ ਕੈਟਰੀਨਾ ਕੈਫ਼ ਤੇ ਕਰੀਨਾ ਕਪੂਰ ਦੀ 'ਕਲਾ' ਮਾਣਦਿਆਂ ਤਾਂ ਦੇਖਿਆ ਹੋਵੇਗਾ ਪਰ ਕੀ ਕਦੀ ਕਿਸੇ ਨਾਟਕ, ਕਵੀ ਦਰਬਾਰ, ਕਹਾਣੀ ਦਰਬਾਰ ਜਾਂ ਭਾਸ਼ਾਈ-ਸਾਹਿਤਕ ਗੋਸ਼ਟੀ ਨੂੰ ਗਹੁ ਨਾਲ ਸੁਣਦਿਆਂ ਦੇਖਿਆ ਹੈ?

ਪੰਜਾਬੀ ਦੇ ਨਾਅਰੇ ਨਾਲ ਬਣੇ ਸੂਬੇ ਵਿਚ ਪੰਜਾਬੀ ਦੇ ਸਭ ਤੋਂ ਵੱਡੇ ਮੁਦਈ ਹੋਣ ਦੇ ਝੂਠੇ ਨੌਟੰਕੀਬਾਜ਼ ਅਕਾਲੀ ਦਲ ਦੀ ਜਦੋਂ ਵੀ ਸਰਕਾਰ ਬਣੀ ਹੈ, ਪੰਜਾਬੀ ਭਾਸ਼ਾ ਤੇ ਸਾਹਿਤ ਦਾ ਘੋਰ ਅਪਮਾਨ ਤੇ ਬੇਹੱਦ ਨੁਕਸਾਨ ਹੋਇਆ ਹੈ। ਇਹ ਵੀਹ ਸਾਲ ਪਹਿਲਾਂ ਦੀ ਅਕਾਲੀ ਸਰਕਾਰ ਹੀ ਸੀ ਜਿਸ ਨੇ ਪੰਜਾਬ ਵਿਚ ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜ੍ਹਾਉਣ ਦਾ ਤੋਤਾ ਸਿੰਘੀ ਫ਼ੈਸਲਾ ਲਿਆ ਸੀ। ਏਨਾ ਹੀ ਨਹੀਂ, ਪੰਜਾਬੀ ਪਿਆਰਿਆਂ ਦੇ ਨੱਕ ਉਤੇ ਮੁੱਕਾ ਮਾਰਨ ਵਾਸਤੇ ਅਤੇ ਪੰਜਾਬੀ ਨੂੰ ਰਾਜਭਾਸ਼ਾ ਬਣਾਉਣ ਦਾ ਅਕਾਲੀਆਂ ਤੇ ਕਾਂਗਰਸੀਆਂ ਲਈ ਲਾਅਨਤੀ ਫ਼ੈਸਲਾ ਲੈ ਕੇ ਮਾਂ-ਬੋਲੀ ਦੇ ਇਤਿਹਾਸ ਵਿਚ ਅਮਰ ਹੋਏ ਲਛਮਣ ਸਿੰਘ ਗਿੱਲ ਤੋਂ ਸਿਆਸੀ ਬਦਲਾ ਲੈਣ ਵਾਸਤੇ ਅਕਾਲੀ ਸਰਕਾਰ ਨੇ ਇਸ ਫ਼ੈਸਲੇ ਦਾ ਐਲਾਨ ਵੀ ਉਹਦੇ ਪਿੰਡ ਚੂਹੜਚੱਕ ਉਹਦੇ ਸਿਵੇ ਉਤੇ ਖਲੋ ਕੇ ਕੀਤਾ ਸੀ। ਕੀ ਸੰਗਤ ਦਰਸ਼ਨ ਦੇ ਨਾਂ ਉਤੇ ਸਾਰੇ ਪੰਜਾਬ ਦੇ ਹਰਾਸੇ-ਨਿਰਾਸੇ ਧੌਲ-ਦਾੜ੍ਹੀਏ ਬਜ਼ੁਰਗਾਂ, ਮਾਈਆਂ ਤੇ ਵਿਧਵਾਵਾਂ ਦੇ ਜੁੜੇ ਹੋਏ ਅਪਮਾਣਿਤ ਹੱਥਾਂ ਵਿਚ, ਅਸੂਲਨ ਬੈਂਕ ਜਾਂ ਡਾਕ ਰਾਹੀਂ ਉਹਨਾਂ ਦੇ ਘਰ ਪਹੁੰਚਣਾ ਚਾਹੀਦਾ ਚੈੱਕ, ਨਿੱਜੀ ਭੀਖ ਵਾਂਗ ਸੁੱਟਣ ਵਾਲ਼ੇ ਮੁੱਖ ਮੰਤਰੀ ਜੀ ਦੱਸਣਗੇ ਕਿ ਵੀਹ ਸਾਲ ਪਹਿਲਾਂ ਸੈਂਕੜੇ ਪੰਜਾਬੀ ਲੇਖਕਾਂ ਸਾਹਮਣੇ ਚੰਡੀਗੜ੍ਹ ਦੇ ਇਕ ਹਾਲ ਵਿਚ ਕੀਤਾ ਮੁਹਾਲੀ ਵਿਚ ਦਫ਼ਤਰੀ ਪਲਾਟ ਦੇਣ ਦਾ ਇਕਰਾਰ ਅੱਜ ਤੱਕ ਪੂਰਾ ਕਿਉਂ ਨਹੀਂ ਕੀਤਾ? ਕੀ ਉਹ ਦੱਸਣਗੇ ਕਿ ਬੀਬੀ ਉਪਿੰਦਰਜੀਤ ਕੌਰ ਦੇ ਮੰਤਰੀ ਕਾਲ ਵਿਚ ਕੇਂਦਰੀ ਲੇਖਕ ਸਭਾਵਾਂ ਅਤੇ ਲੁਧਿਆਣਾ ਅਕਾਦਮੀ ਲਈ ਐਲਾਨੀ ਗਈ ਮਾਇਆ ਅੱਜ ਤੱਕ ਕਿਉਂ ਨਹੀਂ ਦਿਤੀ ਗਈ? ਹੋਰ ਤਾਂ ਹੋਰ, 2010 ਵਿਚ ਲੇਖਕਾਂ ਦੇ ਨੁਮਾਇੰਦਿਆਂ ਨਾਲ ਇਕ ਬੈਠਕ ਵਿਚ ਬਾਦਲ ਸਾਹਿਬ ਨੇ ਮਾਇਆ ਦੇਣ ਦਾ ਜੋ ਇਕਰਾਰ ਆਪਣੇ ਮੂੰਹੋਂ ਕੀਤਾ ਸੀ, ਉਹ ਵੀ ਪੂਰਾ ਕਿਉਂ ਨਹੀਂ ਹੋਇਆ?

ਪੰਜਾਬ ਵਿਚ ਪੰਜਾਬੀ ਮਾਂ ਨੂੰ ਪੈ ਰਹੇ ਧੌਲ-ਧੱਫਿਆਂ ਦੀ ਸਭ ਤੋਂ ਵਧੀਆ ਮਿਸਾਲ ਭਾਸ਼ਾ ਵਿਭਾਗ ਦੀ ਘੁਮਿਆਰ-ਵਿਹੜੇ ਵਾਲ਼ੀ ਦੁਰਦਸ਼ਾ ਹੈ। ਚਾਹੀਦਾ ਇਹ ਸੀ ਕਿ ਜੇ ਕੋਈ ਪੰਜਾਬੀ ਪਿਆਰਾ ਪਟਿਆਲੇ ਦੇ ਵੀਹ ਵੀਹ ਕੋਹ ਦੂਰੋਂ ਲੰਘ ਰਿਹਾ ਹੋਵੇ, ਉਹਦੀ ਮੁਹਾਰ ਭਾਸ਼ਾ ਵਿਭਾਗ ਵਿਚ



*ਸਤਿੰਦਰ ਸੱਤੀ*

ਹੋ ਕੇ ਜਾਣ ਲਈ ਆਪਮੁਹਾਰੇ ਇਧਰ ਮੁੜ ਜਾਵੇ। ਹਾਲਤ ਇਹ ਹੈ ਕਿ ਸ਼ੇਰਾਂਵਾਲਾ ਗੇਟ ਕੋਲੋਂ ਲੰਘਦੇ ਲੇਖਕ ਦਾ ਮਨ ਵੀ ਉਥੇ ਜਾਣ ਨੂੰ ਨਹੀਂ ਕਰਦਾ ਕਿਉਂਕਿ "ਲਗਤਾ ਨਹੀਂ ਹੈ ਜੀਅ ਮੇਰਾ ਉਜੜੇ ਦਿਆਰ ਮੇਂ!" ਭਾਸ਼ਾ ਵਿਭਾਗ ਦਹਾਕਿਆਂ ਤੋਂ ਨਿਵਾਣ ਵੱਲ ਤਿਲ੍ਹਕਦਾ ਆਖ਼ਰ ਉਜਾੜੇ ਤੱਕ ਪਹੁੰਚ ਗਿਆ ਹੈ। ਸਾਲਾਂ ਤੋਂ ਸੇਵਾਮੁਕਤ ਹੁੰਦੇ ਮੁਲਾਜ਼ਮ ਦੀ ਥਾਂ ਨਵਾਂ ਨਾ ਰੱਖੇ ਜਾਣ ਕਰਕੇ ਕਰਮਚਾਰੀਆਂ ਦੀ ਗਿਣਤੀ ਅੱਧੀ ਵੀ ਨਹੀਂ ਰਹੀ। ਪੈਸਾ ਨਾ ਮਿਲਣ ਕਰਕੇ ਕੋਈ ਕੰਮ ਨਹੀਂ ਹੋ ਰਿਹਾ। ਬਚੇ-ਖੁਚੇ ਮੁਲਾਜ਼ਮਾਂ ਦੀ 'ਡਿਊਟੀ' ਵਿਹਲ ਦੇ ਅਕੇਵੇਂ ਦੀਆਂ ਉਬਾਸੀਆਂ ਲੈਣਾ ਰਹਿ ਗਈ ਹੈ। ਵਿਭਾਗ ਦੇ ਜ਼ਿਲਾ ਦਫ਼ਤਰ ਵੀ ਸੇਵਾਮੁਕਤੀ ਕਾਰਨ ਖਾਲੀ ਹੋਈਆਂ ਥਾਂਵਾਂ ਨਾ ਭਰੇ ਜਾਣ ਕਰਕੇ ਜਾਂ ਬੰਦ ਹੋ ਗਏ ਹਨ ਜਾਂ ਉਜੜੇ ਪਏ ਹਨ। ਕਈ ਦਫ਼ਤਰ ਖੋਲ੍ਹਣ ਦੀ ਕਿਰਪਾ ਬਾਕੀ ਬਚੇ ਸੇਵਾਦਾਰ ਜਾਂ ਸਫ਼ਾਈ-ਸੇਵਕ ਕਰਦੇ ਹਨ।

ਜੇ ਪੰਜਾਬੀ ਬੋਲੀ ਤੇ ਸਾਹਿਤ-ਸਭਿਆਚਾਰ ਸਰਕਾਰ ਦੀ ਕਿਸੇ ਗਿਣਤੀ-ਮਿਣਤੀ ਵਿਚ ਹੁੰਦੇ, ਪੰਜਾਬੀ ਸੂਬੇ ਦੀ ਪੰਜਾਹਵੀਂ ਵਰ੍ਹੇਗੰਢ ਬੜੀ ਧੂਮਧਾਮ ਨਾਲ ਮਨਾਈ ਜਾਣੀ ਚਾਹੀਦੀ ਸੀ। ਪਰ ਹਾਲਤ ਇਹ ਹੈ ਕਿ ਭਾਸ਼ਾ ਵਿਭਾਗ ਦੀ ਡਾਇਰੈਕਟਰ ਬੀਬੀ ਦਾ ਕਹਿਣਾ ਹੈ ਕਿ ਉਹਨੂੰ ਵਰ੍ਹੇਗੰਢ ਬਾਰੇ ਕੋਈ ਸਰਕਾਰੀ ਇਤਲਾਹ ਨਹੀਂ ਕਿ ਇਹ ਦਿਨ ਮਨਾਉਣਾ ਹੈ ਕਿ ਨਹੀਂ ਤੇ ਜੇ ਮਨਾਉਣਾ ਹੈ ਤਾਂ ਕਿਸ ਰੂਪ ਵਿਚ ਮਨਾਉਣਾ ਹੈ। ਉਹਦਾ ਰੋਣਾ ਹੈ ਕਿ ਉਸ ਕੋਲ ਕਿਸੇ ਸਮਾਗਮ ਲਈ ਫੁੱਟੀ ਕੌਡੀ ਵੀ ਨਹੀਂ ਹੈ ਅਤੇ 17 ਅਗਸਤ ਨੂੰ ਰਾਜ ਪੱਧਰੀ ਸੰਸਕ੍ਰਿਤ ਦਿਵਸ ਦਾ ਹਜ਼ਾਰਾਂ ਰੁਪਏ ਦਾ ਖ਼ਰਚ ਉਹਨੇ ਆਪਣੀ ਜੇਬ ਵਿਚੋਂ ਕੀਤਾ ਹੈ ਤੇ 14 ਸਤੰਬਰ ਦਾ ਹਿੰਦੀ ਦਿਵਸ ਮਨਾਉਣ ਬਾਰੇ ਆਪਣੀ ਖਾਲੀ ਨਿੱਜੀ ਜੇਬ ਵੱਲ ਦੇਖ ਕੇ ਝੂਰ ਰਹੀ ਹੈ।

ਪੰਜਾਬ ਦੀਆਂ ਲਾਇਬਰੇਰੀਆਂ ਦੀ ਦੁਰਦਸ਼ਾ ਸਰਕਾਰ ਦੇ ਰਵਈਏ ਦੀ ਇਕ ਹੋਰ ਗਵਾਹੀ ਹੈ। ਜ਼ਿਲਾ, ਪਬਲਿਕ ਤੇ ਕਾਲਜੀ ਲਾਇਬਰੇਰੀਅਨਾਂ ਦੀਆਂ 96 ਵਿਚੋਂ 73 ਅਤੇ ਰੀਸਟੋਰਰਾਂ ਦੀਆਂ 72 ਵਿਚੋਂ 47 ਥਾਂਵਾਂ ਖਾਲੀ ਪਈਆਂ ਹਨ। ਸਰਕਾਰੀ ਕਾਲਜਾਂ ਦੇ ਲਾਇਬਰੇਰੀਅਨਾਂ ਦੀਆਂ 48 ਵਿਚੋਂ 34 ਥਾਂਵਾਂ ਖਾਲੀ ਹਨ ਅਤੇ 19 ਵਿਚ ਤਾਂ ਰੀਸਟੋਰਰ ਵੀ ਨਾ ਹੋਣ ਕਰਕੇ ਦਰਜਾ ਚਾਰ ਕਰਮਚਾਰੀ ਮੋਰਚਾ ਸੰਭਾਲਦੇ ਹਨ। ਹੁਣ ਸਰਕਾਰ ਨੇ ਇਹ ਮਸਲਾ ਹੱਲ ਕਰਨ ਦਾ ਵਧੀਆ ਨਵਾਂ ਤਰੀਕਾ ਸੋਚਿਆ ਹੈ ਅਤੇ ਮਲੇਰਕੋਟਲਾ, ਅਮਰਗੜ੍ਹ ਤੇ ਜਲਾਲਾਬਾਦ ਵਿਚ ਨਵੇਂ ਖੋਲ੍ਹੇ ਕਾਲਜਾਂ ਵਿਚ ਲਾਇਬਰੇਰੀਅਨ ਦੀ ਆਸਾਮੀ ਦਾ ਝੰਜਟ ਹੀ ਮੁਕਾ ਦਿੱਤਾ ਹੈ। 14 ਜ਼ਿਲਾ ਲਾਇਬਰੇਰੀਆਂ ਵਿਚੋਂ ਵੀ 10 ਵਿਚ ਲਾਇਬਰੇਰੀਅਨ ਨਹੀਂ ਹਨ।

ਸਭਿਆਚਾਰਕ ਖੇਤਰ ਦੀ ਇਕ ਮਿਸਾਲ ਦਿਤੇ ਬਿਨਾਂ ਸਾਡੀ ਗੱਲ ਪੂਰੀ ਨਹੀਂ ਹੋਣੀ। ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ ਅਹਿਮਦਾਬਾਦ ਜਿਹੀ ਪ੍ਰਮਾਣਿਕ ਸੰਸਥਾ ਦੇ ਖੋਜਾਰਥੀਆਂ ਨੇ ਅਪਰੈਲ 2015 ਤੋਂ ਮਈ 2016 ਤੱਕ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚੋਂ 18-25 ਉਮਰ-ਜੁੱਟ ਵਿਚ 136 ਮੁੰਡਿਆਂ ਤੇ 64 ਕੁੜੀਆਂ ਨੂੰ ਆਪਣੀ ਆਪਣੀ ਪਸੰਦ ਦੇ ਪੰਜਾਹ ਪੰਜਾਬੀ ਗੀਤਾਂ ਦੀ ਪੈੱਨਡਰਾਈਵ ਦੇਣ ਵਾਸਤੇ ਕਿਹਾ। ਇਉਂ ਮਿਲੇ 2,000 ਗੀਤਾਂ ਵਿਚੋਂ 1,200 ਵਿਚ ਨਸ਼ਿਆਂ ਤੇ ਹਿੰਸਾ ਦਾ ਜ਼ਿਕਰ ਸੀ। 60 ਫ਼ੀਸਦੀ ਵਿਦਿਆਰਥੀ ਨਸ਼ਿਆਂ ਤੇ ਹਿੰਸਾ ਦੀ ਉਸਤਤ ਵਾਲੇ ਤੇ ਔਰਤ ਦੀ ਕਾਮੁਕ ਪੇਸ਼ਕਾਰੀ ਵਾਲ਼ੇ ਗੀਤ ਅਤੇ ਉਹਨਾਂ ਨਾਲ ਉਤੇਜਿਤ ਕਰਨ ਵਾਲੀ ਵੀਡੀਓਗ੍ਰਾਫ਼ੀ ਮਾਣਦੇ ਸਨ। ਸਾਰੇ ਵੇਰਵੇ ਨੂੰ ਘੋਖ ਕੇ ਉਹਨਾਂ ਵਿਚੋਂ ਹਰ ਵਿਦਿਆਰਥੀ ਦੀ ਔਰਤਾਂ, ਨਸ਼ਿਆਂ ਤੇ ਹਿੰਸਾ ਬਾਰੇ ਸੋਚ ਪੂਰੀ ਤਰ੍ਹਾਂ ਵਿਗਿਆਨਕ ਢੰਗ ਨਾਲ ਜਾਣਨ ਦੀ ਕੋਸ਼ਿਸ਼ ਕੀਤੀ ਗਈ। ਨਸ਼ਿਆਂ ਵਿਚ ਕੁੜੀਆਂ ਤੇ ਮੁੰਡਿਆਂ ਦੀ ਰੁਚੀ ਬਰਾਬਰ ਦੀ ਸੀ, ਹਿੰਸਾ ਦੀ ਰੁਚੀ ਕੁੜੀਆਂ ਵਿਚੋਂ ਗ਼ੈਰਹਾਜ਼ਰ ਸੀ ਅਤੇ, ਹੈਰਾਨੀ ਦੀ ਗੱਲ, ਔਰਤ ਵੱਲ ਨਾਂਹਪੱਖੀ ਨਜ਼ਰੀਆ ਦੋਵਾਂ ਦਾ ਸਾਂਝਾ ਸੀ। ਇਹ ਹੈ ਉਹ ਸਭਿਆਚਾਰ ਜੋ ਬਾਦਲ ਸਰਕਾਰ ਦੇ ਨੱਕ ਹੇਠ ਗੱਭਰੂਆਂ ਤੇ ਮੁਟਿਆਰਾਂ ਨੂੰ ਪਰੋਸਿਆ ਜਾ ਰਿਹਾ ਹੈ।

ਅਖ਼ਬਾਰਾਂ ਵਿਚ ਪੂਰੇ ਪੰਨੇ ਜਿੱਡੇ ਏਕੇ ਨਾਲ ਸੁਖਬੀਰ ਸਿੰਘ ਬਾਦਲ ਦੀ ਮੁਸਕਰਾਉਂਦੀ ਤਸਵੀਰ ਵਾਲ਼ੇ ਵੱਖ ਵੱਖ ਖੇਤਰਾਂ ਵਿਚ ਪੰਜਾਬ ਨੂੰ ਭਾਰਤ ਦਾ ਨੰਬਰ ਇਕ ਸੂਬਾ ਐਲਾਨਦੇ ਹੋਏ ਇਸ਼ਤਿਹਾਰ ਛਪਦੇ ਰਹਿੰਦੇ ਹਨ। ਪਤਾ ਨਹੀਂ ਕਿਉਂ ਬਾਦਲ ਅਕਾਲੀ ਦਲ ਦੇ ਪ੍ਰਧਾਨ ਸ੍ਰੀਮਾਨ ਉਪ ਮੁੱਖ ਮੰਤਰੀ ਜੀ ਅਤੇ ਉਹਦੇ ਸਲਾਹਕਾਰਾਂ ਨੂੰ ਉਸ ਪ੍ਰਾਪਤੀ ਦਾ ਇਸ਼ਤਿਹਾਰ ਦੇਣਾ ਕਿਉਂ ਨਹੀਂ ਸੁੱਝਿਆ ਜਿਸ ਪੱਖੋਂ ਪੰਜਾਬ ਭਾਰਤ ਦਾ ਹੀ ਨੰਬਰ ਇਕ ਨਹੀਂ ਸਗੋਂ ਦੁਨੀਆ ਦਾ ਇਕੋ-ਇਕ ਖਿੱਤਾ ਹੈ। ਪੂਰੀ ਦੁਨੀਆ ਵਿਚ ਸਿਰਫ਼ ਪੰਜਾਬ ਹੀ ਹੈ ਜਿਥੋਂ ਦੇ ਸਕੂਲਾਂ ਵਿਚ ਮਾਂ-ਬੋਲੀ ਬੋਲਣ ਦੀ ਕਾਨੂੰਨਨ ਮਨਾਹੀ ਹੈ ਅਤੇ ਪੰਜਾਬੀ ਬੋਲਣ ਵਾਲ਼ੇ ਵਿਦਿਆਰਥੀਆਂ ਨੂੰ ਸਜ਼ਾ ਦਿਤੀ ਜਾਂਦੀ ਹੈ। ਹੁਣ ਪੰਜਾਬੀ ਵਿਰੋਧੀ ਸਾਜ਼ਿਸ਼ੀਏ ਇਸ ਤੋਂ ਅੱਗੇ ਵਧ ਕੇ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ "ਚੰਗੀ ਪੜ੍ਹਾਈ ਦੇ ਹਿਤ ਵਿਚ" ਉਹਨਾਂ ਨਾਲ ਪੰਜਾਬੀ ਨਾ ਬੋਲਣ ਦਾ ਹੁਕਮ ਭੇਜਦੇ ਹਨ। ਇਉਂ ਅਕਾਲੀ ਸਰਕਾਰ ਦੀ ਸਹਿਮਤੀ ਨਾਲ ਪੰਜਾਬ ਦੇ ਸਕੂਲਾਂ ਤੋਂ ਮਗਰੋਂ ਘਰਾਂ ਵਿਚੋਂ ਵੀ ਪੰਜਾਬੀ ਨੂੰ ਬੇਦਖ਼ਲ ਕੀਤਾ ਜਾ ਰਿਹਾ ਹੈ।

ਸਵੈਹਿਤ ਨੂੰ ਲਾਂਭੇ ਛੱਡ ਕੇ (ਹੋਰ ਅਨੇਕ ਲੇਖਕਾਂ ਦੇ ਸੰਗ ਸੰਗ) ਨਿਰੋਲ ਲੋਕਹਿਤ ਵਿਚ ਛੇ ਦਹਾਕਿਆਂ ਦੇ ਕਲਮੀ ਸਮਰਪਨ ਸਦਕਾ ਮੇਰਾ ਪੰਜਾਬੀ ਬੋਲੀ, ਸਾਹਿਤ ਤੇ ਸਭਿਆਚਾਰ ਬਾਰੇ ਕੁਝ ਕਹਿਣ ਦਾ ਹੱਕ ਵੀ ਹੈ ਤੇ ਕੁਝ ਦਾਅਵਾ ਵੀ। ਇਸ ਹੱਕ ਤੇ ਦਾਅਵੇ ਦੇ ਨਾਤੇ ਪੰਜਾਬੀ ਲੇਖਕਾਂ ਨੂੰ ਮੇਰੀ ਸਲਾਹ ਹੈ ਕਿ ਪੰਜਾਬੀ-ਪੰਜਾਬੀ ਦਾ ਰੋਣਾ-ਪਿੱਟਣਾ ਬਹੁਤ ਹੋ ਗਿਆ! ਹੁਣ ਅਸੀਂ ਇਹ ਵੈਣ ਤੇ ਕੀਰਨੇ ਪਾਉਣੇ ਛੱਡੀਏ ਅਤੇ ਭਾਸ਼ਾ ਵਿਭਾਗ ਵਿਚ ਪੰਜਾਬੀ ਲਈ ਮਰਗ ਦਾ ਪਾਠ ਕਰਵਾ ਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਮੁੱਖ ਸ਼ਰਧਾਂਜਲੀ ਭੇਟ ਕਰਵਾ ਦੇਈਏ! ਇਸੇ ਹੱਕ ਤੇ ਦਾਅਵੇ ਦੇ ਨਾਤੇ 'ਪੰਜਾਬ, ਪੰਜਾਬੀ ਤੇ ਪੰਜਾਬੀਅਤ' ਦੀਆਂ ਫੋਕੀਆਂ ਤੇ ਬਕਬਕੀਆਂ ਟਾਹਰਾਂ ਮਾਰਦੇ ਰਹਿਣ ਵਾਲ਼ੇ ਪੰਜਾਬ ਸਰਕਾਰ ਦੇ ਚੌਧਰੀਆਂ ਨੂੰ ਮੇਰੀ ਸਨਿਮਰ ਬੇਨਤੀ ਹੈ ਕਿ ਉਹ ਸਾਹਿਤਕ ਕਿਤਾਬਾਂ ਨੂੰ ਹੱਥ ਨਾ ਲਾਉਣ ਦੀ ਆਪਣੀ ਸਹੁੰ ਜੀਅ-ਸਦਕੇ ਪਾਲਦੇ ਰਹਿਣ ਪਰ ਇਕ ਵਾਰ ਗੁਰਬਾਣੀ ਜ਼ਰੂਰ ਸਰਵਣ ਕਰਨ। ਮੇਰੇ ਬਾਬਾ ਜੀ ਨੇ ਪੰਜ ਸਦੀਆਂ ਪਹਿਲਾਂ ਹੀ ਤੁਹਾਡੇ ਵਾਲ਼ੇ ਪੰਜਾਬ ਦੀ ਕਿੰਨੀ ਸੰਪੂਰਨ ਤਸਵੀਰ ਪੇਸ਼ ਕਰ ਦਿੱਤੀ ਸੀ: ਸਰਮ ਧਰਮ ਕਾ ਡੇਰਾ ਦੂਰ॥ ਨਾਨਕ ਕੂੜੁ ਰਹਿਆ ਭਰਪੂਰਿ॥

# ਕੁਸ਼ਤੀ, ਕਬੱਡੀ, ਬਾਕਸਿੰਗ ਤੇ ਰੱਸਾਕਸ਼ੀ ਦਾ ਸ਼ੇਰ-ਸ਼ੰਕਰੀਆ ਪਾਲਾ

ਪੰਜਾਬ ਦੇ ਪ੍ਰਸਿੱਧ ਪਿੰਡ ਸ਼ੰਕਰ ਨੇ ਬੜੇ ਬੜੇ ਧੱਕੜ ਪਹਿਲਵਾਨ ਤੇ ਕਬੱਡੀ ਖਿਡਾਰੀ ਪੈਦਾ ਕੀਤੇ ਹਨ। ਗੁਰਦਾਵਰ, ਧਿਆਨ ਸਿੰਘ ਧਿਆਨਾ (ਪਾਲੇ ਦਾ ਪਿਤਾ) ਸਰਬਣ ਢਾਡੀ, ਧੰਨੋ, ਮੋਹਣ ਸਿੰਘ ਪੁਰੇਵਾਲ, ਥੰਮਣ ਸਿੰਘ, ਨਿਰੰਜਨ ਸਿੰਘ, ਚੈਨ ਸਿੰਘ, ਅਜੈਬ ਸਿੰਘ ਭਲਵਾਨ ਅਤੇ ਕਬੱਡੀ ਵਿਚ ਪਾਲਾ, ਘੁੱਗਾ, ਗੁਰਦਿਆਲ, ਜੈਸੀ, ਲੱਖੀ, ਬੁੱਧੂ, ਅਜੈਬ, ਦੇਬਾ, ਅਮਰਜੀਤ ਅਤੇ ਜਸਵੀਰ ਦੇ ਨਾਂ ਜ਼ਿਕਰਯੋਗ ਹਨ।

ਪਾਲੇ ਨੇ ਪਹਿਲਵਾਨੀ, ਕਬੱਡੀ, ਬਾਕਸਿੰਗ ਤੇ ਰੱਸਾਕਸ਼ੀ ਵਿਚ ਵੱਡੀਆਂ ਮੱਲਾਂ ਮਾਰ ਕੇ ਪਿੰਡ ਤੇ ਇਲਾਕੇ ਦਾ ਨਾਂ ਰੌਸ਼ਨ ਕੀਤਾ। ਰੱਸਾਕਸ਼ੀ 'ਚ ਭਾਰਤੀ ਟੀਮ ਦੀ ਪ੍ਰਤੀਨਿਧਤਾ ਕਰਕੇ ਟੋਕੀਓ, ਜਪਾਨ, ਸਾਊਥ ਕੋਰੀਆ, ਸਿੰਘਾਪੁਰ, ਮਲੇਸ਼ੀਆ



ਇਕਬਾਲ ਸਿੰਘ ਜੱਬੋਵਾਲੀਆ
ਫੋਨ: 917-375-6395

ਆਦਿ ਮੁਲਕਾਂ ਦੀਆਂ ਟੀਮਾਂ ਨਾਲ ਮੁਕਾਬਲੇ ਲੜੇ।

12 ਅਕਤੂਬਰ 1952 ਨੂੰ ਸ਼ੰਕਰ ਵਿਚ ਜਨਮੇ ਪਾਲੇ ਨੇ 9ਵੀਂ ਪਿੰਡੋਂ ਕੀਤੀ ਤੇ 10ਵੀਂ 'ਚ ਸਪੋਰਟਸ ਸਕੂਲ ਜਲੰਧਰ ਜਾ ਦਾਖਲ ਹੋਇਆ। ਉਥੇ ਪ੍ਰਸਿੱਧ ਕਬੱਡੀ ਕੋਚ ਅਜੀਤ ਸਿੰਘ ਮਾਲੜੀ ਦੀ ਛਤਰਛਾਇਆ ਹੇਠ ਪਾਲੇ ਨੇ ਕੁਸ਼ਤੀਆਂ ਸ਼ੁਰੂ ਕਰ ਦਿਤੀਆਂ। ਪਾਲੇ ਦਾ ਪਿਤਾ ਧਿਆਨ ਸਿੰਘ ਉਰਫ ਧਿਆਨਾ ਪਹਿਲਵਾਨ ਵੀ ਚਾਹੁੰਦਾ ਸੀ ਕਿ ਪਾਲਾ ਪਹਿਲਵਾਨ ਬਣੇ। ਪਾਲੇ ਦੇ ਬਾਬੇ ਹੋਰੀਂ ਦੋ ਭਰਾ ਸਨ। ਬਾਬਾ ਪੂਰਨ ਸਿੰਘ ਵੀ ਭਲਵਾਨ ਸੀ। ਬਾਬੇ ਦੇ ਭਰਾ ਨਿਰੰਜਨ ਸਿੰਘ ਦਾ ਬੇਟਾ ਡਾ. ਸੰਤੋਖ ਸਿੰਘ ਤੱਖਰ ਹੁਣ ਕੈਲੀਫੋਰਨੀਆ ਰਹਿੰਦਾ ਹੈ।

ਸੰਨ 1969 'ਚ ਪਾਲੇ ਨੇ ਸਪੋਰਟਸ ਸਕੂਲ ਵਿਚ ਕੁਸ਼ਤੀ ਲੜਨੀ ਸ਼ੁਰੂ ਕੀਤੀ। ਪਹਿਲੇ ਸਾਲ ਹੀ ਪੰਜਾਬ ਸਕੂਲ ਕੁਸ਼ਤੀ ਮੁਕਾਬਲਿਆਂ 'ਚ ਪਹਿਲੇ ਥਾਂ ਰਿਹਾ। ਓਪਨ ਵੇਟ ਵਿਚ ਅੰਬਰਸਰੀਆ ਬਿੱਲਾ ਪਹਿਲੇ ਥਾਂ ਰਿਹਾ। ਉਸੇ ਸਾਲ ਦਿੱਲੀ ਹੋਏ ਨੈਸ਼ਨਲ ਮੁਕਾਬਲਿਆਂ ਵਿਚ ਪਾਲੇ ਨੇ ਦਿੱਲੀ ਦੇ ਤਕੜੇ ਪਹਿਲਵਾਨ ਜਗਨ ਨਾਥ ਨੂੰ ਹਰਾਇਆ।

ਪੰਜਾਬ ਪੰਚਾਇਤੀ ਰਾਜ ਦੀਆਂ ਖੇਡਾਂ 'ਚ ਚਾਰ ਸਾਲ ਮੁਕਾਬਲੇ ਲੜੇ ਤੇ ਗੋਲਡ ਮੈਡਲ ਜਿਤੇ। ਸੰਨ 1970 'ਚ ਤਲਵੰਡੀ ਸਾਬੋ, 1971 'ਚ ਕਰਿਆਮ (ਨਜ਼ਦੀਕ ਨਵਾਂ ਸ਼ਹਿਰ), 1972 'ਚ ਨੂਰਪੁਰ ਬੇਦੀ, 1973 'ਚ ਫਿਰ ਤਲਵੰਡੀ ਸਾਬੋ ਵਿਚ ਜੇਤੂ ਰਿਹਾ। ਸ਼ਰੀਂਹ (ਸ਼ੰਕਰ) ਕੁਸ਼ਤੀਆਂ 'ਚ ਮੇਹਰਦੀਨ ਨੇ ਪਾਲੇ ਤੇ ਜੰਡਿਆਲੇ ਦੇ ਮੋਹਣੇ ਪਹਿਲਵਾਨ ਦੀ ਕੁਸ਼ਤੀ ਕਰਾਈ। ਪਾਲੇ ਨੇ ਮੋਹਣੇ ਨੂੰ ਬੜੇ ਜੋਰ ਨਾਲ ਹਰਾਇਆ। ਗੇਜੀ



*(ਖੱਬਿਓ) ਪਿਆਰਾ ਪਹਿਲਵਾਨ, ਗੁਰਦਾਵਰ ਪਹਿਲਵਾਨ ਅਤੇ ਧਿਆਨਾ ਪਹਿਲਵਾਨ (ਪਾਲੇ ਦਾ ਪਿਤਾ)*

ਭਲਵਾਨ ਨੂੰ ਕੰਗ ਸਾਬੂ, ਪਟਿਆਲੇ ਵਾਲੇ ਦਵਿੰਦਰ ਨੂੰ ਪੱਦੀ ਜਾਗੀਰ ਤੇ ਹਰਭਜਨ ਸੱਘਵਾਲ ਨੂੰ ਲੱਲੀਆਂ ਛਿੰਜ 'ਚ ਹਰਾਇਆ।

ਅਗਲੇ ਸਾਲ ਫਿਰ ਪੰਜਾਬ ਦੇ ਸਕੂਲੀ ਮੁਕਾਬਲੇ ਹੁਸ਼ਿਆਰਪੁਰ ਹੋਏ। ਉਥੇ ਵੀ ਪਾਲਾ ਅੰਬਰਸਰ ਦੇ ਪ੍ਰਸਿੱਧ ਪਹਿਲਵਾਨ ਗੁਪਾਲੇ ਨੂੰ ਹਰਾ ਕੇ ਪ੍ਰਥਮ ਰਿਹਾ। ਸਕੂਲਾਂ ਦੀ ਦੂਜੀ ਆਲ ਇੰਡੀਆ ਨੈਸ਼ਨਲ ਲਖਨਊ ਹੋਈ ਤੇ ਮੁਕਾਬਲੇ 'ਚ ਸਿਲਵਰ ਮੈਡਲ ਜਿੱਤਿਆ। ਸੰਨ 1971 ਦੇ ਪੰਜਾਬ ਦੇ ਸਕੂਲਾਂ ਦੀ ਨੈਸ਼ਨਲਸ਼ਿਪ ਹੁਸ਼ਿਆਰਪੁਰ ਹੋਈ। ਉਥੇ ਕਰਤਾਰ ਤੇ ਕਮਲ ਵੀ ਆਏ ਹੋਏ ਸਨ। ਵੱਖੋ ਵੱਖ ਭਾਰ ਵਰਗ ਵਿਚ ਤਿੰਨੇ ਜੇਤੂ ਰਹੇ। ਕਮਲ ਨੇ 71, ਕਰਤਾਰ ਨੇ 68 ਤੇ ਪਾਲੇ ਨੇ 62 ਕਿਲੋ ਵਰਗ ਵਿਚ ਪਹਿਲੇ ਸਥਾਨ ਲਏ।

ਸੰਨ 1972 'ਚ ਅੰਮ੍ਰਿਤਸਰ ਯੂਨੀਵਰਸਿਟੀ ਦੇ ਟਰਾਇਲ ਹੋਏ ਜਿਨ੍ਹਾਂ 'ਚ ਪਾਲੇ ਨੇ ਕਰਤਾਰ ਪਹਿਲਵਾਨ ਨੂੰ ਹਰਾਇਆ। ਮੁਕਾਬਲਿਆਂ 'ਚ ਜਾਣ ਤੋਂ ਪਹਿਲਾਂ ਕੈਂਪ ਅੰਮ੍ਰਿਤਸਰ ਲੱਗਾ ਜਿਥੇ ਬਿੱਲਾ, ਕਰਤਾਰ, ਗੁਰਚਰਨ ਤੇ ਅਮਰ ਸਿੰਘ ਵੀ ਸਨ। ਪਾਲੇ ਦੀ ਕਰਤਾਰ ਨਾਲ ਕੁਸ਼ਤੀ ਹੋਈ। ਕਿਸੇ ਨੇ ਕੋਈ ਪੁਆਇੰਟ ਨਾ ਲਿਆ। ਦੋਵੇਂ ਬਰਾਬਰ ਰਹੇ। ਉਸੇ ਸਾਲ ਟੀਮ ਆਸਟ੍ਰੇਲੀਆ ਜਾਣੀ ਸੀ ਤੇ ਉਥੇ ਵਰਲਡ ਯੂਨੀਵਰਸਿਟੀ ਮੁਕਾਬਲੇ ਹੋਣੇ ਸਨ। ਮਸਲਾ ਖੜ੍ਹਾ ਹੋ ਗਿਆ ਕਿ ਦੋਨਾਂ 'ਚੋਂ ਕਿਸ ਨੂੰ ਲਿਜਾਇਆ ਜਾਵੇ। ਮਸਲਾ ਪਾਲੇ ਨੇ ਹੱਲ ਕੀਤਾ ਅਤੇ ਖੇਡ ਭਾਵਨਾ ਦੀ ਮਿਸਾਲ ਦਿੰਦਿਆਂ ਪਾਲੇ ਨੇ ਸਲਾਹ ਦਿੱਤੀ ਕਿ ਕਰਤਾਰ ਦਾ ਨੰਬਰ ਲਾ ਦਿਓ। ਆਗਰਾ ਯੂਨੀਵਰਸਿਟੀ ਦੇ 68 ਕਿਲੋਗ੍ਰਾਮ ਵਰਗ ਮੁਕਾਬਲਿਆਂ ਵਿਚ ਵੇਦ ਪਹਿਲਵਾਨ ਨੇ ਕਰਤਾਰ ਨੂੰ ਹਰਾ ਦਿਤਾ।

ਸੰਨ 1972 'ਚ ਓਪਨ ਨੈਸ਼ਨਲ ਮੁਕਾਬਲੇ ਬਨਾਰਸ ਹੋਏ। ਰਸਾਲ ਸਿੰਘ ਤੇ ਸੱਜਣ ਸਿੰਘ ਪਹਿਲਵਾਨ ਉਥੇ ਆਏ ਹੋਏ ਸਨ। ਪਾਲੇ ਨੇ ਉਥੇ 74 ਕਿਲੋ ਵਰਗ 'ਚ ਸੀਨੀਅਰ ਨੈਸ਼ਨਲ ਲੜੀ ਤੇ ਤੀਜੇ ਥਾਂ ਰਿਹਾ। ਖਾਲਸਾ ਕਾਲਜ ਵਲੋਂ ਯੂਨੀਵਰਸਿਟੀ ਮੁਕਾਬਲਿਆਂ ਵਿਚ ਹਿੱਸਾ ਲਿਆ। ਭਾਰਤ ਦੇ ਪ੍ਰਸਿੱਧ ਕੋਚ ਸੋਂਧੀ ਸਾਹਿਬ ਦਾ ਛੋਟਾ ਭਰਾ ਜੈਲਾ, ਰਾਣਾ ਅਠੌਲਾ ਤੇ ਸ਼ੰਕਰੀਆ ਜੋਗਾ ਨਾਲ ਸਨ। ਤਿੰਨਾਂ ਨੇ ਯੂਨੀਵਰਸਿਟੀ ਵਿਚੋਂ ਪਹਿਲੀਆਂ ਪੁਜ਼ੀਅਨਾਂ ਲਈਆਂ। ਅਠੌਲੇ ਵਾਲਾ ਰਾਣਾ ਹੁਣ ਅਮਰੀਕਾ ਦੇ ਸ਼ਹਿਰ ਨਿਊ ਜਰਸੀ ਰਹਿੰਦਾ ਹੈ।

1972-73 'ਚ ਪਾਲਾ ਖਾਲਸਾ ਕਾਲਜ ਜਲੰਧਰ ਚਲੇ ਗਿਆ। ਸੱਘਵਾਲ ਵਾਲੇ ਜਗੀਰ ਸਿੰਘ ਕੋਚ ਤੋਂ ਸਿਖਲਾਈ ਲਈ। ਤਿੰਨ ਸਾਲ ਯੂਨੀਵਰਸਿਟੀ ਦੇ ਮੁਕਾਬਲਿਆਂ ਵਿਚ ਪਹਿਲੀ ਪੁਜੀਸ਼ਨ ਲਈ ਤੇ 'ਰੋਲ ਆਫ ਆਨਰ' ਦਾ ਖਿਤਾਬ ਲਿਆ। 1976-77 'ਚ ਪਟਿਆਲੇ ਤੋਂ ਐਨ. ਆਈ. ਐਸ. ਕੀਤੀ ਜਿਸ ਪਿਛੋਂ ਵੀ ਪਾਲਾ ਘੁਲਦਾ ਰਿਹਾ। ਸ਼ੰਕਰ ਕੁਸ਼ਤੀਆਂ 'ਚ ਬੰਸੀਆਂ ਵਾਲੇ ਰੇਸ਼ਮ ਨਾਲ ਪਟਕੇ ਦੀ ਕੁਸ਼ਤੀ ਹੋਈ ਤੇ ਬਰਾਬਰ ਰਹੀ। ਨਕੋਦਰ ਮੇਹਰਦੀਨ ਦੇ ਸ਼ਾਗਿਰਦ ਮਿਲਟਰੀ ਦੇ 'ਭਾਰਤ ਕੇਸਰੀ' ਕਪੂਰਥਲੀਏ ਹਰਬੰਸ ਭਲਵਾਨ ਨਾਲ ਓਪਨ ਭਾਰ ਪਟਕੇ ਦੀ ਕੁਸ਼ਤੀ ਵਿਚ ਪਾਲਾ ਦੂਜੇ ਥਾਂ ਰਿਹਾ।

ਕੁਸ਼ਤੀਆਂ ਪਿਛੋਂ ਪਾਲਾ ਕਬੱਡੀ ਵੱਲ ਹੋ ਤੁਰਿਆ ਜਿਸ ਦਾ ਸ਼ੌਕ ਉਹਨੂੰ ਸਪੋਰਟਸ ਸਕੂਲ ਵਿਚ ਹੀ ਪੈ ਗਿਆ ਸੀ। ਖਾਲਸਾ ਕਾਲਜ ਜਾ ਕੇ ਕਬੱਡੀ ਖੇਡਣੀ ਸ਼ੁਰੂ ਕਰ ਦਿਤੀ। ਚਾਰ ਸਾਲ ਯੂਨੀਵਰਸਿਟੀ ਖੇਡਿਆ ਅਤੇ ਉਸ ਦੀ ਟੀਮ ਚਾਰੇ ਸਾਲ ਨੈਸ਼ਨਲ ਵਿਚੋਂ ਫਸਟ ਆਉਂਦੀ ਰਹੀ। ਦੂਜੇ ਪਾਸੇ ਬਲਵਿੰਦਰ ਫਿੱਡੂ, ਸ਼ਿਵਦੇਵ, ਅਮਰਜੀਤ ਜਿਹੇ ਤਕੜੇ ਖਿਡਾਰੀ ਹੁੰਦੇ ਸਨ। 3 ਸਾਲ ਲਗਾਤਾਰ ਜਿੱਤਦੇ ਰਹੇ। ਪੰਜਾਬ ਵਲੋਂ ਤਿੰਨ ਨੈਸ਼ਨਲ ਮੁਕਾਬਲੇ ਜਲੰਧਰ ਖੇਡੇ। ਪੰਜਾਬ ਵਿਰੁਧ ਚੰਡੀਗੜ੍ਹ ਟੀਮ ਦੇ ਮੁਕਾਬਲੇ ਵਿਚ ਪਾਲਾ ਚੰਡੀਗੜ੍ਹ ਟੀਮ ਦਾ ਕਪਤਾਨ ਸੀ।

ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਹੋਏ ਮੁਕਾਬਲੇ ਵਿਚ ਪਹਿਲਾਂ ਮਹਾਰਾਸ਼ਟਰ ਤੇ ਫਿਰ ਕਰਨਾਟਕ ਨੂੰ ਹਰਾਇਆ। ਕੁਆਰਟਰ ਫਾਈਨਲ ਪੰਜਾਬ ਨਾਲ ਹੋਈ। ਪੰਜਾਬ, ਚੰਡੀਗੜ੍ਹ, ਮੈਸੂਰ ਤੇ ਹੈਦਰਾਬਾਦ ਨੇ ਹਿੱਸਾ ਲਿਆ। ਬੇਇਨਸਾਫੀ ਹੋਣ ਕਰਕੇ ਪਾਲੇ ਹੁਣਾਂ ਦੀ ਟੀਮ ਸੈਮੀ ਫਾਈਨਲ ਵਿਚੋਂ ਵਾਕ-ਆਊਟ ਕਰ ਗਈ। ਪੰਜਾਬ ਸਟਾਇਲ ਓਪਨ ਕਬੱਡੀ ਵਿਚੋਂ ਦੋ ਸਾਲ ਪਹਿਲੇ ਨੰਬਰ 'ਤੇ ਆਉਂਦੇ ਰਹੇ। ਜਲੰਧਰ ਲਾਗੇ ਕੋਟਲੀ ਥਾਨ ਸਿੰਘ ਹੋਏ ਮੈਚ ਵਿਚ ਪਾਲਾ, ਘੁੱਗਾ, ਚਮਕੌਰ ਤਲਵੰਡੀ ਫੱਤੂ, ਬਲਵੀਰ ਤੀਲ੍ਹੀ, ਅੰਬੀ ਸ਼ੰਕਰ, ਲੱਖੀ ਢਾਡੀ ਸ਼ੰਕਰ, ਸ਼ਿੰਦਾ ਅਟਵਾਲ ਬਹਿਰਾਮ, ਧਰਮੇ ਅਤੇ ਮੋਹਣੇ ਨੇ ਖੇਡ ਦੇ ਜੌਹਰ ਵਿਖਾਏ।

ਦਸੂਹੇ ਹੋਈਆਂ ਪੰਜਾਬ ਪੰਚਾਇਤੀ ਰਾਜ




*ਗੁਰਪਾਲ ਸਿੰਘ ਪਾਲਾ ਸ਼ੰਕਰੀਆ*

ਖੇਡਾਂ ਵਿਚ ਜਿੱਤ ਪ੍ਰਾਪਤ ਕੀਤੀ। ਸੈਮੀ ਫਾਈਨਲ ਦਾ ਪਹਿਲਾ ਮੈਚ ਹੁਸ਼ਿਆਰਪੁਰ ਨਾਲ ਹੋਇਆ। ਪਹਿਲੇ ਅੱਧ ਵਿਚ ਹੁਸ਼ਿਆਰਪੁਰ ਵਾਲੇ ਜਿੱਤਦੇ ਰਹੇ। ਮੀਂਹ ਪੈਣ ਕਾਰਨ ਮੈਚ ਵਿਚਾਲੇ ਰੋਕਣਾ ਪਿਆ। ਮੈਚ ਦੁਬਾਰਾ ਸ਼ੁਰੂ ਹੋਇਆ ਤਾਂ ਪਾਲੇ ਹੋਰਾਂ ਧੂੜਾਂ ਪੱਟ ਦਿਤੀਆਂ। ਤਿੰਨਾਂ ਨੰਬਰਾਂ ਨਾਲ ਫਿਰ ਹੁਸ਼ਿਆਰਪੁਰ ਨੂੰ ਜਿੱਤੇ। ਇਧਰੋਂ ਰੇਡਰਾਂ ਵਿਚ ਪਾਲਾ, ਗੁਰਦਿਆਲ, ਮੋਹਣਾ ਤੇ ਸ਼ਿੰਦਾ ਅਟਵਾਲ ਬਹਿਰਾਮ ਅਤੇ ਸਟਾਪਰਾਂ ਵਿਚ ਘੁੱਗਾ, ਕੁਲਦੀਪ ਪੁਰੇਵਾਲ, ਲੱਖੀ ਤੇ ਅੰਬੀ ਸਨ ਜਦਕਿ ਹੁਸ਼ਿਆਰਪੁਰ ਦੀ ਟੀਮ ਵਿਚ ਰਾਵਲ ਮਾਣਕ ਢੇਰੀ, ਕਰਨੈਲ, ਤਾਰੀ ਤੇ ਤੀਰਥੇ ਵਰਗੇ ਤਕੜੇ ਖਿਡਾਰੀ ਸਨ। ਫਾਈਨਲ ਫਰੀਦਕੋਟ ਨਾਲ ਸੀ ਜਿਸ ਦੀ ਟੀਮ ਵਿਚ ਨਵਤੇਜ਼ ਤੇ ਜਗਦੇਵ ਤਕੜੇ ਸਟਾਪਰ ਸਨ। ਪਾਲੇ ਨੂੰ ਉਹ ਇਕ ਵਾਰ ਵੀ ਨਾ ਰੋਕ ਸਕੇ। ਸ਼ੰਕਰ ਖੇਡਾਂ ਵਿਚ ਦਾਦੂਵਾਲ ਨਾਲ ਹੋਏ ਸ਼ੋਅ ਮੈਚ ਵਿਚ ਦਾਦੂਵਾਲ ਦੇ 9 ਅਤੇ ਪਾਲੇ ਹੋਰਾਂ ਦੇ 25 ਨੰਬਰ ਸਨ।

1974 'ਚ ਕਬੱਡੀ ਟੀਮ ਨਾਲ ਉਹ ਇੰਗਲੈਂਡ ਗਿਆ। ਰੇਡਰਾਂ 'ਚ ਪਾਲਾ, ਪ੍ਰੀਤਾ, ਦੇਵੀ ਦਿਆਲ, ਰਸਾਲ ਸਿੰਘ ਰਸਾਲਾ, ਸੱਤਾ ਅੰਬਰਸਰ, ਜੀਤਾ ਸਿਪਾਹੀ, ਗੁਰਦਿਆਲ ਸ਼ੰਕਰ, ਮੋਹਣਾ ਜੰਡਿਆਲਾ, ਭੱਜੀ ਖੁਰਦਪੁਰ, ਹੰਸਾ ਢੰਡੋਵਾਲ, ਜੱਗੀ ਉਗੀ ਚਿੱਟੀ ਤੇ ਸਟਾਪਰਾਂ ਵਿਚ ਘੁੱਗਾ ਸ਼ੰਕਰ, ਪਿੰਦਰ ਫਰੀਦਕੋਟ, ਸੁਰਜੀਤ ਲੁਧਿਆਣਾ ਅਤੇ ਦਰਸ਼ਨ ਲੁਧਿਆਣਾ ਸਨ। ਉਥੇ 6 ਮੈਚ ਖੇਡੇ। ਦੋ ਮੈਚ ਪਾਲੇ ਦੀ ਟੀਮ ਨੇ ਜਿੱਤੇ ਤੇ ਚਾਰ ਇੰਗਲੈਂਡ ਵਾਲਿਆਂ ਨੇ।

ਕਬੱਡੀ ਦੇ ਬਾਬਾ ਬੋਹੜ ਸਰਬਣ ਸਿੰਘ ਬੱਲ ਨੂੰ ਉਹ ਤਕੜਾ ਖਿਡਾਰੀ ਤੇ ਵਧੀਆ ਕੋਚ ਮੰਨਦਾ ਹੈ। ਰੁਸਤਮੇ-ਹਿੰਦ ਪਹਿਲਵਾਨ ਸੁਖਵੰਤ ਸਿੰਘ ਪੱਦੀ ਜਗੀਰ ਵਾਲੇ ਨਾਲ ਵਧੀਆ ਪਰਿਵਾਰਕ ਸਬੰਧ ਹਨ। ਨਡਾਲੇ ਵਾਲਾ ਪ੍ਰੀਤਾ 'ਆਇਆ ਪ੍ਰੀਤਾ ਗਿਆ ਪ੍ਰੀਤਾ' ਅਤੇ ਸੰਧਵਾਂ ਵਾਲੇ ਹਰਭਜਨ ਸਿੰਘ ਭੱਜੀ (ਵੇਟ ਲਿਫਟਰ ਤੇ ਕਬੱਡੀ ਖਿਡਾਰੀ) ਨਾਲ ਸਾਲਾਂ ਬੱਧੀ ਪਿਆਰ ਰਿਹਾ। ਕਬੱਡੀ ਕੈਂਚੀ ਦਾ ਥੰਮ੍ਹ ਮੱਲਪੁਰੀਆ ਹਰੀ ਪਾਲੇ ਦੀ ਕਬੱਡੀ ਨੂੰ ਅੱਜ ਵੀ ਯਾਦ ਕਰਦਾ ਹੈ।

ਪਾਲੇ ਨੇ ਵਰਜ਼ਿਸ਼ ਵੀ ਵਾਹਵਾ ਕੀਤੀ। ਰੋਜ਼ ਸਵੇਰੇ ਚਾਰ ਵਜੇ ਉਠ ਖੜਨਾ। ਘੁੱਗਾ ਤੇ ਅਜੈਬ ਵੀ ਨਾਲ ਹੁੰਦੇ। ਰੋਜ਼ਾਨਾ 4-5 ਮੀਲ ਦੌੜਨਾ, ਡੰਡ-ਬੈਠਕਾਂ, ਡੰਬਲ ਫੇਰਨੇ ਤੇ ਰੱਸੇ ਨਾਲ ਟਾਹਲੀ 'ਤੇ ਚੜ੍ਹਨਾ। ਖੁਰਾਕ ਵਲੋਂ ਵੀ ਕੋਈ ਕਸਰ ਨਾ ਛੱਡੀ। ਰੋਜ਼ ਬਦਾਮਾਂ ਦੀ ਸ਼ਰਦਈ, ਫਲ-ਫਰੂਟ, ਦੁੱਧ ਤੇ ਕਦੇ ਕਦੇ ਮੀਟ। ਕਦੇ ਨਸ਼ਾ ਨਹੀਂ ਕੀਤਾ।

ਪੰਜਾਬ ਵਲੋਂ ਜੈਪੁਰ, ਚੰਡੀਗੜ੍ਹ ਅਤੇ ਆਸਨ ਸੋਲ (ਕਲਕੱਤਾ) ਨੈਸ਼ਨਲ ਖੇਡੀ। ਲਗਾਤਾਰ 3 ਸਾਲ ਯੂਨੀਵਰਸਿਟੀ ਜਿੱਤੀ। ਪਹਿਲੇ ਸਾਲ ਨਕੋਦਰ ਨਾਲ ਫਸਵਾਂ ਨੈਸ਼ਨਲ ਫਾਈਨਲ ਮੁਕਾਬਲਾ ਹੋਇਆ ਤੇ ਦੋ ਨੰਬਰਾਂ ਨਾਲ ਨਕੋਦਰ ਨੂੰ ਜਿੱਤਿਆ।

ਕੁਸ਼ਤੀ ਤੇ ਕਬੱਡੀ ਵਿਚ ਨਾਮਣਾ ਖੱਟਣ ਤੋਂ ਬਾਅਦ ਪਾਲੇ ਨੇ ਬਾਕਸਿੰਗ ਦੇ ਪ੍ਰਸਿੱਧ ਖਿਡਾਰੀ ਚਰਨਜੀਤ ਚੰਦੂ ਦੀ ਛੱਤਰਛਾਇਆ ਹੇਠ ਬਾਕਸਿੰਗ ਸ਼ੁਰੂ ਕਰ ਦਿਤੀ। ਚਾਰ ਸਾਲ ਯੂਨੀਵਰਸਿਟੀ ਦੇ ਗੋਲਡ ਮੈਡਲ ਜਿੱਤੇ। ਇਕ ਸਾਲ ਇੰਟਰ ਯੂਨੀਵਰਸਿਟੀ ਦਾ ਗੋਲਡ ਮੈਡਲ ਜਿੱਤਿਆ ਅਤੇ ਅਗਲੇ ਸਾਲ ਸਿਲਵਰ ਮੈਡਲ ਲਿਆ। ਭਾਰਤੀ ਬਾਕਸਿੰਗ ਦੇ ਚੀਫ ਕੋਚ ਗੁਰਬਖਸ਼ ਸਿੰਘ ਸੰਧੂ ਤੇ ਪ੍ਰਸਿੱਧ ਬਾਕਸਰ ਗੁਰਮੀਤ ਸਿੰਘ ਵੀ ਖਾਲਸਾ ਕਾਲਜ ਦੀ ਦੇਣ ਹੈ।

ਕੁਸ਼ਤੀ ਤੇ ਕਬੱਡੀ ਵਿਚ ਬੇਅੰਤ ਮੱਲਾਂ ਮਾਰਨ ਕਰਕੇ ਪੰਜਾਬ ਸਰਕਾਰ ਤੋਂ 8 ਸਾਲ 800 ਰੁਪਏ ਮਹੀਨਾ ਵਜ਼ੀਫਾ ਲਿਆ। ਇਹ ਵਜ਼ੀਫਾ ਉਹਨੂੰ ਦਿਤਾ ਜਾਂਦਾ ਸੀ ਜਿਸ ਕੋਲ ਯੂਨੀਵਰਸਿਟੀ, ਨੈਸ਼ਨਲ ਜਾਂ ਪੰਜਾਬ ਦੀਆਂ ਵੱਡੀਆਂ ਖੇਡ ਪ੍ਰਾਪਤੀਆਂ ਹੋਣ। ਪਾਲੇ ਨੇ ਤਾਕਤ ਦੀ ਰੱਜ ਕੇ ਨੁਮਾਇਸ਼ ਕੀਤੀ। ਜਿਸ ਪਾਸੇ ਵੀ ਜਾਂਦਾ, ਮੱਲਾਂ ਮਾਰਦਾ। ਟੀਮ ਬਣਾ ਕੇ ਰੱਸਾਕਸ਼ੀ ਸ਼ੁਰੂ ਕੀਤੀ। 1990 'ਚ ਟੀਮ ਉਹਦੀ ਕਪਤਾਨੀ ਹੇਠ ਏਸ਼ੀਅਨ ਚੈਂਪੀਅਨਸ਼ਿਪ ਟੋਕੀਓ ਰੱਸਾ ਖਿਚਣ ਗਈ। ਪਹਿਲਾ ਮੈਚ ਸਾਊਥ ਕੋਰੀਆ, ਦੂਜਾ ਸਿੰਘਾਪੁਰ ਤੇ ਤੀਜਾ ਮਲੇਸ਼ੀਆ ਨਾਲ ਹੋਇਆ। ਤਿੰਨੇ ਮੈਚ ਜਿੱਤੇ। ਚੌਥੇ ਫਾਈਨਲ ਵਿਚ ਜਪਾਨ ਤੋਂ ਹਾਰੇ। ਆਇਰਲੈਂਡ ਵਰਲਡ ਕੱਪ ਖੇਡਣ ਗਏ ਜਿਥੇ ਇਕ ਮੈਚ ਜਿੱਤੇ ਤੇ ਦੋ ਹਾਰੇ। ਰੱਸਾਕਸ਼ੀ ਟੀਮ ਵਿਚ ਗੁਰਪਾਲ ਸਿੰਘ, ਲਹਿੰਬਰ ਸੱਘਵਾਲ, ਹਰਜਿੰਦਰ ਸਿੰਘ ਖਾਨੋਵਾਲ, ਬਲਵੀਰ ਸਿੰਘ ਕੁੱਕੜ ਪਿੰਡ, ਨਾਨਕ ਸਿੰਘ, ਜਸਵੰਤ ਸਿੰਘ, ਹਰਵਿੰਦਰ ਸਿੰਘ, ਸਰਬਜੀਤ ਸਿੰਘ, ਪਰਮਿੰਦਰ ਸਿੰਘ, ਦਲਜੀਤ ਸਿੰਘ ਤੇ ਰਣਜੀਤ ਸਿੰਘ ਸਾਥੀ ਹੁੰਦੇ।

1987 ' ਚ ਪਾਲੇ ਨੇ ਕੋਚਿੰਗ ਸ਼ੁਰੂ ਕਰ ਦਿਤੀ। ਸ਼ੁਰੂ 'ਚ ਉਹ ਪਠਾਨਕੋਟ ਨਿਯੁਕਤ ਹੋਇਆ। ਪਹਿਲੇ ਸਾਲ ਟੀਮ ਪੰਜਾਬ 'ਚੋਂ ਤੀਜੇ ਨੰਬਰ 'ਤੇ ਰਹੀ। ਹਰਕਮਲ ਤੇ ਗੁਰਮੀਤ ਪਹਿਲੇ ਨੰਬਰ 'ਤੇ ਰਹੇ। ਗੁਰਮੀਤ ਤੇ ਹਰਦੀਪ ਸੈਕਿੰਡ। ਹਰਦੀਪ ਹੁਣ ਕੈਲੀਫੋਰਨੀਆ ਰਹਿੰਦਾ ਹੈ ਤੇ ਪਾਲੇ ਉਸਤਾਦ ਦੀ ਵਧੀਆ ਕੋਚਿੰਗ ਨੂੰ ਅੱਜ ਵੀ ਯਾਦ ਕਰਦਾ ਹੈ। ਉਹਦੇ ਦੱਸਣ ਅਨੁਸਾਰ ਕੋਚ (ਪਾਲਾ) ਸਮੇਂ ਦਾ ਪਾਬੰਦ ਸੀ ਤੇ ਸ਼ੰਕਰ ਤੋਂ ਜਲੰਧਰ ਕਾਲਜ ਦੇ ਅਖਾੜੇ ਸਾਢੇ ਚਾਰ ਵਜੇ ਸਵੇਰੇ ਸਭ ਤੋਂ ਪਹਿਲਾਂ ਪਹੁੰਚ ਜਾਂਦਾ। ਉਹਦਾ ਰੋਅਬ ਕਾਲਜ ਦੇ ਸਾਰੇ ਪਹਿਲਵਾਨ, ਖਿਡਾਰੀ ਤੇ ਵਿਦਿਆਰਥੀ ਮੰਨਦੇ ਸਨ। ਬੜਾ ਠੰਡਾ, ਸਾਊ ਤੇ ਨਿਧੱੜਕ ਸੀ ਉਹ।

1989 'ਚ ਉਹ ਜਲੰਧਰ ਦੇ ਸਪੋਰਟਸ ਸਕੂਲ 'ਚ ਕੁਸ਼ਤੀ ਕੋਚ ਨਿਯੁਕਤ ਹੋਇਆ। ਉਹਦੀ ਰਹਿਨਮਾਈ ਹੇਠ ਟੀਮ ਲਗਾਤਾਰ 5 ਸਾਲ ਪਹਿਲੇ ਨੰਬਰ 'ਤੇ ਆਉਂਦੀ ਰਹੀ। ਪ੍ਰਵੀਨ ਕੁਮਾਰ ਕਪੂਰਥਲਾ, ਹਰਦੀਪ, ਮਲਕੀਤ ਕਾਂਜਲੀਵਾਲ, ਨਵਤੇਜ, ਸੁਰਿੰਦਰ, ਰਣਧੀਰ, ਹਰਦੀਪ, ਬਲਵੀਰ, ਰਾਕੇਸ਼ ਕੁਮਾਰ, ਲਖਵਿੰਦਰ ਲੱਖਾ ਗੁਰਦਾਸਪੁਰ, ਮਿੱਤਰਪਾਲ, ਸਰੂਪਾ ਗੁਰਦਾਸਪੁਰ ਤੇ ਕਿੱਕਰ ਸਿੰਘ ਜਿਹੇ ਪਹਿਲਵਾਨ ਸਨ।

ਪਾਲਾ ਕਹਿੰਦਾ ਹੈ ਕਿ ਜੇ ਕੋਚ ਸਹੀ ਢੰਗ ਨਾਲ ਮਿਹਨਤ ਕਰਾਉਣ ਤਾਂ ਤਕੜੇ ਪਹਿਲਵਾਨ ਪੈਦਾ ਕੀਤੇ ਜਾ ਸਕਦੇ ਹਨ। ਇਹ ਵੀ ਕਿਹਾ ਕਿ ਕਈ ਤਾਂ ਐਵੇਂ ਹੀ ਕੋਚਿੰਗ ਦਾ ਠੱਪਾ ਲੁਆ ਲੈਂਦੇ ਹਨ। ਉਹ ਕਦੀ ਅਖਾੜੇ ਵੀ ਨਹੀਂ ਗਏ ਹੁੰਦੇ। ਅਜਿਹੇ ਕੋਚਾਂ ਤੋਂ ਚੰਗੇ ਪਹਿਲਵਾਨਾਂ ਦੀ ਆਸ ਨਹੀਂ ਰੱਖੀ ਜਾ ਸਕਦੀ।

ਪੁਰਾਣੇ ਪਹਿਲਵਾਨਾਂ ਨੂੰ ਪਿਛੇ ਰਹਿ ਕੇ ਨਵਿਆਂ ਨੂੰ ਅੱਗੇ ਆਉਂਣ ਦੇ ਮੌਕੇ ਦੇਣੇ ਚਾਹੀਦੇ ਹਨ। ਜਿੰਨਾ ਚਿਰ ਪਹਿਲਵਾਨੀ ਵਿਚੋਂ ਸਿਆਸਤ ਤੇ ਭਾਈ-ਭਤੀਜਾਵਾਦ ਖਤਮ ਨਹੀਂ ਹੋ ਜਾਂਦੇ, ਉਦੋਂ ਤੱਕ ਮੇਹਰਦੀਨ, ਸੁਖਵੰਤ, ਬਿੱਲਾ, ਬੁੱਧੂ ਜਿਹੇ ਮੱਲ ਨਹੀਂ ਪੈਦਾ ਹੋ ਸਕਦੇ।


ਪੰਜਾਬ ਸਕੂਲ ਕੈਂਪਾਂ ਵਿਚ ਜਗਦੀਸ਼ ਭੋਲਾ, ਪਰਮਿੰਦਰ ਡੂੰਮਛੇੜੀ, ਜਗਜੀਤ ਸਿੰਘ ਤੇ ਹਰਜੀਤ ਬਰਾੜ ਬਾਜਾਖਾਨਾ ਵੀ ਉਹਦੇ ਕੋਲ ਕੁਸ਼ਤੀਆਂ ਲੜਦੇ ਰਹੇ ਹਨ। ਹਰਜੀਤ ਪਹਿਲਾਂ ਨੈਸ਼ਨਲ ਸਟਾਇਲ ਕਬੱਡੀ ਖੇਡਦਾ ਹੁੰਦਾ ਸੀ। ਪਾਲੇ ਦੇ ਕਹਿਣ 'ਤੇ ਉਹ ਕੁਸ਼ਤੀਆਂ ਲੜਨ ਲੱਗਾ। ਪੰਜਾਬ ਸਕੂਲ ਕੁਸ਼ਤੀ ਮੁਕਾਬਲਿਆਂ 'ਚੋਂ ਹਰਜੀਤ ਪਹਿਲਾ ਥਾਂ ਲੈਂਦਾ ਰਿਹਾ। ਹਰਜੀਤ ਫਿਰ ਕਬੱਡੀ ਵੱਲ ਹੋ ਗਿਆ ਤੇ ਕਬੱਡੀ ਦਾ ਸਟਾਰ ਖਿਡਾਰੀ ਬਣਿਆ। ਜਗਦੀਸ਼ ਭੋਲਾ ਸਕੂਲਾਂ ਦੀ ਨੈਸ਼ਨਲ ਵਿਚੋਂ ਪਹਿਲੇ ਸਾਲ ਦੂਜੇ ਨੰਬਰ 'ਤੇ ਆਇਆ। ਦੂਜੇ ਸਾਲ ਕੱਟਕ ਜਾਣਾ ਸੀ। ਹੋਲੇ-ਮਹੱਲੇ ਦੀਆਂ ਕੁਸ਼ਤੀਆਂ ਵਿਚ ਭੋਲੇ ਦੀ ਕੁਸ਼ਤੀ ਅੰਬਰਸਰੀਏ ਐਂਥਨੀ ਨਾਲ ਹੋਈ। ਭੋਲਾ ਤੀਜੇ ਥਾਂ ਰਿਹਾ। ਪੰਜਾਬ ਸਕੂਲਾਂ ਦੇ ਕੈਂਪਾਂ ਵਿਚ ਪਾਲੇ ਕੋਲ ਪਹਿਲਵਾਨੀ, ਵਾਲੀਬਾਲ, ਹਾਕੀ, ਜਿਮਨਾਸਟਿਕਸ ਅਤੇ ਹੋਰ ਖੇਡਾਂ ਦੇ 150 ਖਿਡਾਰੀ ਸਨ। ਭੋਲਾ ਉਥੇ ਫਸਟ ਆਇਆ ਤੇ ਭਾਰਤ ਦਾ ਤਕੜਾ ਮੱਲ ਬਣਿਆ।

1994 ਤੋਂ 97 ਤੱਕ ਪਾਲੇ ਨੇ ਭਾਰਤੀ ਕੈਂਪਾਂ ਵਿਚ ਰਹਿ ਕੇ ਤਕੜੇ ਖਿਡਾਰੀ ਪੈਦਾ ਕੀਤੇ। 1996 'ਚ ਹੋਈ ਪੂਨੇ ਕਾਮਨਵੈਲਥ ਵਿਚ ਖਿਡਾਰੀ ਲੈ ਕੇ ਗਏ। ਭਾਰਤੀ ਕੁਸ਼ਤੀ ਦਾ ਮਹਾਂਰਥੀ ਕੋਚ ਪੀ.ਆਰ. ਸੋਂਧੀ ਵੀ ਉਸੇ ਕੈਂਪ 'ਚ ਕੋਚ ਸੀ। ਦੋਵਾਂ ਨੇ ਵਾਹਵਾ ਮਿਹਨਤ ਕਰਾਈ ਤੇ ਭਲਵਾਨਾਂ ਨੇ ਮੱਲਾਂ ਮਾਰੀਆਂ।

ਪੁਰਾਣੀਆਂ ਗੱਲਾਂ ਚੇਤੇ ਕਰਦਿਆਂ ਪਾਲੇ ਨੇ ਦੱਸਿਆ ਕਿ ਇਕ ਵਾਰ ਸਾਲਾਨਾ ਪੇਪਰਾਂ 'ਚ ਕਿਸੇ ਸਕੂਲ 'ਚ ਨਕਲ ਵੱਜਦੀ ਦਾ ਪਤਾ ਲੱਗਣ ਕਰਕੇ ਫਲਾਇੰਗ ਅਫਸਰ ਉਹਨੂੰ ਵੀ ਨਾਲ ਲੈ ਗਏ। ਉਥੇ ਦਾ ਡੀ.ਪੀ.ਈ.ਪਾਲੇ ਨੂੰ ਕਹਿਣ ਲੱਗਾ, "ਆਹ ਲਓ 200 ਰੁਪਏ, ਜਾ ਕੇ ਖਾਓ ਪੀਓ।" ਅੱਗੋਂ ਜਵਾਬ ਸੀ, "ਆਹ ਲਓ 200 ਰੁਪਏ ਤੇ ਸਾਨੂੰ ਆਪਣਾ ਕੰਮ ਕਰਨ ਦਿਓ।" ਪਾਲੇ ਨੇ ਜਿੰਦਗੀ 'ਚ ਕਦੇ ਕੋਈ ਲਾਲਚ ਨਹੀਂ ਕੀਤਾ, ਲੋੜਵੰਦ ਖਿਡਾਰੀਆਂ ਦੀ ਮਦਦ ਵੀ ਕਰ ਦਿੰਦਾ। ਚੱਕਾਂ ਵਾਲੇ ਕਮਲ ਪੰਡਿਤ ਨੂੰ ਖਾਲਸਾ ਕਾਲਜ ਵੀ ਪਾਲਾ ਲੈ ਕੇ ਗਿਆ ਸੀ ਤੇ ਹਰ ਤਰ੍ਹਾਂ ਨਾਲ ਉਹਦੀ ਮਦਦ ਕੀਤੀ।

ਪਾਲੇ ਨੂੰ ਆਪਣੇ ਪਿੰਡ 'ਤੇ ਮਾਣ ਹੈ, ਜਿਥੇ ਗੁਰਦਾਵਰ ਵਰਗੇ ਮੱਲ ਪੈਦਾ ਹੋਏ ਜੋ ਪਾਕਿਸਤਾਨ, ਅਫਗਾਨਿਸਥਾਨ, ਇੰਗਲੈਂਡ ਤੇ ਹੋਰ ਦੇਸ਼ਾਂ ਵਿਚ ਘੁਲਣ ਜਾਂਦਾ ਰਿਹੈ। ਕਬੱਡੀ ਖਿਡਾਰੀ ਘੁੱਗੇ 'ਤੇ ਵੀ ਮਾਣ ਹੈ। ਪਾਲਾ ਤੇ ਘੁੱਗਾ ਕਈ ਸਾਲ 'ਕੱਠੇ ਕਾਲਜ ਚੈਂਪੀਅਨਸ਼ਿਪ, ਓਪਨ ਪੰਜਾਬ ਤੇ ਸਟੇਟ ਪੰਚਾਇਤੀ ਰਾਜ ਟੂਰਨਾਮੈਂਟ ਖੇਡਦੇ ਰਹੇ। ਕਬੱਡੀ ਵਿਚ ਘੁੱਗੇ ਨੇ ਹਰ ਪਾਸੇ ਘੁੱਗਾ-ਘੁੱਗਾ ਕਰਾਈ। ਘੁੱਗਾ (ਹਰਮਿੰਦਰ ਸਿੰਘ ਤੱਖਰ) ਅੱਜ ਕੱਲ੍ਹ ਵੈਨਕੂਵਰ, ਕੈਨੇਡਾ ਰਹਿੰਦਾ ਹੈ। ਪਾਲੇ ਨੂੰ ਅਫਸੋਸ ਹੈ ਕਿ ਸ਼ੰਕਰ 'ਚੋਂ ਪਹਿਲਵਾਨ ਤੇ ਕਬੱਡੀ ਖਿਡਾਰੀ ਉਠਣੇ ਘਟ ਗਏ ਹਨ। ਹੁਣ ਨਾ ਅੱਗੇ ਵਾਲਾ ਸ਼ੌਕ ਰਿਹਾ, ਨਾ ਢੋਲ ਵੱਜਦੇ ਹਨ।

ਮਾਤਾ ਚੰਨਣ ਕੌਰ ਦਾ ਪਹਿਲਵਾਨ ਤੇ ਕਬੱਡੀ ਖਿਡਾਰੀ ਪੁੱਤ ਗੁਰਪਾਲ ਸਿੰਘ ਤੱਖਰ ਉਰਫ ਸ਼ੰਕਰੀਆ ਪਾਲਾ 16 ਫਰਬਰੀ 1979 ਨੂੰ ਦੁਸਾਂਝ ਕਲਾਂ ਦੀ ਹਰਦੀਪ ਕੌਰ ਨਾਲ ਵਿਆਹਿਆ ਗਿਆ। ਤਿੰਨ ਬੱਚੇ ਹਨ, ਦੋ ਲੜਕੇ ਤੇ ਇਕ ਲੜਕੀ। ਵੱਡੀ ਲੜਕੀ ਪਰਿਵਾਰ ਸਮੇਤ ਇੰਡੀਆਨਾ ਰਹਿੰਦੀ ਹੈ ਜਦਕਿ ਦੋਵੇਂ ਲੜਕੇ ਉਸ ਕੋਲ ਕੈਲੀਫੋਰਨੀਆ ਰਹਿੰਦੇ ਹਨ। ਦੋ ਭਰਾ ਸਨ। ਛੋਟਾ ਹੁਸ਼ਿਆਰ ਸਿੰਘ ਇਸ ਸਾਲ ਜਨਵਰੀ ਮਹੀਨੇ ਪੂਰਾ ਹੋ ਗਿਆ।



*ਪਾਲੇ ਦਾ ਦਾਦਾ ਪੂਰਨ ਪਹਿਲਵਾਨ*

ਮਾਤਾ-ਪਿਤਾ ਪਹਿਲਾਂ ਪੂਰੇ ਹੋ ਗਏ ਸਨ। ਪੁਰਾਣੇ ਖਿਡਾਰੀਆਂ ਘੁੱਗਾ, ਬੋਲਾ ਪੱਤੜੀਆ, ਚਮਕੌਰ ਤਲਵੰਡੀ ਫੱਤੂ, ਲਹਿੰਬਰ ਸੱਘਵਾਲ, ਰਾਵਲ ਮਾਣ ਢੇਰੀ, ਹਰਪਾਲ ਸ਼ਾਗਿਰਦ ਤੇ ਹੋਰ ਪਹਿਲਵਾਨਾਂ, ਸ਼ਾਗਰਦਾਂ ਤੇ ਖਿਡਾਰੀਆਂ ਨਾਲ ਜਰੂਰ ਸੰਪਰਕ ਰੱਖਦਾ ਹੈ। ਹਰ ਸਾਲ ਮੰਨਣਹਾਣੇ ਦੀ ਛਿੰਝ 'ਤੇ ਪਹਿਲਵਾਨਾਂ ਬਾਰੇ ਲਿਖਣ ਵਾਲੇ ਲਿਖਾਰੀਆਂ ਦਾ ਸਨਮਾਨ ਕਰਦਾ ਹੈ। ਸੋਂਧੀ ਕੋਚ ਨਾਲ ਮਿਲ ਕੇ ਹਰ ਸਾਲ ਇਹ ਉਪਰਾਲਾ ਕੀਤਾ ਜਾਂਦਾ ਹੈ। ਬਲਵੀਰ ਸਿੰਘ ਕੰਵਲ ਨੂੰ ਵੀ ਇਨ੍ਹਾਂ ਵਲੋਂ ਸਨਮਾਨਤ ਕੀਤਾ ਜਾ ਚੁੱਕਾ ਹੈ। ਗੁਰਪਾਲ ਸਿੰਘ ਪਾਲਾ ਨਵੇਂ ਖਿਡਾਰੀਆਂ ਵਿਚ ਨਸ਼ਿਆਂ ਦੇ ਵਧਦੇ ਰੁਝਾਨ ਬਾਰੇ ਚਿੰਤਤ ਹੈ। ਪਾਲੇ ਦਾ ਫੋਨ ਨੰਬਰ 530-632-2016 ਹੈ।

# ਪੰਜਾਬ ਸਿਆਸਤ:ਚੌਥੇ ਮੰਚ ਦੇ ਗਠਨ ਦੇ ਸੰਕੇਤ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਬਹੁਤਾ ਪਿੱਛੇ ਅਸੀਂ ਨਹੀਂ ਜਾਣਾ ਚਾਹੁੰਦੇ, ਪਾਠਕ ਬੋਰ ਹੋਣਗੇ, ਉਨ੍ਹਾਂ ਕੁਝ ਹਫਤਿਆਂ ਤੱਕ ਗੱਲ ਸੀਮਤ ਰੱਖਾਂਗੇ, ਜਿਨ੍ਹਾਂ ਵਿਚ ਨਵੀਂ ਉਠੀ ਆਮ ਆਦਮੀ ਪਾਰਟੀ (ਆਪ) ਵਿਚ ਕੀ ਦਾ ਕੀ ਹੋ ਗਿਆ ਹੈ? ਉਦੋਂ ਸਾਡੀ ਗੱਲ ਸੁਣ ਕੇ ਜਿਨ੍ਹਾਂ ਨੂੰ ਲੱਗਾ ਸੀ ਕਿ ਇਹ ਬੰਦਾ ਸਾਡੇ ਰਾਹ 'ਚ ਕੰਡੇ ਬੀਜਣ ਵਾਲਿਆਂ ਦਾ ਆੜੀ ਬਣਿਆ ਪਿਆ ਹੈ, ਉਹੀ ਲੋਕ ਹੁਣ ਆਪ ਹੱਦਾਂ ਟੱਪ ਕੇ ਗੱਲਾਂ ਕਰਦੇ ਪਏ ਹਨ ਤੇ ਹੁਣ ਅਸੀਂ ਹੈਰਾਨ ਹੋ ਰਹੇ ਹਾਂ।

ਹਾਲੇ ਡੇਢ ਮਹੀਨਾ ਪਹਿਲਾਂ ਅਸੀਂ ਜੁਲਾਈ ਦੇ ਦੂਸਰੇ ਹਫਤੇ ਇਹ ਦੋ ਪੈਰੇ ਲਿਖੇ ਸਨ:

"ਸਾਨੂੰ ਇਹ ਗੱਲ ਮੰਨ ਲੈਣ ਵਿਚ ਹਰਜ ਨਹੀਂ ਜਾਪਦਾ ਕਿ ਆਮ ਲੋਕਾਂ ਵਿਚ ਇਸ ਨਵੀਂ ਪਾਰਟੀ ਲਈ 'ਇੱਕ ਵਾਰ ਇਸ ਨੂੰ ਪਰਖਣ ਦਾ ਮੌਕਾ' ਦੇਣ ਦੀ ਭਾਵਨਾ ਜਾਪਦੀ ਹੈ, ਤੇ ਇਹ ਆਮ ਲੋਕਾਂ ਦਾ ਹੱਕ ਹੈ, ਪਰ ਇਹ ਭਾਵਨਾ ਇਸ ਕਰ ਕੇ ਨਹੀਂ ਕਿ ਇਸ ਪਾਰਟੀ ਨੇ ਕੁਝ ਕਰ ਕੇ ਵਿਖਾਇਆ ਹੈ। ਲੋਕਾਂ ਵਿਚ ਇਸ ਤਰ੍ਹਾਂ ਦੀ ਭਾਵਨਾ ਦਾ ਕਾਰਨ ਭਾਰਤੀ ਰਾਜਨੀਤੀ ਅਤੇ ਖਾਸ ਤੌਰ ਉਤੇ ਪੰਜਾਬ ਦੀ ਰਾਜਨੀਤੀ ਦੀਆਂ ਅਗਵਾਨੂੰ ਪਹਿਲੀਆਂ ਮੁੱਖ ਪਾਰਟੀਆਂ ਵੱਲ ਨਾਰਾਜ਼ਗੀ ਦੀ ਓੜਕ ਤੋਂ ਪੈਦਾ ਹੋਈ ਹੈ। ਏਦਾਂ ਦੀ ਨਾਰਾਜ਼ਗੀ ਅਸੀਂ ਚਾਲੀ ਕੁ ਸਾਲ ਪਹਿਲਾਂ ਐਮਰਜੈਂਸੀ ਤੋਂ ਬਾਅਦ ਜੈ ਪ੍ਰਕਾਸ਼ ਨਾਰਾਇਣ ਦੀ ਅਗਵਾਈ ਵਿਚ 'ਸੰਪੂਰਨ ਇਨਕਲਾਬ' ਦਾ ਨਾਅਰਾ ਦੇਣ ਵਾਲਿਆਂ ਦੇ ਹੱਕ ਵਿਚ ਵੀ ਵੇਖੀ ਸੀ, ਪਰ ਸਿੱਟਾ ਵਧੀਆ ਨਹੀਂ ਸੀ ਨਿਕਲਿਆ। ਉਹ ਲਹਿਰ ਦੁੱਧ ਦੇ ਉਬਾਲੇ ਵਾਂਗ ਚੜ੍ਹੀ ਸੀ, ਰਾਜ ਕਰ ਰਹੀ ਇੱਕ ਪਾਰਟੀ ਨੂੰ ਪਾਸੇ ਕਰ ਕੇ ਕਿਸੇ ਸਿਧਾਂਤਕ ਸਾਂਝ ਤੋਂ ਬਗੈਰ ਬਣੇ ਅਣਘੜਤ ਗੱਠਜੋੜ ਦੀ ਸਰਕਾਰ ਦੇ ਬਣਨ ਤੱਕ ਹੀ ਨਿਭੀ ਤੇ ਫਿਰ ਖੱਖੜੀਆਂ ਦਾ ਇਹੋ ਜਿਹਾ ਖਿਲਾਰਾ ਬਣ ਗਈ ਸੀ, ਜਿਸ ਦੀ ਟੁੱਟ-ਭੱਜ ਦੌਰਾਨ ਪੁਰਾਣੇ ਜਨਸੰਘ ਨੂੰ ਕੁੰਜ ਬਦਲ ਕੇ ਅਜੋਕੀ ਭਾਰਤੀ ਜਨਤਾ ਪਾਰਟੀ ਦੇ ਰੂਪ ਵਿਚ ਉਭਰਨਾ ਸੌਖਾ ਹੋ ਗਿਆ ਸੀ।"

"ਅੱਜ ਫਿਰ ਓਸੇ ਤਰ੍ਹਾਂ ਕਾਂਗਰਸ ਮਰਨੇ ਪਈ ਹੈ, ਅਕਾਲੀ-ਭਾਜਪਾ ਗੱਠਜੋੜ ਤੋਂ ਲੋਕਾਂ ਨੂੰ ਕੋਈ ਆਸ ਵਰਗੀ ਗੱਲ ਨਹੀਂ ਜਾਪਦੀ ਤੇ ਅੱਕੀਂ-ਪਲਾਹੀਂ ਹੱਥ ਮਾਰਦੇ ਲੋਕਾਂ ਸਾਹਮਣੇ ਉਹ ਪਾਰਟੀ ਪੇਸ਼ ਹੋ ਰਹੀ ਹੈ, ਜਿਹੜੀ ਬੱਕਰੀ ਤੇ ਸ਼ੇਰ ਨੂੰ ਇੱਕੋ ਘਾਟ ਉਤੇ ਪਾਣੀ ਪਿਆਉਣ ਦਾ ਅਣਹੋਣਾ ਸੁਫਨਾ ਵਿਖਾਉਂਦੀ ਹੈ। ਵਿਧਾਨ ਸਭਾ ਚੋਣਾਂ ਹੁਣ ਨੇੜੇ ਆ ਗਈਆਂ ਹਨ, ਪਰ ਪੰਜਾਬ ਦੇ ਲੋਕਾਂ ਸਾਹਮਣੇ ਧੁੰਦ ਅਤੇ ਧੂੰਆਂ ਅਜੇ ਤੱਕ ਛਟ ਨਹੀਂ ਰਿਹਾ। ਕੇਜਰੀਵਾਲ ਬਾਰੇ ਬਹੁਤ ਜਜ਼ਬਾਤੀ ਹੋ ਕੇ ਖਿੱਚੇ ਗਏ ਸੱਜਣਾਂ ਕੋਲ ਵੀ ਭਵਿੱਖ ਦਾ ਨਕਸ਼ਾ ਨਹੀਂ, ਹਰ ਗੱਲ ਲਈ ਇੱਕੋ ਨੁਸਖਾ ਮੌਜੂਦ ਹੈ ਕਿ ਕੇਜਰੀਵਾਲ ਦੀ ਅਗਵਾਈ ਸਭ ਮਸਲੇ ਹੱਲ ਕਰ ਦੇਵੇਗੀ। ਏਡਾ ਭਰੋਸਾ ਕਰਨਾ ਔਖਾ ਹੈ।"

ਇੱਕ ਸੱਜਣ ਨੇ ਬੜਾ ਲੰਮਾ ਫੋਨ ਕਰ ਕੇ ਸਾਨੂੰ ਕੌੜ-ਫਿੱਕ ਬੋਲੀ ਕਿ ਜੇ ਤੇਰੀ ਸਮਝ ਵਿਚ ਕੇਜਰੀਵਾਲ ਉਤੇ ਵੀ ਭਰੋਸਾ ਕਰਨਾ ਔਖਾ ਹੈ ਤਾਂ ਫਿਰ ਆਪਣੇ ਸਿਰ ਦਾ ਇਲਾਜ ਕਰਵਾ। ਇਸ ਹਫਤੇ ਉਹੀ ਸੱਜਣ ਪੱਤਰਕਾਰਾਂ ਨੂੰ ਇਹ ਕਹਿੰਦਾ ਸੁਣਿਆ ਗਿਆ ਕਿ ਕੇਜਰੀਵਾਲ ਸਿੱਧਾ ਕੁਝ ਨਹੀਂ ਲੈਂਦਾ, ਪਰ ਦਿੱਲੀ ਵਾਲੇ ਸੰਜੇ ਸਿੰਘ ਤੇ ਦੁਰਗੇਸ਼ ਪਾਠਕ ਵਰਗੇ ਲੋਕ ਪੰਜਾਬ ਵਿਚ ਪੈਸੇ ਇਕੱਠੇ ਕਰਨ ਵਾਸਤੇ ਖਿਲਾਰੇ ਹੋਏ ਸਨ। ਹੁਣ ਉਹ ਆਪਣੀ ਓਸੇ ਪਾਰਟੀ ਤੇ ਪਾਰਟੀ ਦੀ ਲੀਡਰਸ਼ਿਪ ਬਾਰੇ ਏਨਾ ਕੁਝ ਬੋਲ ਰਿਹਾ ਹੈ ਕਿ ਸੁਣਨ ਵਾਲਿਆਂ ਨੂੰ ਉਹ ਭਾਜਪਾ ਦਾ ਕੋਈ ਬੁਲਾਰਾ ਜਾਪਦਾ ਹੈ। ਸਾਡੀ ਜਾਚੇ ਉਹ ਉਦੋਂ ਵੀ ਗਲਤ ਲੋਕਾਂ 'ਚ ਸ਼ਾਮਲ ਸੀ, ਹਾਲੇ ਵੀ ਠੀਕ ਨਹੀਂ ਹੋਇਆ।

ਉਹ ਸੱਜਣ ਤੇ ਉਹਦੇ ਵਰਗੇ ਹੋਰ ਕਈ ਸੱਜਣ ਉਸ ਲਿਖਤ ਤੋਂ ਸਿਰਫ ਇੱਕ ਹਫਤਾ ਪਹਿਲਾਂ ਦੀ ਲਿਖਤ ਦੋਬਾਰਾ ਪੜ੍ਹ ਲੈਂਦੇ ਤਾਂ ਸਾਡੀ ਗੱਲ ਦਾ ਭੇਦ ਸਮਝ ਆ ਜਾਣਾ ਸੀ। ਉਸੇ ਲੇਖ ਵਿਚ ਅਸੀਂ ਲਿਖਿਆ ਸੀ, "ਹਰ ਡਿਸਿਪਲਿਨ ਤੋਂ ਸੱਖਣੀ ਭਾਜੜ ਜਿਹੀ ਵਿਚ ਦੌੜਦੀ ਭੀੜ ਵਰਗੀ ਇਹ ਪਾਰਟੀ ਇਸ ਸਮੇਂ ਕਿਸੇ ਦਲ ਤੋਂ ਵੱਧ 'ਮੁਲਖਈਆ' ਜਾਪਦੀ ਹੈ। ਪਿਛਲੇ ਸਮਿਆਂ ਵਿਚ ਜਦੋਂ ਕਦੇ ਜੰਗਾਂ ਹੁੰਦੀਆਂ ਤਾਂ ਉਦੋਂ ਕਈ ਵਾਰੀ ਕੁਝ ਲੋਕ ਫੌਜ ਦਾ ਹਿੱਸਾ ਨਾ ਹੁੰਦੇ ਹੋਏ ਵੀ ਉਨ੍ਹਾਂ ਫੌਜਾਂ ਨਾਲ ਉਠ ਤੁਰਦੇ ਤੇ ਫੌਜੀਆਂ ਤੋਂ ਵੱਧ ਲਲਕਾਰੇ ਮਾਰਦੇ। ਇਸ ਤਰ੍ਹਾਂ ਤੁਰਦੀ ਭੀੜ ਲਈ ਉਦੋਂ 'ਮੁਲਖਈਆ' ਦਾ ਲਫਜ਼ ਵਰਤਿਆ ਜਾਂਦਾ ਸੀ। ਜਿੱਦਾਂ ਦਾ ਦ੍ਰਿਸ਼ ਇਸ ਵੇਲੇ ਆਮ ਆਦਮੀ ਪਾਰਟੀ ਵਿਚ ਹੈ, ਉਸ ਤੋਂ ਮੁਲਖਈਏ ਦਾ ਝਉਲਾ ਜਿਹਾ ਪੈਂਦਾ ਹੈ।"

ਹੁਣ ਸੱਚ ਸਾਬਤ ਹੋ ਰਿਹਾ ਹੈ, ਪਰ ਅਜੇ ਉਹ ਪੜਾਅ ਨਹੀਂ ਆਇਆ, ਜਿੱਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਕਾਂਗਰਸ ਮੁਕਤ ਭਾਰਤ' ਵਾਂਗ ਕਿਹਾ ਜਾਵੇ ਕਿ ਆਮ ਆਦਮੀ ਪਾਰਟੀ ਦਾ 'ਝਾੜੂ' ਉਸ ਦੇ ਆਪਣੇ ਘਰ 'ਚ ਫਿਰ ਗਿਆ ਹੈ। ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ 'ਚ ਉਸ ਦੇ ਪੈਰ ਉਖੜ ਰਹੇ ਹਨ। ਪੁਰਾਣੇ ਸਮਿਆਂ ਦੇ ਮੁਲਖਈਏ ਵਰਗਾ ਇਕੱਠਾ ਕੀਤਾ 'ਭਾਨਮਤੀ ਦਾ ਕੁਨਬਾ' ਹੌਲੀ-ਹੌਲੀ ਖਿਲਰਨ ਲੱਗਾ ਹੈ, ਪਰ ਭਾਜਪਾ ਦੇ ਪਿੱਛੇ ਖੜੋਤੇ ਹਿੰਦੂਤਵ ਦੇ ਸਿਧਾਂਤਕ ਸਮਰਥਕਾਂ ਨੇ ਇਸ ਦਾ ਭੋਗ ਹਾਲੇ ਨਹੀਂ ਪੈਣ ਦੇਣਾ। ਸੁਣਿਆ ਹੈ, ਉਹ ਸਮਝਦੇ ਹਨ ਕਿ ਭਾਰਤ ਨੂੰ ਪੱਕੀ ਤਰ੍ਹਾਂ 'ਕਾਂਗਰਸ ਮੁਕਤ' ਕਰਨ ਲਈ ਮੁੱਖ ਧਾਰਾ ਵਿਚ ਦੋ ਵੱਡੀਆਂ ਕੌਮੀ ਪਾਰਟੀਆਂ ਦੀ ਹੋਂਦ ਚਾਹੀਦੀ ਹੈ ਤੇ ਦੂਜੀ ਪਾਰਟੀ ਉਨ੍ਹਾਂ ਨੂੰ ਉਹੋ ਜਾਪਦੀ ਹੈ। ਆਪਣੀ ਨਿੱਕਰਧਾਰੀ ਪਲਟਣ ਉਨ੍ਹਾਂ ਨੇ ਆਮ ਆਦਮੀ ਪਾਰਟੀ ਨਾਲ ਗੋਆ ਵਿਚ ਖੁਦ ਤੋਰ ਦਿੱਤੀ




ਸੀ, ਕਿਉਂਕਿ ਉਥੇ ਕਾਂਗਰਸ ਦਿੱਸਦੀ ਨਹੀਂ ਤੇ ਭਾਜਪਾ ਦੇ ਮੁਕਾਬਲੇ ਦੀ ਦੂਜੀ ਧਿਰ ਵਾਸਤੇ ਉਹ ਆਪਣੇ ਏਜੰਡੇ 'ਤੇ ਚੱਲ ਰਹੇ ਸਨ, ਪਰ ਮੋਦੀ ਦੀ ਕੌੜੀ ਅੱਖ ਵੇਖ ਕੇ ਉਨ੍ਹਾਂ ਕਾਂਟਾ ਬਦਲਣਾ ਚਾਹਿਆ ਸੀ। ਏਥੇ ਆ ਕੇ ਉਸ ਰਾਜ ਵਿਚ ਆਰ ਐਸ ਐਸ ਦਾ ਮੁਖੀ ਬਾਗੀ ਹੋ ਗਿਆ ਤੇ ਭਾਜਪਾ ਦੀ 'ਸਿਧਾਂਤਕ ਮਾਤਾ ਸ੍ਰੀ' ਮੰਨੇ ਜਾਂਦੇ ਆਰ ਐਸ ਐਸ ਨੂੰ ਗੋਆ ਵਿਚ ਸਥਿਤੀ ਨੂੰ ਕੂਹਣੀ ਮੋੜ ਦੇਣ ਵਿਚ ਹੱਦੋਂ ਬਾਹਰੀ ਔਖ ਹੋ ਰਹੀ ਹੈ। ਪੰਜਾਬ ਵਿਚ ਭਾਜਪਾ ਵਿਚਲੇ ਪੱਕੇ ਸੰਘ-ਭਗਤ ਅਜੇ ਤੱਕ ਉਪਰੋਂ ਪਾਰਟੀ ਨਾਲ ਤੇ ਅੰਦਰੋਂ ਕੇਜਰੀਵਾਲ ਵੱਲ ਹਨ, ਕਿਉਂਕਿ ਅਜੇ ਤੱਕ ਗੋਆ ਵਾਲੀ ਹਦਾਇਤ ਨਹੀਂ ਪਹੁੰਚੀ, ਪਹੁੰਚ ਗਈ ਤਾਂ ਅਸਰ ਪਤਾ ਲੱਗੂ।

ਜਿੱਥੋਂ ਤੱਕ ਪੰਜਾਬ ਦੀ ਮੌਜੂਦਾ ਸਥਿਤੀ ਦਾ ਸਬੰਧ ਹੈ, ਹੁਣ ਨਕਸ਼ਾ ਇੱਕ ਦਮ ਉਲਝਿਆ ਜਾਪਣ ਲੱਗਾ ਹੈ ਤੇ ਅਗਲੇ ਦਿਨਾਂ 'ਚ ਕਈ ਰੰਗ ਪਲਟੇਗਾ। ਅਕਾਲੀ ਦਲ ਉਤੋਂ ਖੁਸ਼ ਹੈ ਕਿ ਉਲਝਣ ਵਧਣ ਨਾਲ ਸਾਡਾ ਦਾਅ ਫਿਰ ਲੱਗ ਸਕਦਾ ਹੈ, ਪਰ ਅੰਦਰੋਂ ਕੰਬਣੀ ਛਿੜ ਰਹੀ ਹੈ ਕਿ ਜਿਵੇਂ ਲੋਕਾਂ ਵਿਚ ਤਿੱਖਾ ਵਿਰੋਧ ਹੈ, ਟਕਸਾਲੀ ਅਕਾਲੀ ਵਰਕਰ ਵੀ ਪਰਿਵਾਰਾਂ ਸਮੇਤ ਪਾਰਟੀ ਦੇ ਖਿਲਾਫ ਭੁਗਤਣ ਨੂੰ ਤਿਆਰ ਸੁਣੀਂਦੇ ਹਨ, ਉਸ ਨਾਲ ਜੋ ਵੀ ਧਿਰ ਬਦਲ ਪੇਸ਼ ਕਰਦੀ ਦਿਸੇਗੀ, ਉਧਰ ਨੂੰ ਵਹਿਣ ਵਗ ਸਕਦਾ ਹੈ। ਕਾਂਗਰਸ ਵੀ ਇਸ ਤੋਂ ਫਿਕਰਮੰਦ ਹੈ। ਉਨ੍ਹਾਂ ਨੂੰ ਨਵਜੋਤ ਸਿੱਧੂ ਦੀ ਉਡੀਕ ਸੀ ਕਿ ਉਹ ਸਾਡੇ ਤਰਲੇ ਮੰਨ ਕੇ ਇਸ ਪਾਸੇ ਆ ਜਾਵੇਗਾ ਤੇ ਉਸ ਨੇ ਕਈ ਦਿਨਾਂ ਤੱਕ ਇਨ੍ਹਾਂ ਨਾਲ ਗੱਲਬਾਤ ਵੀ ਜਾਰੀ ਰੱਖੀ ਸੀ, ਪਰ ਸ਼ੁੱਕਰਵਾਰ ਨੂੰ ਉਹ ਇਸ ਤਰ੍ਹਾਂ ਦੀ ਛੜ ਮਾਰ ਕੇ ਪਰੇ ਹੋ ਗਿਆ ਕਿ ਹੁਣ ਉਸ ਨੂੰ ਪੁਚਕਾਰਨਾ ਵੀ ਸੰਭਵ ਨਹੀਂ। ਪਿਛਲੇ ਦਿਨਾਂ 'ਚ ਸਿੱਧੂ ਕੁਝ ਨਹੀਂ ਸੀ ਬੋਲਦਾ, ਪਰ ਨਵਜੋਤ ਕੌਰ ਜਦੋਂ ਵੀ ਬੋਲਦੀ ਤਾਂ ਲੁਕਵੇਂ ਇਸ਼ਾਰੇ ਛੱਡ ਜਾਂਦੀ ਸੀ। ਪਹਿਲਾਂ ਉਸ ਨੇ ਇਹ ਕਿਹਾ ਕਿ ਭਾਜਪਾ ਨੇ ਅਕਾਲੀਆਂ ਦੀ ਸਾਂਝ ਨਹੀਂ ਤੋੜਨੀ ਤਾਂ ਸਾਨੂੰ ਉਧਰ ਝਾਕਣ ਦੀ ਲੋੜ ਨਹੀਂ। ਇਸ ਨਾਲ ਭਾਜਪਾ ਉਤੇ ਕਾਟਾ ਵੱਜ ਗਿਆ। ਫਿਰ ਉਸ ਨੇ ਬੁੱਧਵਾਰ ਨੂੰ ਬਿਆਨ ਦਿੱਤਾ ਕਿ ਅਮਰਿੰਦਰ ਸਿੰਘ ਦਾ ਪਿਛਲਾ ਰਾਜ ਵੀ ਬਹੁਤ ਮਾੜਾ ਸੀ ਤੇ ਹੁਣ ਵੀ ਆਸ ਨਹੀਂ ਕਰਨੀ ਚਾਹੀਦੀ। ਇਸ ਨਾਲ ਕਾਂਗਰਸ ਉਤੇ ਕਾਟਾ ਮਾਰ ਗਈ। ਵੀਰਵਾਰ ਜਦੋਂ ਉਸ ਨੇ ਇਹ ਕਿਹਾ ਕਿ ਆਮ ਆਦਮੀ ਪਾਰਟੀ ਇਸ ਰਾਜ ਦੇ ਲੋਕਾਂ ਦਾ ਭਲਾ ਇਸ ਲਈ ਨਹੀਂ ਕਰ ਸਕਦੀ ਕਿ ਉਸ ਨੇ ਪੰਜਾਬ ਦੀ ਅਗਵਾਈ ਲਈ ਗੈਰ ਪੰਜਾਬੀ ਧਾੜ ਏਥੇ ਭੇਜ ਦਿੱਤੀ ਹੈ, ਤਾਂ ਅਗਲੀ ਗੱਲ ਸਾਫ ਹੋ ਗਈ ਕਿ ਸਿੱਧੂ ਜੋੜੀ ਨੇ ਹੁਣ ਇਸ ਪਾਰਟੀ ਵੱਲ ਵੀ ਨਹੀਂ ਜਾਣਾ, ਫਿਰਨੀ ਉਤੇ ਨਵੀਂ ਟੱਪਰੀ ਖੜੀ ਕਰਨ ਵਾਲੇ ਹਨ।

ਹੁਣ ਇਹ ਸਾਰਾ ਕੁਝ ਸਾਫ ਹੋ ਗਿਆ ਹੈ। ਲੁਧਿਆਣੇ ਦੇ ਬੈਂਸ ਭਰਾਵਾਂ ਨੂੰ ਉਨ੍ਹਾਂ ਦੇ ਅੱਖੜ ਸੁਭਾਅ ਕਾਰਨ ਆਪਣੇ ਨਾਲ ਲੈਣ ਤੋਂ ਹਰ ਕੋਈ ਝਿਜਕਦਾ ਸੀ, ਪਰ ਉਸ ਸ਼ਹਿਰ ਵਿਚ ਉਨ੍ਹਾਂ ਦਾ ਅਕਸ ਔਕੜ ਦੀ ਘੜੀ ਲੋਕਾਂ ਦੀ ਮਦਦ ਕਰਨ ਦਾ ਵੀ ਸੁਣੀਂਦਾ ਹੈ। ਇੱਕ ਵੱਡੇ ਬੁੱਧੀਜੀਵੀ ਨੇ ਤਾਂ ਉਨ੍ਹਾਂ ਨੂੰ 'ਲੁਧਿਆਣੇ ਦੇ ਰਾਬਿਨਹੁੱਡ' ਕਹਿ ਦਿੱਤਾ ਸੀ। ਨਿਬੇੜੇ ਦੀ ਘੜੀ ਲੋਕ ਕੀ ਫੈਸਲਾ ਕਰਨਗੇ, ਇਸ ਵੇਲੇ ਕਹਿਣਾ ਔਖਾ ਹੈ। ਅਕਾਲੀ ਦਲ, ਭਾਜਪਾ ਤੇ ਕਾਂਗਰਸ ਤਿੰਨੇ ਧਿਰਾਂ ਨਵਜੋਤ ਸਿੱਧੂ ਬਾਰੇ ਕਹਿੰਦੀਆਂ ਹਨ ਕਿ ਉਸ ਨੂੰ ਜਿਸ ਕਤਲ ਕੇਸ ਦੀ ਸਜ਼ਾ ਹੋਈ ਹੈ, ਉਹ ਤੁਰਤ ਸੁਣਵਾਈ ਲਈ ਪੇਸ਼ ਹੋ ਸਕਦਾ ਹੈ। ਇਸ ਦਾ ਅਸਲੀ ਅਰਥ ਇਹ ਹੈ ਕਿ ਉਨ੍ਹਾ ਵਿਚੋਂ ਕੋਈ ਇੱਕ ਧਿਰ ਏਦਾਂ ਦੀ ਅਰਜ਼ੀ ਦੇਣ ਵਾਲੀ ਹੈ। ਉਹੋ ਸਿੱਧੂ ਉਨ੍ਹਾਂ ਨਾਲ ਚਲਾ ਜਾਂਦਾ ਤਾਂ ਜਿਵੇਂ ਪਿਛਲੇ ਸਾਲਾਂ ਵਿਚ ਬਾਦਲ ਪਿਤਾ-ਪੁੱਤਰ ਉਸ ਦੀ ਢਾਲ ਬਣਦੇ ਰਹੇ ਸਨ, ਇਸ ਵਾਰੀ ਕਾਂਗਰਸ ਨੇ ਬਣਨਾ ਸੀ, ਪਰ ਉਸ ਦੇ ਵੱਖਰਾ ਮੋਰਚਾ ਬਣਾਉਣ ਮਗਰੋਂ ਸਾਰੇ ਜਣੇ ਕਤਲ ਕੇਸ ਦੀ ਕਾਂਵਾਂ ਰੌਲੀ ਪਾਉਣਗੇ। ਤੀਸਰਾ ਇੱਕੋ ਜਣਾ ਪਰਗਟ ਸਿੰਘ ਇਹੋ ਜਿਹਾ ਰਹਿ ਜਾਂਦਾ ਹੈ, ਜਿਸ ਦੇ ਖਿਲਾਫ ਕੁਝ ਕਹਿਣਾ ਇਨ੍ਹਾਂ ਲੋਕਾਂ ਲਈ ਔਖਾ ਹੈ।

ਦੋ ਸਤੰਬਰ ਨੂੰ ਚੌਥੇ ਮੰਚ ਦਾ ਐਲਾਨ ਹੁੰਦੇ ਸਾਰ ਜਿਵੇਂ ਮੁੱਖ ਮੰਤਰੀ ਬਾਦਲ ਨੇ ਸੰਭਲ ਕੇ ਪ੍ਰਤੀਕਰਮ ਦੇਣ ਦੀ ਆਪਣੀ ਆਦਤ ਦੀ ਥਾਂ ਕਾਹਲੀ ਵਿਚ ਇਨ੍ਹਾਂ ਨੂੰ 'ਭਗੌੜਿਆਂ ਦਾ ਟੋਲਾ' ਕਿਹਾ ਹੈ, ਉਸ ਤੋਂ ਲੱਗਦਾ ਹੈ ਕਿ ਜਿੱਦਾਂ ਦੀ ਹਲਚਲ ਇਹ ਮੋਰਚਾ ਮਚਾਉਣੀ ਚਾਹੁੰਦਾ ਸੀ, ਸ਼ੁਰੂ ਹੋ ਗਈ ਹੈ। ਇਹ ਕਹਾਵਤ ਭੁੱਲ ਜਾਣੀ ਚਾਹੀਦੀ ਹੈ ਕਿ 'ਲਾਲ ਭੰਗੂੜੇ ਵਿਚ ਵੀ ਪਛਾਣੇ ਜਾਂਦੇ ਹਨ', ਸਗੋਂ ਇਹ ਉਡੀਕਣਾ ਚਾਹੀਦਾ ਹੈ ਕਿ ਲੋਕ ਇਸ ਨਵੇਂ ਮੰਚ ਦੀ ਉਠਾਣ ਲਈ ਕੀ ਹੁੰਗਾਰਾ ਭਰਦੇ ਹਨ। ਸਿਆਸਤ ਦੀ ਇਸ ਭੰਨ-ਤੋੜ ਦੌਰਾਨ ਕਾਹਲੇ ਸਿੱਟੇ ਕੱਢਣ ਦੀ ਥਾਂ ਅਗਲੇ ਹਫਤਿਆਂ ਉਤੇ ਅੱਖ ਰੱਖਣੀ ਪਵੇਗੀ, ਜਦੋਂ ਜਨਤਕ ਮਾਨਸਿਕਤਾ ਦੇ ਵਹਿਣ ਦੀ ਦਸ਼ਾ ਤੇ ਦਿਸ਼ਾ ਦੋਵੇਂ ਸਾਹਮਣੇ ਆਉਣਗੀਆਂ।

# ਕੇਜਰੀਵਾਲ ਦਾ ਪੰਜਾਬ ਪ੍ਰਸੰਗ

ਡਾ. ਹਰਪਾਲ ਸਿੰਘ ਪੰਨੂ
ਫੋਨ: 91-94642-51454

ਪੰਜਾਬ ਵਿਧਾਨ ਸਭਾ ਚੋਣਾਂ ਦਾ ਪਿੜ ਭਖਣ ਲੱਗਾ ਹੈ। ਚੋਣਾਂ ਦੇ ਨਤੀਜੇ ਧਮਾਕਾਖੇਜ਼ ਹੋਣਗੇ ਕਿਉਂਕਿ ਪੰਜਾਬ ਵਿਚ ਇਕ ਤੀਜੀ ਧਿਰ ਆਮ ਅਦਮੀ ਪਾਰਟੀ (ਆਪ) ਆ ਗਈ ਹੈ। ਸਥਾਪਿਤ ਪਾਰਟੀਆਂ ਇਸ ਨੂੰ ਪੰਜਾਬ ਵਿਚ ਦਾਖਲ ਹੋਇਆ ਨਵਾਂ ਵਾਇਰਸ ਦੱਸ ਕੇ ਭੰਡ ਰਹੀਆਂ ਹਨ।

ਸ਼੍ਰੋਮਣੀ ਅਕਾਲੀ ਦਲ ਪੁਕਾਰ ਰਿਹਾ ਹੈ-ਪੰਜਾਬ ਵਿਚ ਭਈਆਂ ਦਾ ਦਾਖਲਾ ਰੋਕੋ। ਸੁਖਬੀਰ ਬਾਦਲ ਇਨ੍ਹਾਂ ਦੀ ਟੋਪੀ ਦੀ ਖਿੱਲੀ ਉਡਾਉਂਦਾ ਹੈ। ਕਾਂਗਰਸ ਕਿਉਂਕਿ ਖੇਤਰੀ ਪਾਰਟੀ ਨਹੀਂ, ਸੋ ਟੋਪੀ 'ਤੇ ਹਮਲਾ ਨਹੀਂ ਕਰ ਸਕਦੀ। ਕੈਪਟਨ ਅਮਰਿੰਦਰ ਸਿੰਘ ਕਹਿ ਰਹੇ ਹਨ-ਇਹ ਆਰ.ਐਸ.ਐਸ. ਦੀ ਪੰਜਾਬ ਵਿਚ ਖੁਲ੍ਹੀ ਸ਼ਾਖਾ ਹੈ। ਸਿਮਰਨਜੀਤ ਸਿੰਘ ਦਾ ਮਾਨ ਅਕਾਲੀ ਦਲ ਇਸ ਨੂੰ ਪੰਜਾਬ ਵਿਚ ਗਾਂਧੀਵਾਦ ਦਾ ਦਾਖਲਾ ਆਖ ਰਿਹਾ ਹੈ। ਕਿਸੇ ਨੂੰ ਇਹ ਜਾਣਨ ਦੀ ਲੋੜ ਨਹੀਂ ਕਿ ਆਰ. ਐਸ. ਐਸ. ਦਾ ਗਾਂਧੀਵਾਦ ਨਾਲ ਕੋਈ ਮੇਲ ਨਹੀਂ। ਮਹਾਤਮਾ ਗਾਂਧੀ ਨੇ ਅਹਿੰਸਕ ਸਤਿਆਗ੍ਰਹਿ ਸ਼ੁਰੂ ਕੀਤਾ ਜਦੋਂ ਕਿ ਆਰ.ਐਸ.ਐਸ. ਹਿੰਦੂਤਵ ਦੀ ਹਥਿਆਰਬੰਦ ਫੌਜ ਹੈ। ਆਰ.ਐਸ.ਐਸ. ਦਾ ਕਾਰਕੁਨ ਨੱਥੂਰਾਮ ਗੋਡਸੇ ਵੀਰ ਸਾਵਰਕਰ ਦਾ ਮਿੱਤਰ ਸੀ ਜਿਸ ਨੇ ਗਾਂਧੀ ਦਾ ਕਤਲ ਕੀਤਾ ਤੇ ਫਾਂਸੀ ਦੀ ਸਜ਼ਾ ਤੋਂ ਬਚਣ ਦੀ ਥਾਂ ਫਖਰ ਨਾਲ ਜੁਰਮ ਦਾ ਇਕਬਾਲ ਕਰਦਿਆਂ ਕਿਹਾ-ਗਾਂਧੀ ਇਸੇ ਸਜ਼ਾ ਦਾ ਹੱਕਦਾਰ ਸੀ। ਗਾਂਧੀ ਦੇ ਕਤਲ ਪਿਛੋਂ ਸਰਕਾਰ ਨੇ ਆਰ.ਐਸ.ਐਸ. 'ਤੇ ਪਾਬੰਦੀ ਲਾ ਦਿਤੀ ਸੀ। ਜੇ 'ਆਪ' ਆਰ.ਐਸ.ਐਸ. ਦੀ ਸ਼ਾਖਾ ਹੈ ਤਾਂ ਪ੍ਰਧਾਨ ਮੰਤਰੀ ਮੋਦੀ ਦਿੱਲੀ ਵਿਚ ਕੇਜਰੀਵਾਲ ਦੀ ਸਰਕਾਰ ਚਲਣ ਕਿਉਂ ਨਹੀਂ ਦਿੰਦੇ?

ਹਿੰਦੁਸਤਾਨ ਨਾਲ ਪੰਜਾਬ ਦਾ ਸੁਭਾਅ ਮੇਲ ਨਹੀਂ ਖਾਂਦਾ। ਕਈ ਵਾਰ ਇਸ ਨੇ ਆਪਣੀ ਸੁਤੰਤਰ ਸੋਚ ਦਾ ਪ੍ਰਗਟਾਵਾ ਕੀਤਾ ਹੈ। ਦਰਬਾਰ ਸਾਹਿਬ ਉਪਰ 1984 ਦੇ ਸੈਨਿਕ ਹਮਲੇ ਬਾਅਦ ਜਦੋਂ ਸੰਸਦ ਦੀਆਂ ਚੋਣਾਂ ਹੋਈਆਂ, ਪੰਜਾਬ ਨੇ ਸਿਮਰਨਜੀਤ ਸਿੰਘ ਮਾਨ ਸਮੇਤ ਜੇਲ੍ਹਾਂ ਵਿਚ ਬੰਦ ਉਮੀਦਵਾਰਾਂ ਨੂੰ ਰਿਕਾਰਡ ਤੋੜ ਵੋਟ ਪਾਈ। ਜਿਤੇ ਉਮੀਦਵਾਰਾਂ ਵਿਚ ਨਾ ਅਨੁਸ਼ਾਸਨ ਸੀ, ਨਾ ਸਿਆਸੀ ਸਮਝ ਸੂਝ। ਹਰੇਕ ਜਿਤਿਆ ਪਾਰਲੀਮੈਂਟ ਮੈਂਬਰ ਆਪਣਾ ਵੱਖਰਾ ਰਾਗ ਅਲਾਪਦਾ। ਸ. ਮਾਨ ਵਿਚ ਟੀਮ ਲੀਡਰ ਦੇ ਗੁਣ ਨਹੀਂ ਹਨ। ਜਿਨ੍ਹਾਂ ਨੇ ਮਾਣ ਨਾਲ ਸ. ਮਾਨ ਦੀ ਟੀਮ ਜਿਤਾਈ, ਉਨ੍ਹਾਂ ਨੇ ਇਸ ਦਾ ਫਲਾਪ ਸ਼ੋਅ ਜਲਦੀ ਹੀ ਦੇਖ ਲਿਆ। ਸਾਲ 2017 ਦੀਆਂ ਚੋਣਾਂ ਵਿਚ ਜੇ ਸ. ਮਾਨ ਕਿਸੇ ਧੜੇ ਨਾਲ ਸੰਧੀ ਕਰ ਲੈਣ (ਜੋ ਕਿ ਸੰਭਵ ਨਹੀਂ), ਠੀਕ, ਨਹੀਂ ਤਾਂ ਸਭ ਸੀਟਾਂ 'ਤੇ ਜ਼ਮਾਨਤਾਂ ਜਬਤ ਹੋਣਗੀਆਂ।

ਦਸ ਸਾਲ ਲਗਾਤਾਰ ਰਾਜ ਕਰਨ ਸਦਕਾ ਸ਼੍ਰੋਮਣੀ ਅਕਾਲੀ ਦਲ ਤੋਂ ਵੋਟਰ ਦੂਰ ਹਟ ਗਿਆ ਹੈ। ਕੈਪਟਨ ਅਮਰਿੰਦਰ ਸਿੰਘ ਅਤੇ ਸੁਖਬੀਰ ਸਿੰਘ ਬਾਦਲ ਦੀ ਲਲਕਾਰਾ ਟਾਈਪ ਬੋਲੀ-ਸ਼ੈਲੀ ਵਿਚ ਕੋਈ ਫਰਕ ਨਹੀਂ। ਪੰਜਾਬ ਵਿਚ ਅਕਾਲੀ ਦਲ ਦਾ ਰਵਾਇਤੀ ਬਦਲ ਕਾਂਗਰਸ ਹੋਇਆ ਕਰਦੀ ਸੀ। ਐਤਕੀਂ ਆਮ ਆਦਮੀ ਪਾਰਟੀ ਨੇ ਪੁਰਾਣੇ ਸਮੀਕਰਣ ਬਦਲ ਦਿਤੇ ਹਨ।

ਦੇਖ ਰਹੇ ਹਾਂ, ਆਪ ਇਕੋ ਇਕ ਪਰਟੀ ਹੈ ਜਿਸ ਨੂੰ ਨੌਜਵਾਨ ਪੂਰੀ ਗਰਮਜੋਸ਼ੀ ਨਾਲ ਚਲਾ ਰਹੇ ਹਨ ਤੇ ਚਲਾ ਵੀ ਸੋਸ਼ਲ ਮੀਡੀਏ ਰਾਹੀਂ, ਸੁਪਰਸਾਨਿਕ ਤੇਜ਼ੀ ਨਾਲ ਰਹੇ ਹਨ। ਬਾਦਲ ਅਕਾਲੀ ਦਲ ਨੇ ਜਦੋਂ ਦੇਖਿਆ ਕਿ ਪੰਜਾਬੀ ਜੁਆਨ ਕਲੀਨ ਸ਼ੇਵ ਹੋ ਗਏ ਹਨ ਤਾਂ ਦਹਿਲ ਪੈ ਗਿਆ



*ਅਰਵਿੰਦਰ ਕੇਜਰੀਵਾਲ*

ਕਿ ਕਿਤੇ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਨਾ ਕਾਬਜ਼ ਹੋ ਜਾਣ। ਮੋਦੀ ਤੋਂ ਸੰਸਦ 'ਚ ਫੈਸਲਾ ਕਰਵਾ ਲਿਆ ਕਿ ਸਹਿਜਧਾਰੀਆਂ ਨੂੰ ਵੋਟ/ਆਫਿਸ ਦਾ ਹੱਕ ਨਹੀਂ। ਚਾਹੀਦਾ ਤਾਂ ਇਹ ਸੀ ਕਿ ਧਰਮ ਪ੍ਰਚਾਰ ਰਾਹੀਂ ਜੁਆਨੀ ਨੂੰ ਪਤਿਤ ਹੋਣ ਤੋਂ ਬਚਾਇਆ ਜਾਂਦਾ ਪਰ ਇਹ ਔਖਾ ਕੰਮ ਸੀ। ਵੋਟ ਦਾ ਹੱਕ ਖੋਹਣਾ ਸੌਖਾ ਰਿਹਾ।

ਗੁਰਬਾਣੀ ਦੀ ਬੇਅਦਬੀ ਕਾਰਨ ਗੁੱਸਾ ਤਾਂ ਪਹਿਲੋਂ ਹੀ ਬਥੇਰਾ ਸੀ, ਸ਼ਾਂਤਮਈ ਅੰਦੋਲਨ ਕਰਦੇ ਜੁਆਨਾਂ ਨੂੰ ਪੁਲਿਸ ਨੇ ਗੋਲੀਆਂ ਨਾਲ ਫੁੰਡ ਦਿਤਾ। ਥਾਣੇ ਵਿਚ ਰਪਟ ਲਿਖੀ ਗਈ-ਅਣਪਛਾਤੇ ਬੰਦੂਕਧਾਰੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ। ਛਬੀਲ ਲਾ ਕੇ ਸੰਤ ਢੱਡਰੀਆਂ ਵਾਲੇ ਦੇ ਜਥੇ ਉਪਰ ਘਾਤ ਲਾ ਕੇ ਕਿਸ ਨੇ ਹਮਲਾ ਕੀਤਾ, ਸਰਕਾਰ ਅਤੇ ਪੁਲਿਸ ਨੂੰ ਹੁਣ ਤਕ ਪਤਾ ਨਹੀਂ ਲੱਗਾ। ਇਸ ਵਰਤਾਰੇ ਸਦਕਾ ਅਕਾਲੀ ਦਲ ਨੇ ਆਪਣੇ ਖੰਭ ਆਪ ਕੁਤਰ ਲਏ ਹਨ।

ਮੇਰੇ ਤੋਂ ਅਕਸਰ ਪੁਛਿਆ ਜਾਂਦਾ ਹੈ-ਅਰਵਿੰਦ ਕੇਜਰੀਵਾਲ ਦਾ ਪੰਥਕ ਏਜੰਡਾ ਕੀ ਹੈ? ਮੈਂ ਉਤਰ ਦਿਆ ਕਰਦਾ ਹਾਂ ਕਿ ਜੇ ਉਸ ਦਾ ਕੋਈ ਹਿੰਦੂ ਏਜੰਡਾ ਹੋਵੇ, ਫਿਰ ਪੰਥਕ ਏਜੰਡੇ ਦੀ ਗੱਲ ਪੁਛੀਏ। ਉਹ ਧਰਮ-ਮੁਕਤ ਸਿਆਸਤ ਕਰ ਰਿਹਾ ਹੈ ਤੇ ਚਾਹੁੰਦਾ ਹੈ ਈਮਾਨਦਾਰੀ ਮੁੜ ਸੁਰਜੀਤ ਹੋਵੇ। ਡਾ. ਰਾਜਮੋਹਨ ਗਾਂਧੀ, ਮਹਾਤਮਾ ਗਾਂਧੀ ਦਾ ਪੋਤਾ ਅਮਰੀਕਾ ਵਿਚ ਪ੍ਰੋਫੈਸਰ ਹੈ। ਉਸ ਦੀ ਕਿਤਾਬ 'ਔਰੰਗਜ਼ੇਬ ਤੋਂ ਮਾਊਂਟਬੈਟਨ ਤੱਕ' ਦਾ ਮੈਂ ਪੰਜਾਬੀ ਵਿਚ ਤਰਜਮਾ ਉਸ ਤੋਂ ਰਿਲੀਜ਼ ਕਰਵਾਉਣ ਲਈ ਉਸ ਨੂੰ ਪਟਿਆਲੇ ਸਦਿਆ। ਪੱਤਰਕਾਰਾਂ ਨੇ ਘੇਰਾ ਪਾ ਲਿਆ। ਦਿੱਲੀ ਤੋਂ ਉਹ ਆਪ ਦੀ ਟਿਕਟ ਤੇ ਸੰਸਦ ਦੀ ਚੋਣ ਲੜਿਆ ਸੀ। ਪੁਛਿਆ-ਕੇਜਰੀਵਾਲ ਵਿਚ ਕੀ ਸਿਫਤ ਦੇਖੀ? ਉਤਰ ਸੀ-ਕਾਂਗਰਸ ਭ੍ਰਿਸ਼ਟ ਹੋ ਚੁਕੀ ਹੈ ਤੇ ਭਾਜਪਾ ਫਿਰਕਾਪ੍ਰਸਤ। 'ਆਪ' ਅਜੇ ਇਨ੍ਹਾਂ ਦੋਸ਼ਾਂ ਤੋਂ ਮੁਕਤ ਹੈ।

ਮੇਰੇ ਅੱਖੀਂ ਦੇਖਣ ਦੀ ਗੱਲ ਹੈ, 'ਆਪ' ਦੇ ਪੰਜਾਬ ਕਨਵੀਨਰ ਪ੍ਰੋ. ਸੁਮੇਲ ਸਿੰਘ, ਡਾ. ਰਾਜਮੋਹਨ ਗਾਂਧੀ ਜਾਂ ਡਾ. ਧਰਮਵੀਰ ਗਾਂਧੀ ਨੂੰ ਜੇ ਕੋਈ ਪਾਰਟੀ ਫੰਡ ਦਿੰਦਾ, ਉਹ ਰਸੀਦ ਦਿੱਤੇ ਬਗੈਰ ਨਾ ਜਾਣ ਦਿੰਦੇ। ਸ. ਸੁਚਾ ਸਿੰਘ ਛੋਟੇਪੁਰ ਪਾਰਟੀ ਫੰਡ ਲੈਂਦੇ ਪਰ ਰਸੀਦ ਤਾਂ ਦਿੰਦੇ। ਛੋਟੇਪੁਰ ਤੋਂ ਕਨਵੀਨਰੀ ਵਾਪਸ ਲੈਣ ਨਾਲ ਕੋਈ ਨੁਕਸਾਨ



*ਸੁੱਚਾ ਸਿੰਘ ਛੋਟੇਪੁਰ*

ਨਹੀਂ ਹੋਵੇਗਾ। ਸ਼ੱਕੀ ਬੰਦਿਆਂ ਨੂੰ ਅਹੁਦਾ ਦੇਣ ਨਾਲ ਨੁਕਸਾਨ ਹੋਏਗਾ। ਸੁਮੇਲ ਸਿੰਘ ਨੇ ਆਜ਼ਾਦ ਚੋਣ ਲੜ ਕੇ ਦੇਖ ਲਈ ਹੈ। ਜਿਹੜੇ ਉਮੀਦਵਾਰ ਪਾਰਟੀ ਟਿਕਟ 'ਤੇ ਜਿਤੇ, ਉਹ ਆਜ਼ਾਦ ਨਹੀਂ ਜਿੱਤ ਸਕਦੇ।

ਕੇਜਰੀਵਾਲ ਨੇ ਈਮਾਨਦਾਰੀ ਦਾ ਸਫੈਦ ਲਿਬਾਸ ਪਹਿਨ ਲਿਆ ਹੈ। ਹੁਣ ਪੂਰੀ ਸਾਵਧਾਨੀ ਵਰਤਣੀ ਪਏਗੀ ਕਿਉਂਕਿ ਸਫੈਦ ਲਿਬਾਸ ਵਿਚ ਮਾਮੂਲੀ ਦਾਗ ਵੀ ਦੂਰੋਂ ਦਿਸ ਜਾਂਦਾ ਹੈ।

## ਚਲਦੇ-ਚਲਦੇ

# ਫਰਿਜ਼ਨੋ ਸਿਟੀ ਕੌਂਸਲ ਵੱਲੋਂ ਸਿੱਖ ਨਸਲਕੁਸ਼ੀ 1984 ਮਤਾ ਭਾਰੀ ਬਹੁਮਤ ਨਾਲ ਪਾਸ

**ਫਰਿਜ਼ਨੋ (ਬਿਊਰੋ):** 1984 ਵਿਚ ਭਾਰਤੀ ਫੌਜ ਵੱਲੋਂ ਹਰਿਮੰਦਰ ਸਾਹਿਬ 'ਤੇ ਹਮਲੇ ਤੇ ਫਿਰ ਇੰਦਰਾ ਗਾਂਧੀ ਦੇ ਕਤਲ ਪਿਛੋਂ ਹੋਏ ਸਿੱਖ ਕਤਲੇਆਮ ਨੂੰ ਨਸਲਕੁਸ਼ੀ ਕਰਾਰ ਦਿੱਤੇ ਜਾਣ ਸਬੰਧੀ ਮਤਾ ਫਰਿਜ਼ਨੋਂ ਸਿਟੀ ਕੌਂਸਲ ਨੇ ਲੰਘੇ ਵੀਰਵਾਰ ਭਾਰੀ ਬਹੁਮਤ ਨਾਲ ਪਾਸ ਕਰ ਦਿੱਤਾ। ਇਸ ਮੌਕੇ ਸੈਂਕੜੇ ਸਿੱਖ ਸਿਟੀ ਹਾਲ ਪਹੁੰਚੇ ਹੋਏ ਸਨ ਜਿਨ੍ਹਾਂ 'ਚ ਨੌਜੁਆਨ, ਬੱਚੇ, ਬਜ਼ੁਰਗ ਤੇ ਔਰਤਾਂ ਸ਼ਾਮਲ ਸਨ। ਉਨ੍ਹਾਂ ਦੇ ਹੱਥਾਂ ਵਿਚ ਸਿੱਖ ਨਸਲਕੁਸ਼ੀ ਸਬੰਧੀ ਬੈਨਰ ਸਨ।





ਤਕਰੀਬਨ ਦੋ ਘੰਟੇ ਚੱਲੇ ਸੈਸ਼ਨ ਦੌਰਾਨ ਸਿਟੀ ਕੌਂਸਲ ਮੈਂਬਰਾਂ ਅਤੇ ਸਿੱਖ ਭਾਈਚਾਰੇ ਦੇ ਬੁਲਾਰਿਆਂ ਨੇ ਆਪੋ-ਆਪਣਾ ਪੱਖ ਰੱਖਿਆ ਅਤੇ ਅਖੀਰ ਦੇਰ ਰਾਤ ਨੌਂ ਵਜੇ ਦੋ ਦੇ ਮੁਕਾਬਲੇ ਪੰਜ ਵੋਟਾਂ ਫਰਕ ਨਾਲ ਮਤਾ ਪਾਸ ਹੋ ਗਿਆ। ਕੌਂਸਲ ਮੈਂਬਰ ਪਾਲ ਕੈਪਰੀਗਾਇਲੋ ਅਤੇ ਸਲ ਕਨਤੈਰੋ ਨੇ ਵੋਟ ਕਰਨ ਤੋਂ ਇਨਕਾਰ ਕਰ ਦਿੱਤਾ।

ਜੈਕਾਰਾ ਮੂਵਮੈਂਟ ਦੇ ਬੁਲਾਰੇ ਨੈਣਦੀਪ ਸਿੰਘ ਨੇ ਕਿਹਾ ਕਿ ਅੱਜ ਦਾ ਦਿਨ ਸਿੱਖ ਇਤਿਹਾਸ ਅੰਦਰ ਇੱਕ ਨਵੇ ਅਧਿਆਇ ਦੇ ਤੌਰ 'ਤੇ ਯਾਦ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਇਹ ਮਤਾ ਕਰੀਬ ਨੌਂ ਮਹੀਨੇ ਪਹਿਲਾਂ ਸਿਟੀ ਕੌਂਸਲ ਮੈਂਬਰ ਕਲਿੰਟ ਓਲੀਵੀਅਰ ਨੇ ਏਜੰਡੇ 'ਤੇ ਲਿਆਉਣ ਦੀ ਮੰਗ ਕੀਤੀ ਸੀ ਪਰ ਫਰਿਜ਼ਨੋ ਸਟੇਟ ਯੂਨੀਵਰਸਿਟੀ ਦੇ ਰਿਟਾਇਰਡ ਪ੍ਰੋਫੈਸਰ ਤੇ ਸਮਾਜ ਸੇਵੀ ਡਾ. ਸੁਦਰਸ਼ਨ ਕਪੂਰ ਅਤੇ ਸਕੂਲ ਬੋਰਡ ਦੇ ਟਰੱਸਟੀ ਮੈਂਬਰ ਰਮਾਕਾਂਤ ਡਾਬਰ ਦੇ ਵਿਰੋਧ ਅਤੇ ਭਾਰਤੀ ਕੌਂਸਲੇਟ ਦੇ ਦਖਲ ਕਾਰਨ ਇਹ ਮਤਾ ਏਜੰਡੇ 'ਤੇ ਨਾ ਆ ਸਕਿਆ। ਇਸ ਪਿਛੋਂ ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਵੱਲੋਂ ਡਾ. ਸੁਦਰਸ਼ਨ ਕਪੂਰ ਅਤੇ ਰਮਾਕਾਂਤ ਡਾਬਰ ਦੇ ਬਾਈਕਾਟ ਦਾ ਵੀ ਐਲਾਨ ਕੀਤਾ ਗਿਆ ਸੀ ਜਿਸ ਪਿੱਛੋਂ ਰਮਾਕਾਂਤ ਡਾਬਰ ਨੇ ਸਿੱਖ ਭਾਈਚਾਰੇ ਤੋਂ ਮੁਆਫੀ ਵੀ ਮੰਗੀ ਸੀ ਅਤੇ ਇਸ ਮਤੇ ਦੇ ਹੱਕ ਵਿਚ ਸਿਟੀ ਕੌਂਸਲ ਨੂੰ ਚਿੱਠੀ ਵੀ ਲਿਖੀ ਸੀ।

ਸਿੱਖ ਕਤਲੇਆਮ ਸਬੰਧੀ ਖੋਜ ਕਰਨ ਪਿਛੋਂ ਐਤਕੀਂ ਤਿੰਨ ਕੌਂਸਲ ਮੈਂਬਰਾਂ-ਕਲਿੰਟ ਓਲੀਵੀਅਰ, ਓਲੀਵਰ ਬੈਂਜ਼, ਇਸਮਰਇਆਲਡਾ ਸਰੋਇਆ ਨੇ ਇਹ ਮਤਾ ਕੌਂਸਲ ਦੇ ਏਜੰਡੇ 'ਤੇ ਲਿਆਂਦ ਅਤੇ ਕੌਂਸਲ ਮੈਂਬਰ ਲੀ ਬਰੈਂਡ ਅਤੇ ਸਟੀਵ ਬਰੈਂਡਾਊ ਨੇ ਵੀ ਇਸ ਦੇ ਹੱਕ ਵਿਚ ਵੋਟ ਪਾਈ। ਓਲੀਵਰ ਬੈਂਜ਼ ਨੇ ਕਿਹਾ ਕਿ ਮਤਾ ਪਾਸ ਹੋਣ ਨਾਲ ਕੋਈ ਕਾਨੂੰਨ ਤਾਂ ਨਹੀਂ ਬਦਲੇਗਾ ਪਰ ਇਹ ਮਤਾ ਸ਼ਾਇਦ ਸਿੱਖਾਂ ਦੇ ਜਖਮਾਂ 'ਤੇ ਮੱਲ੍ਹਮ ਲਾਉਣ ਲਈ ਥੋੜਾ ਸਹਾਈ ਸਾਬਤ ਹੋਵੇ।

ਇਸ ਮੌਕੇ ਬੁਲਾਰਿਆਂ ਵਿਚ ਰਾਜ ਬੀਸਲਾ, ਡਾ. ਕੰਵਰ ਸਿੰਘ, ਮੰਗਲ ਕੌਰ, ਰੂਬੀ ਧਾਲੀਵਾਲ, ਬਿੱਲ ਨਿੱਝਰ, ਮਹਿੰਦਰ ਸਿੰਘ ਕਾਹਲੋਂ, ਗੁਰਦੀਪ ਸ਼ੇਰਗਿੱਲ, ਸੁਖਦੀਪ ਚੀਮਾ, ਰਾਜਦੀਪ ਸਿੰਘ ਅਤੇ ਅਰਮੀਨੀਅਨ ਰੇਸ ਦੇ ਟਾਡੇ ਇਸਖਾਨੀਅਨ ਆਦਿ ਨੇ ਮਤਾ ਪਾਸ ਕਰਵਾਉਣ ਲਈ ਆਪਣੇ ਵਿਚਾਰ ਰੱਖੇ।

ਇਸ ਤੋਂ ਪਹਿਲਾਂ ਇਹ ਮਤਾ ਸੈਨਵਾਕੀਨ, ਕਰਮਨ ਅਤੇ ਬੇਕਰਜ਼ਫੀਲਡ ਆਦਿ ਸ਼ਹਿਰਾਂ ਵਲੋਂ ਪਾਸ ਕੀਤਾ ਜਾ ਚੁਕਾ ਹੈ। ਕਰਮਨ ਸਿਟੀ ਕੌਂਸਲ ਮੈਂਬਰ ਬਿੱਲ ਨਿੱਝਰ ਨੇ ਕਿਹਾ ਕਿ ਤਸੱਲੀ ਦੀ ਗੱਲ ਹੈ ਕਿ ਸਿੱਖ ਸਭ ਗਿਲੇ-ਸ਼ਿਕਵੇ ਭੁਲਾ ਕੇ ਇੱਕ ਪਲੇਟਫਾਰਮ 'ਤੇ ਇਕੱਠੇ ਹੋਏ ਹਨ।

# 'ਆਪ' ਦੇ ਕਨਵੀਨਰ ਗੁਰਪ੍ਰੀਤ ਘੁੱਗੀ 15 ਨੂੰ ਫਰਿਜ਼ਨੋ ਆਉਣਗੇ

**ਫਰਿਜ਼ਨੋ (ਬਿਊਰੋ):** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਨਵੇਂ ਬਣੇ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ ਆਪਣੀ ਪਹਿਲੀ ਸਿਆਸੀ ਫੇਰੀ 'ਤੇ ਅਮਰੀਕਾ ਪਹੁੰਚ ਰਹੇ ਹਨ। ਇਸ ਫੇਰੀ ਦੌਰਾਨ ਉਹ ਅਮਰੀਕਾ ਦੇ ਵੱਖੋ ਵੱਖ ਸ਼ਹਿਰਾਂ ਵਿਚ ਪਾਰਟੀ ਵਰਕਰਾਂ ਨਾਲ ਮੀਟਿੰਗਾਂ ਕਰਨਗੇ ਅਤੇ ਕੁਝ ਸ਼ਹਿਰਾਂ ਵਿਚ ਰੈਲੀਆਂ ਕਰ ਕੇ ਪਰਵਾਸੀਆਂ ਨੂੰ ਪਾਰਟੀ ਏਜੰਡੇ ਤੋਂ ਜਾਣੂੰ ਕਰਵਾਉਣਗੇ।

ਇਸ ਕੜੀ ਤਹਿਤ 15 ਸਤੰਬਰ, ਵੀਰਵਾਰ ਸ਼ਾਮ 6 ਵਜੇ ਉਹ ਸਥਾਨਕ ਐਡੀਸਨ ਸੋਸ਼ਲ ਕਲੱਬ ਵਿਖੇ ਇੱਕ ਰੈਲੀ ਨੂੰ ਸਬੰਧਨ ਕਰਨਗੇ ਅਤੇ ਪਾਰਟੀ ਸਬੰਧੀ ਲੋਕਾਂ ਦੇ ਸ਼ੰਕਿਆਂ ਦੀ ਨਵਿਰਤੀ ਕਰਨਗੇ। ਰੈਲੀ ਸਬੰਧੀ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ 'ਆਪ' ਦੀ ਫਰਿਜ਼ਨੋ ਇਕਾਈ ਦੇ ਵਾਲੰਟੀਅਰਾਂ ਦੀ ਇੱਕ ਮੀਟਿੰਗ ਐਨ.ਕੇ.ਆਰ.ਐਸ. ਟਰੱਕਿੰਗ ਦੇ ਦਫਤਰ ਵਿਚ ਹੋਈ, ਜਿਥੇ ਪ੍ਰਬੰਧਕਾਂ ਵਿਚੋਂ ਗੁਰਨੇਕ ਸਿੰਘ ਬਾਗੜੀ, ਸੁਖਬੀਰ ਭੰਡਾਲ ਤੇ ਰਣਜੀਤ ਗਿੱਲ ਨੇ ਸਮੂਹ ਪੰਜਾਬ ਦਰਦੀ ਪਰਵਾਸੀਆਂ ਨੂੰ ਇਸ ਰੈਲੀ ਵਿਚ ਪਹੁੰਚਣ ਦੀ ਬੇਨਤੀ ਕੀਤੀ। ਇਸ ਮੌਕੇ ਲੇਖਕ ਤੇ 'ਪੰਜਾਬ ਟਾਈਮਜ਼' ਦੇ ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ ਅਤੇ ਹੋਰ ਪੰਜਾਬ ਦਰਦੀ ਵੀ ਆਪਣੇ ਵਿਚਾਰ ਰੱਖਣਗੇ। ਗਾਇਕ ਧਰਮਵੀਰ ਥਾਂਦੀ ਇਨਕਲਾਬੀ ਗੀਤਾਂ ਨਾਲ ਹਾਜਰੀ ਭਰੇਗਾ।

ਪ੍ਰਬੰਧਕਾਂ ਅਨੁਸਾਰ ਇਸ ਮੌਕੇ ਸਕਿਉਰਿਟੀ ਦੇ ਸਖਤ ਪ੍ਰਬੰਧ ਹੋਣਗੇ। ਚਾਹ ਪਕੌੜਿਆ ਤੋਂ ਬਿਨਾ ਰੋਟੀ-ਪਾਣੀ ਦਾ ਵੀ ਪ੍ਰਬੰਧ ਹੋਵੇਗਾ।




*ਗੁਰਪ੍ਰੀਤ ਘੁੱਗੀ*





# ਵਿਆਹ ਪੁਰਬ ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ



ੴ ਸਤਿਨਾਮ ਸ੍ਰੀ ਵਾਹਿਗੁਰੂ॥

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਬਟਾਲਾ ਨਿਵਾਸੀ ਸਮੂਹ ਸਾਧ ਸੰਗਤ ਵਲੋਂ ਕੁਲ ਜਗਤ ਦੇ ਰਾਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ 25 ਸਤੰਬਰ 2016 ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਪੂਰੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਨੂੰ ਇਸ ਮੌਕੇ ਹਾਜਰੀਆਂ ਭਰ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਹੈ ਜੀ।



## ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ

**23 ਸਤੰਬਰ 2016:** ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
**25 ਸਤੰਬਰ 2016:** ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
ਉਪਰੰਤ ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਢਾਡੀ ਵਾਰਾਂ

*ਛੋਲੇ ਭਠੂਰਿਆਂ ਤੇ ਗਰਮਾ ਗਰਮ ਜਲੇਬੀਆਂ ਦਾ ਵਿਸ਼ੇਸ਼ ਲੰਗਰ ਅਤੁੱਟ ਵਰਤੇਗਾ।*

ਹੋਰ ਜਾਣਕਾਰੀ ਲਈ ਸੰਪਰਕ ਕਰੋ
ਅਜੀਤ ਸਿੰਘ ਸ਼ੁੰਕਰਪੁਰਾ 408-599-7935
ਬਿਕਰਮਜੀਤ ਸਿੰਘ ਲਾਲੀ ਨੰਗਲ 408-429-9657
ਨਰਿੰਦਰਦੀਪ ਸਿੰਘ ਬੇਦੀ 408-836-6550
ਨੀਤੂ ਸਿੰਘ ਕਾਹਲੋਂ 408-398-1474
ਅੰਮ੍ਰਿਤਪਾਲ ਸਿੰਘ ਬਟਾਲਾ 510-789-6469

## Gurdwara Sahib San Jose, California

3636 Murillo Ave. San Jose 95148 Ph: 408-274-9373 www.sanjosegurdwara.com

# ਸਿੱਖਸ ਪੈਕ ਵਲੋਂ ਸਿਆਸੀ ਖੇਤਰ ਵਿਚ ਪਹਿਲ ਕਦਮੀ ਦੇ ਯਤਨ

**ਇੰਡੀਅਨਐਪੋਲਿਸ, ਇੰਡੀਆਨਾ (ਬਿਊਰੋ):** ਸਿੱਖ ਜਥੇਬੰਦੀ ਸਿੱਖਸ ਪੈਕ ਵਲੋਂ ਲੰਘੀ 31 ਅਗਸਤ ਨੂੰ ਇਥੇ ਮੀਡੀਆ ਅਤੇ ਵੱਖ ਵੱਖ ਜਥੇਬੰਦੀਆਂ ਦੀ ਇਕ ਇਕੱਤਰਤਾ ਕੀਤੀ ਗਈ ਜਿਸ ਦਾ ਮਨੋਰਥ ਜਥੇਬੰਦੀ ਅਤੇ ਇਸ ਦੇ ਮਨੋਰਥ ਬਾਰੇ ਉਨ੍ਹਾਂ ਨੂੰ ਜਾਣੂੰ ਕਰਵਾਉਣਾ ਸੀ।


*ਗੁਰਿੰਦਰ ਸਿੰਘ ਖਾਲਸਾ*


*ਐਰਿਕ ਹੋਲਕੋਂਬ*


*ਜੌਹਨ ਗਰੈਗ*

ਇਸ ਇਕੱਤਰਤਾ ਵਿਚ ਅਮਰੀਕਾ ਦੀਆਂ ਦੋਹਾਂ-ਡੈਮੋਕਰੈਟ ਅਤੇ ਰਿਪਬਲਿਕਨ ਪਾਰਟੀਆਂ ਦੇ ਇੰਡੀਆਨਾ ਦੇ ਗਵਰਨਰ ਲਈ ਉਮੀਦਵਾਰ ਐਰਿਕ ਹੋਲਕੋਂਬ (ਰਿਪਬਲਿਕਨ) ਤੇ ਜੌਹਨ ਗਰੈਗ (ਡੈਮੋਕਰੈਟ) ਤੋਂ ਇਲਾਵਾ ਇੰਡੀਅਨਐਪੋਲਿਸ ਦੇ ਮੇਅਰ ਜੋਅ ਹੋਗਸੈਟ ਵੀ ਮੌਜੂਦ ਸਨ।

ਐਰਿਕ ਹੋਲਕੋਂਬ ਨੇ ਇਸ ਮੌਕੇ ਬੋਲਦਿਆਂ ਇੰਡੀਆ ਤੇ ਇੰਡੀਆਨਾ ਵਿਚਾਲੇ ਸਾਂਝ ਦੀ ਗੱਲ ਕਰਦਿਆਂ ਇਸ ਸਾਂਝ ਨੂੰ ਪੱਕਿਆਂ ਕਰਨ 'ਤੇ ਜ਼ੋਰ ਦਿੱਤਾ। ਜੌਹਨ ਗਰੈਗ ਨੇ ਆਪਣਾ ਪਿਛੋਕੜ ਦੱਸਦਿਆਂ ਕਿਹਾ ਕਿ ਉਹ ਇਕ ਛੋਟੇ ਜਿਹੇ ਬਿਜਨਸਮੈਨ ਦਾ ਪੁੱਤਰ ਹੈ ਅਤੇ ਉਸ ਨੂੰ ਛੋਟੇ ਕਾਰੋਬਾਰੀਆਂ ਦੀਆਂ ਮੁਸ਼ਕਿਲਾਂ ਦਾ ਅਹਿਸਾਸ ਹੈ। ਜੋਅ ਹੋਗਸੈਟ ਨੇ ਕਿਹਾ ਕਿ ਸਿੱਖ ਅਤੇ ਭਾਰਤੀ ਭਾਈਚਾਰਾ ਇੰਡੀਅਨਐਪੋਲਿਸ ਦੇ ਵਿਕਾਸ ਵਿਚ ਅਹਿਮ ਰੋਲ ਨਿਭਾ ਸਕਦਾ ਹੈ। ਇਸ ਮੌਕੇ ਇੰਡੀਆਨਾ ਦੇ ਅਟਾਰਨੀ ਜਨਰਲ ਅਤੇ ਸਿੱਖਿਆ ਸੁਪਰਿਨਟੈਨਡੈਂਟ ਦੇ ਅਹੁਦੇ ਲਈ ਸਾਰੇ ਉਮੀਦਵਾਰ ਇਸ ਮੌਕੇ ਹਾਜ਼ਰ ਸਨ।


ਸਿੱਖਸ ਪੈਕ ਦੇ ਚੇਅਰਮੈਨ ਗੁਰਿੰਦਰ ਸਿੰਘ ਖਾਲਸਾ ਨੇ ਦੱਸਿਆ ਕਿ 2016 ਦੀਆਂ ਆਮ ਚੋਣਾਂ ਲਈ ਜਥੇਬੰਦੀ ਨੂੰ ਇੰਡੀਆਨਾ ਦੇ ਸਿੱਖ ਭਾਈਚਾਰੇ ਪਾਸੋਂ 5 ਲੱਖ ਡਾਲਰ ਲਈ ਵਾਅਦੇ ਮਿਲ ਚੁਕੇ ਹਨ ਅਤੇ ਇਸ ਤੋਂ ਇਲਾਵਾ ਹੋਰ 5 ਲੱਖ ਡਾਲਰ ਇਕੱਠੇ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਸਿੱਖਸ ਪੈਕ ਲੋਕਲ, ਸਟੇਟ ਜਾਂ ਕੌਮੀ ਪੱਧਰ 'ਤੇ ਚੋਣਾਂ ਲੜਨ ਵਾਲੇ ਸਿੱਖ ਹਿਤਾਂ ਦੀ ਪੈਰਵੀ ਅਤੇ ਸਿੱਖੀ ਨੂੰ ਸਮਰਪਿਤ ਉਮੀਦਵਾਰਾਂ ਦੀ ਮਾਲੀ ਅਤੇ ਹੋਰ ਹਰ ਪੱਖੋਂ ਹਮਾਇਤ ਕਰੇਗੀ। ਜਥੇਬੰਦੀ ਸਰਕਾਰ ਦੇ ਹਰ ਪੱਧਰ 'ਤੇ ਸਿੱਖੀ ਸੋਚ ਵਾਲੇ ਉਮੀਦਵਾਰਾਂ ਦੀ ਹਰ ਤਰ੍ਹਾਂ ਮਦਦ ਕਰੇਗੀ।

ਇਕੱਤਰਤਾ ਨੂੰ ਹੋਰਨਾਂ ਤੋਂ ਇਲਾਵਾ ਯੂ ਐਸ ਕਾਂਗਰਸ ਲਈ ਇਲੀਨਾਏ ਦੇ ਡਿਸਟ੍ਰਿਕਟ-8 ਤੋਂ ਡੈਮੋਕਰੈਟ ਉਮੀਦਵਾਰ ਰਾਜਾ ਕ੍ਰਿਸ਼ਨਾਮੂਰਥੀ, ਸੀਨੀਅਰ ਸਿਟੀਜ਼ਨ ਸੁਸਾਇਟੀ ਦੇ ਪ੍ਰਧਾਨ ਮਲਕੀਤ ਸਿੰਘ ਕੁਲਾਰ, ਸਿੱਖਸ ਪੈਕ ਦੀ ਯੂਥ ਆਊਟਰੀਚ ਕੋਆਰਡੀਨੇਟਰ ਪਰਵਿੰਦਰ ਨਿੱਜਰ ਅਤੇ ਜਤਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ।


*ਰਾਜਾ ਕ੍ਰਿਸ਼ਨਾਮੂਰਥੀ*


*ਪਰਵਿੰਦਰ ਨਿੱਜਰ*


*ਜਤਿੰਦਰ ਸਿੰਘ*


*ਮਲਕੀਤ ਸਿੰਘ ਕੁਲਾਰ*




ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥ ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥

ਬਾਬਾ ਫਰੀਦ ਜੀ ਦੀ ਪਵਿੱਤਰ ਧਰਤੀ ਫਰੀਦਕੋਟ ਦੇ ਇਲਾਕਾ ਨਿਵਾਸੀਆਂ ਅਤੇ ਸਮੂਹ ਸਾਧ ਸੰਗਤ ਵਲੋਂ

ਆਗਮਨ ਪੁਰਬ ਬਾਬਾ ਸ਼ੇਖ ਫਰੀਦ ਜੀ





ਮਹਾਨ ਸੂਫੀ ਬਾਬਾ ਸ਼ੇਖ ਫਰੀਦ (1173-1266 ਈਸਵੀ) ਦਾ ਆਗਮਨ ਪੁਰਬ ਗੁਰਦੁਆਰਾ ਸਾਹਿਬ ਫਰੀਮਾਂਟ (300 Gurdwara Road, Fremont, CA 94536) ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ

ਪ੍ਰੋਗਰਾਮ

23 ਸਤੰਬਰ 2016 (ਸ਼ੁੱਕਰਵਾਰ) ਅਰੰਭ ਸ੍ਰੀ ਅਖੰਡ ਪਾਠ ਸਾਹਿਬ: ਸਵੇਰੇ 10 ਵਜੇ
24 ਸਤੰਬਰ 2016 (ਸਨਿਚਰਵਾਰ) ਬੱਚਿਆਂ ਦੀਆਂ ਖੇਡਾਂ, ਸਮਾਂ: 1 ਤੋਂ 6 ਵਜੇ ਤੱਕ
25 ਸਤੰਬਰ 2016 (ਐਤਵਾਰ) ਭੋਗ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

*ਆਪ ਸਮੂਹ ਸੰਗਤ ਨੂੰ ਮੌਕੇ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ*

ਹੋਰ ਜਾਣਕਾਰੀ ਲਈ ਸੰਪਰਕ ਕਰੋ: ਸਤਪਾਲ ਸਿੰਘ ਢਿੱਲਵਾਂ ਕਲਾਂ, ਫੋਨ: 510-952-6702
ਤਰਸੇਮ ਭਲਵਾਨ ਫਰੀਦਕੋਟ, ਫੋਨ: 510-258-9266; ਜਸਵੀਰ ਸਿੰਘ ਸੰਧੂ, ਫੋਨ: 510-303-8789
ਡਾ. ਹਰਮਿੰਦਰ ਸਿੰਘ ਗਿੱਲ ਬਰਗਾੜੀ, ਫੋਨ: 408-368-2143; ਕਮਲ ਸਿੱਧੂ (ਦੌਧਰੀਆ), ਫੋਨ: 510-717-9555

# ਸੈਨ ਹੋਜ਼ੇ 'ਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦਿਹਾੜੇ ਮੌਕੇ ਅਲੌਕਿਕ ਨਗਰ ਕੀਰਤਨ

## ਤਸਵੀਰਾਂ ਦੀ ਜ਼ੁਬਾਨੀ

(ਮੁੱਖ ਖਬਰ ਪੰਨਾ 3 ਉਤੇ)
























# ਸੈਨ ਹੋਜ਼ੇ ਗੁਰਦੁਆਰਾ ਸਾਹਿਬ

***ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵਲੋਂ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀਆਂ ਸੰਗਤਾਂ ਲਈ ਵਿਸ਼ੇਸ਼ ਕੀਰਤਨ ਸਮਾਗਮ***













## ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਖੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਕੀਰਤਨ ਸਮਾਗਮਾਂ ਦਾ ਵੇਰਵਾ:

**ਸਨਿਚਰਵਾਰ ਸਤੰਬਰ 10, 2016 7pm – 9pm,**

**ਐਤਵਾਰ ਸਤੰਬਰ 11, 2016 12pm – 2pm,**

**ਸੋਮਵਾਰ ਸਤੰਬਰ 12, 2016 7pm – 9pm**

**ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਗੁਰਦੁਆਰਾ ਸਾਹਿਬ ਸਮੇਂ ਸਿਰ ਪਹੁੰਚ ਕੇ ਮਹਾਪੁਰਸ਼ਾਂ ਦੇ ਕੀਰਤਨ ਦਾ ਲਾਹਾ ਲਓ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**






ਜਾਰੀ ਕਰਤਾ: ਸੈਨ ਹੋਜ਼ੇ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ 3636 Murillo Ave, San Jose CA 95148

Phone: 408-274-9373, website: www.sanjosegurdwara.org

# ਸੁਰ ਪ੍ਰਕਾਸ਼



## ਸੁਰੀਲੀ ਪ੍ਰਕਾਸ਼ ਕੌਰ ਦੀਆਂ ਬਾਤਾਂ

### ਕਲਾ ਪਰਿਕਰਮਾ

ਸ਼ਮਸ਼ੇਰ ਸਿੰਘ ਸੋਹੀ

ਪੰਜਾਬੀ ਲੋਕ ਗਾਇਕੀ ਵਿਚ ਜਦੋਂ ਵੀ ਕਦੇ ਲੋਕ ਗਾਇਕਾਵਾਂ ਦੀ ਗੱਲ ਚੱਲੇਗੀ, ਮਰਹੂਮ ਗਾਇਕਾ ਪ੍ਰਕਾਸ਼ ਕੌਰ ਦਾ ਨਾਂ ਮੂਹਰਲੀ ਕਤਾਰ ਵਿਚ ਆਵੇਗਾ। ਪ੍ਰਕਾਸ਼ ਕੌਰ ਦੇ ਗੀਤ ਉਸ ਸਮੇਂ ਹਿੱਟ ਹੋਏ ਜਦੋਂ ਚਾਰੇ ਪਾਸੇ ਪਾਕਿਸਤਾਨੀ ਗਾਇਕਾਵਾਂ ਦੀ ਚੜ੍ਹਤ ਸੀ। ਪ੍ਰਕਾਸ਼ ਕੌਰ ਦਾ ਜਨਮ ਪੰਜਾਬੀ ਸਭਿਆਚਾਰ ਦਾ ਕੇਂਦਰ ਰਹੇ ਲਾਹੌਰ ਵਿਖੇ ਮਾਇਆ ਦੇਵੀ ਅਤੇ ਬਚਨ ਸਿੰਘ ਦੇ ਘਰ ਹੋਇਆ। ਬਚਪਨ ਵਿਚ ਗਾਇਕੀ ਦਾ ਸ਼ੌਕ ਪਾਲੀ ਬੈਠੀ ਪ੍ਰਕਾਸ਼ ਕੌਰ ਦਾ ਵਿਆਹ ਛੋਟੀ ਉਮਰ ਵਿਚ ਹੀ ਹੋ ਗਿਆ, ਪਰ ਗਾਉਣ ਦਾ ਸ਼ੌਕ ਉਸ ਨੇ ਵਿਆਹ ਤੋਂ ਬਾਅਦ ਵੀ ਜਾਰੀ ਰੱਖਿਆ। ਪ੍ਰਕਾਸ਼ ਕੌਰ ਅਤੇ ਉਸ ਦੀ ਭੈਣ ਸੁਰਿੰਦਰ ਕੌਰ ਨੇ ਉਸ ਸਮੇਂ ਲੋਕ ਗੀਤ ਗਾ ਕੇ ਲੋਕਾਈ ਦਾ ਮਨੋਰੰਜਨ ਕੀਤਾ ਜਦੋਂ ਸਮਾਜ ਵਿਚ ਕੁੜੀਆਂ ਦਾ ਗਾਉਣਾ ਚੰਗਾ ਨਹੀਂ ਸਮਝਿਆ ਜਾਂਦਾ ਸੀ।

ਪ੍ਰਕਾਸ਼ ਕੌਰ ਨੇ ਆਪਣਾ ਪਹਿਲਾ ਗੀਤ 'ਮਾਵਾਂ ਤੇ ਧੀਆਂ ਰਲ ਬੈਠੀਆਂ ਨੀਂ ਮਾਏ ਕੋਈ ਕਰ ਦੀਆਂ ਗਲੋੜੀਆਂ', 'ਕਣਕਾਂ ਲੰਮੀਆਂ ਧੀਆਂ ਕਿਉਂ ਜੰਮੀਆਂ ਨੀਂ ਮਾਏ' ਆਪਣੀ ਭੈਣ ਸੁਰਿੰਦਰ ਕੌਰ ਨਾਲ ਰਿਕਾਰਡ ਕਰਵਾਇਆ ਜੋ ਉਸ ਸਮੇਂ ਦੇ ਮਨੋਰੰਜਨ ਦੇ ਸਾਧਨ ਰਹੇ ਰੇਡੀਓ 'ਤੇ ਘਰ-ਘਰ ਵੱਜਿਆ। ਇਸ ਨਾਲ ਪ੍ਰਕਾਸ਼ ਕੌਰ ਦੀ ਲੋਕਾਂ ਵਿਚ ਚੰਗੀ ਪਛਾਣ ਬਣੀ ਅਤੇ ਪੇਂਡੂ ਸਰੋਤਿਆਂ ਨੇ ਉਸ ਦੇ ਗੀਤਾਂ ਨੂੰ ਬੜੇ ਚਾਅ ਨਾਲ ਸੁਣਿਆ। ਇਸ ਤੋਂ ਬਾਅਦ ਪ੍ਰਕਾਸ਼ ਕੌਰ ਦੇ ਕਈ ਮਸ਼ਹੂਰ ਗੀਤ ਪੱਥਰ ਦੇ ਰਿਕਾਰਡਾਂ ਵਿਚ ਰਿਕਾਰਡ ਹੋਏ। ਜਦੋਂ ਗ੍ਰਾਮੋਫੋਨ ਮਸ਼ੀਨ 'ਤੇ ਪ੍ਰਕਾਸ਼ ਕੌਰ ਦੇ ਪੱਥਰ ਦੇ ਰਿਕਾਰਡ ਵੱਜਦੇ ਸਨ ਤਾਂ ਰੂਹ ਖਿੜ ਜਾਂਦੀ ਸੀ। ਜੋ ਨਜ਼ਾਰਾ ਉਨ੍ਹੀਂ ਦਿਨੀਂ ਗ੍ਰਾਮੋਫੋਨ ਮਸ਼ੀਨ 'ਤੇ ਰਿਕਾਰਡ ਸੁਣਨ ਨਾਲ ਆਉਂਦਾ ਸੀ, ਉਹ ਅੱਜ ਦੇ ਸੰਗੀਤ ਵਿਚੋਂ ਨਹੀਂ ਮਿਲਦਾ।

ਪ੍ਰਕਾਸ਼ ਕੌਰ ਨੇ ਨੰਦ ਲਾਲ ਨੂਰਪੁਰੀ, ਗਿਆਨ ਚੰਦ ਧਵਨ, ਗੌਰੀ ਸ਼ੰਕਰ ਸਾਕੀ, ਚਾਂਦ ਪੰਡਤ ਦੇ ਲਿਖੇ ਗੀਤਾਂ ਨੂੰ ਆਪਣੀ ਆਵਾਜ਼ ਦਿਤੀ। ਪ੍ਰਕਾਸ਼ ਕੌਰ ਨੇ ਆਸਾ ਸਿੰਘ ਮਸਤਾਨਾ, ਹਜ਼ਾਰਾ ਸਿੰਘ ਰਮਤਾ, ਤ੍ਰਿਲੋਕ ਕਪੂਰ, ਨਿਰਮਲ ਸਿੰਘ ਨਿਰਮਲ, ਕੇ.ਐਲ. ਅਗਨੀਹੋਤਰੀ, ਬਲਦੇਵ ਮੂੰਗਾ, ਸੁਰਿੰਦਰ ਕੋਹਲੀ, ਵਿਦਿਆ ਨਾਥ ਸੇਠ, ਗੋਪਾਲ ਖੋਸਲਾ ਨਾਲ ਦੋਗਾਣੇ ਵੀ ਗਾਏ। ਉਨ੍ਹੀਂ ਦਿਨੀਂ ਰੇਡੀਓ ਤੋਂ ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ ਦੇ ਗੀਤ ਹੀ ਵੱਜਦੇ ਰਹਿੰਦੇ ਸਨ। ਅੱਜ ਵੀ ਕਈ ਪੁਰਾਣੀਆਂ ਬਜ਼ੁਰਗ ਔਰਤਾਂ ਨਾਲ ਗਾਇਕੀ ਦੀ ਗੱਲ ਕਰੀਏ ਤਾਂ ਉਹ ਕਹਿੰਦੀਆਂ ਹਨ ਕਿ ਗੀਤ ਤਾਂ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਦੇ ਸੀ। ਅੱਜ ਵੀ ਵਿਆਹ 'ਤੇ ਬਿਠਾਏ ਗੌਣ ਸਮੇਂ ਔਰਤਾਂ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਦੇ ਗਾਏ ਗੀਤ ਗਾਉਂਦੀਆਂ ਹਨ। ਪ੍ਰਕਾਸ਼ ਕੌਰ ਦੇ ਸੁਰਿੰਦਰ ਕੌਰ ਨਾਲ ਦਰਦ ਭਰੀ ਤੇ ਰੂਹ ਨੂੰ ਧੁਰ ਅੰਦਰ ਤਕ ਕੰਬਾ ਦੇਣ ਵਾਲੀ ਆਵਾਜ਼ ਵਿਚ ਗਾਏ ਧਾਰਮਿਕ ਗੀਤਾਂ ਨੂੰ ਸਰੋਤੇ ਅੱਜ ਵੀ ਬਹੁਤ ਪਸੰਦ ਕਰਦੇ ਹਨ।

ਪ੍ਰਕਾਸ਼ ਕੌਰ ਦੇ ਸੁਰਿੰਦਰ ਕੌਰ ਨਾਲ ਗਾਏ ਅਤੇ ਕੁਝ ਮਸ਼ਹੂਰ ਸੋਲੋ ਗੀਤ- ਸਿਖਰ ਦੁਪਹਿਰੇ ਭੱਤਾ ਲੈ ਕੇ, ਪਾ ਕੇ ਸੈਂਡਲ ਟਿੱਲੇਦਾਰ, ਵੇ ਕੌਣ ਆਖੂ ਹੌਲਦਾਰਨੀ, ਹੌਲਦਾਰ ਦੀ ਤਾਰੋ ਨੇ ਅੱਜ ਐਸੀ ਝਾਂਜਰ ਪਾਈ ਛਣਕਾਟਾ ਪੈਂਦਾ ਗਲੀ ਗਲੀ, ਕਾਲੇ ਰੰਗ ਦਾ ਪਰਾਂਦਾ ਮੇਰੇ ਸੱਜਣਾ ਲਿਆਂਦਾ, ਮੇਰੀ ਘੱਗਰੀ ਨੂੰ ਘੁੰਗਰੂ ਲਵਾ ਦੇ, ਟਾਂਡੇ ਚੂਪ ਨਾ ਚਰ੍ਹੀ ਦੇ ਹਾਣੀਆਂ ਘਰ 'ਚ ਸੰਧੂਰੀ ਅੰਬੀਆਂ, ਮੇਰੀ ਗੁੱਤ ਨਾਲ ਛਣਕਣ ਘੁੰਗਰੀਆਂ, ਵੇ ਮੁੰਡਿਆ ਅਟਾਰੀ ਦਿਆ ਪੁੱਤਾ ਪਟਵਾਰੀ ਦਿਆ, ਵੇ ਅਸਾਂ ਟਿੱਕਾ ਘੜਾਇਆ ਵੇ ਮਾਹੀਆ ਟੁਰ ਗਿਆਂ ਕਾਂਗੜੇ, ਨੀ ਭਾਬੀ ਤੇਰੀ ਗੁੱਤ ਵਰਗਾ ਸੱਪ ਲੈ ਕੇ ਬੰਗਾਲੀ ਇੱਕ ਆਇਆ, ਬਾਜਰੇ ਦਾ ਸਿੱਟਾ ਤੇ ਕਾਲਾ ਡੋਰੀਆ ਆਦਿ ਸਰੋਤਿਆਂ ਵੱਲੋਂ ਬਹੁਤ ਪਸੰਦ ਕੀਤੇ ਗਏ।

ਪ੍ਰਕਾਸ਼ ਕੌਰ ਦੀ ਆਵਾਜ਼ ਵਿਚ ਰਿਕਾਰਡ ਮੈਂ ਸੱਜ ਵਿਆਹੀ ਨਾਰ ਨਾਰ, ਘੁੱਟ ਪਾਣੀ ਪਿਲਾ ਦੇ, ਮੈਂ ਕੱਢਾਂ ਕਿਵੇਂ ਧਾਰ ਮਿੱਤਰਾ, ਜਿੰਦੜੀ ਪਿਆਰ ਬਿਨਾਂ, ਕਾਹਨੂੰ ਬਾਜਰੇ ਦੇ ਬੰਨੇ ਮੈਨੂੰ ਘੇਰਿਆ, ਨੀ ਗੋਰੀ ਪਟਿਆਲੇ ਦਾ ਰੇਸ਼ਮੀ ਨਾਲਾ, ਪਿੰਡ ਦਿਆ ਸਰਪੰਚਾ ਮੇਰੇ ਗੱਭਰੂ ਨੂੰ ਸਮਝਾ, ਛਤਰੀ ਦੀ ਛਾਂ ਕਰ ਵੇ ਮੈਂ ਅੰਬ ਚੂਪਦੀ ਜਾਂਦੀ, ਜੱਟੀ ਪੜ੍ਹ ਕੇ ਜਮਾਤਾਂ ਚਾਰ ਪੈਂਚਨੀ ਪਿੰਡ ਦੀ ਬਣੀ, ਵੇ ਕੁੜਤੀ ਚੰਦ ਕੁਰ ਦੀ ਉਤੇ ਲਾ ਦੇ ਦਰਜੀਆ ਤਾਰੇ ਤੇ ਕਈ ਹੋਰ ਦੋਗਾਣੇ ਸਰੋਤਿਆਂ ਨੇ ਬਹੁਤ ਪਸੰਦ ਕੀਤੇ। ਚਾਰ ਦਹਾਕੇ ਤਕ ਪੰਜਾਬੀ ਲੋਕ ਗਾਇਕੀ ਵਿਚ ਸਿਖਰ 'ਤੇ ਰਹਿ ਕੇ ਅਖੀਰ 2 ਨਵੰਬਰ 1982 ਨੂੰ ਪ੍ਰਕਾਸ਼ ਕੌਰ ਆਪਣੇ ਸਰੋਤਿਆਂ ਨੂੰ ਛੱਡ ਕੇ ਤੁਰ ਗਈ। -0-



ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ ਦੀਆਂ ਯਾਦਗਾਰੀ ਤਸਵੀਰਾਂ।




### ਪ੍ਰਕਾਸ਼ ਕੌਰ ਦੇ ਪਸ਼ਤੋ ਲੋਕ ਗੀਤਾਂ ਦਾ ਛਣਕਾਟਾ

*ਬਹੁਤ ਘੱਟ ਲੋਕਾਂ ਨੂੰ ਖਬਰ ਹੈ ਕਿ ਪ੍ਰਕਾਸ਼ ਕੌਰ ਨੇ ਪਸ਼ਤੋ ਵਿਚ ਵੀ ਲੋਕ ਗੀਤ ਗਾਏ। ਪੇਸ਼ੇਵਰ ਗਾਇਕਾ ਵਜੋਂ ਉਸ ਦਾ ਪਹਿਲਾ ਗੀਤ 1941 ਵਿਚ ਪੇਸ਼ਾਵਰ ਰੇਡੀਓ ਤੋਂ ਹੀ ਨਸ਼ਰ ਹੋਇਆ ਸੀ। ਫਿਰ ਪ੍ਰਕਾਸ਼ ਕੌਰ ਅਤੇ ਉਸ ਦੀ ਛੋਟੀ ਭੈਣ ਸੁਰਿੰਦਰ ਕੌਰ ਦਾ ਗੀਤ 'ਮਾਂਵਾਂ ਤੇ ਧੀਆਂ ਰਲ ਬੈਠੀਆਂ' ਆਇਆ ਤਾਂ ਸਮਝੋ, ਇਹ ਆਵਾਜ਼ ਚਹੁੰ ਕੂੰਟਾਂ ਅੰਦਰ ਫੈਲ ਗਈ। ਜਦੋਂ 31 ਅਗਸਤ 1943 ਨੂੰ ਐਚ.ਐਮ.ਵੀ. ਵਾਲਿਆਂ ਨੇ ਇਹ ਦੋਗਾਣਾ ਨਸ਼ਰ ਕੀਤਾ ਤਾਂ ਸਮੁੱਚੇ ਭਾਰਤੀ ਉਪ ਮਹਾਂਦੀਪ ਵਿਚ ਦੋਹਾਂ ਭੈਣਾਂ ਦੀਆਂ ਧੁੰਮਾਂ ਪੈ ਗਈਆਂ। ਇਸ ਤੋਂ ਬਾਅਦ ਤਾਂ ਚੱਲ ਸੋ ਚੱਲ! ਦੋਹਾਂ ਨੇ ਕਈ ਯਾਦਗਾਰੀ ਗੀਤ, ਪੰਜਾਬੀ ਸੰਗੀਤ ਜਗਤ ਨੂੰ ਦਿਤੇ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 17 ਸਤੰਬਰ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-238



*ਸ਼ਕਲਾਂ ਵੱਖੋ ਵੱਖ ਨੇ, ਨਾ ਸਾਡੀ ਇਕ ਜਾਤ।*
*ਬਾਂਦਰ-ਬਿੱਲੀ ਹੁੰਦਿਆਂ ਕਰੀਏ ਮਨ ਕੀ ਬਾਤ।*

## ਕੈਪਸ਼ਨ ਮੁਕਾਬਲਾ-236



ਤੱਕ ਕੇ ਬਾਲਟੀ ਮੂੰਹ ਨੂੰ ਲੱਗੀ
ਬੂਰੀਆਂ ਦੀ ਆਈ ਯਾਦ ਪੁਰਾਣੀ।
ਜਦੋਂ ਪਸ਼ੂਆਂ ਦੇ ਲਾਣੇ ਹੁੰਦੇ ਸਨ
ਹਰ ਘਰ ਘਮ ਘਮ ਕਰੇ ਮਧਾਣੀ।
ਪੀਂਦੇ ਅੱਧ-ਰਿੜਕੇ ਦੇ ਛੰਨੇ
ਨਾਲੇ ਖਾਂਦੇ ਸੀ ਮੱਖਣ ਦਾ ਪੇੜਾ।
ਮਾਖਿਓਂ ਮਿੱਠਾ ਦੁੱਧ ਬੂਰੀ ਦਾ
ਜੋ ਦਿੰਦਾ ਸੀ ਰੂਹ ਨੂੰ ਖੇੜਾ।
ਗੱਭਰੂ ਡੰਡ ਬੈਠਕਾਂ, ਮੂੰਗਲੀਆਂ ਫੇਰਨ
ਜਿਨ੍ਹਾਂ ਜੁੱਸੇ, ਵਾਂਗ ਚੱਟਾਨ ਬਣਾਏ।
ਲੋਹੜਿਆਂ ਦੀ ਫਿਰ ਚੜ੍ਹੇ ਜਵਾਨੀ
ਮਾਂਵਾਂ ਪੁੱਤ ਦਾਰਾ ਸਿੰਘ ਜਿਹੇ ਬਣਾਏ।
ਨਾ ਉਹ ਦਿਨ, ਨਾ ਉਹ ਖੁਰਾਕਾਂ
ਹੁਣ ਨਾ ਉਹ ਮਾਪੇ, ਨਾ ਹੀ ਕਾਕੇ।
ਸਾਰਾ ਦੁੱਧ ਡੇਅਰੀ 'ਤੇ ਵੇਚਣ
ਭਾਵੇਂ ਸਾਰਾ ਟੱਬਰ ਪਿਆ ਝਾਕੇ।
ਹਾਏ! ਕੈਸਾ ਚੰਦਰਾ ਜ਼ਮਾਨਾ ਹੈ
ਮਜਬੂਰੀਆਂ ਐਸੇ ਦਿਨ ਦਿਖਾਏ।
ਮੁੰਡਿਆਂ ਦੇ ਮੂੰਹ ਸਿੱਪੀਆਂ ਵਰਗੇ
ਹੁਣ ਪੀ ਪੀ ਸੱਕੀਆਂ ਚਾਹਾਂ ਬਣਾਏ।
**-ਸੇਵਾ ਸਿੰਘ ਨੂਰਪੁਰੀ**

---

ਡੀਕ ਲਗਾ ਕੇ ਪੀ ਲੈ ਡੱਡੀਏ
ਭਰੀ ਬਾਲਟੀ ਮੂੰਹ ਨੂੰ ਲਾਵਾਂ।
ਹੱਸਦਾ ਖੇਡਦਾ ਨਜ਼ਰੀਂ ਆਵੇਂ
ਰਹਿ ਜਾਣ ਦੂਰ ਬਲਾਵਾਂ।
ਬੁਰੀ ਹਵਾ ਤੋਂ ਬਚ ਜਾਵੇਂ ਤੂੰ
ਬੱਸ ਇਹੋ ਸੁੱਖ ਮਨਾਵਾਂ।
**-ਜਗਮੀਤ ਸਿੰਘ ਪੰਧੇਰ**

---

ਮਾਂ ਮੱਤਾਂ ਦੇਵੇ ਪੁੱਤ ਨੂੰ
ਆਹ ਭਰੀ ਬਾਲਟੀ ਹੈ ਦੁੱਧ ਦੀ।
ਪੀ ਲੈ ਜਿੰਨਾ ਪੀ ਹੁੰਦਾ ਆ ਜਾਵੇ ਪਾਟਣਾ
ਕੱਢ ਡੰਡ ਬੈਠਕਾਂ ਹੋ ਜਾਵੇਂ ਸਰੂ ਜਿਹਾ।
ਦੁੱਧ ਰੋਗ ਕਰੇ ਸਭ ਦੂਰ
ਇਹ ਹੈ ਇਕ ਨਿਆਮਤ
ਭਰਪੂਰ ਤਾਕਤਾਂ ਨਾਲ ਭਰੀ ਹੋਈ।
ਝਾਤ ਮਾਰਦੀ ਹਾਂ ਜਦ ਚੌਗਿਰਦੇ 'ਚ
ਫਿਕਰਾਂ ਦੀ ਪੰਡ ਭਾਰੀ ਹੁੰਦੀ।
ਤੂੰ ਹਮੇਸ਼ਾ ਸਲਾਮਤ ਰਹੇਂ
ਸਿਰ ਤੇਰੇ 'ਤੇ ਜੂੜਾ ਜੋ ਹੈ ਵੱਖਰੀ ਪਛਾਣ।
ਫਿਕਰੂ ਹਨੇਰੀ ਕਿਤੇ ਮੁੜ ਨਾ ਝੁੱਲ ਜਾਵੇ।
ਪੀ ਦੁੱਧ ਹੋ ਜਾ ਤਕੜਾ
ਕਰ ਸਕੇਂ ਮੁਕਾਬਲਾ ਦੁਸ਼ਮਣ ਦਾ।
ਪੁੱਤਾ ਤੇਰੀ ਮਾਂ ਇਹੀ ਅਰਜ਼ ਕਰਦੀ
ਅਧੂਰਾ ਰਹਿ ਗਿਆ ਕੰਮ ਜੋ
ਭਗਤ ਸਿੰਘ, ਸਰਾਭੇ ਦਾ
ਪੂਰਾ ਕਰੇਂ ਪੂਰੀ ਨੇਚ੍ਹਾ ਨਾਲ।
**-ਦਰਸ਼ਨਪਾਲ ਦੋਸਾਂਝ**

# ਆਓ 15 ਸਤੰਬਰ ਨੂੰ ਫਰਿਜ਼ਨੋ ਚੱਲੀਏ..!



ਪੰਜਾਬ ਨੂੰ ਨਸ਼ਿਆਂ, ਭ੍ਰਿਸ਼ਟਾਚਾਰ ਅਤੇ ਗੁੰਡਾ ਰਾਜ ਤੋਂ ਮੁਕਤ ਕਰਾਉਣ ਲਈ ਆਓ, ਆਮ ਆਦਮੀ ਪਾਰਟੀ ਦਾ ਸਾਥ ਦੇਈਏ ਅਤੇ ਪੰਜਾਬ ਨੂੰ ਆਸ ਦੀ ਇਕ ਕਿਰਨ ਦਿਖਾਉਣ ਲਈ ਹੰਭਲਾ ਮਾਰੀਏ।

ਪਰਦੇਸੀ ਪੰਜਾਬੀਆਂ ਪੰਜਾਬ ਦੇ ਹਾਲਾਤ ਦੱਸਣ ਅਤੇ ਆਮ ਆਦਮੀ ਪਾਰਟੀ ਦੇ ਏਜੰਡੇ ਤੋਂ ਜਾਣੂੰ ਕਰਵਾਉਣ ਅਮਰੀਕਾ ਆ ਰਹੇ ਪਾਰਟੀ ਦੀ ਪੰਜਾਬ ਇਕਾਈ ਦੇ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ 15 ਸਤੰਬਰ, ਦਿਨ ਵੀਰਵਾਰ ਨੂੰ ਫਰਿਜ਼ਨੋ ਪਹੁੰਚ ਰਹੇ ਹਨ। ਉਨ੍ਹਾਂ ਦੇ ਮਾਣ ਵਿਚ ਇਕ ਇਕੱਠ ਉਸੇ ਦਿਨ ਸ਼ਾਮੀਂ 6 ਵਜੇ ਇਥੇ ਐਡੀਸਨ ਸੋਸ਼ਲ ਕਲੱਬ ਵਿਚ ਰੱਖਿਆ ਗਿਆ ਹੈ। ਇਸ ਮੌਕੇ ਹੋਰ ਬੁਲਾਰਿਆਂ ਵਿਚ ਸ. ਤਰਲੋਚਨ ਸਿੰਘ ਦੁਪਾਲਪੁਰ ਤੇ ਡਾ. ਗੁਰਮੀਤ ਸਿੰਘ ਬਰਸਾਲ ਵੀ ਪਹੁੰਚ ਰਹੇ ਹਨ।

## 15 ਸਤੰਬਰ 2016, ਦਿਨ ਵੀਰਵਾਰ ਸ਼ਾਮੀਂ 6 ਵਜੇ

ਹਾਲ ਦਾ ਪਤਾ- Edison Social Club 3325 W. Clinton Ave, Fresno CA 93722

## ਆਪ ਆਓ ਤੇ ਹੋਰਨਾਂ ਨੂੰ ਨਾਲ ਲਿਆਓ! ਗੁਰਪ੍ਰੀਤ ਸਿੰਘ ਘੁੱਗੀ ਦੇ ਵਿਚਾਰ ਸੁਣੋ ਅਤੇ ਆਪਣੇ ਵਿਚਾਰ ਉਨ੍ਹਾਂ ਨਾਲ ਸਾਂਝੇ ਕਰੋ।

### ਹੋਰ ਜਾਣਕਾਰੀ ਲਈ ਸੰਪਰਕ ਕਰੋ

ਗੁਰਨੇਕ ਸਿੰਘ ਬਾਗੜੀ (559) 916-6953
ਅਮੋਲਕ ਸਿੰਘ ਸਿੱਧੂ (559) 709-0089
ਜੰਗੀਰ ਸਿੰਘ ਗਿੱਲ (559) 260-1240
ਪ੍ਰਮੋਦ ਲੋਈ (559) 903-5667




*Media Sponsors: Neeta Machhike and Kulwant Dhalian*

# ਕਸ਼ਮੀਰ ਮਸਲਾ ਅਤੇ ਸੂਬਿਆਂ ਦੀ ਖੁਦਮੁਖਤਾਰੀ

ਸਰਬ-ਪਾਰਟੀ ਵਫਦ ਜੰਮੂ ਕਸ਼ਮੀਰ ਜਾ ਆਇਆ ਹੈ। ਇਸ ਦੀਆਂ ਸਿਫਾਰਸ਼ਾਂ ਕੁਝ ਫੌਰੀ ਰਾਹਤ ਦੇਣ ਵਾਲੀਆਂ ਹੋ ਸਕਦੀਆਂ ਹਨ, ਜਿਨ੍ਹਾਂ 'ਤੇ ਅਮਲ ਕਰ ਕੇ ਮਹਿਬੂਬਾ ਮੁਫ਼ਤੀ ਅਤੇ ਕੇਂਦਰ ਸਰਕਾਰ ਵਕਤੀ ਸ਼ਾਬਾਸ਼ ਲੈ ਸਕਦੀ ਹੈ। ਮਸਲਨ, ਪਹਿਲਾਂ ਪੈਲੇਟ ਗੰਨਾਂ ਵਾਪਸ ਲੈਣ ਦਾ ਐਲਾਨ ਹੋਇਆ ਹੈ। ਫ਼ੌਜ ਦੀਆਂ ਜ਼ਿਆਦਤੀਆਂ, ਅਫਸਪਾ ਵਰਗੇ ਬੇਲਗਾਮ ਕਾਨੂੰਨਾਂ, ਝੂਠੇ ਮੁਕਾਬਲਿਆਂ, ਬਲਾਤਕਾਰਾਂ ਅਤੇ ਅਗਵਾ ਕਰਨ ਆਦਿ ਨੂੰ ਖ਼ਤਮ ਕਰਨ ਦੀ ਮੰਗ ਹੀ ਕਸ਼ਮੀਰੀ



ਦਰਸ਼ਨ ਸਿੰਘ ਖਟਕੜ
ਫੋਨ: +91-98151-29130

ਲੋਕਾਂ ਦੀ ਅੰਤਮ ਮੰਗ ਨਹੀਂ। ਉਨ੍ਹਾਂ ਦੀ ਅੰਤਮ ਜਾਂ ਬੁਨਿਆਦੀ ਮੰਗ ਆਜ਼ਾਦੀ ਹੈ ਜਿਸ ਦੇ ਹੱਕ ਵਿਚ ਕਸ਼ਮੀਰ ਦਾ ਬੱਚਾ-ਬੱਚਾ ਨਾਅਰੇ ਮਾਰਦਾ ਤੇ ਗੋਲੀਆਂ ਖਾਂਦਾ ਹੈ। ਇਹ ਆਜ਼ਾਦੀ ਭਾਰਤ ਤੋਂ ਅਲਹਿਦਗੀ ਨਹੀਂ, ਸਗੋਂ ਖੁਦਮੁਖਤਾਰੀ ਦੀ ਮੰਗ ਦੀ ਹੈ। ਇਹ ਖੁਦਮੁਖਤਾਰੀ ਭਾਰਤ ਦੇ ਸੰਵਿਧਾਨ ਅਧੀਨ ਹੀ ਲਾਗੂ ਕੀਤੀ ਜਾਂਦੀ ਹੈ। ਇਹ ਖੁਦਮੁਖਤਾਰੀ ਉਹ ਹੰਢਾਅ ਚੁੱਕੇ ਹਨ, ਪਰ ਹੌਲੀ ਹੌਲੀ ਇਹ ਉਨ੍ਹਾਂ ਤੋਂ ਛਲ-ਬਲ ਨਾਲ ਖੋਹ ਲਈ ਗਈ ਹੈ। ਅੱਜ ਦੀ ਪੀੜ੍ਹੀ ਵੀ ਆਪਣੀ ਇਸ ਅਮੁੱਲ ਵਿਰਾਸਤ ਦੀ ਪ੍ਰਾਪਤੀ ਲਈ ਲੜ ਅਤੇ ਮਰ ਰਹੀ ਹੈ।

ਜੰਮੂ ਕਸ਼ਮੀਰ ਤੋਂ ਰਿਆਸਤ ਦੇ ਲੋਕਾਂ ਨੂੰ ਇਹ ਖੁਦਮੁਖਤਾਰੀ ਨਹਿਰੂ ਤੇ ਸ਼ੇਖ ਅਬਦੁੱਲਾ ਵਿਚਕਾਰ ਹੋਏ ਦਿੱਲੀ ਸਮਝੌਤੇ ਅਧੀਨ ਦਿਤੀ ਗਈ ਸੀ। ਇਸ ਸਮਝੌਤੇ ਤਹਿਤ ਜੰਮੂ ਕਸ਼ਮੀਰ ਵਿਚ ਸੰਵਿਧਾਨਸਾਜ਼ ਅਸੈਂਬਲੀ ਬਣਾਈ ਜਾਣੀ ਸੀ ਜੋ 1951 ਵਿਚ ਬਣੀ। ਇਸ ਨੇ ਰਿਆਸਤ ਲਈ ਸੰਵਿਧਾਨ ਘੜਨਾ-ਪਰਵਾਨਣਾ ਸੀ ਜੋ ਪਰਵਾਨਿਆ ਗਿਆ। ਇਸ ਦੇ ਕਾਨੂੰਨ ਭਾਰਤ ਦੇ ਕਾਨੂੰਨਾਂ ਤੋਂ ਵੱਖ ਹੋਣੇ ਸਨ। ਡਿਫੈਂਸ, ਕਰੰਸੀ, ਵਿਦੇਸ਼ ਮਾਮਲੇ ਛੱਡ ਕੇ ਬਾਕੀ ਸਾਰੇ ਮੁੱਦਿਆਂ ਉਪਰ ਰਿਆਸਤ ਨੂੰ ਕਾਨੂੰਨ ਬਣਾਉਣ ਦੇ ਅਧਿਕਾਰ ਸਨ। ਸੂਬਾ ਮੁਖੀ ਨੂੰ ਸਦਰ-ਏ-ਰਿਆਸਤ ਅਤੇ ਪ੍ਰਧਾਨ ਮੰਤਰੀ ਨੂੰ ਵਜ਼ੀਰ-ਏ-ਆਜ਼ਮ ਕਿਹਾ ਜਾਣਾ ਸੀ। ਇਸ ਸੰਵਿਧਾਨ ਅਧੀਨ ਹੀ 1952 ਵਿਚ ਬਾਕੀ ਭਾਰਤ ਦੇ ਨਾਲ ਹੀ ਰਿਆਸਤ ਵਿਚ ਆਮ ਚੋਣਾਂ ਹੋਣੀਆਂ ਸਨ ਜੋ ਹੋਈਆਂ। ਕੇਂਦਰ ਵਿਚ ਕਾਂਗਰਸ ਅਤੇ ਰਿਆਸਤ ਵਿਚ ਨੈਸ਼ਨਲ ਕਾਨਫਰੰਸ ਦੀਆਂ ਸਰਕਾਰਾਂ ਬਣੀਆਂ। ਇਸ ਨੇ ਰਾਜੇ ਤੇ ਭਾਰਤ ਸਰਕਾਰ ਵਿਚਕਾਰ ਹੋਏ ਰਲੇਵੇਂ-ਸਮਝੌਤੇ ਨੂੰ ਪਰਵਾਨ-ਪ੍ਰਸ਼ਟ ਕਰਨਾ ਸੀ ਜੋ ਕੀਤਾ। ਇਸ ਤਰ੍ਹਾਂ ਜੰਮੂ ਕਸ਼ਮੀਰ ਨੂੰ ਭਾਰਤ ਦਾ ਅੰਗ ਬਣਾ ਦਿਤਾ ਗਿਆ। ਇਹ ਸਾਰਾ ਅਮਲ ਸ਼ੇਖ ਅਬਦੁੱਲਾ ਦੀ ਅਗਵਾਈ ਹੇਠ ਨੈਸ਼ਨਲ ਕਾਨਫਰੰਸ ਨੇ ਕੀਤਾ। ਸ਼ੇਖ ਅਬਦੁੱਲਾ, ਨੈਸ਼ਨਲ ਕਾਨਫਰੰਸ ਤੇ ਇਹ ਅਸੈਂਬਲੀ ਭਾਰਤ ਪ੍ਰਤੀ ਵਫ਼ਾਦਾਰੀ ਤੇ ਸੁਹਿਰਦਗੀ ਦਾ ਇਸ ਤੋਂ ਵੱਡਾ ਸਬੂਤ ਹੋਰ ਕੀ ਦੇ ਸਕਦੇ ਸਨ?

ਸ਼ੇਖ ਤੇ ਨੈਸ਼ਨਲ ਕਾਨਫਰੰਸ ਦੀ ਭਾਰਤ ਪ੍ਰਤੀ ਵਫ਼ਾਦਾਰੀ ਇਸ ਤੋਂ ਵੀ ਪਹਿਲਾਂ ਪ੍ਰਤੱਖ ਹੋ ਚੁੱਕੀ ਸੀ। 26 ਅਕਤੂਬਰ 1947 ਨੂੰ ਹੋਏ ਰਲੇਵੇਂ/ਸਮਝੌਤੇ ਦੀ ਫੌਰੀ ਪ੍ਰਸ਼ਟੀ ਨੈਸ਼ਨਲ ਕਾਨਫਰੰਸ ਨੇ ਕੀਤੀ ਸੀ। ਫਿਰ ਅਕਤੂਬਰ ਵਿਚ ਪਾਕਿਸਤਾਨ ਦੀ ਸ਼ਹਿ ਅਤੇ ਸਹਾਇਤਾ ਨਾਲ ਪਠਾਣ ਕਬਾਇਲੀਆਂ ਦੇ ਹਮਲੇ ਵਿਰੁੱਧ ਭਾਰਤੀ ਫ਼ੌਜ ਭੇਜੀ ਗਈ ਤਾਂ ਨੈਸ਼ਨਲ ਕਾਨਫਰੰਸ ਦੇ ਵਲੰਟੀਅਰਾਂ ਨੇ ਫ਼ੌਜ ਦੇ ਮੋਢੇ ਨਾਲ ਮੋਢਾ ਲਾ ਕੇ ਸ੍ਰੀਨਗਰ ਹਵਾਈ ਅੱਡਾ ਖਾਲੀ ਕਰਵਾਉਣ ਅਤੇ ਸ਼ਹਿਰ ਵਿਚ ਅਮਨ-ਅਮਾਨ ਰੱਖਣ ਵਿਚ ਮੌਤ ਦਾ ਖ਼ਤਰਾ ਸਹੇੜ ਕੇ ਵੀ ਫ਼ੌਜ ਦਾ ਡਟ ਕੇ ਸਾਥ ਦਿਤਾ। ਭਾਰਤ ਪ੍ਰਤੀ ਵਫ਼ਾਦਾਰੀ ਅਤੇ ਸੁਹਿਰਦਤਾ ਦੀ ਇਹ ਮਿਸਾਲਯੋਗ ਅਤੇ ਅਭੁੱਲ ਕਰਵਾਈ ਸੀ। ਦਿੱਲੀ ਸਮਝੌਤੇ ਅਨੁਸਾਰ, ਜੰਮੂ ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਸਾਕਾਰ ਕਰਨ ਲਈ ਭਾਰਤ ਦੇ ਸੰਵਿਧਾਨ ਵਿਚ ਧਾਰਾ 370 ਸ਼ਾਮਲ ਕੀਤੀ ਗਈ ਸੀ। ਇਸ ਵਿਸ਼ੇਸ਼ ਦਰਜੇ ਨੂੰ ਕੇਂਦਰ ਦੀ ਕਮਜ਼ੋਰੀ ਅਤੇ ਘੱਟ ਗਿਣਤੀ ਨੂੰ ਪਲੋਸਣ ਦਾ ਨਾਮ ਦਿਤਾ ਜਾ ਰਿਹਾ ਹੈ। ਅਸਲ ਵਿਚ ਕਿਸੇ ਆਧੁਨਿਕ ਸਟੇਟ ਅਤੇ ਰਾਜ ਪ੍ਰਬੰਧ ਵਿਚ ਇਹ ਸਥਾਨ ਸਾਰਿਆਂ ਸੂਬਿਆਂ ਨੂੰ ਦਿਤਾ ਜਾ ਸਕਦਾ ਹੈ। ਜੇ ਕੋਈ ਰਾਜ ਅਸਲੀ ਅਰਥਾਂ ਵਿਚ ਆਧੁਨਿਕ ਅਤੇ ਜਮਹੂਰੀ ਹੈ ਤਾਂ ਉਹ ਖੁਦਮੁਖਤਾਰੀ ਦਾ ਇਹ ਹੱਕ ਆਪਣੇ ਸਾਰੇ ਸੂਬਿਆਂ ਨੂੰ ਦੇ ਦਿੰਦਾ ਹੈ। ਉਹ ਸਾਰੇ ਸੂਬੇ ਵਿਸ਼ੇਸ਼ ਦਰਜੇ ਵਾਲੇ ਬਣ ਕੇ ਆਮ ਦਰਜੇ ਵਾਲੇ ਹੋ ਜਾਂਦੇ ਹਨ। ਇਹ ਅਧਿਕਾਰ ਦੇ ਕੇ ਹੀ ਸੂਬਿਆਂ ਦੇ ਲੋਕਾਂ ਦੀ ਵਿਸ਼ੇਸ਼ ਪਛਾਣ ਨੂੰ ਵਿਕਸਿਤ ਕੀਤਾ ਜਾ ਸਕਦਾ ਹੈ ਅਤੇ ਫੈਡਰੇਸ਼ਨ ਦੀ ਇੱਕ-ਮੁੱਠਤਾ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ। ਅਜੋਕੇ ਭਾਰਤ ਵਿਚ ਵੀ ਸੂਬਿਆਂ ਨੂੰ ਖੁਦਮੁਖਤਾਰੀ ਦਿਤੀ ਜਾ ਸਕਦੀ ਹੈ ਅਤੇ ਦਿਤੀ ਜਾਣੀ ਚਾਹੀਦੀ ਹੈ। ਜੰਮੂ ਕਸ਼ਮੀਰ ਲਈ ਪ੍ਰਵਾਨੀ ਗਈ ਖੁਦਮੁਖਤਾਰੀ ਇਸ ਦੀ ਇੱਕ ਮਿਸਾਲ ਸੀ। ਸੂਬਿਆਂ ਨੂੰ ਅਜਿਹੀ ਖੁਦਮੁਖਤਾਰੀ ਦਿਵਾਉਣ ਵਿਚ ਜੰਮੂ ਕਸ਼ਮੀਰ ਨੇ ਨਾਇਕ ਦਾ ਰੋਲ ਅਦਾ ਕੀਤਾ ਸੀ। 1952 ਦੀਆਂ ਆਮ ਚੋਣਾਂ ਮਗਰੋਂ ਕੇਂਦਰ ਵਿਚ ਕਾਂਗਰਸ ਦੀ ਅਗਵਾਈ ਵਾਲੀ ਨਹਿਰੂ ਸਰਕਾਰ ਬਣੀ ਅਤੇ ਰਿਆਸਤ ਵਿਚ ਸ਼ੇਖ ਅਬਦੁੱਲਾ ਦੀ ਅਗਵਾਈ ਵਿਚ ਨੈਸ਼ਨਲ



ਕਾਨਫਰੰਸ ਦੀ ਸਰਕਾਰ ਬਣੀ। ਧਾਰਾ 370 ਨੂੰ ਅਮਲ ਵਿਚ ਲਾਗੂ ਕਰਨ ਦਾ ਅਮਲ ਪਰਖਿਆ ਜਾਣਾ ਬਾਕੀ ਸੀ। ਸਦਰੇ ਰਿਆਸਤ ਸ਼ੇਖ ਅਬਦੁੱਲਾ ਨੇ ਕੇਂਦਰੀ ਸਰਕਾਰ ਕੋਲੋਂ ਅਮਲ ਦੀ ਮੰਗ ਕੀਤੀ। ਕੇਂਦਰੀ ਸੱਤਾ ਅਤੇ ਮਾਨ-ਸਨਮਾਨ ਦੇ ਗਰੂਰ-ਸਰੂਰ ਨਾਲ ਲਬਰੇਜ਼ ਨਹਿਰੂ ਸਰਕਾਰ ਨੇ ਅੜਿਕੇ ਪਾਉਣੇ, ਬਹਾਨੇ ਲਾਉਣੇ, ਸ਼ੇਖ ਨੂੰ ਆਪਣਾ ਮੋਹਰਾ ਬਣਾਉਣ ਅਤੇ 370 ਧਾਰਾ ਨੂੰ ਖੋਖਲਾ ਕਰਨ ਦੀ ਦਿਸ਼ਾ ਅਪਣਾ ਲਈ। ਆਖ਼ਰ ਫ਼ੌਜ ਦੀ ਵਾਪਸੀ ਦੀ ਮੰਗ ਕਰਨ ਕਰ ਕੇ ਅਸੈਂਬਲੀ ਭੰਗ ਕਰ ਕੇ ਸ਼ੇਖ ਸਾਹਿਬ ਨੂੰ ਜੇਲ੍ਹ ਵਿਚ ਲਿਜਾ ਸੁੱਟਿਆ। ਇਸ ਤਰ੍ਹਾਂ ਭਾਰਤ ਦੇ ਨਵੇਂ ਹਾਕਮਾਂ ਨੇ ਕੀਤੇ ਵਾਅਦੇ ਅਤੇ ਵਿਸ਼ਵਾਸ ਤੋੜਨ ਦੀ ਧੀਮੀ ਅਤੇ ਲੰਮੀ ਪ੍ਰਕਿਰਿਆ ਆਰੰਭ ਕੀਤੀ ਜਿਹੜੀ 370 ਧਾਰਾ ਖ਼ਤਮ ਕਰਨ ਦੀ ਮੰਗ ਤਕ ਜਾ ਚੁੱਕੀ ਹੈ। ਇਸ ਦਾ ਮਗਰਲਾ ਲੰਬਾ ਸਮਾਂ ਗਵਰਨਰੀ ਰਾਜ ਰਾਹੀਂ ਕੇਂਦਰੀ ਰਾਜ ਲਾਗੂ ਕਰਨ, ਨੈਸ਼ਨਲ ਕਾਨਫਰੰਸ ਵਿਚ ਫੁੱਟ ਪਾਉਣ, ਸੱਤਾ ਦੇ ਭੁੱਖੇ ਭਾਈਵਾਲ ਬਣਾਉਣ ਅਤੇ ਸਿਆਸੀ ਗੱਠਜੋੜ ਕਰਨ ਦਾ ਸਮਾਂ ਹੀ ਹੈ। ਜੰਮੂ ਕਸ਼ਮੀਰ ਦੇ ਲੋਕਾਂ ਨੂੰ ਆਪਣੇ ਜਾਇਜ਼ ਅਤੇ ਸੰਵਿਧਾਨਕ ਹੱਕ ਨੂੰ ਦਰੜ ਦੇਣ ਦਾ ਦਰਦ ਭੁੱਲਦਾ ਨਹੀਂ। ਭੁੱਲੇ ਵੀ ਕਿਵੇਂ, ਉਨ੍ਹਾਂ ਕੋਲ ਸ਼ੇਖ ਦੇ ਰੂਪ ਵਿਚ ਆਪਣਾ ਨੈਲਸਨ ਮੰਡੇਲਾ ਹੈ ਜਿਸ ਨੂੰ 21 ਸਾਲਾਂ ਤਕ ਪਿੰਜਰਿਆਂ ਵਿਚ ਬੰਦ ਕਰੀ ਰੱਖਿਆ ਸੀ। ਇਸ ਅੰਦਰੋ-ਅੰਦਰ ਧੁੱਖਦੀ ਅੱਗ ਉਪਰ ਭਾਰਤ-ਪਾਕਿਸਤਾਨ ਰਿਸ਼ਤਿਆਂ ਦੀ ਕੁੜੱਤਣ, ਫ਼ਿਰਕੂ ਦਹਿਸ਼ਤਗਰਦੀ ਅਤੇ ਸਰਕਾਰੀ ਦਮਨ ਤੇਲ ਬਣ ਕੇ ਡਿੱਗਦੇ ਹਨ। ਫਿਰ ਵੀ ਕਈ ਸਰਵੇਖਣ ਜੰਮੂ ਕਸ਼ਮੀਰ ਦੇ ਬਹੁਤ ਗਿਣਤੀ ਲੋਕਾਂ ਦੀ ਖੁਦਮੁਖਤਿਆਰੀ ਸਹਿਤ ਭਾਰਤ ਨਾਲ ਰਹਿਣ ਦੀ ਖ਼ਾਹਿਸ਼ ਦੀ ਪੁਸ਼ਟੀ ਕਰਦੇ ਹਨ।

ਸਰਬ-ਪਾਰਟੀ ਵਫਦ ਵਿਚ ਸ਼ਾਮਲ ਕਾਂਗਰਸ, ਭਾਜਪਾ ਤੇ ਸਪਾ ਆਦਿ ਸਾਰੀਆਂ ਮੁੱਖ ਧਾਰਾ ਪਾਰਲੀਮਾਨੀ ਸਿਆਸੀ ਪਾਰਟੀਆਂ ਸੂਬਿਆਂ ਨੂੰ ਸੰਵਿਧਾਨ ਅੰਦਰ ਵੀ ਖੁਦਮੁਖਤਿਆਰੀ ਦੇਣ ਦੇ ਪੱਖ ਵਿਚ ਨਹੀਂ। ਉਹ ਇਸ ਨੂੰ ਰਾਜ ਤੇ ਦੇਸ਼ ਦੀ ਏਕਤਾ ਨੂੰ ਢਿੱਲਾ ਕਰ ਕੇ ਅਖੰਡਤਾ ਨੂੰ ਕਮਜ਼ੋਰ ਕਰਨਾ ਮੰਨਦੀਆਂ ਹਨ। ਕੇਂਦਰੀਕਰਨ ਦੀ ਉਚਤਾ ਹੀ ਉਨ੍ਹਾਂ ਦਾ ਗੁਰ-ਪੀਰ ਹੈ। ਉਹ ਸੂਬਾ ਪੱਧਰ ਤਕ ਸੱਤਾ ਦਾ ਵਿਕੇਂਦਰੀਕਰਨ ਨਹੀਂ ਚਾਹੁੰਦੇ। ਸੱਤਾ ਕੇਂਦਰੀਕਰਨ ਆਪਣੇ-ਆਪ ਵਿਚ ਗੈਰ-ਆਧੁਨਿਕ ਵਰਤਾਰਾ ਹੈ ਜਿਸ ਕਰ ਕੇ ਭਾਰਤ ਦੀ ਜਮਹੂਰੀਅਤ ਰਸਮੀ, ਸੌੜਾ ਅਤੇ ਸੀਮਿਤ ਕਿਰਦਾਰ ਰੱਖਦੀ ਹੈ। ਭਾਰਤ ਦੀ ਜਮਹੂਰੀਅਤ ਤਾਂ ਅਮਰੀਕਾ/ਇੰਗਲੈਂਡ ਵਾਂਗ ਬੁਰਜੁਆ ਪਾਰਲੀਮਾਨੀ ਜਮਹੂਰੀਅਤ ਤੋਂ ਵੀ ਗਈ ਗੁਜ਼ਰੀ ਹੈ। ਇੰਗਲੈਂਡ ਨੇ ਹਾਲ ਹੀ ਵਿਚ ਸਕਾਟਲੈਂਡ ਨੂੰ ਆਤਮ-ਨਿਰਣੇ ਦਾ ਹੱਕ ਦਿਤਾ, ਪਰ ਉਥੇ ਕੋਈ ਰੌਲਾ-ਰੱਪਾ ਨਹੀਂ ਪਿਆ। ਕਸ਼ਮੀਰੀਆਂ ਨੂੰ ਭਾਰਤੀ ਸੰਵਿਧਾਨ ਤਹਿਤ ਖੁਦਮੁਖਤਾਰੀ ਦੇਣ ਨੂੰ ਵੀ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਵਿਰੋਧ ਦੇ ਰੂਪ ਵਿਚ ਦੇਖਿਆ ਜਾ ਰਿਹਾ ਹੈ ਜੋ ਦਰੁਸਤ ਨਹੀਂ। ਜਿਸ ਆਰਥਿਕ-ਸਮਾਜਿਕ ਸਭਿਆਚਾਰਕ ਜ਼ਮੀਨ ਉਪਰ ਭਾਰਤ ਦੀਆਂ ਸਿਆਸੀ ਪਾਰਟੀਆਂ ਖੜ੍ਹੀਆਂ ਹਨ, ਉਹ ਪੂਰਵ-ਆਧੁਨਿਕ, ਪਛੜੇਵੇਂ ਖਾਧਾ ਅਤੇ ਰੂੜੀਵਾਦੀ ਹੈ। ਉਹ ਇਸ ਸੀਮਾ ਨੂੰ ਉਲੰਘ ਨਹੀਂ ਸਕਦੀਆਂ। ਇਸ ਪ੍ਰਸੰਗ ਵਿਚ ਇਨ੍ਹਾਂ ਪਾਰਟੀਆਂ ਤੇ ਇਨ੍ਹਾਂ ਦੀਆਂ ਸਰਕਾਰਾਂ ਤੋਂ ਜੰਮੂ ਕਸ਼ਮੀਰ ਸਮੇਤ ਸਾਰੇ ਸੂਬਿਆਂ ਨੂੰ ਖੁਦਮੁਖਤਾਰੀ ਦੇਣ ਦੀ ਤਵੱਕੋ ਨਹੀਂ ਕੀਤੀ ਜਾ ਸਕਦੀ। ਇਸੇ ਕਰ ਕੇ ਸਰਬ-ਪਾਰਟੀ ਵਫਦ ਤੋਂ ਇਸ ਲਛਮਣ-ਰੇਖਾ ਨੂੰ ਪਾਰ ਕਰਨ ਦੀ ਉਮੀਦ ਨਹੀਂ ਕੀਤੀ ਜਾ ਸਕਦੀ ਪਰ ਕਸ਼ਮੀਰ ਸਮੱਸਿਆ ਦੇ ਇਸ ਮੁੱਦੇ ਨੂੰ ਸੁਲਝਾਏ ਬਗੈਰ, ਜੰਮੂ ਕਸ਼ਮੀਰ ਵਿਚ ਪੱਕੀ ਸ਼ਾਂਤੀ ਸੰਭਵ ਨਹੀਂ ਜਾਪਦੀ। ਸ਼ਾਂਤੀ ਦੀ ਬਹਾਲੀ ਕਸ਼ਮੀਰੀ ਵੀ ਚਾਹੁੰਦੇ ਹਨ ਪਰ ਸ਼ਾਂਤੀ ਦੇ ਨਾਲ ਉਹ ਆਪਣੇ ਅਧਿਕਾਰ ਵੀ ਚਾਹੁੰਦੇ ਹਨ। ਸਰਕਾਰਾਂ ਦੀ ਨੀਤੀ ਥਕਾ ਦੇਣ ਤੇ ਆਪਣੇ ਨਾਲ ਰਲਾ ਲੈਣ ਦੀ ਰਹੀ ਹੈ। ਇਸ ਨੀਤੀ ਨੂੰ ਉਹ ਸ਼ੇਖ ਅਬਦੁੱਲਾ ਉਪਰ ਅਜ਼ਮਾ ਚੁੱਕੀ ਹੈ ਜਿਸ ਨੂੰ 21 ਸਾਲ ਨਜ਼ਰਬੰਦ ਰੱਖਣ ਮਗਰੋਂ ਸੱਤਾ ਦੀ ਹਿੱਸੇਦਾਰੀ ਲੈਣ ਲਈ ਮਜਬੂਰ ਕਰ ਦਿਤਾ ਗਿਆ ਸੀ। ਪਿਛਲੇ ਲੰਬੇ ਸਮੇਂ ਤੋਂ ਕਸ਼ਮੀਰੀਆਂ ਦਾ ਰੋਹ ਤੇ ਰੋਸ ਸਮੇਂ ਸਮੇਂ ਸਿਰ ਵਿਸਫੋਟਕ ਹੁੰਦਾ ਰਿਹਾ ਹੈ। ਗੁਲੇਲਾਂ ਤੇ ਇੱਟਾਂ ਰੋੜਿਆਂ ਦੀ ਵਰਤੋਂ ਕਿੰਨੀ ਕੁ ਕਾਰਗਰ ਹੁੰਦੀ ਰਹੇਗੀ। ਇਸ ਰੋਸ ਨੂੰ ਵੀ ਥਕਾ ਦੇਣ ਅਤੇ ਆਪਣੇ ਨਾਲ ਰਲਾ ਲੈਣ ਦੀ ਨੀਤੀ ਹੁਣ ਵੀ ਕਾਰਜਸ਼ੀਲ ਜਾਪਦੀ ਹੈ। ਇਸ ਤਹਿਤ ਮੱਲ੍ਹਮ ਲਾਉਣ ਅਤੇ ਅੱਖਾਂ ਪੂੰਝਣ ਦੀ ਨੀਤੀ ਦੇ ਸਿੱਟੇ ਕਿੰਨੇ ਕੁ ਸਾਰਥਕ ਹੋ ਸਕਣਗੇ, ਇਹ ਆਉਣ ਵਾਲੇ ਦਿਨਾਂ ਵਿਚ ਸਪਸ਼ਟ ਹੋ ਜਾਵੇਗਾ। ਜੰਮੂ ਕਸ਼ਮੀਰ ਸਮੇਤ ਸੂਬਿਆਂ ਨੂੰ ਖੁਦਮੁਖਤਾਰੀ ਦੇਣ ਦਾ ਕਾਰਜ ਭਾਰਤ ਦੇ ਸਮਾਜ ਦੀ ਕਾਇਆ-ਕਲਪ ਨਾਲ ਵੀ ਜੁੜਿਆ ਹੋਇਆ ਹੈ; ਪਰ ਇਹ ਕਾਇਆ-ਕਲਪ ਕਦੋਂ ਹੁੰਦਾ ਹੈ, ਇਸ ਦਾ ਨਿਸ਼ਚਿਤ ਜਵਾਬ ਦੇਣਾ ਔਖਾ ਹੈ।

# ਤੱਤ ਗੁਰਮਤਿ ਦੇ ਪ੍ਰਚਾਰਕਾਂ ਦੇ ਵਿਰੋਧ ਦੀ ਨਿਖੇਧੀ

**ਫਰਿਜ਼ਨੋ (ਬਿਊਰੋ):** ਪੰਜਾਬ 'ਚ ਨਸ਼ਿਆਂ ਦੇ ਵਗਦੇ ਦਰਿਆ, ਵਹਿਮਾਂ-ਭਰਮਾਂ ਅਤੇ ਡੇਰਾਵਾਦ ਦੇ ਪਰਪੰਚ ਵਿਚ ਫਸੀ ਸਿੱਖ ਕੌਮ ਨੂੰ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਦੀ ਰੌਸ਼ਨੀ ਵਿਚ ਪਖੰਡਵਾਦ 'ਚੋਂ ਕੱਢਣ ਲਈ ਸਰਗਰਮ









ਕਥਾਵਾਚਕ ਭਾਈ ਸਰਬਜੀਤ ਸਿੰਘ ਧੂੰਦਾ, ਪੰਥਪ੍ਰੀਤ ਸਿੰਘ, ਹਰਜਿੰਦਰ ਸਿੰਘ ਮਾਂਝੀ, ਅਮਰੀਕ ਸਿੰਘ ਚੰਡੀਗੜ੍ਹ ਅਤੇ ਹੋਰ ਮਿਸ਼ਨਰੀਆਂ ਦੇ ਪ੍ਰਚਾਰ ਵਿਚ ਰੁਕਾਵਟ ਪਾਉਣ ਵਾਲੇ ਟਕਸਾਲੀਆਂ, ਡੇਰੇਦਾਰਾਂ ਅਤੇ ਦਸਮ-ਗ੍ਰੰਥੀਆਂ ਵਿਰੁਧ ਪਰਵਾਸੀ ਸਿੱਖਾਂ ਵੱਡਾ ਰੋਸ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਬਠਿੰਡਾ ਅਤੇ ਅੰਮ੍ਰਿਤਸਰ ਜਿਲ੍ਹੇ ਵਿਚ ਭਾਈ ਸਰਬਜੀਤ ਸਿੰਘ ਧੂੰਦਾ ਦੇ ਦੀਵਾਨਾਂ ਵਿਚ ਕੁਝ ਲੋਕਾਂ ਨੇ ਖਲਲ ਪਾਉਣ ਦਾ ਅਸਫਲ ਯਤਨ ਕੀਤਾ। ਇਨ੍ਹਾਂ ਘਟਨਾਵਾਂ ਦੇ ਪ੍ਰਤੀਕਰਮ ਵਜੋਂ ਕੈਲੀਫੋਰਨੀਆ ਦੇ ਤੱਤ ਗੁਰਮਤਿ ਹਮਾਇਤੀਆਂ ਦੀ ਇਥੇ ਹੋਈ ਇਕ ਮੀਟਿੰਗ ਵਿਚ ਇਨ੍ਹਾਂ ਘਟਨਾਵਾਂ ਦੀ ਸਖਤ ਨਿਖੇਧੀ ਕੀਤੀ।

ਜਥੇਬੰਦੀ ਦੇ ਇਕ ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਕਿਹਾ ਕਿ ਜਿਵੇਂ ਵਿਰੋਧੀ ਭਾਈ ਸਰਬਜੀਤ ਸਿੰਘ ਧੂੰਦਾ ਜਾਂ ਭਾਈ ਪੰਥਪ੍ਰੀਤ ਸਿੰਘ ਦੇ ਦੀਵਾਨਾਂ ਦੌਰਾਨ ਸਿਮਰਨ ਦੀ ਆੜ ਹੇਠ ਦੀਵਾਨਾਂ ਨੂੰ ਅਸਫਲ ਬਣਾਉਣ ਲਈ ਹਥਕੰਡੇ ਵਰਤ ਰਹੇ ਹਨ, ਉਸ ਤੋਂ ਸਿਰਫ਼ ਗੁਮਰਾਹ ਨਹੀਂ ਹੋਣਗੀਆਂ ਸਗੋਂ ਜਾਗਦੀ ਜ਼ਮੀਰ ਵਾਲੀ ਸੰਗਤ ਪਖੰਡਵਾਦ 'ਚੋਂ ਹੋਰ ਤਕੜੀ ਹੋ ਕੇ ਉਭਰੇਗੀ।

ਸੁਖਬੀਰ ਸਿੰਘ ਭੰਡਾਲ ਨੇ ਕਿਹਾ ਕਿ ਟਕਸਾਲੀ ਅਤੇ ਦਸਮਗ੍ਰੰਥੀ ਤੱਤ ਸਿੱਖੀ ਸਿਧਾਂਤਾਂ 'ਤੇ ਪਹਿਰਾ ਦੇ ਰਹੇ ਪ੍ਰਚਾਰਕਾਂ ਨੂੰ ਆਰ.ਐਸ.ਐਸ. ਦੇ ਏਜੰਟ ਦੱਸਦੇ ਹਨ, ਉਨ੍ਹਾਂ ਦੇ ਮੂੰਹ ਉਦੋਂ ਕਿਉਂ ਚੁੱਪ ਹੋ ਜਾਂਦੇ ਹਨ ਜਦੋਂ ਉਹ ਖੁਦ ਬੱਕਰੇ ਦੀ ਬਲੀ ਦਿੰਦੇ ਹਨ, ਗੁਰਦੁਆਰੇ ਅੰਦਰ ਟੱਲ ਖੜਕਾਉਂਦੇ ਹਨ, ਮੂਰਤੀ ਪੂਜਾ, ਸੰਪਟ ਪਾਠ ਤੇ ਹੋਰ ਤਰ੍ਹਾਂ ਤਰ੍ਹਾਂ ਦੇ ਪਰਪੰਚ ਕਰਦੇ ਹਨ।

ਜਥੇਬੰਦੀ ਦੇ ਇਕ ਹੋਰ ਮੈਂਬਰ ਵਰਿੰਦਰ ਸਿੰਘ ਗੋਲਡੀ ਨੇ ਕਿਹਾ ਕਿ ਜਦੋਂ ਦੇਹਧਾਰੀ ਸਾਧਾਂ ਦੇ ਦੀਵਾਨ ਲੱਗਦੇ ਹੋਣ, ਬਾਬਿਆਂ ਦੀਆਂ ਖੂੰਡੀਆਂ, ਉਨ੍ਹਾਂ ਦੇ ਨਲਕਿਆਂ ਨੂੰ ਮੱਥੇ ਟਿਕਾਏ ਜਾਂਦੇ ਹੋਣ ਤਾਂ ਇਨ੍ਹਾਂ ਨੂੰ ਚਾਅ ਚੜ੍ਹਦਾ ਹੈ, ਲੇਕਿਨ ਇਸ ਦੇ ਉਲਟ ਗੁਰਬਾਣੀ ਦਾ ਗਿਆਨ ਵੰਡਣ ਵਾਲੇ ਤੱਤ ਗੁਰਮਤਿ ਪ੍ਰਚਾਰਕਾਂ ਦੇ ਰਸਤੇ ਰੋਕੇ ਜਾ ਰਹੇ ਹਨ, ਪੁਲਿਸ ਦਾ ਸਹਾਰਾ ਲਿਆ ਜਾਂਦਾ ਹੈ ਤੇ ਜਦੋਂ ਬੇਵੱਸ ਹੋ ਜਾਂਦੇ ਹਨ ਤਾਂ ਡਾਂਗਾਂ, ਟਕੂਏ ਤੇ ਤਲਵਾਰਾਂ ਚੁੱਕ ਲੈਂਦੇ ਹਨ।

ਇਸ ਮੌਕੇ ਜਗਮੋਹਨ ਸਿੰਘ ਟੁੱਟ (ਜੱਗੀ ਟੁੱਟ) ਨੇ ਕਿਹਾ ਕਿ ਜਿਹੜਾ ਪ੍ਰਚਾਰਕ ਇਕ ਪੰਥ, ਇਕ ਗ੍ਰੰਥ, ਇੱਕ ਮਰਿਆਦਾ, ਇੱਕ ਸਿਧਾਂਤ ਦੀ ਗੱਲ ਕਰਦਾ ਹੈ, ਉਹ ਇਨ੍ਹਾਂ ਅਖੌਤੀ ਦਸਮ ਗ੍ਰੰਥੀਆਂ ਤੋਂ ਬਰਦਾਸ਼ਤ ਨਹੀਂ ਹੁੰਦਾ ਲੇਕਿਨ ਜਿਹੜਾ ਦੇਹਧਾਰੀ ਸਾਧ ਇਨ੍ਹਾਂ ਨੂੰ ਕਰਮਕਾਂਡ, ਕਰਾਮਾਤਾਂ ਅਤੇ ਝੂਠੀਆਂ ਸਾਖੀਆਂ ਸੁਣਾਉਂਦਾ ਹੈ, ਉਹਦਾ ਕੋਈ ਵਿਰੋਧ ਨਹੀਂ ਕਰਦੇ।

ਬੁਲਾਰਿਆਂ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਦੌਰਾਨ ਵੀ ਕੁਝ ਲੋਕਾਂ ਨੇ ਇਨ੍ਹਾਂ ਦੇਹਧਾਰੀ ਸਾਧਾਂ ਦੇ ਇਸ਼ਾਰੇ 'ਤੇ ਅਮਰੀਕਾ ਦੇ ਕੁਝ ਗੁਰੂਘਰਾਂ ਅੰਦਰ ਪ੍ਰੋ. ਧੂੰਦਾ ਦੇ ਪ੍ਰੋਗਰਾਮਾਂ ਦਾ ਅਸਫਲ ਵਿਰੋਧ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਇਹਦੇ ਬਾਵਜੂਦ ਲਗਭਗ ਸਾਰੇ ਦੀਵਾਨਾਂ ਅੰਦਰ ਸੰਗਤਾਂ ਵਹੀਰਾਂ ਘੱਤ ਕੇ ਪ੍ਰੋ. ਧੂੰਦਾ ਦੇ ਵਿਚਾਰ ਸੁਣਨ ਲਈ ਪਹੁੰਚਦੀਆਂ ਰਹੀਆਂ। ਇਹੀ ਕੁਝ ਹੁਣ ਤੱਤ ਗੁਰਮਤਿ ਦੀ ਆਵਾਜ਼ ਦਬਾਉਣ ਲਈ ਪੰਜਾਬ ਅੰਦਰ ਹੋ ਰਿਹਾ ਹੈ।

# ਹਵਾਈ ਹਾਦਸੇ 'ਚ ਹੋਇਆ ਸੀ ਸੁਭਾਸ਼ ਚੰਦਰ ਬੋਸ ਦਾ ਦੇਹਾਂਤ

**ਲੰਡਨ:** ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਰਹੱਸ ਨਾਲ ਜੁੜੇ ਜਾਪਾਨ ਸਰਕਾਰ ਦੇ 60 ਸਾਲ ਪੁਰਾਣੇ ਇਕ ਗੁਪਤ ਦਸਤਾਵੇਜ਼ ਨੂੰ ਜਨਤਕ ਕੀਤਾ ਗਿਆ, ਜਿਸ 'ਚ ਕਿਹਾ ਗਿਆ ਹੈ ਕਿ ਸੁਭਾਸ਼ ਚੰਦਰ ਬੋਸ ਦਾ ਦੇਹਾਂਤ 18 ਅਗਸਤ, 1945 ਨੂੰ ਤਾਈਵਾਨ 'ਚ ਇਕ ਹਵਾਈ ਹਾਦਸੇ 'ਚ ਹੋਇਆ ਸੀ। ਇਹ ਦਸਤਾਵੇਜ਼ ਨੇਤਾ ਜੀ ਸਬੰਧੀ ਅਧਿਕਾਰਤ ਵੇਰਵੇਂ ਦਾ ਸਮਰਥਨ ਕਰਦਾ ਹੈ।



ਨੇਤਾ ਜੀ ਦੇ ਦੇਹਾਂਤ ਨਾਲ ਸਬੰਧਤ ਦਸਤਾਵੇਜ਼ਾਂ ਲਈ ਸਥਾਪਤ ਬਰਤਾਨਵੀ ਵੈੱਬਸਾਈਟ 'ਬੋਸਫਾਈਲਸ ਡਾਟ ਕਾਮ' ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਜਦੋਂ 'ਸੁਭਾਸ਼ ਚੰਦਰ ਬੋਸ ਦੀ ਮੌਤ ਦੇ ਕਾਰਨ ਅਤੇ ਹੋਰਨਾਂ ਤੱਥਾਂ ਦੀ ਜਾਂਚ' ਸਿਰਲੇਖ ਵਾਲੀ ਰਿਪੋਰਟ ਨੂੰ ਜਨਤਕ ਕੀਤਾ ਗਿਆ ਹੈ ਕਿਉਂਕਿ ਜਾਪਾਨੀ ਅਧਿਕਾਰੀਆਂ ਅਤੇ ਭਾਰਤ ਸਰਕਾਰ ਨੇ ਇਸ ਨੂੰ ਗੁਪਤ ਰੱਖਿਆ ਸੀ। ਵੈੱਬਸਾਈਟ ਅਨੁਸਾਰ ਰਿਪੋਰਟ ਜਨਵਰੀ 1956 'ਚ ਪੂਰੀ ਹੋਈ ਅਤੇ ਟੋਕੀਓ ਵਿਚ ਭਾਰਤੀ ਦੂਤਘਰ ਨੂੰ ਸੌਂਪੀ ਗਈ, ਪਰ ਕਿਉਂਕਿ ਇਹ ਗੁਪਤ ਦਸਤਾਵੇਜ਼ ਸੀ, ਇਸ ਲਈ ਇਸ ਨੂੰ ਕਦੇ ਵੀ ਜਾਰੀ ਨਹੀਂ ਕੀਤਾ ਗਿਆ। ਜਾਪਾਨੀ ਭਾਸ਼ਾ 'ਚ ਸੱਤ ਪੰਨਿਆਂ ਅਤੇ ਅੰਗਰੇਜ਼ੀ ਭਾਸ਼ਾ ਵਿਚ 10 ਪੰਨਿਆਂ ਦੇ ਅਨੁਵਾਦ ਵਾਲੀ ਇਹ ਰਿਪੋਰਟ ਇਸ ਸਿੱਟੇ 'ਤੇ ਪੁੱਜਦੀ ਹੈ ਕਿ ਨੇਤਾ ਜੀ 18 ਅਗਸਤ, 1945 ਨੂੰ ਹਵਾਈ ਹਾਦਸੇ ਦੇ ਸ਼ਿਕਾਰ ਹੋ ਗਏ ਅਤੇ ਉਸੇ ਦਿਨ ਸ਼ਾਮ ਨੂੰ ਤਾਈਪੇਈ ਦੇ ਇਕ ਹਸਪਤਾਲ 'ਚ ਉਨ੍ਹਾਂ ਦਾ ਦੇਹਾਂਤ ਹੋ ਗਿਆ ਸੀ। ਰਿਪੋਰਟ ਅਨੁਸਾਰ ਉਡਾਣ ਭਰਨ ਦੇ ਤੁਰਤ ਬਾਅਦ ਜਹਾਜ਼ ਹੇਠਾਂ ਡਿੱਗ ਪਿਆ ਸੀ ਅਤੇ ਨੇਤਾ ਜੀ ਜ਼ਖ਼ਮੀ ਹੋ ਗਏ ਸਨ।

# ਪਾਕਿ ਪਾਇਲਟ ਭੈਣਾਂ ਨੇ ਰਚਿਆ ਇਤਿਹਾਸ

**ਇਸਲਾਮਾਬਾਦ:** ਪਾਕਿਸਤਾਨ ਦੀ ਅੰਤਰਰਾਸ਼ਟਰੀ ਏਅਰਲਾਈਨ ਪੀ.ਆਈ.ਏ. ਲਈ ਪਾਇਲਟ ਦੇ ਤੌਰ 'ਤੇ ਕੰਮ ਕਰਨ ਵਾਲੀਆਂ ਦੋ ਭੈਣਾਂ ਨੇ ਇਕੱਠਿਆਂ ਬੋਇੰਗ 777 ਜਹਾਜ਼ ਨੂੰ ਉਡਾ ਕੇ ਇਤਿਹਾਸ ਰਚ ਦਿੱਤਾ ਹੈ। ਏਅਰਲਾਈਨ ਨੇ ਦੱਸਿਆ ਕਿ ਇਸ ਜਹਾਜ਼ ਨੂੰ ਇਕੱਠੇ ਉਡਾਉਣ ਵਾਲਾ ਇਹ ਇਕ ਤਰ੍ਹਾਂ ਦਾ ਪਹਿਲਾ ਜੋੜਾ ਹੈ। ਪਾਕਿਸਤਾਨ ਅੰਤਰਰਾਸ਼ਟਰੀ ਏਅਰਲਾਈਨ (ਪੀ.ਆਈ.ਏ.) ਦੇ ਬੁਲਾਰੇ ਦਾਨਿਆਲ ਗਿਲਾਨੀ ਨੇ ਕਿਹਾ ਕਿ ਮਰੀਅਮ ਮਸੂਦ ਤੇ ਇਰੁਮ ਮਸੂਦ ਇਸ ਤੋਂ ਪਹਿਲਾਂ ਵੱਖ-ਵੱਖ ਜਹਾਜ਼ ਉਡਾਉਂਦੀਆਂ ਸਨ, ਪਰ ਆਖਰ ਉਨ੍ਹਾਂ ਨੂੰ ਇਕੱਠਿਆਂ ਜਹਾਜ਼ ਉਡਾਉਣ ਦਾ ਮੌਕਾ ਮਿਲਿਆ। ਉਨ੍ਹਾਂ ਟਵੀਟ ਕੀਤਾ ਕਿ ਬੋਇੰਗ 777 ਨੂੰ ਇਕੱਠਿਆਂ ਉਡਾ ਕੇ ਪਾਇਲਟ ਭੈਣਾਂ ਨੇ ਇਤਿਹਾਸ ਰਚ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਅਜਿਹਾ ਕੋਈ ਰਿਕਾਰਡ ਨਹੀਂ, ਜਿਸ 'ਚ ਦੋ ਸਕੀਆਂ ਭੈਣਾਂ ਨੇ ਇਕ ਹੀ ਵਜ਼ਨ ਦੀ ਸ਼੍ਰੇਣੀ ਦਾ ਜਹਾਜ਼ ਇਕੱਠਿਆਂ ਉਡਾਇਆ ਹੋਵੇ।

ਸਾਡੀਆਂ ਰਸਮਾਂ ਸਾਡੇ ਗੀਤ



ਨੀਲਮ ਸੈਣੀ
ਫੋਨ: 510-502-0551

# ਧੀ ਦੇ ਜਨਮ ਵੇਲੇ ਦੇ ਗੀਤ ਅਤੇ ਰਸਮਾਂ



*ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੂੰਦ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰ ਰਿਹਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮਾਂ-ਰਿਵਾਜ਼ਾਂ ਨੂੰ ਪ੍ਰਨਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਲਿਖਾਰੀ ਨੇ ਇਨ੍ਹਾਂ ਰੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ ਜਿਹੜੇ ਵੱਖ-ਵੱਖ ਮੌਕਿਆਂ 'ਤੇ ਸਾਡੇ ਸਮਾਗਮਾਂ ਦਾ ਸ਼ਿੰਗਾਰ ਵੀ ਬਣਦੇ ਹਨ। ਐਤਕੀਂ ਧੀਆਂ ਦੇ ਜਨਮ ਵੇਲੇ ਦੇ ਹਾਲਾਤ, ਰੀਤਾਂ ਤੇ ਗੀਤਾਂ ਬਾਰੇ ਗੱਲਾਂ ਛੋਹੀਆਂ ਗਈਆਂ ਹਨ। -ਸੰਪਾਦਕ*

ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਪੰਜਾਬੀ ਸਭਿਆਚਾਰ ਵਿਚ ਧੀ ਦੇ ਜਨਮ ਦੀ ਕੋਈ ਖੁਸ਼ੀ ਨਹੀਂ ਮਨਾਈ ਜਾਂਦੀ ਸੀ ਅਤੇ ਇਸ ਮੌਕੇ ਕੋਈ ਰਸਮ ਵੀ ਨਹੀਂ ਸੀ ਨਿਭਾਈ ਜਾਂਦੀ। ਨਾ ਹੀ ਕੋਈ ਗੀਤ ਗਾਇਆ ਜਾਂਦਾ ਸੀ। ਮੁੱਢ ਤੋਂ ਹੀ ਧੀ ਦੇ ਜਨਮ ਵੇਲੇ ਸਾਰਾ ਘਰ ਸੋਗ ਵਿਚ ਡੁੱਬ ਜਾਂਦਾ ਸੀ। 'ਪੱਥਰ ਡਿਗ ਪਿਆ' ਆਮ ਕਿਹਾ ਜਾਂਦਾ ਸੀ।

ਕਈ ਥਾਂਵਾਂ 'ਤੇ ਧੀ ਨੂੰ ਜੰਮਦੇ ਹੀ ਮਾਰ ਦਿੱਤਾ ਜਾਂਦਾ ਸੀ। ਇਸ ਦਾ ਕਾਰਨ ਇਹ ਹੈ ਕਿ ਪੰਜਾਬ ਹਮੇਸ਼ਾ ਹੀ ਹਮਲਾਵਰਾਂ ਦੇ ਘੇਰੇ ਵਿਚ ਰਿਹਾ ਹੈ। ਇਥੇ ਹੀ ਬੱਸ ਨਹੀਂ, ਇਹ ਹਮਲਾਵਰ ਧਨ-ਮਾਲ ਦੀ ਲੁੱਟ ਖੋਹ ਦੇ ਨਾਲ਼-ਨਾਲ਼ ਧੀਆਂ-ਭੈਣਾਂ ਦੀ ਬੇ-ਪਤੀ ਵੀ ਕਰਦੇ ਸਨ। ਧੀਆਂ ਨੂੰ ਚੁੱਕ ਕੇ ਵੀ ਲੈ ਜਾਂਦੇ ਸਨ। ਧੀ ਰੂਪੀ ਕਰੂੰਬਲ ਵੱਡੀ ਹੁੰਦੇ ਹੀ, ਪਤਾ ਨਹੀਂ ਕਿਹੜੇ ਵੇਲੇ, ਕਿਸ ਨੇ ਕਿਥੇ ਅਤੇ ਕਦੋਂ ਮਸਲ ਦੇਣੀ ਹੁੰਦੀ ਸੀ? ਅਜਿਹੇ ਹਾਲਾਤ ਵਿਚ ਧੀ ਦੇ ਜਨਮ ਸਮੇਂ ਮਾਂ-ਬਾਪ ਦੇ ਮਨ ਵਿਚ ਦਹਿਸ਼ਤ ਹੋਣਾ ਸੁਭਾਵਿਕ ਸੀ।

ਦੂਜੇ, ਸਾਡਾ ਸਮਾਜ ਮਰਦ-ਪ੍ਰਧਾਨ ਰਿਹਾ ਹੈ। ਇਸ ਲਈ ਵੀ ਰੋਂਦੀਆਂ ਧੀਆਂ ਨੂੰ ਚੁੱਪ ਕਰਾਉਣ ਜਾਂ ਚੁੱਕ ਕੇ ਖਿਡਾਉਣ ਲਈ ਕੋਈ ਲੋਰੀ ਵੀ ਨਹੀਂ ਹੈ। ਲੋਕ ਧਾਰਾ ਵਿਗਿਆਨੀਆਂ ਦੇ ਮੱਤ ਅਨੁਸਾਰ, ਲੋਕ-ਕਾਵਿ ਦੇ ਵਧੇਰੇ ਭਾਗ ਦੀਆਂ ਸਿਰਜਣਹਾਰੀਆਂ ਔਰਤਾਂ ਹੀ ਹਨ। ਇਹੀ ਕਾਰਨ ਹੈ ਕਿ ਲੋਕ ਗੀਤਾਂ ਦੀਆਂ ਸਿਰਜਣਹਾਰੀਆਂ ਦਾ ਇਹ ਖ਼ਜ਼ਾਨਾ (ਲੋਰੀਆਂ) ਧੀਆਂ ਦੇ ਹਿੱਸੇ ਨਹੀਂ ਆਇਆ। ਲੋਕ ਗੀਤਾਂ ਅਤੇ ਬੋਲੀਆਂ ਵਿਚ ਧੀ ਨੂੰ ਜਨਮ ਵੇਲ਼ੇ ਹੀ ਕੋਸਿਆ ਜਾਂਦਾ ਸੀ। ਉਸ ਨੂੰ ਸੰਬੋਧਨ ਕਰਨ ਲਈ ਮਰ ਜਾਣੀ, ਕਾਲ ਖਾਧੀ, ਸਿਰਮੁੰਨੀ, ਬਲਾ ਆਦਿ ਸ਼ਬਦ ਅਕਸਰ ਹੀ ਵਰਤੇ ਜਾਂਦੇ ਸਨ। ਇਸ ਸ੍ਰਿਸ਼ਟੀ 'ਤੇ ਉਸ ਦੀ ਆਮਦ ਦਾ ਜ਼ਿਕਰ ਵਿਅੰਗ, ਫ਼ਿਕਰ ਜਾਂ ਖ਼ੌਫ਼ ਨਾਲ ਹੀ ਆਉਂਦਾ ਸੀ:

ਬੱਲੇ ਬੱਲੇ ਬਈ ਚਿੱਟੀ ਪੱਗ ਬੰਨ੍ਹ ਮੁੰਡਿਆ,
ਧੀ ਜੰਮ ਪਈ ਜਵਾਈ ਵਾਲ਼ਾ ਹੋ ਗਿਆ।

ਤੈਂ ਘਰ ਜੰਮ ਪਈ ਧੀ ਵੇ ਨਿਰੰਜਣਾ,
ਸੋਚੀਂ ਪੈ ਗਏ ਜੀਅ ਵੇ ਨਿਰੰਜਣਾ।
ਥੋੜ੍ਹਾ ਦਾਰੂ ਪੀ ਵੇ ਨਿਰੰਜਣਾ...
ਥੋੜ੍ਹਾ ਦਾਰੂ ਪੀ ਵੇ ਨਿਰੰਜਣਾ।

ਬੱਲੇ ਬੱਲੇ...
ਨੱਤੀਆਂ ਘੜਾਈਆਂ ਰਹਿ ਗਈਆਂ,
ਦਿਨ ਚੜ੍ਹਦੇ ਨੂੰ ਜੰਮ ਪਈ ਤਾਰੋ।

ਬੱਲੇ ਬੱਲੇ ਬਈ ਬਾਝ ਭਰਾਵਾਂ ਦੇ,
ਮਰ ਜਾਵੋ ਨੀ ਚੰਦਰੀਓ ਭੈਣੋਂ।

ਕਾਕਾ ਲੈ ਲੈਨੀ ਆਂ,
ਪਲ਼ੰਘ 'ਤੇ ਬਹਿ ਰਹਿੰਨੀ ਆਂ।
ਮੁੰਨੀ ਲੈ ਲੈਨੀਂ ਆਂ,
ਮੈਂ ਭੁੰਜੇ ਬਹਿ ਰਹਿੰਨੀ ਆਂ।
ਮੁੰਨੀ ਲੈ ਕੇ ਮੈਂ ਨਵਾਂ ਸੂਟ ਸਵਾਇਆ,
ਸ਼ਾਬਾਸ਼ੇ ਮੇਰੇ ਮਾਹੀਏ ਦੇ।
ਜਿਨ ਉਹ ਵੀ ਗਲੋਂ ਲਹਾਇਆ,
ਮੁੰਨੀ ਲੈ ਲੈਨੀਂ ਆਂ,
ਮੈਂ ਭੁੰਜੇ ਬਹਿ ਰਹਿੰਨੀ ਆਂ।

ਨੀ ਸੱਸੀਏ! ਨੀ ਸੱਸੀਏ!
ਮੇਰੇ ਵਿਹੜੇ ਹੌਲੀ-ਹੌਲੀ ਆ।
ਨੀ ਦਾਈਏ! ਨੀ ਦਾਈਏ!
ਨਿੰਮ੍ਹਾ-ਨਿੰਮ੍ਹਾ ਦੀਵਾ ਨੀ ਜਗਾ।
ਨੀ ਸੱਸੀਏ! ਨੀ ਸੱਸੀਏ!
ਜੰਮ ਪਈ ਕਾਣੀ ਨੀ ਬਲਾ।
ਵੇ ਦਿਓਰਾ! ਵੇ ਦਿਓਰਾ!
ਡੂੰਘਾ ਜਿਹਾ ਟੋਆ ਵੇ ਪੁਟਾ।
ਵੇ ਦਿਓਰਾ! ਵੇ ਦਿਓਰਾ!
ਦੱਬਿਆ ਕਾਣੀ ਵੇ ਬਲਾ।

ਬੱਲੇ ਬੱਲੇ ਬਈ ਮੋਢੇ ਕੀ ਲਾਵਾਂ,
ਮੇਰੀ ਕੁੜੀ ਨੂੰਗ ਲਈ ਕਾਵਾਂ।

ਬੱਲੇ ਬੱਲੇ ਬਈ ਘਰ ਘਰ ਪੁੱਤ ਜੰਮਦੇ,
ਤੇਰੀ ਚੰਦਰੀ ਨੀਅਤ ਨੂੰ ਕੁੜੀਆਂ।

ਅਜੇ ਵੀ ਧੀਆਂ ਲਈ ਲਿਖੀ ਲੋਰੀ ਵਿਚ ਚਿੰਤਾ ਦਾ ਪ੍ਰਗਟਾਵਾ, ਸਹਿਮ ਅਤੇ ਡਰ ਹੈ। ਪੰਜਾਬੀ ਦੇ ਪ੍ਰਸਿਧ ਸ਼ਾਇਰ ਗੁਰਭਜਨ ਗਿੱਲ ਦੀ ਭਰੂਣ ਹੱਤਿਆ ਬਾਰੇ 'ਲੋਰੀ' ਧੀਆਂ ਦੀ ਅਜੋਕੀ ਸਥਿਤੀ ਨੂੰ ਸਪਸ਼ਟ ਕਰ ਰਹੀ ਹੈ:

ਮਾਏਂ ਨੀ ਅਣਜੰਮੀ ਧੀ ਨੂੰ,
ਆਪਣੇ ਨਾਲੋਂ ਵਿਛੜੇ ਜੀਅ ਨੂੰ।
ਜਾਂਦੀ ਵਾਰੀ ਮਾਏਂ ਨੀ
ਇਕ ਲੋਰੀ ਦੇ ਦੇ...
ਬਾਬਲ ਤੋਂ ਭਾਵੇਂ ਚੋਰੀ ਨੀ
ਇਕ ਲੋਰੀ ਦੇ ਦੇ।

ਕਮਲਜੀਤ ਨੀਲੋਂ ਦੀ 'ਸੌਂ ਜਾ ਬੱਬੂਆ, ਮਾਣੋ ਬਿੱਲੀ ਆਈ ਆ' ਲੋਰੀ ਵੀ ਸਾਡੇ ਸਭਿਆਚਾਰ ਵਿਚ ਧੀਆਂ ਦੀ ਸਥਿਤੀ ਦੀ ਸੰਵੇਦਨਸ਼ੀਲ ਪੇਸ਼ਕਾਰੀ ਹੈ।

ਡਾ. ਪ੍ਰਿਤਪਾਲ ਸਿੰਘ ਮਹਿਰੋਕ ਨੇ ਆਪਣੇ ਇਕ ਲੇਖ ਵਿਚ ਲਿਖਿਆ ਹੈ ਕਿ ਔਰਤ ਮਨ ਨੇ ਧੀ ਪਿਆਰ ਪ੍ਰਤੀ ਪ੍ਰਗਟਾਵਾ ਕਰਨ ਲਈ ਵਿਰਲੀਆਂ-ਟਾਂਵੀਆਂ ਲੋਰੀਆਂ ਦੀ ਰਚਨਾ ਜ਼ਰੂਰ ਕੀਤੀ ਹੈ। ਉਨ੍ਹਾਂ ਦੇ ਉਸ ਲੇਖ ਵਿਚ ਧੀਆਂ ਲਈ ਸਿਰਫ਼ ਇਕ ਲੋਰੀ ਦਰਜ ਹੈ। ਇਸ ਲੋਰੀ ਵਿਚ ਇਕ ਮਾਂ ਦੀ ਧੀ ਖੂਹ ਤੋਂ ਪਾਣੀ ਲੈਣ ਜਾਂਦੀ ਹੈ, ਮੀਂਹ ਵਰ੍ਹਨ ਲੱਗਦਾ ਹੈ ਅਤੇ ਮਾਂ ਚਿੰਤਾ ਦਾ ਪ੍ਰਗਟਾਵਾ ਕਰਦੀ ਹੈ:

ਗੁੱਡੀ ਮੇਰੀ ਬੀਬੀ ਰਾਣੀ,
ਭਰ ਲਿਆਵੇ ਖੂਹੇ ਤੋਂ ਪਾਣੀ।
ਛਮ-ਛਮ ਬਰਸਿਆ ਮੀਂਹ,
ਡਿੱਗ ਪਈ ਮੇਰੀ ਰਾਣੀ ਧੀ।
ਸੌਂ ਜਾ ਮੇਰੀ ਧੀ ਧਿਆਣੀ।

ਇਕ ਹੋਰ ਬੋਲੀ ਵੀ ਮਿਲੀ ਹੈ:

ਬੱਲੇ ਬੱਲੇ...
ਬਈ ਕੀ ਲੱਪ ਰਿਓੜੀਆਂ ਦੀ,
ਮੇਰੀ ਰੋਂਦੀ ਨਾ ਵਰਾਈ ਕਰਤਾਰੋ।

ਬੱਲੇ ਬੱਲੇ ਬਈ ਨਾਲ਼ੇ ਮੁੰਡੇ ਰੰਨਾਂ ਭਾਲਦੇ,
ਨਾਲੇ ਕੁੜੀਆਂ ਜੰਮਣ ਤੋਂ ਡਰਦੇ।

ਸਮਾਜ ਦੀ ਇਸ ਦੋਗਲੀ ਨੀਤੀ ਅਤੇ ਭਰੂਣ ਹੱਤਿਆ ਦੀ ਨਿਖੇਧੀ ਸ਼ਾਇਰ ਹਰਜਿੰਦਰ ਕੰਗ ਨੇ ਨਿਮਨਲਿਖਤ ਟੱਪੇ ਦੇ ਰੂਪ ਵਿਚ ਪੇਸ਼ ਕੀਤੀ ਹੈ:

ਫ਼ੁੱਲ ਨਦੀਆਂ 'ਚ ਤਾਰਦੇ ਓ,
ਮਾਵਾਂ ਨੂੰ ਤਾਂ ਰੱਬ ਮੰਨਦੇ,
ਧੀਆਂ ਕੁੱਖਾਂ ਵਿਚ ਮਾਰਦੇ ਓ।

ਇਸ ਨੂੰ ਸੋਚ ਵਿਚ ਆ ਰਹੀ ਤਬਦੀਲੀ ਕਹਿ ਸਕਦੇ ਹਾਂ। ਆਸ ਹੈ, ਭਵਿੱਖ 'ਚ ਧੀਆਂ ਲਈ ਬਿਨਾ ਕਿਸੇ ਚਿੰਤਾ ਤੇ ਭੈਅ ਦੇ ਲੋਰੀਆਂ ਜ਼ਰੂਰ ਲਿਖੀਆਂ ਜਾਣਗੀਆਂ।

# ਪੰਜਾਬੀ ਲੋਕ ਕਾਵਿ ਪਰੰਪਰਾ:ਲੋਕ ਦੋਹੇ

ਲੋਕ ਸਭਿਆਚਾਰ

ਸੁਖਦੇਵ ਮਾਦਪੁਰੀ
ਫੋਨ: 91-94630-34472

ਦੋਹਾ ਕਾਵਿਕ ਦ੍ਰਿਸ਼ਟੀ ਤੋਂ ਛੋਟੇ ਆਕਾਰ ਦਾ ਸੁਤੰਤਰ ਤੇ ਮੁਕੰਮਲ ਕਾਵਿ ਰੂਪ ਹੈ। ਪੰਜਾਬ ਦੇ ਲੋਕ ਮਾਨਸ ਨੇ ਆਪਣੇ ਮਨੋਭਾਵਾਂ ਦੇ ਪ੍ਰਗਟਾਵੇ ਲਈ ਇਸ ਕਾਵਿ ਰੂਪ ਨੂੰ ਬੜੀ ਸ਼ਿੱਦਤ ਨਾਲ ਗਾਇਆ ਹੈ। ਲੋਕ ਦੋਹੇ ਅਤੇ ਲੋਕ ਦੋਹੜੇ ਦੇ ਰੂਪ ਵਿਚ ਇਹ ਪੰਜਾਬ ਦੇ ਕਣ-ਕਣ ਵਿਚ ਰਮਿਆ ਹੋਇਆ ਹੈ। ਦੋਹਿਆਂ ਦੇ ਰਚਣਹਾਰਿਆਂ ਦੇ ਨਾਂਵਾਂ-ਥਾਂਵਾਂ ਦਾ ਕੋਈ ਅਤਾ ਪਤਾ ਨਹੀਂ। ਲੋਕ ਸਾਹਿਤ ਦੇ ਹੋਰਨਾਂ ਰੂਪਾਂ ਵਾਂਗ ਇਹ ਵੀ ਜਨ ਸਮੂਹ ਦੀ ਦੇਣ ਹਨ। ਇਨ੍ਹਾਂ ਵਿਚ ਪੰਜਾਬੀਆਂ ਦੇ ਮਨੋਭਾਵਾਂ, ਉਦਗਾਰਾਂ, ਖ਼ੁਸ਼ੀਆਂ-ਗਮੀਆਂ, ਵਿਛੋੜੇ ਦੇ ਸੱਲਾਂ ਅਤੇ ਵੈਰਾਗ ਦੀਆਂ ਕੂਲ੍ਹਾਂ ਵਹਿੰਦੀਆਂ ਹਨ। ਇਹ ਮੁਹੱਬਤਾਂ ਦੇ ਗੀਤ ਹਨ, ਇਸ਼ਕ ਮਿਜ਼ਾਜੀ ਦੀ ਬਾਤ ਪਾਉਂਦੇ ਹਨ, ਸਦਾਚਾਰ ਦੀ ਗੁੜ੍ਹਤੀ ਦਿੰਦੇ ਹਨ ਅਤੇ ਇਨ੍ਹਾਂ ਵਿਚ ਪੰਜਾਬ ਦੀ ਲੋਕ ਚੇਤਨਾ ਵਿਦਮਾਨ ਹੈ। ਇਨ੍ਹਾਂ ਵਿਚ ਪੰਜਾਬੀਆਂ ਦੇ ਸੁਹਜਾਤਮਕ ਬੋਧ ਦੇ ਝਲਕਾਰੇ ਨਜ਼ਰੀਂ ਪੈਂਦੇ ਹਨ। ਅਸਲ ਵਿਚ ਲੋਕ ਦੋਹੇ ਪੰਜਾਬੀ ਲੋਕ ਸਾਹਿਤ ਦੇ ਮਾਣਕ ਮੋਤੀ ਹਨ ਜਿਨ੍ਹਾਂ ਵਿਚ ਪੰਜਾਬ ਦੀ ਸਦਾਚਾਰਕ, ਦਾਰਸ਼ਨਿਕ ਅਤੇ ਰੁਮਾਂਚਿਕ ਜ਼ਿੰਦਗੀ ਧੜਕਦੀ ਹੈ। ਇਹ ਤਾਂ ਪੰਜਾਬ ਦੇ ਸਾਦ-ਮੁਰਾਦੇ 'ਗੁਣੀਆਂ' ਦੀ ਬਹੁਮੁੱਲੀ ਤੇ ਬਹੁਭਾਂਤੀ ਦੇਣ ਹਨ ਜਿਨ੍ਹਾਂ ਵਿਚ ਪੰਜਾਬ ਦੀ ਆਤਮਾ ਦੇ ਖੁੱਲ੍ਹੇ ਦੀਦਾਰੇ ਹੁੰਦੇ ਹਨ।

ਦੋਹਾ ਲੰਬੀ ਹੇਕ ਅਤੇ ਠਰੰਮੇ ਨਾਲ ਗਾਉਣ ਵਾਲਾ ਕਾਵਿ ਰੂਪ ਹੈ। ਇਸ ਨੂੰ ਗਾਉਣ ਦਾ ਅਤੇ ਸੁਣਨ ਦਾ ਅਨੂਠਾ ਤੇ ਅਗੰਮੀ ਸੁਆਦ ਹੈ। ਆਮ ਤੌਰ 'ਤੇ ਟਿਕੀ ਹੋਈ ਰਾਤ ਵਿਚ ਦੋਹੇ ਗਾਏ ਜਾਂਦੇ ਹਨ। ਪੰਜਾਬ ਦੇ ਪਿੰਡਾਂ ਵਿਚ ਇਹ ਆਮ ਗਾਏ ਜਾਂਦੇ ਸਨ। ਤੜਕਸਾਰ ਔਰਤਾਂ ਨੇ ਚੱਕੀਆਂ ਝੋ ਦੇਣੀਆਂ, ਕੋਈ ਦੁਧ ਰਿੜਕਦੀ, ਮਰਦ ਤਾਰਿਆਂ ਦੀ ਛਾਵੇਂ ਹਲ ਜੋੜ ਕੇ ਤੁਰ ਜਾਂਦੇ, ਕਿਧਰੇ ਹਲਟ ਚਲਦੇ। ਬਲਦਾਂ ਅਤੇ ਬੋਤਿਆਂ ਦੇ ਘੁੰਗਰੂਆਂ, ਟੱਲੀਆਂ ਅਤੇ ਹਲਟ ਦੇ ਕੁੱਤੇ ਦੀ ਟਕ-ਟਕ ਨਾਲ ਤਾਲ ਦਿੰਦੇ ਹਾਲੀ ਅਤੇ ਨਾਕੀ ਵਜਦ ਵਿਚ ਆ ਕੇ ਦੋਹੇ ਲਾਉਣ ਲੱਗ ਜਾਂਦੇ। ਟਿਕੀ ਹੋਈ ਰਾਤ 'ਚ ਦੋਹਿਆਂ ਦੇ ਦਰਦੀਲੇ ਬੋਲਾਂ ਨਾਲ ਵਿਸਮਾਦ ਦਾ ਸਮਾਂ ਬੰਨ੍ਹਿਆ ਜਾਣਾ। ਦੂਰੋਂ ਕਿਸੇ ਹੋਰ ਨਾਕੀ ਨੇ ਦੋਹਾ ਸੁਣ ਕੇ ਦੋਹੇ ਦਾ ਉੱਤਰ ਦੋਹੇ ਵਿਚ ਮੋੜਨਾ। ਸ਼ਾਂਤ ਵਾਤਾਵਰਣ ਵਿਚ ਬ੍ਰਿਹਾ ਦੀਆਂ ਕੂਲ੍ਹਾਂ ਵਹਿ ਟੁਰਨੀਆਂ। ਕਿਸੇ ਬ੍ਰਿਹਾ ਕੁੱਠੇ ਦੇ ਬੋਲ ਹਵਾਵਾਂ ਵਿਚ ਘੁਲ ਜਾਣੇ:

ਕੱਲਰ ਦੀਵਾ ਮੱਚਦਾ ਬਿਨ ਬੱਤੀ ਬਿਨ ਤੇਲ।
ਨਹੀਂ ਰੱਬਾ ਚੱਕ ਲੈ ਨਹੀਂ ਕਰਾ ਦੇ ਮੇਲ।

ਕਿਸੇ ਨੇ ਸੁਪਨੇ ਵਿਚ ਮਿਲੇ ਦਿਲਜਾਨੀ ਦੀ ਬਾਤ ਪਾਉਣੀ ਤੇ ਸੁਪਨੇ ਨੂੰ ਸੁਲਤਾਨ ਦੀ ਉਪਾਧੀ ਦਿੰਦਿਆਂ ਦੋਹਾ ਲਾਉਣਾ:

ਸੁਪਨਿਆਂ ਤੂੰ ਸੁਲਤਾਨ ਹੈਂ
ਉਤਮ ਤੇਰੀ ਜਾਤ।
ਸੈ ਵਰਸਾਂ ਦੇ ਵਿਛੜੇ ਆਣ ਮਲਾਵੇ ਰਾਤ।

ਅੱਗੋਂ ਕਿਸੇ ਜੋਗੀ ਦਾ ਭੇਸ ਧਾਰ ਕੇ ਮਿਲਣ ਆਏ ਆਪਣੇ ਦਿਲ ਦੇ ਮਹਿਰਮ ਨੂੰ ਯਾਦ ਕਰਨਾ:

ਉਚਾ ਬੁਰਜ ਲਾਹੌਰ ਦਾ ਖੜੀ ਸੁਕਾਵਾਂ ਕੇਸ।
ਯਾਰ ਦਖਾਈ ਦੇ ਗਿਆ ਕਰਕੇ ਭਗਵਾਂ ਭੇਸ।

ਇਸ਼ਕ ਕਮਾਉਣਾ ਤੇ ਨਿਭਾਉਣਾ ਹਾਰੀ-ਸਾਰੀ ਦੇ ਵਸ ਦਾ ਰੋਗ ਨਹੀਂ। ਇਸ਼ਕ ਦੀ ਖੇਡ ਵਿਚ ਸਿਰ-ਧੜ ਦੀ ਬਾਜ਼ੀ ਲਾਉਣੀ ਪੈਂਦੀ ਹੈ। ਦਿਲ ਗੁਰਦੇ ਵਾਲੇ ਹੀ ਇਸ ਦਾ ਮੁਲ ਪਾਉਂਦੇ ਹਨ, ਕਾਇਰ ਤੇ ਕਮੀਨੇ ਲੋਕਾਂ ਨੇ ਭਲਾ ਇਸ਼ਕ ਮੁਸ਼ਕ ਦੀ ਸਾਰ ਕਿਥੋਂ ਲੈਣੀ ਹੋਈ:

ਇਸ਼ਕ ਨਗੀਨਾ ਸੋਈ ਸਮਝਣ
ਜੋ ਹੋਵਣ ਆਪ ਨਗੀਨੇ।
ਇਸ਼ਕ-ਮੁਸ਼ਕ ਦੀ ਸਾਰ ਕੀ ਜਾਣਨ
ਕਾਇਰ ਲੋਕ ਕਮੀਨੇ।

ਦੋਹੇ ਕੇਵਲ ਮਨੋਰੰਜਨ ਹੀ ਨਹੀਂ ਸਨ ਕਰਦੇ ਬਲਕਿ ਇਨ੍ਹਾਂ ਰਾਹੀਂ ਸਚਿਆਰਾ ਜੀਵਨ ਜੀਣ ਅਤੇ ਸਦਾਚਾਰਕ ਕਦਰਾਂ ਕੀਮਤਾਂ ਨੂੰ ਅਪਨਾਉਣ ਦੀ ਜਾਚ ਵੀ ਦੱਸੀ ਜਾਂਦੀ। ਸੁਖੀ ਪਰਿਵਾਰਕ ਜੀਵਨ ਲਈ ਮਰਦ ਨੂੰ ਪਰਾਈ ਔਰਤ ਤੋਂ ਕੁਝ ਫਾਸਲਾ ਰੱਖਣ ਦੀ ਮੱਤ ਦਿੱਤੀ ਗਈ ਹੈ:

ਉਚਾ ਮਹਿਲ ਬਰੋਬਰ ਮੋਰੀ
ਦੀਵਾ ਕਿਸ ਬਿਧ ਧਰੀਏ।
ਨਾਰ ਬਗਾਨੀ ਆਦਰ ਥੋੜ੍ਹਾ
ਗਲ ਲਗ ਕੇ ਨਾ ਮਰੀਏ।

ਮਨੁੱਖ ਨੂੰ ਆਪਣੀ ਹਉਮੈ ਮਾਰਨ ਅਤੇ ਕੁਦਰਤ ਨੂੰ ਮਾਣਨ ਲਈ ਆਖਿਆ ਗਿਆ ਹੈ:

ਮੈਂ ਮੇਰੀ ਨੂੰ ਮਾਰ ਕੇ ਨਿੱਕੀ ਕਰਕੇ ਕੁੱਟ।
ਭਰੇ ਖਜ਼ਾਨੇ ਨੂਰ ਦੇ ਲਾੜਾ ਬਣ ਬਣ ਲੁੱਟ।

ਆਧੁਨਿਕ ਮਨੁੱਖ ਮਾਤਰ ਨੂੰ ਮਿੱਟੀ ਦੇ ਦੀਵੇ ਦਾ ਪ੍ਰਤੀਕ ਵਰਤ ਕੇ ਉਸ ਨੂੰ ਆਪਣੀ ਹੋਣੀ ਦਾ ਅਹਿਸਾਸ ਵੀ ਕਰਵਾਇਆ ਗਿਆ ਹੈ:

ਸੁਣ ਮਿੱਟੀ ਦਿਆ ਦੀਵਿਆ
ਕੈਸੀ ਤੇਰੀ ਲੋਅ।
ਇੱਕ ਦਿਨ ਦੇਵੇਂ ਰੌਸ਼ਨੀ
ਇਕ ਦਿਨ ਜਾਣਾ ਗੁੱਲ ਹੋ।

ਅਨੇਕਾਂ ਦੋਹਿਆਂ ਰਾਹੀਂ ਅਜੋਕੇ ਮਨੁੱਖ ਨੂੰ ਜੀਵਨ ਦੀਆਂ ਅਟੱਲ ਸੱਚਾਈਆਂ ਤੋਂ ਜਾਣੂ ਕਰਵਾਉਣ ਦਾ ਯਤਨ ਕੀਤਾ ਗਿਆ ਹੈ:

ਅਕਲ ਬਿਨ ਰੂਪ ਖਰਾਬ ਹੈ ਜਿਉਂ ਗੇਂਦੇ ਦੇ ਫੂੱਲ।
ਬਾਲ ਚਲੀ ਝੜ ਜਾਣਗੇ ਕਿਨੇ ਨੀ ਲੈਣੇ ਮੁੱਲ।

---

ਕੜਕ ਨਾ ਜਾਂਦੀ ਕੁੱਪਿਓਂ ਰਹਿੰਦੇ ਤੇਲ ਭਰੇ।
ਕਿੱਕਰ ਜੰਡ ਕਰੀਰ ਨੂੰ ਪਿਓਂਦ ਕੌਣ ਕਰੇ।
ਬੁਰਾ ਗਰੀਬ ਦਾ ਮਾਰਨਾ ਬੁਰੀ ਗਰੀਬੀ ਦੀ ਹਾਅ,
ਗਲੇ ਬੱਕਰੇ ਦੀ ਖਲ ਨਾ ਲੋਹਾ ਭਸਮ ਹੋ ਜਾ।

ਥਾਂ ਥਾਂ ਉਸਰੇ ਸੰਤਾਂ-ਬਾਬਿਆਂ ਦੇ ਗਿਆਨ ਵੰਡਦੇ ਅਖੌਤੀ ਡੇਰਿਆਂ 'ਤੇ ਵਿਅੰਗ ਕਸਦਾ ਹੈ ਇਹ ਦੋਹਾ:

ਮੁੱਲਾਂ ਮਿਸਰ ਮਸ਼ਾਲਚੀ ਤਿੰਨੇ ਇੱਕ ਸਮਾਨ।
ਹੋਰਨਾਂ ਨੂੰ ਚਾਨਣ ਕਰਨ ਆਪ ਹਨੇਰੇ ਜਾਣ।

ਅਜੋਕਾ ਮਨੁੱਖ ਐਨੀਆਂ ਸੁਖ ਸਹੂਲਤਾਂ ਹੋਣ 'ਤੇ ਵੀ ਮਾਨਸਿਕ ਭਟਕਣਾ ਦਾ ਸ਼ਿਕਾਰ ਹੈ। ਕਿਧਰੇ ਸਬਰ ਸੰਤੋਖ ਨਹੀਂ। ਪੈਸਾ, ਧਨ ਦੌਲਤ ਅਤੇ ਸ਼ੁਹਰਤ ਦੀ ਹੋੜ ਲੱਗੀ ਹੋਈ ਹੈ, ਪਰੰਤੂ ਪੰਜਾਬ ਦਾ ਸਾਧਾਰਨ ਦੋਹਾਕਾਰ ਉਸ ਨੂੰ ਪੰਛੀਆਂ ਅਤੇ ਦਰਵੇਸ਼ਾਂ ਵਰਗਾ ਜੀਵਨ ਜੀਣ ਦਾ ਸੁਝਾਅ ਦਿੰਦਾ ਹੈ:

ਪੱਲੇ ਰਿਜ਼ਕ ਨਾ ਬੰਨ੍ਹਦੇ ਪੰਛੀ ਤੇ ਦਰਵੇਸ।
ਜਿਨ੍ਹਾਂ ਤਕਵਾ ਰੱਬ ਦਾ ਤਿਨ੍ਹਾਂ ਰਿਜ਼ਕ ਹਮੇਸ਼।

ਫਕੀਰੀ ਵਾਲੀ ਜ਼ਿੰਦਗੀ ਜੀਣੀ ਕਿਹੜਾ ਸੌਖੀ ਹੈ। ਕੋਈ ਸੂਰਮਾ ਹੀ ਇਸ ਰਾਹ ਤੁਰ ਸਕਦਾ ਹੈ:

ਔਖੀ ਰਮਜ਼ ਫਕੀਰੀ ਵਾਲੀ
ਚੜ੍ਹ ਸੂਲੀ 'ਤੇ ਬਹਿਣਾ।
ਦਰ ਦਰ 'ਤੇ ਟੁਕੜੇ ਮੰਗਣੇ
ਮਾਈਏ ਭੈਣੇ ਕਹਿਣਾ।




ਮਸ਼ੀਨੀ ਸਭਿਅਤਾ ਦੇ ਵਿਕਾਸ ਕਾਰਨ ਖੇਤੀ ਦੇ ਰੰਗ-ਢੰਗ ਬਦਲ ਗਏ ਹਨ। ਨਾ ਖੂਹ ਰਹੇ ਹਨ ਨਾ ਬਲਦਾਂ ਦੀਆਂ ਟੱਲੀਆਂ, ਨਾ ਦੋਹ ਲਾਉਣ ਦੀ ਪਰੰਪਰਾ। ਹੁਣ ਖੇਤਾਂ ਵਿਚ ਟਰੈਕਟਰ ਧੁਕ-ਧੁਕ ਕਰ ਰਹੇ ਹਨ ਤੇ ਖੂਹਾਂ ਦੀ ਥਾਂ ਟਿਊਬਵੈਲਾਂ ਨੇ ਮੱਲ ਲਈ ਹੈ। ਹੁਣ ਕੋਈ ਕਿਸਾਨ ਰਾਤਾਂ ਨੂੰ ਖੇਤਾਂ 'ਚ ਕੰਮ ਨਹੀਂ ਕਰਦਾ, ਨਾ ਹੀ ਦੋਹੇ ਲਾਉਂਦਾ ਹੈ। ਪੰਜਾਬ ਦੇ ਪੇਂਡੂ ਜੀਵਨ ਵਿਚੋਂ ਦੋਹੇ ਲਾਉਣ ਦੀ ਪਰੰਪਰਾ ਦੇ ਖਤਮ ਹੋਣ ਕਾਰਨ ਇਸ ਦੀ ਸਿਰਜਣ ਪ੍ਰਕਿਰਿਆ ਵੀ ਖਤਮ ਹੋ ਗਈ ਹੈ ਪਰ ਅਜੇ ਵੀ ਪੰਜਾਬ ਦੇ ਪਿੰਡਾਂ ਵਿਚ ਸੈਂਕੜੇ ਅਜਿਹੇ ਹਾਲੀ-ਪਾਲੀ ਮੌਜੂਦ ਹਨ ਜਿਨ੍ਹਾਂ ਨੇ ਸੈਂਕੜਿਆਂ ਦੀ ਗਿਣਤੀ ਵਿਚ ਦੋਹੇ ਆਪਣੀ ਹਿੱਕੜੀ ਵਿਚ ਸਾਂਭੇ ਹੋਏ ਹਨ। ਜੇ ਸਮੇਂ ਸਿਰ ਇਹ ਸਾਂਭੇ ਨਾ ਗਏ ਤਾਂ ਇਹ ਵੀ ਬੀਤੇ ਦੀ ਧੂੜ ਵਿਚ ਗੁਆਚ ਜਾਣਗੇ। ਇਹ ਬੇਸ਼ਕੀਮਤੀ ਹੀਰੇ ਸਾਂਭਣ ਦੀ ਬਹੁੱਦ ਲੋੜ ਹੈ ਜੋ ਸਾਡੀ ਕੀਮਤੀ ਵਿਰਾਸਤ ਹੈ।

#

**ਕੌਮੀ ਸੁਰੱਖਿਆ ਤੇ ਮੋਦੀ ਸਰਕਾਰ-2**

# ਫ਼ੌਜੀ ਸਾਜ਼ੋ-ਸਮਾਨ ਬਨਾਮ ਪ੍ਰਾਈਵੇਟ ਖੇਤਰ

*ਸਿਰਕੱਢ ਚਿੰਤਕ ਅਤੇ ਜਮਹੂਰੀ ਹੱਕਾਂ ਦੇ ਕਾਰਕੁਨ ਗੌਤਮ ਨਵਲੱਖਾ ਨੇ ਮੋਦੀ ਸਰਕਾਰ ਵੱਲੋਂ ਕੌਮੀ ਸੁਰੱਖਿਆ ਦੇ ਨਾਂ ਉਤੇ ਅਪਣਾਏ ਜਾ ਰਹੇ ਸਖਤ ਰੁਖ ਦੀ ਚੀਰਫਾੜ ਕਰਦਿਆਂ ਜਿਥੇ ਇਸ ਦਾ ਕੌਮੀ ਹਿਤਾਂ ਵਾਲਾ ਢੌਂਗ ਨੰਗਾ ਕੀਤਾ ਹੈ, ਉਥੇ ਇਸ ਨੀਤੀ ਦੀਆਂ ਸੰਭਾਵਨਾਵਾਂ ਬਾਰੇ ਵੀ ਚਰਚਾ ਕੀਤੀ ਹੈ। ਅੰਗਰੇਜ਼ੀ ਦੇ ਮਸ਼ਹੂਰ ਹਫਤਾਵਾਰੀ ਪਰਚੇ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਵਿਚ ਉਨ੍ਹਾਂ ਇਸ ਮੁੱਦੇ 'ਤੇ ਲੰਮਾ ਲੇਖ ਲਿਖਿਆ ਹੈ ਜਿਸ ਵਿਚ ਉਨ੍ਹਾਂ ਵੱਖ ਵੱਖ ਤੱਥਾਂ ਬਾਰੇ ਤਫਸੀਲ ਨਾਲ ਵੇਰਵੇ ਦਿਤੇ ਹਨ। ਲੇਖ ਦਾ ਦੂਜਾ ਅਤੇ ਆਖਰੀ ਹਿਸਾ ਐਤਕੀਂ ਛਾਪਿਆ ਜਾ ਰਿਹਾ ਹੈ। ਇਸ ਲੇਖ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

ਰੱਖਿਆ ਮੰਤਰੀ (ਮਨੋਹਰ ਪਰੀਕਰ) ਦੀਆਂ ਟਿੱਪਣੀਆਂ ਤੋਂ ਜ਼ਾਹਿਰ ਹੈ ਕਿ ਹਿੰਦੁਸਤਾਨ ਦੇ ਪ੍ਰਾਈਵੇਟ ਖੇਤਰ ਨੂੰ ਵਿਦੇਸ਼ੀ ਸਾਜ਼ੋ-ਸਮਾਨ ਨਿਰਮਾਤਾਵਾਂ ਤੋਂ ਘੱਟ ਅਹਿਮ ਸਮਝਿਆ ਜਾ ਰਿਹਾ ਹੈ। ਕੀ ਵਿਦੇਸ਼ੀ ਸਾਜ਼ੋ-ਸਮਾਨ ਨਿਰਮਾਤਾ ਹਿੰਦੁਸਤਾਨ ਨੂੰ ਫ਼ੌਜੀ ਸਾਜ਼ੋ-ਸਮਾਨ ਦਾ ਬਰਾਮਦ ਧੁਰਾ ਬਣਾਉਣਾ ਚਾਹੁੰਦੇ ਹਨ, ਜਾਂ ਆਪਣੀਆਂ ਸਮੁੱਚੀਆਂ ਸਰਗਰਮੀਆਂ ਦੇ ਲਾਗਤ ਖ਼ਰਚੇ ਘਟਾਉਣ ਲਈ ਵਧੇਰੇ ਸਸਤੀਆਂ ਦਰਾਂ 'ਤੇ ਪੁਰਜ਼ੇ ਬਣਾਉਣ ਦੇ ਵਸੀਲੇ ਦੇ ਤੌਰ 'ਤੇ ਇਸਤੇਮਾਲ ਕਰਨਾ ਚਾਹੁੰਦੇ ਹਨ, ਜਿਵੇਂ ਬਹੁਕੌਮੀ ਕਾਰਪੋਰੇਸ਼ਨਾਂ ਵਲੋਂ ਕੀਤਾ ਜਾਂਦਾ ਹੈ? ਕੀ 'ਮੇਕ ਇਨ ਇੰਡੀਆ' ਦਰਅਸਲ ਹਿੰਦੁਸਤਾਨ ਨੂੰ ਵਿਦੇਸ਼ੀ ਸਾਜ਼ੋ-ਸਮਾਨ ਨਿਰਮਾਤਾਵਾਂ ਦੇ ਛੋਟੇ ਹਿਸੇਦਾਰ ਵਿਚ ਬਦਲ ਦੇਵੇਗਾ? ਕੀ ਫ਼ੌਜੀ ਤਕਨਾਲੋਜੀ ਹਾਸਲ ਕਰਨ ਲਈ ਇਹ ਅਮਰੀਕਾ ਦੀ ਅਗਵਾਈ ਵਾਲੇ ਨਾਟੋ ਦਾ ਫ਼ੌਜੀ ਜੋਟੀਦਾਰ ਬਣਨਾ ਜ਼ਰੂਰੀ ਬਣਾ ਦੇਵੇਗਾ? ਪ੍ਰਾਈਵੇਟ ਖੇਤਰ ਦੇ ਹਮਾਇਤੀਆਂ ਦੀ ਆਮ ਦਲੀਲ ਹੈ ਕਿ ਸਰਕਾਰੀ ਖੇਤਰ ਨੇ



**ਗੌਤਮ ਨਵਲੱਖਾ**
**ਤਰਜਮਾ: ਬੂਟਾ ਸਿੰਘ**

ਦਿਖਾ ਦਿਤਾ ਹੈ ਕਿ ਇਹ ਮੁਲਕ ਦੀਆਂ ਫ਼ੌਜੀ ਜ਼ਰੂਰਤਾਂ ਪੂਰੀਆਂ ਕਰਨ ਤੋਂ ਅਸਮਰੱਥ ਹੈ; ਪਰ ਰੱਖਿਆ ਨਾਲ ਸਬੰਧਤ ਸਰਕਾਰੀ ਖੇਤਰ ਦੇ ਅਦਾਰਿਆਂ ਦੀਆਂ ਕਮੀਆਂ ਇਸ ਤੱਥ ਨੂੰ ਨਹੀਂ ਲੁਕਾਉਂਦੀਆਂ ਹਨ ਕਿ ਪ੍ਰਾਈਵੇਟ ਖੇਤਰ ਕਿਤੇ ਵਧੇਰੇ ਨੁਕਸਾਨਦੇਹ ਤਰੀਕੇ ਨਾਲ ਫ਼ਜ਼ੂਲਖ਼ਰਚੀ ਵਾਲਾ ਹੈ, ਕਿਉਂਕਿ ਇਸ ਦਾ ਮਾਰਗ ਦਰਸ਼ਨ ਮੁਨਾਫ਼ੇ ਦਾ ਮਨੋਰਥ ਕਰਦਾ ਹੈ। ਇਸ ਦੇ ਉਲਟ, ਰੱਖਿਆ ਮੰਤਰੀ ਨੇ ਪਿਛੇ ਜਿਹੇ ਸਾਨੂੰ ਚੇਤੇ ਕਰਵਾਇਆ ਕਿ ਇਕੱਲੇ ਰੱਖਿਆ ਨਾਲ ਸਬੰਧਤ ਸਰਕਾਰੀ ਖੇਤਰ ਦੇ ਅਦਾਰੇ ਹੀ 'ਬੇਕਾਰ ਬੁਨਿਆਦੀ ਢਾਂਚਾ' ਅਤੇ ਹੁਨਰਮੰਦ ਕੰਮ-ਸ਼ਕਤੀ ਬਰਕਰਾਰ ਰੱਖ ਸਕਦੇ ਹਨ, ਜੇ ਕੋਈ ਸੌਦੇ ਨਹੀਂ ਹੁੰਦੇ। ਦੂਜੇ ਲਫ਼ਜ਼ਾਂ ਵਿਚ, ਕੀ ਸਰਕਾਰ 'ਫਜ਼ੂਲ ਸਮਰੱਥਾ' ਲਈ ਸਾਜ਼ੋ-ਸਮਾਨ ਨਿਰਮਾਤਾਵਾਂ ਦੀ ਘਾਟਾ ਪੂਰਤੀ ਕਰੇਗੀ? ਇਸ ਤੋਂ ਬਿਨਾ, ਇਥੇ ਉਹ ਸਰਕਾਰੀ ਖੇਤਰ ਦੇ ਅਦਾਰੇ ਹਨ ਜਿਨ੍ਹਾਂ ਦੀ ਕਾਰਗੁਜ਼ਾਰੀ ਵਧੀਆ ਹੈ, ਜਿਵੇਂ ਪੁਲਾੜ ਅਤੇ ਜਹਾਜ਼ ਨਿਰਮਾਣ ਦੇ ਖੇਤਰ; ਜਦਕਿ, ਰੱਖਿਆ ਨਾਲ ਸਬੰਧਤ ਸਰਕਾਰੀ ਖੇਤਰ ਦੇ ਅਦਾਰਿਆਂ ਵਿਚ ਅਫ਼ਸਰ ਕਾਡਰਾਂ ਦੀ ਭਰਮਾਰ ਅਤੇ ਘਟ ਰਹੀ ਕੰਮ-ਸ਼ਕਤੀ ਇਨ੍ਹਾਂ ਦੀ ਵਿੱਤੀ ਜਾਂ ਕੰਮਕਾਜੀ ਸਿਹਤ ਵਿਚ ਸੁਧਾਰ ਲਿਆਉਣ ਦਾ ਚੰਗਾ ਤਰੀਕਾ ਨਹੀਂ ਹੋ ਸਕਦੀ। ਫ਼ੌਜ ਐਸਾ ਖੇਤਰ ਹੈ ਜਿਥੇ ਖ਼ਰੀਦਦਾਰ ਤਾਂ ਇਕ ਹੁੰਦਾ ਹੈ, ਪਰ ਸਪਲਾਈ ਕਰਨ ਵਾਲੇ ਕਈ ਹੁੰਦੇ ਹਨ; ਜਦਕਿ ਪ੍ਰਾਈਵੇਟ ਸਪਲਾਇਰ ਵੱਧ ਤੋਂ ਵੱਧ ਫੰਡ ਹਥਿਆਉਣ ਲਈ ਬੇਤਾਬ ਹੁੰਦੇ ਹਨ।

ਫ਼ੌਜੀ ਮਾਮਲਿਆਂ ਵਿਚ ਸਰਕਾਰੀ-ਪ੍ਰਾਈਵੇਟ ਭਾਈਵਾਲੀ ਬਾਰੇ ਚੌਕਸ ਹੋਣ ਦੇ ਹੋਰ ਵੀ ਕਾਰਨ ਹਨ। ਰਿਪੋਰਟ ਹੈ ਕਿ ਪਿਛਲੇ ਸਾਲ ਅਨਿਲ ਅੰਬਾਨੀ ਕਹਿ ਰਿਹਾ ਸੀ 'ਤਿੰਨ ਸੀ' (ਕੇਂਦਰੀ ਜਾਂਚ ਬਿਊਰੋ-ਸੀ.ਬੀ.ਆਈ., ਕੇਂਦਰੀ ਚੌਕਸੀ ਵਿਭਾਗ-ਸੀ.ਵੀ.ਸੀ. ਤੇ ਕੰਪਟੋਲਰ ਐਂਡ ਆਡੀਟਰ ਜਨਰਲ-ਕੈਗ) ਦੇ 'ਲੰਮੇ ਪਰਛਾਵੇਂ" ਦੀ ਥਾਂ ਦੋ ਨਵੇਂ ਸੀ 'ਕੱਰੇਜ ਐਂਡ ਕਨਵਿਕਸ਼ਨ' (ਦਲੇਰੀ ਤੇ ਨਿਹਚਾ) ਨੂੰ ਲੈਣੀ ਚਾਹੀਦੀ ਹੈ ਅਤੇ ਨਾਲ ਹੀ ਕਿਹਾ, "ਹਥਿਆਰਬੰਦ ਬਲਾਂ ਦੇ ਆਧੁਨਿਕੀਕਰਨ ਨੂੰ ਫ਼ੈਸਲੇ ਨਾ ਲੈਣ ਅਤੇ ਦੇਰੀ ਦੀ ਬੰਧਕ ਨਹੀਂ ਬਣਾਇਆ ਜਾ ਸਕਦਾ"। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਪ੍ਰਾਈਵੇਟ ਖੇਤਰ ਕਿਸੇ ਰੈਗੂਲੇਟਰੀ ਵਿਵਸਥਾ ਦੇ ਮਾਤਹਿਤ ਰੱਖੇ ਜਾਣ ਤੋਂ ਟਾਲਾ ਵੱਟਦਾ ਹੈ, ਜਦਕਿ ਸਰਕਾਰੀ ਖੇਤਰ ਦੇ ਅਦਾਰੇ ਦੇ ਖਾਤਿਆਂ ਦੀ ਜਾਂਚ ਕੈਗ ਵਲੋਂ ਕੀਤੀ ਜਾਂਦੀ ਹੈ ਅਤੇ ਇਹ ਪਾਰਲੀਮੈਂਟਰੀ ਜਾਂਚ ਦੇ ਮਾਤਹਿਤ ਹੁੰਦਾ ਹੈ। ਰੱਖਿਆ ਖੇਤਰ ਦੇ ਸੁਭਾਅ ਅਤੇ ਇਸ ਦੇ 'ਕੌਮੀ ਸੁਰੱਖਿਆ' ਪਸਾਰ ਨੂੰ ਦੇਖਦਿਆਂ, ਮਜ਼ਬੂਤ ਰੈਗੂਲੇਟਰੀ ਵਿਵਸਥਾ ਦਰਕਾਰ ਹੈ, ਨਾ ਕਿ ਇਸ ਨੂੰ ਕਮਜ਼ੋਰ ਕਰਨਾ।

ਜਿਵੇਂ ਤੋੜੇ-ਮਰੋੜੇ ਮਾਪਦੰਡ ਇਕੋ-ਇਕ ਵਿਕਰੇਤਾ ਦੇ ਹੱਕ ਵਿਚ ਜਾ ਸਕਦੇ ਹਨ, ਉਸੇ ਤਰ੍ਹਾਂ ਵਧਾ-ਚੜ੍ਹਾ ਕੇ ਪੇਸ਼ ਕੀਤਾ ਖ਼ਤਰਾ ਅਤੇ ਜੰਗਬਾਜ਼ੀ 'ਮਹਿੰਗੇ' ਫ਼ੌਜੀ ਸਾਜ਼ੋ-ਸਮਾਨ ਦੀ ਦੌੜ ਵੱਲ ਲਿਜਾ ਸਕਦੇ ਹਨ। ਇਸ ਤੋਂ ਇਲਾਵਾ, ਜੇ ਕਿਸੇ ਹਿੰਦੁਸਤਾਨੀ ਕਾਰਪੋਰੇਟ ਘਰਾਣੇ ਅਤੇ ਵਿਦੇਸ਼ੀ ਸਾਜ਼ੋ-ਸਮਾਨ ਨਿਰਮਾਤਾ ਦਰਮਿਆਨ ਸਾਂਝੇ ਕਾਰੋਬਾਰ ਵਿਚ ਵਿਦੇਸ਼ੀ ਭਾਈਵਾਲ ਕਿਸੇ ਗ਼ਲਤ ਕੰਮ ਵਿਚ ਸ਼ਾਮਲ ਫੜਿਆ ਜਾਂਦਾ ਹੈ, ਫਿਰ ਸਾਂਝੇ ਕਾਰੋਬਾਰ ਨਾਲ ਕੀ ਬੀਤਦੀ ਹੈ? ਇਹ ਕੋਈ ਦੂਰੇਡਾ ਮੰਜ਼ਰ ਨਹੀਂ ਹੈ। 'ਪਨਾਮਾ ਪੇਪਰਜ਼' ਵਿਚਲੇ ਤਾਜ਼ਾ ਖ਼ੁਲਾਸਿਆਂ ਨੇ ਦਿਖਾਇਆ ਹੈ ਕਿ ਇਤਾਲਵੀ ਡਿਫੈਂਸ ਠੇਕੇਦਾਰ ਇਲੈਕਟ੍ਰਾਨਿਕਾ ਨੇ ਫ਼ੌਜੀ ਡਰੋਨ ਬਣਾਉਣ ਲਈ ਅਲਫਾ ਡਿਜ਼ਾਇਨ ਟੈਕਨਾਲੋਜ਼ੀਜ਼ ਅਤੇ ਅਡਾਨੀ ਏਅਰੋ ਡਿਫੈਂਸ ਸਿਸਟਮਜ਼ ਨਾਲ ਭਾਈਵਾਲੀ ਤਹਿਤ ਹਿੰਦੁਸਤਾਨ ਅੰਦਰ ਡਿਫੈਂਸ ਸੌਦਿਆਂ ਲਈ ਕਮਿਸ਼ਨ ਦਿਤੇ। ਆਗਸਤਾਵੈੱਸਟਲੈਂਡ ਘੁਟਾਲੇ ਦੇ ਤਾਜ਼ਾ ਗੇੜ ਤੋਂ ਕੀ ਨਤੀਜਾ ਕੱਢਿਆ ਜਾਵੇ ਜਿਥੇ ਇਤਾਲਵੀ ਕੰਪਨੀ ਫਿਨਮਕੈਨਿਕਾ ਉਪਰ ਹਿੰਦੁਸਤਾਨ ਵਿਚ ਵੱਢੀ ਦੇਣ ਅਤੇ ਹੈਲੀਕਾਪਟਰਾਂ ਦੇ ਮਾਪਦੰਡਾਂ ਨੂੰ ਤੋੜਨ-ਮਰੋੜਨ ਦਾ ਇਲਜ਼ਾਮ ਲੱਗਿਆ ਸੀ। ਇਸ ਕੰਪਨੀ ਉਪਰ ਪਾਬੰਦੀ ਲਾਉਣ ਦੀ ਕਾਰਵਾਈ ਪਿਛਲੀ ਸਰਕਾਰ ਵਲੋਂ ਜਨਵਰੀ 2014 ਵਿਚ ਪਹਿਲਾਂ ਹੀ

***ਅਗਸਤਾਵੈਸਟਲੈਂਡ ਘੁਟਾਲੇ ਦੇ ਤਾਜ਼ਾ ਗੇੜ ਤੋਂ ਕੀ ਨਤੀਜਾ ਕੱਢਿਆ ਜਾਵੇ ਜਿਥੇ ਇਤਾਲਵੀ ਕੰਪਨੀ ਫਿਨਮਕੈਨਿਕਾ ਉਪਰ ਹਿੰਦੁਸਤਾਨ ਵਿਚ ਵੱਢੀ ਦੇਣ ਅਤੇ ਹੈਲੀਕਾਪਟਰਾਂ ਦੇ ਮਾਪਦੰਡਾਂ ਨੂੰ ਤੋੜਨ-ਮਰੋੜਨ ਦਾ ਇਲਜ਼ਾਮ ਲੱਗਿਆ ਸੀ। ਇਸ ਕੰਪਨੀ ਉਪਰ ਪਾਬੰਦੀ ਲਾਉਣ ਦੀ ਕਾਰਵਾਈ ਪਿਛਲੀ ਸਰਕਾਰ ਵਲੋਂ ਜਨਵਰੀ 2014 ਵਿਚ ਪਹਿਲਾਂ ਹੀ ਸ਼ੁਰੂ ਕੀਤੀ ਜਾ ਚੁੱਕੀ ਸੀ, ਪਰ ਜਦੋਂ ਮਈ 2014 ਨਰੇਂਦਰ ਮੋਦੀ ਦੀ ਅਗਵਾਈ ਹੇਠ ਐਨ.ਡੀ.ਏ. ਸਰਕਾਰ ਆਈ ਤਾਂ ਦੋਹਾਂ ਕੰਪਨੀਆਂ ਦੀ ਮੁਅੱਤਲੀ ਹਟਾ ਦਿਤੀ ਗਈ।***



ਸ਼ੁਰੂ ਕੀਤੀ ਜਾ ਚੁੱਕੀ ਸੀ, ਪਰ ਜਦੋਂ ਮਈ 2014 ਨਰੇਂਦਰ ਮੋਦੀ ਦੀ ਅਗਵਾਈ ਹੇਠ ਐਨ.ਡੀ.ਏ. ਸਰਕਾਰ ਆਈ ਤਾਂ ਦੋਹਾਂ ਕੰਪਨੀਆਂ ਦੀ ਮੁਅੱਤਲੀ ਹਟਾ ਦਿੱਤੀ ਗਈ। ਇਸ ਉਪਰ ਅਸੀਂ ਕਿਸੇ ਵੀ ਤਰੀਕੇ ਨਾਲ ਨਜ਼ਰ ਮਾਰੀਏ, ਤੱਤ 'ਚ 'ਦੇਸੀਕਰਨ' ਨੂੰ ਖੋਖਲਾ ਕੀਤਾ ਜਾ ਰਿਹਾ ਹੈ ਅਤੇ ਐਨ.ਡੀ.ਏ. ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਅਸੀਂ ਰੱਖਿਆ ਸਾਜ਼ੋ-ਸਮਾਨ ਦੇ ਨਿਰਮਾਣ ਅਤੇ ਸਪਲਾਈ ਲਈ ਵਿਦੇਸ਼ੀ ਤਾਕਤਾਂ ਉਪਰ ਹੋਰ ਨਿਰਭਰ ਹੋ ਜਾਈਏ।

**ਰੈਫੇਲ ਜੈੱਟ ਜਹਾਜ਼ਾਂ ਬਾਰੇ ਬਖੇੜਾ:** ਡਸੌਲਟ ਦੇ ਰੈਫੇਲ ਜੈੱਟ ਜਹਾਜ਼ਾਂ ਨੂੰ ਲੈ ਕੇ 'ਔਖੇ ਵਕਤ' ਵਿਚ ਸੌਦਿਆਂ ਲਈ ਗੱਲਬਾਤ ਜਾਰੀ ਹੈ। ਦੋ ਮੁੱਦਿਆਂ ਦੀ ਸ਼ਨਾਖ਼ਤ ਕੀਤੀ ਗਈ ਹੈ: ਜ਼ਿੰਮੇਵਾਰੀ ਦੀ ਮੱਦ ਅਤੇ ਕੀਮਤ ਦਾ ਮੁੱਦਾ। ਰਿਪੋਰਟ ਹੈ ਕਿ ਕੇਂਦਰੀ ਕਾਨੂੰਨ ਮੰਤਰਾਲੇ ਨੇ ਜ਼ਿੰਮੇਵਾਰੀ ਦੀ ਮੱਦ ਅਤੇ ਪ੍ਰਭੂਸੱਤਾ ਸੰਪਨ ਜ਼ਾਮਨੀ ਦੀ ਅਣਹੋਂਦ ਬਾਰੇ ਚੌਕਸੀ ਨਿਸ਼ਾਨ ਲਾਇਆ, ਜਦੋਂ ਸੌਦਾ ਹਕੀਕੀ ਸਪੁਰਦਗੀ ਤੋਂ ਬਿਨਾ ਹੀ ਵੱਡੀਆਂ ਅਦਾਇਗੀਆਂ ਪੇਸ਼ਗੀ ਦੇਣ ਦੀ ਮੰਗ ਕਰਦਾ ਹੈ। ਇਕ ਸੀਨੀਅਰ ਅਫਸਰੀ ਨੇ ਗੁੰਮਨਾਮ ਰਹਿਣ ਦੀ ਸ਼ਰਤ 'ਤੇ ਇੰਡੀਅਨ ਐਕਸਪ੍ਰੈੱਸ ਨੂੰ ਦੱਸਿਆ, "ਸਾਡੇ ਖ਼ਿਆਲ ਵਿਚ ਦੋਹਾਂ ਦਸਤਾਵੇਜ਼ਾਂ ਦੇ ਖਰੜੇ (ਸਰਕਾਰਾਂ ਦਰਮਿਆਨ ਸਮਝੌਤੇ ਦਾ ਖਰੜਾ ਅਤੇ ਸਪਲਾਈ ਪ੍ਰੋਟੋਕੋਲ ਦਾ ਖਰੜਾ) ਹਿੰਦੁਸਤਾਨ ਸਰਕਾਰ ਦੇ ਹਿੱਤਾਂ ਨੂੰ ਧਿਆਨ 'ਚ ਰੱਖ ਕੇ ਨਹੀਂ ਬਣਾਏ ਗਏ।"

ਜ਼ਿੰਮੇਵਾਰੀ ਨਾਲ ਸਬੰਧਤ ਮੱਦਾਂ 'ਪੇਤਲੀਆਂ ਪਾ ਦਿਤੀਆਂ ਗਈਆਂ' ਅਤੇ ਹੋਰ ਜੋ ਇਤਰਾਜ਼ਯੋਗ ਪਾਇਆ ਗਿਆ, ਉਹ ਮੱਦ ਸੀ ਜੋ ਸਪਲਾਇਰਾਂ ਵਲੋਂ ਮੈਟੀਰੀਅਲ ਦੀ ਉਲੰਘਣਾ ਦੀ ਸੂਰਤ ਵਿਚ ਫਰਾਂਸ ਦੀ ਸਰਕਾਰ ਨੂੰ ਸ਼ਾਮਲ ਕੀਤੇ ਬਗ਼ੈਰ ਪਹਿਲਾਂ ਕੰਪਨੀ ਵਿਰੁਧ ਕਾਨੂੰਨੀ ਕਾਰਵਾਈ ਕਰਨ ਲਈ ਹਿੰਦੁਸਤਾਨ ਨੂੰ ਪਾਬੰਦ ਬਣਾਉਂਦੀ ਸੀ। ਅਫਸਰਾਂ ਨੇ ਦੁਹਰਾਇਆ, ਇਹ ਵਪਾਰਕ ਸੌਦਿਆਂ ਵਿਚ ਤਾਂ ਆਮ ਹੋ ਸਕਦਾ ਹੈ, ਪਰ ਫ਼ੌਜੀ ਸਾਜ਼ੋ-ਸਮਾਨ ਦੇ ਵਪਾਰ ਵਿਚ ਨਹੀਂ। ਲਿਹਾਜ਼ਾ, ਨਿਰਾ ਲਾਗਤ ਨੂੰ ਹੀ ਅੰਤਮ ਰੂਪ ਨਹੀਂ ਦੇਣਾ ਹੋਵੇਗਾ, ਜ਼ਿੰਮੇਵਾਰੀ ਦੀ ਮੱਦ ਵੀ ਤੈਅ ਕਰਨੀ ਬਾਕੀ ਹੈ।

ਹਿੰਦ-ਫਰਾਂਸੀਸੀ ਮੁਢਲੇ ਸਮਝੌਤੇ ਬਾਰੇ ਬਹੁਤ ਜ਼ਿਆਦਾ ਹੋ-ਹੱਲੇ ਦੇ ਉਲਟ, ਰੈਫੇਲ ਜੈੱਟ ਦੀ ਪ੍ਰਤੀ ਇਕਾਈ ਲਾਗਤ ਇਕ ਹੋਰ ਮੁੱਦਾ ਹੈ। ਜ਼ਾਹਰਾ ਤੌਰ 'ਤੇ ਮੁੱਲ ਤੈਅ ਕਰਨ ਲਈ ਜੋ ਪੈਮਾਨਾ ਹੁਣ ਇਸਤੇਮਾਲ ਕੀਤਾ ਜਾ ਰਿਹਾ ਹੈ, ਉਹ ਫਰਾਂਸ ਵਲੋਂ ਮਿਸਰ ਨਾਲ ਸਹੀਬੰਦ ਕੀਤਾ ਸੌਦਾ ਹੈ, ਜਿਥੇ 24 ਜੈੱਟ 5.2 ਅਰਬ ਯੂਰੋ ਜਾਂ 7 ਅਰਬ ਡਾਲਰ ਤੋਂ ਥੋੜ੍ਹਾ ਘੱਟ ਰਕਮ ਲੈ ਕੇ ਵੇਚੇ ਗਏ। ਅਖ਼ਬਾਰਾਂ ਦੀਆਂ ਰਿਪੋਰਟਾਂ ਦਾ ਕਹਿਣਾ ਹੈ ਕਿ ਹਿੰਦੁਸਤਾਨ ਨੂੰ ਪੇਸ਼ਕਸ਼ ਕੀਤਾ ਜਾ ਰਿਹਾ ਭਾਅ ਉਹੀ ਹੋਵੇਗਾ ਜੋ ਮਿਸਰ ਅਤੇ ਕਤਰ ਨਾਲ ਤੈਅ ਕੀਤਾ ਗਿਆ ਸੀ। ਇਹ ਮੁੱਲ "ਉਸ ਤੋਂ ਘੱਟ ਨਹੀਂ ਹੋ ਸਕਦਾ ਜਿਸ ਭਾਅ ਦੂਜੇ ਦੋ ਮੁਲਕਾਂ (ਮਿਸਰ ਅਤੇ ਕਤਰ) ਨੇ ਇਹ ਖ਼ਰੀਦਿਆ ਹੈ।" ਦੂਜੇ ਲਫ਼ਜ਼ਾਂ 'ਚ, ਪ੍ਰਤੀ ਇਕਾਈ ਮੁੱਲ ਉਸ ਤੋਂ ਕਿਤੇ ਜ਼ਿਆਦਾ ਹੋਵੇਗਾ ਜੋ ਸ਼ੁਰੂ 'ਚ ਸੌਦੇ ਕਰਨ ਮੌਕੇ ਸੀ। ਅਸੀਂ ਇਹ ਵੀ ਜਾਣਦੇ ਹਾਂ ਕਿ ਹਵਾਈ ਫ਼ੌਜ ਨੇ ਕੁਲ 80 ਜੈੱਟਾਂ ਦੀ ਮੰਗ ਕੀਤੀ ਹੈ, ਭਾਵ ਜਿੰਨੀ ਤਾਦਾਦ ਨੂੰ ਲੈ ਕੇ ਹੁਣ ਗੱਲਬਾਤ ਹੋ ਰਹੀ ਹੈ, ਉਸ ਤੋਂ ਇਲਾਵਾ 44 ਹੋਰ।

ਖਬਰ ਏਜੰਸੀ ਰਾਇਟਰਜ਼ ਨੇ ਖ਼ਬਰ ਛਾਪੀ ਜਿਸ ਵਿਚ 'ਦੋ ਸੀਨੀਅਰ ਅਫਸਰਾਂ' ਵਲੋਂ ਕਿਹਾ ਗਿਆ ਕਿ 'ਇਕਾਈ ਦੇ ਮੁੱਲ ਨੂੰ ਲੈ ਕੇ' ਦੋਵੇਂ ਧਿਰਾਂ (ਹਿੰਦੁਸਤਾਨ ਤੇ ਫਰਾਂਸ) ਵਿਚ 'ਰੇੜਕਾ ਪਿਆ ਹੋਇਆ ਹੈ'। ਇਕ ਅਫਸਰ ਦੇ ਹਵਾਲੇ ਨਾਲ ਕਿਹਾ ਗਿਆ ਸੀ ਕਿ 'ਕਿਉਂਕਿ ਮੇਜ਼ ਉਪਰ ਤਕਨਾਲੋਜੀ ਤਬਾਦਲੇ ਦਾ ਕੋਈ ਮੁੱਲ ਨਹੀਂ ਹੈ... (ਫਿਰ) ਪਹਿਲੀਆਂ ਵਪਾਰਕ ਸ਼ਰਤਾਂ ਨਹੀਂ ਮੰਨਵਾਈਆਂ ਜਾ ਸਕਦੀਆਂ'; ਪਰ ਜੇ ਰੈਫੇਲ ਲੜਾਕੂ ਜੈੱਟ ਜਹਾਜ਼ ਦੇ ਪ੍ਰਤੀ ਇਕਾਈ ਮੁੱਲ ਦਾ ਪੈਮਾਨਾ ਉਹ ਹੈ ਜੋ ਡਸੌਲਟ, ਮਿਸਰ ਅਤੇ ਕਤਰ ਤੋਂ ਹਾਸਲ ਕਰ ਰਿਹਾ ਹੈ, ਤੇ ਇਸ ਵਿਚ ਕੋਈ ਤਕਨਾਲੋਜੀ ਤਬਾਦਲਾ ਨਹੀਂ ਹੋਵੇਗਾ, ਫਿਰ ਯਕੀਨੀ ਤੌਰ ਉਤੇ 'ਬਖੇੜੇ' ਦੀ ਉਮੀਦ ਸੀ, ਕਿਉਂਕਿ ਮੁੱਲ ਨੂੰ ਲੈ ਕੇ ਹੁਣ ਨਵੇਂ ਸਿਰਿਓਂ ਸੌਦਾ ਹੋਵੇਗਾ।

ਜਿਥੋਂ ਤਕ ਜ਼ਿੰਮੇਵਾਰੀ ਦੀ ਮੱਦ 'ਤੇ ਧਿਆਨ ਦੇਣ ਦਾ ਸਵਾਲ ਹੈ, ਹਿੰਦੁਸਤਾਨੀ ਸਰਕਾਰ 13 ਕਰੋੜ ਯੂਰੋ ਬੈਂਕ ਜ਼ਾਮਨੀ ਦੀ ਥਾਂ ਇਕ 'ਧਰਵਾਸ ਦੇਊ ਚਿੱਠੀ' ਦੀ ਤਜਵੀਜ਼ ਰੱਖ ਰਹੀ ਹੈ। ਦੂਜੇ ਲਫ਼ਜ਼ਾਂ 'ਚ, ਅਸੀਂ ਅਜੇ ਵੀ ਸੌਦਾ ਸਹੀਬੰਦ ਹੋਣ ਤੋਂ ਫ਼ਾਸਲੇ 'ਤੇ ਹਾਂ। ਇਹ ਵੀ ਸਪਸ਼ਟ ਨਹੀਂ ਕਿ ਰੈਫੇਲ ਲਈ ਹਿੰਦੁਸਤਾਨ ਵਿਚ ਪ੍ਰਾਈਵੇਟ ਖੇਤਰ ਦਾ ਹਿੱਸੇਦਾਰ ਕੌਣ ਹੋਵੇਗਾ!

ਇਉਂ ਜੇ ਐਨ.ਡੀ.ਏ. ਸਰਕਾਰ ਨੇ ਇਹ ਸੋਚਿਆ ਕਿ ਇਹ ਯੂ.ਪੀ.ਏ. ਸਰਕਾਰ ਵਲੋਂ 2012 ਵਿਚ ਕੀਤੇ ਸੌਦੇ ਤੋਂ ਘੱਟ ਮੁੱਲ 'ਤੇ ਝਟਪਟ ਲੜਾਕੂ ਜੈੱਟ ਹਾਸਲ ਕਰ ਲਵੇਗੀ, ਤਾਂ ਇਹ ਗ਼ਲਤ ਸੀ। ਜਦੋਂ 2012 ਵਾਲਾ ਇਕਰਾਰਨਾਮਾ ਰੱਦ ਕੀਤਾ ਗਿਆ ਤਾਂ ਕੇਂਦਰੀ ਰੱਖਿਆ ਮੰਤਰੀ ਨੇ ਰੈਫੇਲ ਸੌਦੇ ਵਿਚ 60000 ਤੋਂ ਲੈ ਕੇ 65000 ਕਰੋੜ ਰੁਪਏ 'ਬਚਾ ਲੈਣ' ਦਾ ਦਾਅਵਾ ਕੀਤਾ ਸੀ ਅਤੇ ਐਲਾਨ ਕੀਤਾ ਸੀ ਕਿ ਇਸ 'ਬਚਤ' ਦਾ ਬਿਹਤਰ ਕੀਤਾ ਜਾਵੇਗਾ, ਪਰ ਕੋਈ ਹਕੀਕੀ 'ਬਚਤ' ਹੋਈ ਹੀ ਨਹੀਂ ਸੀ। ਭਾਜਪਾ ਨੇ ਮੀਡੀਆ ਮੁਹਿੰਮ ਚਲਾ ਕੇ ਦਾਅਵਾ ਕੀਤਾ ਕਿ ਮੁਲਕ 26 ਜੈੱਟਾਂ ਦਾ ਸੌਦਾ 59000 ਕਰੋੜ ਰੁਪਏ ਵਿਚ ਕਰ ਕੇ 21000 ਕਰੋੜ ਰੁਪਏ 'ਬਚਾਉਣ' ਵਿਚ ਕਾਮਯਾਬ ਹੋ ਗਿਆ ਸੀ। ਰੱਖਿਆ ਮੰਤਰਾਲਾ ਇਹ ਬਿਆਨ ਜਾਰੀ ਕਰਨ ਲਈ ਮਜਬੂਰ ਹੋ ਗਿਆ ਜਿਸ ਵਿਚ ਕਿਹਾ ਗਿਆ ਸੀ ਕਿ ਸੌਦਾ ਅਜੇ ਹੋਇਆ ਹੀ ਨਹੀਂ। ਲਿਹਾਜ਼ਾ, 21000 ਕਰੋੜ ਰੁਪਏ ਦੀ ਬਚਤ ਕਿਥੇ ਹੈ ਜਦੋਂ ਮੁੱਲ ਵਿਚ ਵਾਧੇ ਦੇ ਮੱਦੇਨਜ਼ਰ 2007 ਵਾਲਾ ਪਿਛਲਾ ਟੈਂਡਰ 65000 ਕਰੋੜ ਦੇ ਨੇੜੇ ਪਹੁੰਚ ਜਾਂਦਾ ਹੈ?

ਜੇ ਲੰਮੇ ਅਮਲ (ਜਿਥੇ ਟੈਂਡਰ ਜਾਰੀ ਹੁੰਦੇ ਹਨ, ਛੋਟੀ ਸੂਚੀ ਬਣਾਈ ਜਾਂਦੀ ਹੈ, ਬਾਰੀਕੀ ਨਾਲ ਜਾਂਚ ਹੁੰਦੀ ਹੈ, ਫਿਰ ਤਕਨਾਲੋਜੀ ਦਾ ਤਬਾਦਲਾ ਯਕੀਨੀ ਬਣਾਉਣ ਲਈ ਗੱਲਬਾਤ ਚਲਦੀ ਹੈ) ਨੂੰ ਲਾਜ਼ਮੀ ਹੀ ਬਦਲਣਾ ਹੈ, ਕੀ ਇਸ ਦਾ ਭਾਵ ਇਹ ਹੈ ਕਿ ਅਸੀਂ ਮੁਕੰਮਲ ਹੋਣ ਦੇ ਨੇੜੇ ਢੁੱਕਿਆ ਸੌਦਾ ਰੱਦ ਕਰ ਕੇ ਨਵੀਂ ਨੀਤੀ ਵਿਵਸਥਾ ਸ਼ੁਰੂ ਕਰੀਏ? ਸਾਡੇ ਅੱਗੇ ਜੋ ਹੈ, ਉਹ ਹੈ ਸਮਝੌਤੇ ਨੂੰ ਰੱਦ ਕਰਨਾ ਜਿਸ 'ਤੇ ਲੰਮੀ ਪ੍ਰਕਿਰਿਆ ਪਿਛੋਂ ਪਹੁੰਚਿਆ ਗਿਆ ਸੀ ਅਤੇ ਇਸ ਦੀ ਥਾਂ ਇਕ ਐਸਾ ਨਮੂਨਾ ਜਿਥੇ ਸਰਕਾਰ ਦੇ ਸਰਕਾਰ ਨਾਲ ਸੌਦੇ ਦਾ ਨਤੀਜਾ ਤਿਆਰ ਲੜਾਕੂ ਜੈੱਟਾਂ ਦੀ ਖ਼ਰੀਦਦਾਰੀ ਨਿਕਲਣ ਜਾ ਰਿਹਾ ਹੈ। ਇਸ ਵਿਚ ਹਿੰਦੁਸਤਾਨ ਪੁਰਜਿਆਂ ਅਤੇ ਅਹਿਮ ਹਿਸਿਆਂ ਦੀ ਖ਼ਾਤਰ ਡਸੌਲਟ ਉੱਪਰ 30 ਤੋਂ ਲੈ ਕੇ 40 ਸਾਲ ਲਈ ਨਿਰਭਰ ਹੋਣ ਜਾ ਰਿਹਾ ਹੈ, ਤੇ ਦੇਸੀਕਰਨ ਦੀ ਗੁੰਜਾਇਸ਼ ਵਸੀਹ ਪੈਮਾਨੇ 'ਤੇ ਘੱਟ ਗਈ ਹੈ।

**ਨਿਚੋੜ:** ਜੇ ਯੂ.ਪੀ.ਏ. ਸਰਕਾਰ ਜਕੋਤਕੀ ਦਾ ਸ਼ਿਕਾਰ ਸੀ, ਤਾਂ ਐਨ.ਡੀ.ਏ. ਦਾ ਝੁਕਾਅ ਹੁੜਮੱਤ ਪ੍ਰਤੀ ਹੈ ਜਿਥੇ ਅਹਿਮ ਮੁੱਦਿਆਂ ਦਾ ਨਿਤਾਰਾ ਕਰਨ ਤੋਂ ਪਹਿਲਾਂ ਹੀ ਸਮਝੌਤਿਆਂ ਅਤੇ ਨੀਤੀਆਂ ਦੇ ਐਲਾਨ ਕੀਤੇ ਜਾ ਰਹੇ ਹਨ। ਇਸ ਨੂੰ 'ਦਲੇਰ' ਅਤੇ ਨਵੀਂ ਨੀਤੀ ਵਜੋਂ ਵੀ ਪੇਸ਼ ਕੀਤਾ ਜਾਂਦਾ ਹੈ। ਜਿਨ੍ਹਾਂ ਨਾਲ ਯੁੱਧਨੀਤਕ ਭਾਈਵਾਲਾਂ ਵਜੋਂ ਤਰਜੀਹੀ ਵਿਹਾਰ ਕੀਤਾ ਜਾਵੇਗਾ, ਉਨ੍ਹਾਂ ਬਾਰੇ ਅਜੇ ਤੈਅ ਕਰਨਾ ਬਾਕੀ ਹੈ।

ਅਸੀਂ ਉਸ ਮੌਕੇ ਅਜਿਹਾ ਕਰ ਰਹੇ ਹਾਂ ਜਦੋਂ ਨੀਤੀਆਂ ਡਿਫੈਂਸ ਸਾਜ਼ੋ-ਸਮਾਨ ਬਣਾਉਣ ਦੀ ਸਾਡੀ ਸਮਰਥਾ ਨੂੰ ਕਮਜ਼ੋਰ ਕਰਨ ਅਤੇ ਵਿਦੇਸ਼ੀ ਸਪਲਾਇਅਰਾਂ, ਨਿਵੇਸ਼ਕਾਰਾਂ ਅਤੇ ਤਕਨਾਲੋਜੀ ਮੁਹੱਈਆ ਕਰਨ ਵਾਲਿਆਂ ਉਪਰ ਨਿਰਭਰਤਾ ਵਧਾਉਣ ਦਾ ਖ਼ਤਰਾ ਪੈਦਾ ਕਰ ਰਹੀਆਂ ਹਨ। ਅਸੀਂ ਵਿਦੇਸ਼ੀ ਸਾਜ਼ੋ-ਸਮਾਨ ਨਿਰਮਾਤਾਵਾਂ ਦੁਆਰਾ ਸੰਚਾਲਤ ਡਿਫੈਂਸ ਦੇ 'ਦੇਸੀਕਰਨ' ਪ੍ਰੋਗਰਾਮ ਦੀ ਦਹਿਲੀਜ਼ ਉਪਰ ਹਾਂ ਜਿਸ ਨੂੰ ਲੈ ਕੇ ਚੰਗੀ ਤਰ੍ਹਾਂ ਸੋਚ-ਵਿਚਾਰ ਨਹੀਂ ਕੀਤੀ ਗਈ ਜੋ ਹਿੰਦੁਸਤਾਨ ਦੀ ਯੁੱਧਨੀਤਕ ਖ਼ੁਦਮੁਖਤਾਰੀ ਨੂੰ ਤਬਾਹ ਕਰ ਸਕਦਾ ਹੈ। ਗੁੰਜਾਇਸ਼ਾਂ ਬਣਾ ਲਈਆਂ ਜਾਣਗੀਆਂ ਅਤੇ ਇਸ ਨਾਲ ਜੁੜਿਆ ਧੰਦਾ ਪੈਦਾ ਕਰ ਲਿਆ ਜਾਵੇਗਾ ਜਿਸ ਦਾ ਇਸਤੇਮਾਲ ਫਿਰ ਠੇਕੇ ਮੁਹੱਈਆ ਕਰਾਉਣ ਲਈ ਸਰਕਾਰ ਦੀ ਬਾਂਹ ਮਰੋੜਨ ਲਈ ਕੀਤਾ ਜਾਵੇਗਾ।

ਇਸ ਹਕੂਮਤ ਦੀ ਭਰੋਸੇਯੋਗਤਾ ਹੀ ਚਿੰਤਾਜਨਕ ਨਹੀਂ, ਇਹ ਭਾਜਪਾ ਦੇ ਰਾਜ ਹੇਠ ਮੁਲਕ ਦੀ ਯੁੱਧਨੀਤਕ ਸੋਚ ਅਤੇ ਤੱਤਪਰਤਾ ਹੈ ਜੋ ਫ਼ਿਕਰ ਵਾਲੀ ਗੱਲ ਹੈ। ਇਸ ਦੀ ਜਾਣਕਾਰੀ ਥੋੜ੍ਹਿਆਂ ਨੂੰ ਹੋਣ ਕਰ ਕੇ ਅਤੇ ਫ਼ੈਸਲਾ ਕਰਨ ਵਾਲੇ ਤਾਂ ਹੋਰ ਵੀ ਥੋੜ੍ਹੇ ਹੋਣ ਕਰ ਕੇ, ਫ਼ੌਜੀ ਮਾਮਲਿਆਂ ਸਬੰਧੀ 'ਪਵਿੱਤਰ ਗਊ' ਅਲਾਮਤ ਭਾਰੂ ਹੋ ਚੁੱਕੀ ਹੈ। ਜਿਵੇਂ 'ਪਵਿੱਤਰ ਗਊ' ਥੋੜ੍ਹਿਆਂ ਲਈ ਪਵਿੱਤਰ ਹੈ ਅਤੇ ਜ਼ਿਆਦਾਤਰ ਹਿੰਦੁਸਤਾਨੀਆਂ ਲਈ ਇਉਂ ਨਹੀਂ ਹੈ, ਫਿਰ ਵੀ ਅਸੀਂ ਇਨ੍ਹਾਂ ਮੁੱਠੀ ਭਰ ਲੋਕਾਂ ਦੀ ਸਨਕ ਉਪਰ ਕਿੰਤੂ-ਪ੍ਰੰਤੂ ਨਹੀਂ ਕਰ ਸਕਦੇ। ਇਸੇ ਤਰ੍ਹਾਂ ਜਦੋਂ ਫ਼ੌਜੀ ਸਨਅਤ ਦੇ ਧੜਵੈਲ ਵਿਦੇਸ਼ੀਆਂ ਨੂੰ ਹਿੰਦੁਸਤਾਨ ਵਿਚ ਪੂੰਜੀਨਿਵੇਸ਼ ਲਈ ਨਿਓਂਦਾ ਦੇ ਕੇ ਸਾਨੂੰ ਨਿਰਭਰਤਾ ਅਤੇ ਲੁੱਟ-ਮਾਰ ਵੱਲ ਧੱਕਿਆ ਜਾ ਰਿਹਾ ਹੈ ਤਾਂ ਉਮੀਦ ਇਹ ਕੀਤੀ ਜਾ ਰਹੀ ਹੈ ਕਿ ਅਸੀਂ ਖ਼ਾਮੋਸ਼ ਰਹੀਏ, ਕਿਉਂਕਿ ਸਾਨੂੰ 'ਮੇਕ ਇਨ ਇੰਡੀਆ' ਦਿੱਤਾ ਜਾ ਰਿਹਾ ਹੈ।

**ਪਿਛਲਝਾਤ:** ਜਦੋਂ ਮਈ 2015 ਵਿਚ ਰੱਖਿਆ ਮੰਤਰੀ ਨੇ ਯੁੱਧਨੀਤਕ ਭਾਈਵਾਲ ਚੁਣਨ ਲਈ ਕਸਵੱਟੀ ਤੈਅ ਕਰਨ ਵਾਸਤੇ ਪੰਜ ਉਪ ਕਮੇਟੀਆਂ ਬਣਾਈਆਂ, ਪੰਜਾਂ ਦੇ ਮੁਖੀ ਪ੍ਰਾਈਵੇਟ ਕੰਪਨੀਆਂ ਦੇ ਆਹਲਾ ਅਫਸਰਾਂ ਨੂੰ ਬਣਾਇਆ ਗਿਆ ਅਤੇ ਡਿਫੈਂਸ ਨਾਲ ਸਬੰਧਤ ਸਰਕਾਰੀ ਅਦਾਰਿਆਂ ਨੂੰ ਇਸ ਅਮਲ ਤੋਂ ਦੂਰ ਰੱਖਿਆ ਗਿਆ। ਇਨ੍ਹਾਂ ਸਰਕਾਰੀ ਅਦਾਰਿਆਂ ਅਤੇ ਅਸਲਾ ਨਿਰਮਾਤਾ ਸਨਅਤ ਬੋਰਡਾਂ ਵਿਚ ਲੋਕਾਂ ਦੇ ਅਰਬਾਂ ਰੁਪਏ ਪੂੰਜੀਨਿਵੇਸ਼ ਕੀਤੇ ਹੋਏ ਹਨ। ਹੁਣ ਉਨ੍ਹਾਂ ਨੂੰ ਪਾਸੇ ਧੱਕਣਾ ਆਪਣੇ ਕੱਟੜ ਸਿਧਾਂਤਾਂ ਅਤੇ ਵਿਚਾਰਧਾਰਾ ਦੀ ਖ਼ਾਤਰ ਮਨੁੱਖੀ ਅਤੇ ਪਦਾਰਥਕ ਵਸੀਲਿਆਂ ਦੀ ਬਰਬਾਦੀ ਕਰਨਾ ਹੈ ਜਿਨ੍ਹਾਂ ਦੀ ਪਹਿਲਾਂ ਹੀ ਥੁੜ੍ਹ ਹੈ। ਹੁਣ ਇਹ ਖ਼ਬਰ ਆ ਰਹੀ ਹੈ ਕਿ ਉਪ ਕਮੇਟੀਆਂ ਦੀਆਂ ਬਹੁਤ ਸਾਰੀਆਂ ਸਿਫ਼ਾਰਸ਼ਾਂ ਆਪਾ-ਵਿਰੋਧੀ ਹਨ ਅਤੇ ਦੋ ਉਪ ਕਮੇਟੀਆਂ ਤਾਂ ਸਿਫ਼ਾਰਸ਼ਾਂ ਬਾਰੇ ਸਹਿਮਤੀ 'ਤੇ ਵੀ ਨਹੀਂ ਪਹੁੰਚ ਸਕੀਆਂ। ਲਿਹਾਜ਼ਾ, ਮੱਤਭੇਦ ਦੂਰ ਕਰਨ ਲਈ ਕੋਰ ਕਮੇਟੀ ਬਣਾਈ ਗਈ ਹੈ। ਕੁਝ ਪ੍ਰਾਈਵੇਟ ਕੰਪਨੀਆਂ ਹੁਣ ਦਲੀਲ ਦੇ ਰਹੀਆਂ ਹਨ ਕਿ ਯੁੱਧਨੀਤਕ ਭਾਈਵਾਲਾਂ ਦੀ ਧਾਰਨਾ ਹੀ 'ਮੌਜੂਦਾ ਪ੍ਰੋਗਰਾਮਾਂ ਵਿਚ ਹੋਰ ਦੇਰੀ ਦਾ ਕਾਰਨ ਬਣ ਰਹੀ ਹੈ।' ਇਸ ਤੋਂ ਬਿਨਾਂ, 'ਲਾਗਤ+ ਦੇ ਆਧਾਰ ਉਤੇ' ਪ੍ਰਾਈਵੇਟ ਪਾਰਟੀਆਂ ਨੂੰ ਠੇਕੇ ਦੇਣ ਬਾਰੇ ਰੱਖਿਆ ਮੰਤਰਾਲੇ ਵਲੋਂ ਪੇਸ਼ ਕੀਤੀ ਤਜਵੀਜ਼ ਵਿਵਾਦਪੂਰਨ ਹੈ। ਰੱਖਿਆ ਸਾਜ਼ੋ-ਸਮਾਨ ਦੀ ਖ਼ਰੀਦ ਬਾਰੇ ਇਕ ਸਾਬਕਾ ਵਿੱਤੀ ਸਲਾਹਕਾਰ ਦਾ ਕਹਿਣਾ ਹੈ ਕਿ ਰੱਖਿਆ ਮੰਤਰਾਲੇ ਕੋਲ ਇਸ ਨੂੰ ਤੈਅ ਕਰਨ ਦੀ ਮੁਹਾਰਤ ਨਹੀਂ ਹੈ; ਇਸ ਵਿਚੋਂ ਮੁਕਾਬਲੇਬਾਜ਼ਾਂ ਦੀ ਨਾਜਾਇਜ਼ ਤਰਫ਼ਦਾਰੀ ਕਰਨ ਦੇ ਇਲਜ਼ਾਮ ਸਾਹਮਣੇ ਆਉਣਗੇ ਅਤੇ ਕੈਗ ਵਲੋਂ ਵੀ ਇਤਰਾਜ਼ ਲਾਏ ਜਾਣਗੇ।

ਇਸ ਦੌਰਾਨ, ਅਮਰੀਕੀ ਕੰਪਨੀ ਲਾਕਹੀਡ ਮਾਰਟਿਨ ਆਪਣੀ ਐਫ.16 ਜੈੱਟ ਜਹਾਜ਼ਾਂ ਦੀ ਅਸੈਂਬਲੀ ਲਾਈਨ ਹਿੰਦੁਸਤਾਨ ਦੇ ਗਲ ਮੜ੍ਹਨ ਲਈ ਜੋੜ-ਤੋੜ ਕਰ ਰਹੀ ਹੈ। ਇਹ ਚਾਰ ਦਹਾਕੇ ਪੁਰਾਣਾ 'ਚੌਥੀ ਪੀੜ੍ਹੀ ਦੇ ਬਹੁ-ਭੂਮਿਕਾ ਵਾਲੇ ਲੜਾਕੂ ਜਹਾਜ਼' ਦੀ ਥਾਂ ਅਮਰੀਕਾ ਵਿਚ ਪੰਜਵੀਂ ਪੀੜ੍ਹੀ ਦੇ ਲੜਾਕੂ ਜਹਾਜ਼ ਲੈ ਰਹੇ ਹਨ। ਜੇ ਇਸ ਨੂੰ ਸਵੀਕਾਰ ਕੀਤਾ ਜਾਂਦਾ ਹੈ ਤਾਂ ਹਿੰਦੁਸਤਾਨ ਦੇ ਪੱਲੇ ਐਸਾ ਜਹਾਜ਼ ਪਵੇਗਾ ਜਿਸ ਦੀ ਹੁਣ ਅਮਰੀਕਾ ਨੂੰ ਲੋੜ ਨਹੀਂ ਅਤੇ ਇਹ ਕਈ ਦਹਾਕਿਆਂ ਤਕ ਇਸੇ ਨੂੰ ਚਿੰਬੜਿਆ ਰਹੇਗਾ, ਜਦੋਂ ਹਿੰਦੁਸਤਾਨ ਖ਼ੁਦ ਪੰਜਵੀਂ ਪੀੜ੍ਹੀ ਦਾ ਜਹਾਜ਼ ਸਾਂਝੇ ਤੌਰ 'ਤੇ ਤਿਆਰ ਕਰਨ ਦੀ ਸੋਚ ਰਿਹਾ ਹੈ।

ਰੈਫੇਲ ਜੈੱਟ ਬਾਰੇ ਰੇੜਕਾ ਜਾਰੀ ਹੈ; ਤੇਜਸ ਲੜਾਕੂ ਜਹਾਜ਼ ਵਿਚ ਸੁਧਾਰ ਕੀਤੇ ਗਏ ਹਨ; ਜਿਸ ਯੁੱਧਨੀਤਕ ਭਾਈਵਾਲੀ ਵਿਵਸਥਾ ਤੋਂ ਦੇਸੀਕਰਨ ਸ਼ੁਰੂ ਕਰਨ ਦੀ ਕਲਪਨਾ ਕੀਤੀ ਗਈ ਸੀ, ਉਸ ਵਿਚ ਅੜਿੱਕਾ ਪੈ ਗਿਆ; ਇਕ ਵਿਦੇਸ਼ੀ ਨਿਰਮਾਤਾ ਵਲੋਂ ਪੁਰਾਣੇ ਐਫ-16 ਦੀ 'ਅਸੈਂਬਲੀ ਲਾਈਨ' ਦੀ ਪੇਸ਼ਕਸ਼ ਹੋਈ ਹੈ। ਹਰ ਕਿਸੇ ਉਪਰ ਲਫ਼ਾਜ਼ੀ ਅਤੇ ਤ੍ਰਿਸਕਾਰ ਦੀ ਵਾਛੜ ਕਰਨ ਲਈ ਮੁਹਾਰਤ ਦੀ ਲੋੜ ਨਹੀਂ ਹੁੰਦੀ, ਪਰ ਯੁੱਧਨੀਤਕ ਖ਼ੁਦਮੁਖਤਾਰੀ ਬਣਾਈ ਰੱਖਣ ਅਤੇ ਆਜ਼ਾਦ ਵਿਦੇਸ਼ੀ ਨੀਤੀ ਲਈ ਸੂਝ ਜ਼ਰੂਰੀ ਹੈ। ਮੁਲਕ ਅਜੇ ਇਸ ਦੀ ਤਲਾਸ਼ ਕਰ ਰਿਹਾ ਹੈ। ***(ਸਮਾਪਤ)***

# ਮਨਮੋਹਣਾ ਮੁੱਖੜਾ

## ਜ਼ਿੰਦਗੀ ਦਾ ਨਾਦ

*ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਨਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਇਸ ਲੇਖ ਲੜੀ ਵਿਚ ਉਹ ਨੈਣਾਂ ਦੇ ਤੀਰ ਚਲਾ ਚੁਕੇ ਹਨ ਤੇ ਦਿਲ ਦੀਆਂ ਬਾਤਾਂ ਪਾ ਚੁਕੇ ਹਨ। ਆਪਣੇ ਮੂੰਹੋਂ ਮੀਆਂ ਮਿੱਠੂ ਬਣਨ ਵਾਲਿਆਂ ਨੂੰ ਨਸੀਹਤ ਦੇ ਚੁਕੇ ਹਨ ਕਿ ਮੂੰਹ ਦੀਆਂ ਲੁਭਾਉਣੀਆਂ ਲੱਜਤਾਂ ਵਿਚ ਗੁਆਚਣ ਦੀ ਬਜਾਏ, ਇਸ ਦੀਆਂ ਨਿਆਮਤਾਂ ਨੂੰ ਅਪਨਾਉਣ ਅਤੇ ਤਰਕਸੰਗਤੀ ਰਾਹਾਂ ਨੂੰ ਮੰਜ਼ਿਲ-ਮਾਰਗ ਬਣਾਉਣ ਵੰਨੀ ਕਦਮ ਜਰੂਰ ਪੁੱਟਣ। ਜ਼ੁਬਾਨ ਦੇ ਰਸ ਅਤੇ ਜ਼ੁਬਾਨ ਦੇ ਪਾਏ ਪੁਆੜਿਆਂ ਦੀ ਗੱਲ ਕਰਦਿਆਂ ਨਸੀਹਤ ਕੀਤੀ ਸੀ, ਜ਼ੁਬਾਨ ਵਿਚੋਂ ਨਿਕਲੇ ਕੌੜੇ ਬੋਲ, ਤੀਰ ਨਾਲੋਂ ਤਿੱਖੇ, ਤੋਪ ਦੇ ਗੋਲੇ ਨਾਲੋਂ ਜ਼ਿਆਦਾ ਵਿਨਾਸ਼ਕਾਰੀ ਹੁੰਦੇ ਹਨ। ਹੱਥਾਂ ਦੀ ਦਾਸਤਾਨ ਦੱਸਦਿਆਂ ਉਨ੍ਹਾਂ ਕਿਹਾ ਕਿ ਪਾਕ ਹੱਥਾਂ ਨਾਲ ਪਾਣੀ ਵਿਚ ਪਤਾਸੇ ਪਾਏ ਜਾਂਦੇ ਤਾਂ ਅੰਮ੍ਰਿਤ ਬਣ ਜਾਂਦਾ ਜਦ ਕਿ ਮਲੀਨ ਹੱਥ ਸਦਾ ਹੀ ਨਿਰਦੋਸ਼ਾਂ ਦੇ ਖੂਨ ਦੀ ਹੋਲੀ ਖੇਡਦੇ। ਲੱਤਾਂ ਦੀ ਵਾਰਤਾ ਸੁਣਾਉਂਦਿਆਂ ਬਾਬਾ ਫਰੀਦ ਦੇ ਸਲੋਕ "ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ॥ ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥" ਦੇ ਹਵਾਲੇ ਨਾਲ ਬਚਪਨੇ ਵਿਚ ਨਿੱਕੀਆਂ ਜਿਹੀਆਂ ਕੋਮਲ ਲੱਤਾਂ ਦਾ ਸੁਡੌਲ ਤੇ ਮਜਬੂਤ ਹੋ ਕੇ ਜੀਵਨ-ਸਫਰ ਦੇ ਅਣਥੱਕ ਸੰਗੀ ਬਣਨ ਤੋਂ ਬਾਅਦ ਬੁਢਾਪੇ ਵਿਚ ਕਮਜੋਰ ਤੇ ਨਿਤਾਣੀਆਂ ਬਣਨ ਦੇ ਸਫਰ ਦੀ ਗੱਲ ਕੀਤੀ ਸੀ। ਪਿਛਲੇ ਲੇਖ ਵਿਚ ਉਨ੍ਹਾਂ ਬੰਦੇ ਦੇ ਪੈਰਾਂ ਦੀ ਵਾਰਤਾ ਸੁਣਾਉਂਦਿਆਂ ਕਿਹਾ ਸੀ ਕਿ ਸੋਚ ਸਮਝ ਕੇ ਪੈਰ ਟਿਕਾਉਣ ਵਾਲੇ ਲੋਕ ਸਾਬਤ ਕਦਮੀਂ ਤੁਰਦੇ, ਮੁਸ਼ਕਲਾਂ ਨਾਲ ਬਰ ਮੇਚਦੇ, ਸਫਲਤਾ ਦਾ ਨਵਾਂ ਵਰਕਾ ਬਣਦੇ। ਹਥਲੇ ਲੇਖ ਵਿਚ ਉਨ੍ਹਾਂ ਮੁੱਖੜੇ ਦੇ ਬਹੁਤ ਸਾਰੇ ਰੂਪ ਕਿਆਸੇ ਹਨ, ਮੁੱਖੜਾ ਹੱਸਮੁੱਖ, ਮੁੱਖੜਾ ਚਿੜਚਿੜਾ। ਮੁੱਖੜਾ ਖੁਸ਼-ਮਿਜ਼ਾਜ, ਮੁੱਖੜਾ ਰੋਂਦੂ। ਮੁੱਖੜਾ ਟਹਿਕਦਾ, ਮੁੱਖੜਾ ਬੁੱਸਕਦਾ। ਮੁੱਖੜਾ ਤ੍ਰੇਲ ਧੋਤਾ, ਮੁੱਖੜਾ ਹੰਝ ਪਰੋਤਾ। ਮੁੱਖੜਾ ਸੱਜਰੀ ਸਵੇਰ, ਮੁੱਖੜਾ ਉਤਰਦਾ ਹਨੇਰ। ਮੁੱਖੜਾ ਮਾਣ ਤੇ ਮੁੱਖੜਾ ਲਾਚਾਰਗੀ। ਜਦ 'ਏਕ ਚਿਹਰੇ ਪੇ ਹਜਾਰ ਚਿਹਰੇ ਸਜਾ ਲੇਤੇ ਹੈਂ ਲੋਕ' ਦੀ ਧੁਨ ਫਿਜ਼ੀ ਵਿਚ ਗੂੰਜਦੀ ਤਾਂ ਸੰਵੇਦਨਾ ਮੁਰਝਾ ਜਾਂਦੀ? -ਸੰਪਾਦਕ*

ਮੁੱਖੜਾ ਸਰੀਰ ਦਾ ਸਭ ਤੋਂ ਅਜ਼ੀਮ, ਅਹਿਮ ਅਤੇ ਅਹਿਲਾ ਅੰਗ, ਮਨੁੱਖੀ ਮੁਹਾਂਦਰਾ, ਸ਼ਖਸੀਅਤ ਦੇ ਦੀਦਾਰੇ ਅਤੇ ਰੌਸ਼ਨ ਆਭਾ ਦੇ ਝਲਕਾਰੇ। ਮੁੱਖੜਾ ਮਨ ਦਾ ਸ਼ੀਸ਼ਾ, ਅੰਤਰੀਵ ਦਾ ਪ੍ਰਗਟਾਵਾ, ਭਾਵਨਾਵਾਂ ਦਾ ਇਜ਼ਹਾਰ ਅਤੇ ਦਿੱਖ ਵਿਚਲਾ ਦ੍ਰਿਸ਼ਟੀਕੋਨ।

ਮੁੱਖੜੇ ਦੇ ਕਈ ਰੂਪ ਤੇ ਰੰਗ। ਇਹ ਰੰਗ ਕੌਮੀਅਤ, ਇਲਾਕੇ, ਜੀਨਜ਼, ਸਭਿਅਤਾ ਅਤੇ ਸਮਾਜਿਕ ਸਰੋਕਾਰਾਂ 'ਤੇ ਨਿਰਭਰ ਕਰਦੇ। ਗੋਰਾ-ਨਿਛੋਹ, ਭੂਰਾ, ਤਾਂਬੇ ਰੰਗਾ, ਸਾਂਵਲਾ, ਕਾਲਾ, ਗੰਧਮੀ ਆਦਿ ਕਈ ਰੰਗਾਂ ਦੇ ਮੁੱਖੜੇ। ਪਰ ਮੁੱਖੜੇ ਦਾ ਰੰਗ ਨਹੀਂ ਸਗੋਂ ਦੇਖਣ ਵਾਲੀ ਅੱਖ ਵਿਚਲਾ ਸੁਹੱਪਣ ਹੁੰਦਾ ਜੋ ਮੁੱਖੜੇ ਵਿਚੋਂ ਮੋਹ-ਮੁਹੱਬਤ ਦਾ ਚਸ਼ਮਾ, ਮਮਤਾਈ ਜਲਧਾਰਾ ਜਾਂ ਕੁਰੱਖਤਾ ਨੂੰ ਮਹਿਸੂਸਦਾ।

ਮੁੱਖੜੇ ਦਾ ਰੂਪ, ਸੰਭਾਵੀ ਪਛਾਣ। ਗੋਰੇ, ਕਾਲੇ, ਚੀਨੀ, ਯੂਰਪੀ, ਏਸ਼ੀਆਈ ਆਦਿ ਵੱਖ-ਵੱਖ ਕੌਮੀਅਤਾਂ ਦੇ ਲੋਕਾਂ ਨੂੰ ਉਨ੍ਹਾਂ ਦੇ ਚਿਹਰਿਆਂ ਵਿਚੋਂ ਕੁਝ ਹੱਦ ਤੱਕ ਪਛਾਣ ਸਕਦੇ ਹੋ।

ਮੁੱਖੜਾ ਜਿਥੇ ਮਨੁੱਖ ਦਾ ਮਸਤਕ ਦੁਆਰ ਏ ਉਥੇ ਉਹ ਅੱਖਾਂ, ਭਰਵੱਟੇ, ਨੱਕ, ਮੂੰਹ, ਮੁੱਛਾਂ, ਠੋਡੀ, ਦਾਹੜੀ ਦਾ ਵੀ ਰੈਣ ਬਸੇਰਾ। ਇਨ੍ਹਾਂ ਅੰਗਾਂ ਦੀ ਸੁਨੱਖੀ ਤੇ ਸਮਰੂਪ ਹੋਂਦ ਹੀ ਮੁੱਖੜੇ ਨੂੰ ਸੁਹੱਪਣ ਪ੍ਰਦਾਨ ਕਰਦੀ।



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 1-216-556-2080

ਮੁੱਖੜਾ ਮਾਨਸਿਕ ਅਵਸਥਾ ਦਾ ਪੈਮਾਨਾ। ਖੁਸ਼ੀ ਵਿਚ ਨੂਰੋ-ਨੂਰ, ਉਦਾਸੀ ਵਿਚ ਪਲਿੱਤਣ ਭਾਰੂ, ਨਿਰਾਸ਼ਾ ਵਿਚ ਉਤਰਿਆ ਹੋਇਆ ਜਦ ਕਿ ਸਫਲਤਾ-ਸਨਮਾਨ ਮੌਕੇ ਚੜ੍ਹਦੀ ਕਲਾ ਦਾ ਪ੍ਰਤੀਕ, ਮਿਲਾਪ ਸਮੇਂ ਮੋਹ-ਤਰੰਗਾ, ਵਿਛੋੜੇ ਵੇਲੇ ਮੁੱਖ ਤੋਂ ਉਡਦੀਆਂ ਹਵਾਈਆਂ, ਪੀੜਾ 'ਚ ਪਸੀਜਦਾ ਅਤੇ ਹਾਸੇ ਮੌਕੇ ਹੁਲਾਸ-ਮਈ।

ਮੁੱਖੜਾ ਪੜ੍ਹਨਾ, ਮਨੁੱਖੀ ਸੁਭਾਅ ਦੀਆਂ ਪਰਤਾਂ ਫਰੋਲਣਾ, ਆਦਤਾਂ ਦੀ ਚੀਰ-ਫਾੜ ਅਤੇ ਮਾਨਵੀ ਗੁਣਾਂ ਦੀ ਫੋਲਾ-ਫਰਾਲੀ। ਮੁੱਖੜੇ ਦੀਆਂ ਕਈ ਪਰਤਾਂ। ਕਈ ਵਾਰ ਸੋਹਣੇ ਮੁੱਖੜਿਆਂ 'ਚ ਛੁਪੀਆਂ ਸ਼ਰਾਰਤਾਂ, ਹੁਸੀਨ ਚਿਹਰਿਆਂ 'ਤੇ ਕੋਝਾਪਣ ਅਤੇ ਚਮਕਦੇ ਮੁੱਖੜਿਆਂ ਦੀ ਜੂਹ ਵਿਚ ਪਸਰਿਆ ਹਨੇਰਾ ਜੋ ਫਰੇਬ, ਮੱਕਾਰੀ ਤੇ ਮਖੌਟਾਧਾਰੀਆਂ ਦੀ ਪੁਸ਼ਤ-ਪਨਾਹੀ ਕਰਦਾ। ਮੁੱਖੜੇ 'ਚੋਂ ਡਲ੍ਹਕਦਾ ਨੂਰ, ਅਕੀਦਤ। ਇਸ ਦੀ ਇਬਾਦਤ ਵਿਚੋਂ ਸੁੱਖਨ ਤੇ ਸਹਿਜ ਦਾ ਪਰਸ਼ਾਦ ਅਤੇ ਸਹਿਹੋਂਦ ਤੇ ਸਹਿਯੋਗ ਵਿਚੋਂ ਮਾਨਵੀ ਗੁਣਾਂ ਦਾ ਝੁੰਗਾ। ਅਜਿਹੇ ਚਿਹਰੇ ਇਨਸਾਨੀਅਤ ਦਾ ਮਾਣ ਅਤੇ ਗੁਰੂਆਂ, ਪੀਰਾਂ, ਸ਼ਹੀਦਾਂ ਤੇ ਕਰਮਯੋਗੀਆਂ ਦਾ ਸਨਮਾਨ।

ਕਦੇ ਕਦਾਈਂ ਕਰੂਪ ਮੁੱਖੜੇ ਵਿਚੋਂ ਜਦ ਬੰਦਿਆਈ ਦਾ ਸੇਕ ਨਿਕਲਦਾ ਹੋਵੇ ਤਾਂ ਇਸ ਦਾ ਸੁਹੱਪਣ ਕਈ ਸਦੀਆਂ ਸੰਵਾਰ ਜਾਂਦਾ।

ਮੁੱਖੜੇ ਦਾ ਰੰਗ, ਰੂਪ, ਨੈਣ-ਨਕਸ਼ ਮਾਪਿਆਂ ਦੀ ਦੇਣ। ਪਰ ਸ਼ਕਲ ਵਿਚੋਂ ਖੂਬਸੂਰਤ ਸੀਰਤ ਉਗਾਉਣੀ, ਰੰਗ ਵਿਚੋਂ ਖੂਬਸੂਰਤੀ ਉਪਜਾਉਣੀ ਅਤੇ ਨੈਣ-ਨਕਸ਼ਾਂ ਵਿਚੋਂ ਮਾਨਵੀ ਅਕੀਦਿਆਂ ਦੀ ਇਬਾਰਤ ਬਣਨਾ ਤਾਂ ਮਨੁੱਖ ਦੇ ਵੱਸ ਹੁੰਦਾ। ਦਰਅਸਲ ਬਾਹਰੀ ਚਿਹਰਾ ਮਖੌਟਾ ਹੁੰਦਾ ਅਤੇ ਚਿਹਰੇ ਦੇ ਅੰਦਰ ਛੁਪਿਆ ਚਿਹਰਾ ਹੀ ਅਸਲੀ ਚਿਹਰਾ। ਬਾਹਰੀ ਚਿਹਰਾ ਕੁਦਰਤ ਦੀ ਦੇਣ ਜਦ ਕਿ ਅੰਦਰਲਾ ਚਿਹਰਾ ਮਨੁੱਖੀ ਕਮਾਈ।

ਜਦ ਕੋਈ ਮੁੱਖੜੇ ਉਤੇ ਨਿਜੀ ਮੁਫਾਦ ਅਨੁਸਾਰ ਮਖੌਟੇ ਪਹਿਨਣ ਲੱਗ ਪਵੇ ਤਾਂ ਉਸ ਦੇ ਅੰਦਰਲਾ ਮਨੁੱਖ ਮਰ ਜਾਂਦਾ ਅਤੇ ਉਹ ਹੈਵਾਨ ਹੋ ਜਾਂਦਾ ਹੈ। ਅਜੋਕੇ ਵਕਤਾਂ ਦਾ ਕੇਹਾ ਸੱਚ ਹੈ ਕਿ ਅਸੀਂ ਹਾਂ ਮਖੌਟਾਧਾਰੀ। ਆਪਣੀ ਅਸਲੀਅਤ ਤੋਂ ਡਰਦੇ, ਕਮੀਨਗੀ, ਜਲਾਲਤ, ਕੋਝ ਅਤੇ ਕਰੂਰਤਾ ਨੂੰ ਲੇਪਣਾਂ ਨਾਲ ਲੁਕਾਉਂਦੇ ਅਤੇ ਸੁੱਚੇ ਹੋਣ ਦਾ ਭਰਮ ਉਪਜਾਉਂਦੇ। ਸੱਚ ਤੋਂ ਡਰਦੇ ਲੋਕ, ਹਰ ਰੋਜ਼ ਆਪਣੇ ਹੀ ਸਾਹਾਂ ਦੀ ਸੂਲੀ ਚੜ੍ਹਦੇ।

ਮੁੱਖੜੇ ਵਿਚੋਂ ਮੋਹ-ਵੰਤੀ ਆਭਾ ਝੱਲਕਦੀ ਤਾਂ ਇਹ ਪਿਆਰ-ਛੋਹਾਂ ਲੋਚਦਾ, ਗਲ ਲੱਗਣ ਨੂੰ ਅਹੁਲਦਾ, ਆਪਣੇ ਦੇ ਸਪਰਸ਼ ਵਿਚੋਂ ਚੁੰਬਕੀ-ਤਰੰਗਾਂ ਮਾਣਦਾ ਅਤੇ ਜੀਵਨ-ਪਿੰਡੇ 'ਤੇ ਸੂਹੀ ਫੁਲਕਾਰੀ ਤਾਣਦਾ।

ਮਾਂ ਜਦ ਆਪਣੇ ਲਾਡਲੇ ਦਾ ਮੁੱਖੜਾ ਪਲੋਸਦੀ, ਮੁੱਖੜੇ ਨੂੰ ਗੋਦ ਵਿਚ ਲੈ ਕੇ ਚੁੰਮਦੀ-ਚੱਟਦੀ ਤਾਂ ਰੱਬ ਵੀ ਉਸ ਦੀ ਪਰਿਕਰਮਾ ਕਰਦਾ ਅਤੇ ਇਸ ਪਿਆਰ-ਪਰੁੱਚੇ ਪਲਾਂ ਰਾਹੀਂ ਆਪਣੇ ਆਪ ਨੂੰ ਵਿਸਥਾਰਦਾ। ਮਾਂ ਲਈ ਮੁੱਖੜੇ ਦੇ ਸੁਹੱਪਣ ਦੇ ਅਸੀਮ ਅਰਥ ਪਰ ਉਸ ਲਈ ਬੱਚਾ ਅਹਿਮ। ਮਾਂ, ਮਨੁੱਖ ਦੀ ਹੋਵੇ, ਜਾਨਵਰਾਂ, ਪਸ਼ੂ-ਪੰਛੀਆਂ ਦੀ ਹੋਵੇ ਜਾਂ ਧਰਤ, ਜਗਤ ਮਾਂ ਹੋਵੇ।

ਆਪਣੇ ਜਵਾਨ ਪੁੱਤ ਦੇ ਸਿਰ ਸੱਜਿਆ ਚੀਰਾ ਤੇ ਸੋਂਹਦਾ ਸਿਹਰਾ, ਨਵੀਂ ਸੁਰੂਆਤ ਦਾ ਸ਼ੁਭ ਆਗਮਨ। ਮਾਪਿਆਂ ਵਲੋਂ ਆਪਣੀ ਲਾਡਲੀ ਦੇ ਚਿਹਰੇ ਨੂੰ ਹੱਥਾਂ 'ਚ ਲੈ ਕੇ ਹੰਝੂ ਪੂੰਝਣਾ ਅਤੇ ਭਿੱਜੇ ਦੀਦਿਆਂ ਨਾਲ ਵਿਦਾ ਕਰਨਾ, ਅਲਵਿਦਾਇਗੀ ਦਾ ਦਰਦ ਪਰ ਅੰਤਰੀਵ ਵਿਚ ਨਵਾਂ ਘਰ ਵਸਾਉਣ ਦੀ ਖੁਸ਼ੀ ਅਤੇ ਜੀਵਨ 'ਚ ਚਾਨਣੀ ਰੰਗ ਮਾਣਨ ਦੀ ਕਾਮਨਾ ਭਾਰੂ।

ਸੋਹਣੇ ਮੁੱਖੜੇ ਨੂੰ ਨਿਹਾਰਨ ਦਾ ਆਪਣਾ ਵਜਦ ਤੇ ਮਸਤੀ। ਇਹ ਮਾਪਿਆਂ, ਪਤਨੀ, ਭੈਣ-ਭਰਾ, ਪ੍ਰੇਮਿਕਾ ਵਲੋਂ ਹੋਵੇ ਜਾਂ ਨਵੀਂ ਪਹਿਲਕਦਮੀ, ਪ੍ਰਾਪਤੀ ਜਾਂ ਪਲੇਠੇ ਉਦਮ ਨੂੰ ਮਿੱਤਰ-ਪਿਆਰਿਆਂ ਵਲੋਂ ਮਿਲਿਆ-ਮਾਣ ਹੋਵੇ। ਨਿਹਾਰਦੇ ਸਮੇਂ ਅਸੀਂ ਮੁੱਖੜੇ ਰਾਹੀਂ ਉਸ ਦੇ ਮਨ-ਧਰਾਤਲ 'ਚ ਉਤਰਦੇ, ਉਸ 'ਚ ਪੈਦਾ ਹੋ ਰਹੀਆਂ ਤਬਦੀਲੀਆਂ, ਉਥਲ-ਪੁਥਲ ਜਾਂ ਗਿਣਤੀਆਂ-ਮਿਣਤੀਆਂ ਵਿਚੋਂ ਸਮੁੱਚਾ ਬਿੰਬ ਉਲੀਕਦੇ ਅਤੇ ਸੋਚ-ਜੂਹ ਵਿਚੋਂ ਸੰਭਾਵੀ ਨਤੀਜਿਆਂ ਨੂੰ ਤਸਦੀਕਦੇ।

ਮੁੱਖੜੇ 'ਤੇ ਚਿੰਤਾ ਦੀਆਂ ਲਕੀਰਾਂ ਉਗਦੀਆਂ ਤਾਂ ਇਹ ਮਨੁੱਖ 'ਚੋਂ ਗੁੰਮ ਰਹੀ ਮਨੁੱਖਤਾ, ਕੁਦਰਤ ਤੋਂ ਦੂਰੀ, ਕੁਦਰਤੀ ਨਿਆਮਤਾਂ ਦੀ ਬੇ-ਅਦਬੀ ਅਤੇ ਰੋਬੋਟ ਬਣੇ ਮਾਨਵ ਦੀ ਵਿਨਾਸ਼ਕਾਰੀ ਬਿਰਤੀ ਕਰਕੇ ਪੈਦਾ ਹੋਈ ਫਿਕਰਮੰਦੀ ਕਾਰਨ, ਚਿੰਤਨ ਤੇ ਚੇਤਨਾ ਦੇ ਸੁਮੇਲ ਰਾਹੀਂ ਕੁਝ ਚੰਗੇਰਾ ਤੇ ਸਾਰਥਿਕ ਸਿਰਜਣ ਦੇ ਆਹਰ ਵਿਚ ਰੁੱਝਦੀਆਂ।

ਮੁੱਖੜੇ ਦੀਆਂ ਰੇਖਾਵਾਂ, ਮਨੁੱਖ ਲਈ ਮਾਨਵਤਾ ਦਾ ਸਫਰ ਹੋਣ ਤਾਂ ਇਨ੍ਹਾਂ ਵਿਚ ਸੁਖਾਵਾਂਪਣ, ਸਹਿਜ ਅਤੇ ਸੁੰਦਰਤਾ ਦਾ ਵਾਸਾ ਹੁੰਦਾ। ਜੇ ਭਟਕਣਾ ਹੋਵੇ ਤਾਂ ਖੁਦ ਤੋਂ ਦੂਰੀ ਅਤੇ ਸਰਪਟ ਦੌੜ ਦੀ ਹੌਂਕਣੀ।

ਮੁੱਖੜਾ ਸੁੰਦਰਤਾ, ਸਵਰੂਪ, ਸੂਰਤ, ਸੂਰਜ, ਸਿਆਣਪ, ਸੁਖਮਤਾ, ਸਦ-ਭਾਵਨਾ ਅਤੇ ਸਦਾ-ਬਹਾਰ ਖੇੜਿਆਂ ਦੀ ਕਰਮ ਭੂਮੀ ਹੋਵੇ ਤਾਂ ਜੀਵਨ ਦੇ ਹਰ ਪਲ ਨੂੰ ਮਾਣਨ ਵਿਚ ਲੱਜਤ, ਹਰ ਰੰਗ 'ਚ ਨਿਵੇਕਲਾਪਣ, ਹਰ ਪਹਿਰ ਵਿਚ ਜਿਉਣ-ਹੁਲਾਸ, ਹਰ ਮੋੜ 'ਤੇ ਮਿਲਦੀ ਆਸ, ਪੈਰਾਂ ਵਿਚ ਸਫਰ ਦਾ ਚਾਅ ਅਤੇ ਬੋਲਾਂ ਵਿਚ ਸੁਗਮੀ ਸਦਾਅ।

ਮੰਗਵੇਂ ਮੁੱਖੜੇ ਵਾਲੇ ਲੋਕ ਵਿਕਾਊ। ਵਿਕਣ ਕਾਰਨ ਹੀ ਮੁੱਖੜੇ ਦੀ ਇਬਾਦਤ ਵਿਚੋਂ ਮਨਫੀ ਨੇ ਅਰਥ। ਭਲਾ! ਅਰਥ ਵਿਹੂਣੇ ਵਰਤਾਰੇ ਨੂੰ ਕੀ ਨਾਮ ਦਿਓਗੇ?

ਮੁੱਖੜਾ ਹੱਸਮੁੱਖ, ਮੁੱਖੜਾ ਚਿੜਚਿੜਾ। ਮੁੱਖੜਾ ਖੁਸ਼-ਮਿਜਾਜ, ਮੁੱਖੜਾ ਰੋਂਦੂ। ਮੁੱਖੜਾ



ਟਹਿਕਦਾ, ਮੁੱਖੜਾ ਬੁੱਸਕਦਾ। ਮੁੱਖੜਾ ਤ੍ਰੇਲ ਧੋਤਾ, ਮੁੱਖੜਾ ਹੰਝ ਪਰੋਤਾ। ਮੁੱਖੜਾ ਸੱਜਰੀ ਸਵੇਰ, ਮੁੱਖੜਾ ਉਤਰਦਾ ਹਨੇਰ। ਮੁੱਖੜਾ ਦੁੱਧ ਦਾ ਕਟੋਰਾ, ਮੁੱਖੜਾ ਕਾਂਜੀ ਦਾ ਕਸੋਰਾ। ਮੁੱਖੜਾ ਗੱਲਾਂ ਦੇ ਸ਼ਗੂਫੇ, ਮੁੱਖੜਾ ਚੁੱਪ ਦੇ ਫਲੂਸੇ। ਮੁੱਖੜਾ ਬਹਾਰ, ਮੁੱਖ ਉਜਾੜ। ਮੁੱਖੜਾ ਚਿਰਾਗ, ਮੁੱਖੜਾ ਵੈਰਾਗ। ਮੁੱਖੜਾ ਸਾਊ, ਮੁੱਖੜਾ ਸ਼ਰਾਰਤੀ। ਮੁੱਖੜਾ ਨਿਰਲੇਪ, ਮੁੱਖੜਾ ਸੁਆਰਥੀ। ਮੁੱਖੜਾ ਸਾਂਝ, ਮੁੱਖੜਾ ਖੁਦਗਰਜੀ। ਮੁੱਖੜਾ ਮਾਣ ਤੇ ਮੁੱਖੜਾ ਲਾਚਾਰਗੀ।

ਅੰਬਰ ਵਰਗੇ ਮੁੱਖੜੇ 'ਤੇ ਸੂਰਜੀ-ਲੋਅ, ਤਾਰਿਆਂ ਦਾ ਜਲੌਅ ਅਤੇ ਚੰਦਰਮਾ ਦੇ ਟਿੱਕੇ ਦਾ ਲਗਨ, ਹੁੰਦਾ ਏ ਨਵੀਆਂ ਸੋਚਾਂ, ਸੁਪਨਿਆਂ, ਸੱਧਰਾਂ ਅਤੇ ਸਾਰਥਿਕਤਾ ਦਾ ਸੰਗਮ। ਮਸਤਕ ਵਿਚ ਜਦ ਚਾਨਣ ਦੀ ਕਲਮ ਲਾਈ ਜਾਂਦੀ ਤਾਂ ਰੌਸ਼ਨੀ ਦਾ ਬਿਰਖ ਮੌਲਦਾ ਜਿਸ ਦੀ ਸੰਗਤ ਮਾਣਨ ਲਈ ਹਰ ਅਜ਼ੀਜ਼ ਕਾਹਲਾ।

ਮੁੱਖੜੇ ਦੀ ਅਹਿਮੀਅਤ ਨੂੰ ਜੀਵਨ-ਜਾਚ ਨਾਲ ਜੋੜ ਕੇ ਦੇਖਿਆ ਜਾਵੇ ਤਾਂ ਇਸ ਦੇ ਵਸੀਹ ਅਰਥ ਸਾਹਮਣੇ ਆਉਂਦੇ ਹਨ। ਗੁਰਬਾਣੀ ਦੇ ਫੁਰਮਾਨ "ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ" ਨੂੰ ਜੇਕਰ ਅਸੀਂ ਆਪਣੇ ਅੰਤਰ-ਆਤਮਾ ਵਿਚ ਵਸਾ ਲਈਏ ਤਾਂ ਜੀਵਨ ਦਾ ਮੁੱਖੜਾ ਨਿਖਰ ਆਵੇਗਾ।

ਕਈ ਮੁੱਖੜਿਆਂ ਤੋਂ ਜਦ ਨਕਾਬ ਉਤਰਦੀ ਤਾਂ ਬਹੁਤ ਕੁਝ ਬੇਪਰਦ ਹੁੰਦਾ ਜੋ ਪਾਕੀਜ਼ਗੀ ਨੂੰ ਲੀਰਾਂ ਕਰ, ਇਕ ਨਮੋਸ਼ੀ ਸਮਾਜ ਦੇ ਨਾਂਵੇਂ ਕਰ ਦਿੰਦਾ। ਸੁੰਦਰ ਮੁੱਖੜਿਆਂ 'ਤੇ ਤੇਜ਼ਾਬ ਜਾਂ ਅੱਗਾਂ ਰਾਹੀਂ ਕਰੂਪਤਾ ਉਪਜਾਉਣ ਵਾਲੇ ਕਮੀਨੇ ਲੋਕ। ਖੂਬਸੂਰਤੀ ਸਾਹਵੇਂ ਆਪਣੇ ਮਨ ਦੀ ਬਦਸੂਰਤੀ ਦਿਖਾਉਣਾ, ਉਨ੍ਹਾਂ ਦੀ ਕਾਇਰਤਾ ਜੋ ਉਨ੍ਹਾਂ ਦੀ ਬਣ ਜਾਂਦੀ ਸੱਭਰ-ਸਬੂਰੀ।

ਬੀਬੇ ਮੁੱਖੜੇ 'ਤੇ ਮਾਸੂਮੀਅਤ, ਕੋਮਲਤਾ, ਸਫਾਫਪੁਣਾ ਅਤੇ ਸਾਦਗੀ ਦਾ ਸੁਹੱਪਣ। ਇਸ ਕਰਕੇ ਬੀਬੇ ਚਿਹਰਿਆਂ ਵਾਲੇ ਵਿਅਕਤੀ ਉਚੇ ਰੁੱਤਬਿਆਂ ਦਾ ਮਾਣ ਬਣਦੇ। ਬੀਬੀਆਂ ਦਾਹੜੀਆਂ ਅਤੇ ਬੀਬੇ ਮੁਹਾਂਦਰੇ ਵਾਲਿਆਂ ਦਾ ਸੁੱਚੀ ਜਿੰਦਗੀ ਜਿਉਣ ਦੇ ਅਰਥ ਕਮਾਉਣਾ ਹੀ ਉਨ੍ਹਾਂ ਦਾ ਸਰਮਾਇਆ।

ਕਦੇ ਆਪਣੇ ਚਿਹਰੇ ਨੂੰ ਸ਼ੀਸ਼ੇ 'ਚੋਂ ਪੜ੍ਹਨਾ। ਇਸ ਦਾ ਅਨੁਵਾਦ ਤੇ ਅਰਥ ਕਰਨਾ। ਫਿਰ ਪਤਾ ਲੱਗੇਗਾ ਕਿ ਤੁਹਾਡੀ ਕਹਿਣੀ ਤੇ ਕਥਨੀ ਵਿਚ ਕਿੰਨਾ ਕੁ ਫਰਕ ਏ, ਅੰਦਰਲੀ ਚੁੱਪ ਅਤੇ ਬਾਹਰੀ ਬੋਲ-ਬਾਣੀ ਦਾ ਕੀ ਅੰਤਰ ਹੈ ਜਾਂ ਤੁਹਾਡੇ ਲਈ ਸੁਖਸ਼ੀ ਤੇ ਸਮਾਜੀ ਸਰੋਕਾਰਾਂ ਦੇ ਕੀ ਅਰਥ ਨੇ?

ਜਦ 'ਏਕ ਚਿਹਰੇ ਪੇ ਹਜਾਰ ਚਿਹਰੇ ਸਜਾ ਲੇਤੇ ਹੈਂ ਲੋਕ' ਦੀ ਧੁਨ ਫਿਜ਼ੀ ਵਿਚ ਗੂੰਜਦੀ ਤਾਂ ਸੰਵੇਦਨਾ ਮੁਰਝਾ ਜਾਂਦੀ? ਯਾਦ ਰੱਖਣਾ! ਹੱਸਦੇ ਚਿਹਰੇ 'ਚ ਰਿਸ ਸਕਦੀ ਏ ਪੀੜਾ, ਖਾਮੋਸ਼ ਚਿਹਰਿਆਂ ਦੇ ਅੰਤਰੀਵ 'ਚ ਮੱਚ ਸਕਦੀ ਏ ਖਲਬਲੀ, ਚਾਨਣ ਵੰਡਦੇ ਮੁੱਖੜਿਆਂ ਵਿਚ ਛੁਪਿਆ ਹੋ ਸਕਦਾ ਏ ਹਨੇਰ ਅਤੇ ਪੈੜਾਂ ਨਿਹਾਰਦੇ ਮੁੱਖੜੇ ਦੇ ਗਵਾਚ ਸਕਦੇ ਨੇ ਨਕਸ਼। ਦੁਆਵਾਂ ਮੰਗਦੇ ਚਿਹਰਿਆਂ ਦੀ ਝੋਲੀ 'ਚ ਕੋਈ ਨਹੀਂ ਪਾਉਂਦਾ ਖੈਰ ਅਤੇ ਆਪਣੇ ਵਿਚੋਂ ਹੀ ਤਲਾਸ਼ਣਾ ਪੈਂਦਾ ਏ ਖੁਦਾ ਰੂਪੀ ਪਹਿਰ।

ਖੁਦ ਦਾ ਮੁੱਖੜਾ ਸੰਵਾਰਨ, ਨਿਖਾਰਨ ਅਤੇ ਨਿਹਾਰਨ ਵਾਲਿਓ! ਕਦੇ ਸਮਾਜ ਨੂੰ ਸ਼ੀਸ਼ੇ ਵਿਚੋਂ ਤੱਕਿਆ ਏ, ਪੌਣ ਦੀ ਪੀੜਾ ਨੂੰ ਹੰਢਾਇਆ ਏ? ਕਦੇ ਤਿੜਕਦੇ ਰਿਸ਼ਤਿਆਂ, ਸਿਸਕਦੇ ਸਬੰਧਾਂ, ਵਿਲਕਦੀਆਂ ਸਾਂਝਾਂ, ਡਰਦੀਆਂ ਦੁਆਵਾਂ, ਡੁੱਬਦੀਆਂ ਆਸ਼ਾਵਾਂ, ਚੀਖਦੇ ਦਰਿਆਵਾਂ, ਧਰਤ ਮਾਂ ਦੀਆਂ ਆਹਾਂ, ਡੌਲਿਓਂ ਟੁੱਟੀਆਂ ਬਾਹਾਂ ਅਤੇ ਕੁੱਖਾਂ 'ਤੇ ਪੈਂਦੀਆਂ ਬਲਾਵਾਂ ਬਾਰੇ ਮਨ ਦੇ ਚਿੱਤਰਪਟ 'ਤੇ ਕੁਝ ਚਿਤਵਿਆ ਏ? ਇਸ ਕਰੂਹਜ ਅਤੇ ਮਲੀਨਤਾ ਨੂੰ ਧੋਣ ਲਈ ਸੁਪਨਾ ਲਿਆ ਏ, ਕਿਸੇ ਤਦਬੀਰ ਦਾ ਦਰ ਖੜਕਾਇਆ ਏ ਜਾਂ ਆਪਣੀ ਹੋਣੀ ਦੀ ਉਡੀਕ ਵਿਚ ਸਾਹਾਂ 'ਚ ਸਿਵੇ ਹੀ ਬਾਲ ਰਹੇ ਹੋ?

ਕਦੇ ਬਿਮਾਰੀ ਦੇ ਭੰਨੇ, ਗਰੀਬੀ ਦੇ ਲਤਾੜੇ, ਖੁਦਕੁਸ਼ੀਆਂ 'ਚ ਉਜਾੜੇ, ਆਪਣਿਆਂ ਦੀ ਉਡੀਕ ਦੇ ਮਾਰੇ, ਅੱਖਰ-ਗਿਆਨ ਤੋਂ ਵਾਂਝੇ, ਪਿਆਰਿਆਂ ਤੋਂ ਵਿਛੜੇ, ਸੂਲੀ 'ਤੇ ਚੜ੍ਹਾਏ ਗਏ, ਮੌਤ ਤਾਂਘਦੇ ਜਾਂ ਜਿਉਣਾ ਲੋਚਦੇ ਵਿਅਕਤੀਆਂ ਨੂੰ ਤੱਕਣਾ, ਤੁਹਾਨੂੰ ਚਿਹਰੇ ਦੇ ਵਿਕਰਾਲ ਰੂਪਾਂ ਦਾ ਚਾਨਣ ਹੋਵੇਗਾ। ਮੁੱਖੜੇ ਦੇ ਹਾਵਭਾਵ ਬਹੁਤ ਕੁਝ ਅਣਕਿਹਾ ਕਹਿ ਜਾਂਦੇ ਜਿਨ੍ਹਾਂ ਨੂੰ ਬੋਲ ਨਾ ਮਿਲਦੇ। ਅਜਿਹਾ ਸਮਝਾ ਜਾਂਦੇ ਜਿਸ ਬਾਰੇ ਅਜੋਕੀਆਂ ਸਿਆਣਪਾਂ ਉਣੀਆਂ ਅਤੇ ਅਜਿਹੀ ਸੋਝੀ ਦਿੰਦੇ ਜਿਹੜੀ ਕਿਸੇ ਕਿਤਾਬ 'ਚ ਨਹੀਂ।

ਖਾਮੋਸ਼ ਮੁੱਖੜੇ 'ਤੇ ਪਾਬੰਦੀਆਂ, ਪਹਿਰੇ, ਪਾਪ, ਪੀੜਾ ਤੇ ਪਸ਼ਚਾਤਾਪ ਪਰਿਕਰਮਾ ਕਰਦੇ, ਸਾਹਾਂ ਦੀ ਸੰਘੀ ਨੱਪਦੇ ਅਤੇ ਜਿਉਣ ਲਈ ਨਾਬਰ ਆਸਥਾ ਨੂੰ ਲੀਰੋ ਲੀਰ ਕਰਦੇ। ਪਰ ਜਦ ਸੋਚ ਵਿਚ ਸੂਰਜ, ਸਾਹ ਵਿਚ ਦਮ, ਲੱਤਾਂ ਵਿਚ ਤਾਣ ਅਤੇ ਪੈਰਾਂ ਵਿਚ ਕਦਮ ਧਰਨ ਦੀ ਚਾਹਨਾ ਹੋਵੇ ਤਾਂ ਮੰਜ਼ਲਾਂ ਧਾਹ ਕੇ ਮਿਲਦੀਆਂ।

ਮੁੱਖੜੇ 'ਤੇ ਘਰਾਲਾਂ, ਵਿਛੋੜੇ ਦਾ ਦਰਦ, ਰਾਤ ਨੂੰ ਸਿਲਵਟਾਂ 'ਚ ਉਲਝੀ ਨੀਂਦ, ਤਨ-ਮਨ ਦੀ ਪੀੜਾ, ਪ੍ਰਦੇਸੀ ਪੁੱਤ ਦੀ ਬੇਆਸ ਉਡੀਕ ਅਤੇ ਸੱਖਣੇ ਘਰ ਦਾ ਵੱਢ ਵੱਢ ਖਾਂਦਾ ਸੰਤਾਪ ਹੀ ਨੈਣਾਂ ਵਿਚਲਾ ਬੇਕਾਬੂ ਹੋਇਆ ਖਾਰਾ ਪਾਣੀ ਹੁੰਦਾ।


ਬਚਪਨ 'ਚ ਮੁੱਖੜੇ 'ਤੇ ਕੋਈ ਲਕੀਰ/ਝੁਰੜੀ ਨਹੀਂ ਹੁੰਦੀ। ਉਮਰ ਵੱਧਣ ਨਾਲ ਮੁੱਖ 'ਤੇ ਕਰਮ-ਰੇਖਾਵਾਂ ਵੀ ਉਗਦੀਆਂ ਅਤੇ ਝੁਰੜੀਆਂ ਵੀ ਮੁੱਖੜੇ ਨੂੰ ਆਪਣੀ ਕਰਮ ਭੂਮੀ ਬਣਾ ਲੈਂਦੀਆਂ। ਇਨ੍ਹਾਂ ਝੁਰੜੀਆਂ ਦੇ ਓਹਲੇ ਵਿਚ ਬਹੁਤ ਕੁਝ ਛੁਪਿਆ ਹੁੰਦਾ ਏ ਜੋ ਵਿਅਕਤੀ ਨੇ ਤਾਅ-ਉਮਰ ਖੁਦ 'ਤੇ ਹੰਢਾਇਆ ਹੁੰਦਾ।

ਦਾਦੀ ਮਾਂ ਦੇ ਮੁੱਖੜੇ 'ਤੇ ਝੁਰੜੀਆਂ ਦੀ ਚਿੱਤਰਕਾਰੀ, ਲੰਘੀਆਂ ਬਹਾਰਾਂ ਤੇ ਪੱਤਝੜਾਂ ਦਾ ਪ੍ਰਮਾਣ, ਗਰਮ-ਸਰਦ ਰੁੱਤਾਂ ਦੀ ਕਲਾਕਾਰੀ, ਜੀਵਨੀ ਦੁੱਖਾਂ-ਸੁੱਖਾਂ ਦੀ ਪੇਸ਼ਕਾਰੀ, ਸਹਿਜ-ਸਿਆਣਪ ਤੇ ਸਾਧਨਾ ਦਾ ਸਿਰਲੇਖ ਅਤੇ ਹੱਥੀਂ ਖੁਣੇ ਮਸਤਕ ਲੇਖ।

ਸਿਆਣੇ ਲੋਕ ਹਰ ਰੋਜ਼ ਸਵੇਰੇ-ਸ਼ਾਮ ਸ਼ੀਸ਼ੇ ਮੂਹਰੇ ਆਪਣੇ ਚਿਹਰੇ ਨਾਲ ਸੰਵਾਦ ਰਚਾਉਂਦੇ, ਇਸ ਦੀ ਸੁੰਦਰਤਾ ਦੀ ਬਰਕਰਾਰੀ ਲਈ ਉਚੇਚ ਕਰਦੇ, ਇਸ ਦੀ ਧਰਾਤਲ ਵਿਚ ਸੁੱਚੀਆਂ ਸੋਚਾਂ ਅਤੇ ਮਾਨਵੀ ਕਰਮਾਂ ਦੀ ਖੈਰਾਤ ਪਾਉਂਦੇ। ਇਸ ਦੇ ਪਿੰਡੇ 'ਤੇ ਖੇੜਿਆਂ, ਹਾਸਿਆਂ ਅਤੇ ਮੁਸਕਣੀ ਦਾ ਚਿਰੰਜੀਵੀ ਲਿਬਾਸ ਪਾਉਂਦੇ। ਯਾਦ ਰਹੇ! ਮੁੱਖੜੇ ਦੀ ਚਿਰ-ਸਦੀਵੀ ਸੁੰਦਰਤਾ ਲਈ ਨਿਰੰਤਰ ਯਤਨ ਤਾਂ ਕਰਨੇ ਹੀ ਪੈਂਦੇ।

ਮੁੱਖੜਾ ਜਦ ਸੂਰਤ ਤੋਂ ਸੀਰਤ, ਕਰੂਜ ਤੋਂ ਸੁਹਜ, ਕੌੜ ਤੋਂ ਹਲੀਮੀ, ਤੁਅੱਸਬੀ ਤੋਂ ਤੇਜੱਸਵੀ, ਤਲਖੀ ਤੋਂ ਨਿਰਮਾਣਤਾ, ਦੁਰਕਾਰਨ ਤੋਂ ਆਕਰਸ਼ਣ, ਆਕੜਨ ਤੋਂ ਨਿਵਣ, ਦੁਰਅਸੀਸ ਤੋਂ ਅਸੀਸ ਅਤੇ ਸੰਕੀਰਨਤਾ ਤੋਂ ਸੰਜੀਦਗੀ ਦੇ ਸਫਰ ਨੂੰ ਆਪਣੇ ਵਿਚ ਸਮਾਉਂਦਾ ਤਾਂ ਮੁੱਖੜੇ ਦੁਆਲੇ ਸਿਰਜਿਆ ਜਾਂਦਾ ਆਭਾ-ਮੰਡਲ।

ਸੁਹਾਵਣੇ ਮੁੱਖੜੇ ਅਤੇ ਜ਼ਿੰਦਾਦਿਲੀ ਨਾਲ ਜੀਵਨ-ਦੁਸ਼ਵਾਰੀਆਂ ਨੂੰ ਖੁਸ਼ਆਮਦੀਦ ਕਹਿਣ 'ਤੇ, ਪਗਡੰਡੀਆਂ ਦਾ ਰਾਹ ਬਣਨਾ ਤੇ ਸੁਪਨਿਆਂ ਦਾ ਸੱਚ ਹੋਣਾ ਬਹੁਤ ਅਸਾਨ ਹੁੰਦਾ ਏ। ਅਜਿਹਾ ਮੁੱਖੜੇ ਦੀ ਸੰਧੂਰੀ ਰੰਗਤ ਆਪਣੇ ਆਪ ਹੀ ਦਰਸਾਉਂਦੀ ਏ। ਸ਼ਾਲਾ! ਸੰਦਲੀ ਪਲਾਂ ਵਰਗਾ ਸੰਧੂਰੀ ਮੁੱਖੜਾ, ਜੀਵਨ-ਸਤਰੰਗੀ ਨੂੰ ਰੁਸ਼ਨਾਉਂਦਾ ਰਹੇ।



### ਵਿਅੰਗ

ਜਾਗੋ, ਘੋੜੀਆਂ, ਗੌਣ ਗਾਇਬ ਨੇ
ਵਿਆਹ ਤਾਂ ਡੀ.ਜੇ. ਸ਼ੋਰ ਹੋ ਗਿਆ।
ਨਿਮਰਤਾ ਉਡ'ਗੀ ਖੰਭ ਲਾ ਕੇ
ਬੰਦਾ ਗੁੱਸੇਖੋਰ ਹੋ ਗਿਆ।
ਚੋਣਾਂ ਦਾ ਹੁਣ ਮੌਸਮ ਆਇਆ
ਨੇਤਾ ਲਾਰੇਖੋਰ ਹੋ ਗਿਆ।
ਚੋਰ ਤੇ ਕੁੱਤੀ ਰਲ'ਗੇ ਦੋਵੇਂ
ਘਰ ਦਾ ਮਾਲਿਕ ਹੋਰ ਹੋ ਗਿਆ।
ਖੇਤ ਹੇਠਲਾ ਜ਼ਹਿਰੀ ਪਾਣੀ
ਹਰ ਕਿੱਲੇ ਵਿਚ ਬੋਰ ਹੋ ਗਿਆ।
ਹੀਰ ਨੇ ਵੀ ਜਦ ਝਾਟੂ ਚੁਕਿਆ
ਕੈਦੋਂ ਲੰਗੜੀ ਤੋਰ ਹੋ ਗਿਆ।
ਪੈਰ ਪੈਰ 'ਤੇ ਡੇਰੇ ਬਣ'ਗੇ
ਧੰਨਾ ਜੱਟ ਕੰਮਚੋਰ ਹੋ ਗਿਆ।
ਨੇਤਾ ਵਾਂਗੂ ਕਰੇ ਨਿਖੇਧੀ
'ਗਿੱਲ' ਵੀ ਮੂੰਹਜ਼ੋਰ ਹੋ ਗਿਆ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

## ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

# ਜ਼ਾਹਰ ਕਲਾ ਨ ਛਪੈ ਛਪਾਈ

ਪਿਛਲੇ ਲੇਖ ਵਿਚ ਗੁਰੂ ਨਾਨਕ ਸਾਹਿਬ ਵੱਲੋਂ ਬਗ਼ਦਾਦ ਜਾ ਕੇ ਨਗਰ ਤੋਂ ਬਾਹਰ ਡੇਰਾ ਲਾਉਣ ਅਤੇ ਉਨ੍ਹਾਂ ਦੀ ਪੀਰ ਦਸਤਗੀਰ ਨਾਲ ਵਾਰਤਾਲਾਪ ਹੋਣ ਦੀ ਗੱਲ ਕੀਤੀ ਸੀ। ਇਸ ਪਉੜੀ 'ਚ ਭਾਈ ਗੁਰਦਾਸ ਦੱਸਦੇ ਹਨ ਕਿ ਪੀਰ ਦਸਤਗੀਰ ਨੇ ਗੁਰੂ ਨਾਨਕ ਨਾਲ ਕਾਫੀ ਪ੍ਰਸ਼ਨ-ਉਤਰ ਕੀਤੇ ਅਤੇ ਇਸ ਤਕਰਾਰ ਵਿਚੋਂ ਉਸ ਨੂੰ ਇਸ ਗੱਲ ਦੀ ਸਮਝ ਲੱਗ ਗਈ ਕਿ ਇਹ ਪੀਰ (ਗੁਰੂ ਨਾਨਕ) ਬਹੁਤ ਅਧਿਆਤਮਕ ਸ਼ਕਤੀ ਦੇ ਮਾਲਕ ਹਨ ਅਤੇ ਉਨ੍ਹਾਂ ਨੇ ਇਥੇ ਬਗਦਾਦ ਵਿਚ ਆਪਣੀ ਅਧਿਆਤਮਕ ਸ਼ਕਤੀ ਆਪਣੀ ਵਿਚਾਰ-ਚਰਚਾ ਰਾਹੀਂ ਲੋਕਾਂ ਨੂੰ ਦਿਖਾਈ ਹੈ। ਪੀਰ ਨੇ ਕਿਹਾ ਕਿ ਇਸ ਪੀਰ (ਬਾਬਾ ਨਾਨਕ) ਦਾ ਕਹਿਣਾ ਹੈ ਕਿ ਲੱਖਾਂ ਹੀ ਧਰਤੀਆਂ ਅਤੇ ਆਕਾਸ਼ ਹਨ ਜੋ ਬੜੀ ਅਸਚਰਜ਼ ਭਰੀ ਗੱਲ ਹੈ। ਇਸ ਪਿੱਛੋਂ ਪੀਰ ਦਸਤਗੀਰ ਨੇ ਬਾਬਾ ਨਾਨਕ ਨੂੰ ਫਿਰ ਪ੍ਰਸ਼ਨ ਕੀਤਾ, 'ਜੋ ਸ਼ਕਤੀ ਤੁਸੀਂ ਪ੍ਰਾਪਤ ਕੀਤੀ ਹੈ, ਉਹ ਸਾਨੂੰ ਵੀ ਦਿਖਾਉ ਤਾਂ ਕਿ ਅਸੀਂ ਵੀ ਕੁੱਝ ਦੇਖ ਸਕੀਏ।' ਇਹ ਕਹਿਣ 'ਤੇ ਬਾਬਾ ਨਾਨਕ ਨੇ ਦਸਤਗੀਰ ਦੇ ਪੁੱਤਰ ਨੂੰ ਨਾਲ ਲਿਆ ਅਤੇ ਉਸ ਨੂੰ ਆਪਣੀਆਂ ਅੱਖਾਂ ਬੰਦ ਕਰਨ ਲਈ ਕਿਹਾ। ਗੁਰੂ ਨਾਨਕ ਨੇ ਉਸ ਨੂੰ ਅੱਖ ਦੇ ਫੋਰ ਵਿਚ ਲੱਖਾਂ ਆਕਾਸ਼ਾਂ ਅਤੇ ਧਰਤੀਆਂ ਦੀ ਹੋਂਦ ਦਾ ਅਹਿਸਾਸ ਕਰਵਾ ਦਿੱਤਾ। ਗੁਰੂ ਨਾਨਕ ਸਾਹਿਬ ਨੇ ਸਾਧ-ਸੰਗਤਿ ਦੇ ਇਕੱਠ ਵਿਚੋਂ ਕੜਾਹ ਪ੍ਰਸ਼ਾਦ ਦਾ ਕੱਚਕੌਲ ਭਰ ਕੇ ਧੁਰੋਂ ਪਤਾਲੋਂ ਲਿਆ ਕੇ ਵਰਤਾਇਆ। ਭਾਈ ਗੁਰਦਾਸ ਆਖਰੀ ਤੁਕ ਵਿਚ ਦੱਸਦੇ ਹਨ ਕਿ ਅਧਿਆਤਮਕ ਸ਼ਕਤੀ ਛੁਪਾਇਆਂ ਵੀ ਛੁਪੀ ਨਹੀਂ ਰਹਿੰਦੀ:

ਪੁਛੇ ਪੀਰ ਤਕਰਾਰ ਕਰਿ
ਏਹੁ ਫਕੀਰੁ ਵਡਾ ਅਤਾਈ।
ਏਥੇ ਵਿਚਿ ਬਗਦਾਦ ਦੇ
ਵਡੀ ਕਰਾਮਾਤਿ ਦਿਖਲਾਈ।
ਪਾਤਾਲਾ ਆਕਾਸ ਲਖਿ
ਓੜਕਿ ਭਾਲੀ ਖਬਰਿ ਸੁਣਾਈ।
ਫੇਰਿ ਦੁਰਾਇਨ ਦਸਤਗੀਰ
ਅਸੀ ਭਿ ਵੇਖਾ ਜੋ ਤੁਹਿ ਪਾਈ।
ਨਾਲਿ ਲੀਤਾ ਬੇਟਾ ਪੀਰ ਦਾ
ਅਖੀ ਮੀਟਿ ਗਇਆ ਹਵਾਈ।
ਲਖ ਆਕਾਸ ਪਤਾਲ ਲਖ
ਅਖਿ ਫੁਰਕ ਵਿਚਿ ਸਭਿ ਦਿਖਲਾਈ।
ਭਰਿ ਕਚਕੌਲ ਪ੍ਰਸਾਦਿ ਦਾ
ਧੁਰੋ ਪਤਾਲੋ ਲਈ ਕੜਾਹੀ।
ਜ਼ਾਹਰ ਕਲਾ ਨ ਛਪੈ ਛਪਾਈ॥੩੬॥

ਧਾਰਮਿਕ ਅਕੀਦੇ ਅਨੁਸਾਰ ਆਮ ਤੌਰ 'ਤੇ ਤਿੰਨ ਲੋਕ ਮੰਨੇ ਜਾਂਦੇ ਹਨ-ਧਰਤੀ, ਪਾਤਾਲ ਤੇ ਆਕਾਸ਼ ਅਤੇ ਕੁਝ ਮਤਾਂ ਅਨੁਸਾਰ ਸੱਤ ਆਕਾਸ਼ ਤੇ ਸੱਤ ਪਾਤਾਲ ਮੰਨੇ ਜਾਂਦੇ ਹਨ। ਗੁਰੂ ਨਾਨਕ ਕਹਿੰਦੇ ਹਨ ਕਿ ਉਸ ਅਕਾਲ ਪੁਰਖ ਦੀ ਰਚਨਾ ਬੇਅੰਤ ਹੈ। ਇਸ ਧਰਤੀ ਵਾਂਗ ਹੋਰ ਅਨੇਕਾਂ ਧਰਤੀਆਂ ਅਤੇ ਆਕਾਸ਼ ਹਨ। ਇਸ ਲਈ ਕਾਦਰ ਦੀ ਕੁਦਰਤਿ ਬੇਅੰਤ ਹੈ ਜਿਸ ਦਾ ਪਾਰ ਨਹੀਂ ਪਾਇਆ ਜਾ ਸਕਦਾ। ਉਸ ਕਾਦਰ ਦੀ ਕੁਦਰਤਿ ਬੇਅੰਤ ਹੋਣ ਦਾ ਤੱਥ ਬਾਬੇ ਨਾਨਕ ਨੇ ਜਪੁਜੀ ਵਿਚ ਹੀ ਦ੍ਰਿੜ ਕਰਵਾ ਦਿੱਤਾ ਹੈ, 'ਕਰਤੇ ਕੇ ਕਰਣੈ ਨਾਹੀ ਸੁਮਾਰੁ' ਅਤੇ 'ਧਰਤੀ ਹੋਰੁ ਪਰੇ ਹੋਰੁ ਹੋਰੁ' 'ਪਾਤਾਲਾ ਪਾਤਾਲ ਲਖ ਆਗਾਸਾ ਅਗਾਸ' ਅਤੇ ਉਸ ਦੀ ਕੁਦਰਤਿ ਦਾ ਕੋਈ ਲੇਖਾ-ਜੋਖਾ ਨਹੀਂ ਕੀਤਾ ਜਾ ਸਕਦਾ; ਉਹ ਆਪ ਵੀ ਬੇਅੰਤ ਹੈ ਅਤੇ ਉਸ ਦੀ ਕੁਦਰਤਿ ਵੀ ਬੇਅੰਤ ਹੈ ਜਿਸ ਦਾ ਅੰਦਾਜ਼ਾ ਲਾ ਸਕਣਾ ਮਨੁੱਖੀ ਪਹੁੰਚ ਤੋਂ ਬਾਹਰ ਹੈ।

ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਦਾ ਮਕਸਦ ਧਰਮ ਵਿਚ ਪ੍ਰਧਾਨ ਹੋ ਚੁੱਕੇ ਕਰਮ-ਕਾਂਡ ਪ੍ਰਤੀ ਵਿਚਾਰ-ਚਰਚਾ ਰਾਹੀਂ ਲੋਕਾਂ ਨੂੰ ਜਾਗ੍ਰਿਤ ਕਰਨਾ ਤੇ ਉਨ੍ਹਾਂ ਦੀ ਸੁਰਤਿ ਨੂੰ ਇੱਕ ਅਕਾਲ ਪੁਰਖ ਨਾਲ ਜੋੜ ਕੇ ਸੱਚ ਦੇ ਮਾਰਗ 'ਤੇ ਲਾਉਣਾ ਸੀ, ਸੰਸਾਰ ਨੂੰ ਧਾਰਮਿਕਤਾ ਦੀ ਅਸਲੀਅਤ ਦਾ ਗਿਆਨ ਦੇਣਾ ਸੀ।

ਅਗਲੀ ਪਉੜੀ 'ਚ ਭਾਈ ਗੁਰਦਾਸ ਦੱਸਦੇ ਹਨ ਕਿ ਇਸ ਤਰ੍ਹਾਂ ਵਿਚਾਰ-ਚਰਚਾ ਰਾਹੀਂ ਗੁਰੂ ਨਾਨਕ ਨੇ ਗੜ੍ਹ ਬਗਦਾਦ, ਮੱਕਾ, ਮਦੀਨਾ ਆਦਿ ਥਾਂਵਾਂ 'ਤੇ ਆਪਣੇ ਵਿਚਾਰਾਂ ਰਾਹੀਂ ਲੋਕਾਂ, ਖਾਸ ਕਰ ਧਾਰਮਿਕ ਆਗੂਆਂ ਨੂੰ ਸਹਿਮਤ ਕਰਕੇ, ਆਪਣੇ ਮਾਰਗ ਦੀ ਅਸਲੀਅਤ ਸਮਝਾਈ। ਸਿੱਧਾਂ ਦੀਆਂ ਚੌਰਾਸੀ ਮੰਡਲੀਆਂ, ਛੇ ਦਰਸ਼ਨਾਂ ਦੇ ਭੇਖਾਂ ਨੂੰ ਮੰਨਣ ਵਾਲਿਆਂ ਨੂੰ ਵੀ ਧਰਮ ਨਾਲ ਉਨ੍ਹਾਂ ਵੱਲੋਂ ਜੋੜੇ ਗਏ ਪਾਖੰਡਾਂ ਦਾ ਗੁਰੂ ਨਾਨਕ ਨੇ ਅਹਿਸਾਸ ਕਰਾ ਕੇ ਆਪਣੇ ਵਿਚਾਰਾਂ ਦੀ ਉਤਮੱਤਾ ਨਾਲ ਸਹਿਮਤ ਕੀਤਾ। ਲੱਖਾਂ ਪਾਤਾਲ ਤੇ ਆਕਾਸ਼ ਜਿੱਤ ਲਏ ਅਤੇ ਪੂਰੀ ਧਰਤੀ ਤੇ ਸਾਰਾ ਸੰਸਾਰ ਜਿੱਤ ਲਿਆ। ਭਾਵ ਗੁਰੂ ਨਾਨਕ ਨੇ ਲੋਕਾਂ ਨੂੰ ਧਾਰਮਿਕ ਪਾਖੰਡ ਨਾਲੋਂ ਤੋੜ ਕੇ ਸ਼ਬਦ ਦੇ ਲੜ ਲਾਇਆ। ਇਸ ਤਰ੍ਹਾਂ ਧਰਤੀ ਦੇ ਨੌਂ ਖੰਡਾਂ ਵਿਚ ਉਨ੍ਹਾਂ ਸਤਿਨਾਮ ਦਾ ਜਸ ਫੈਲਾ ਦਿੱਤਾ। ਬਾਬੇ ਨਾਨਕ ਨੇ ਦੇਵਤਿਆਂ, ਦਾਨਵਾਂ, ਰਾਖਸ਼ਾਂ, ਚਿਤ੍ਰ ਗੁਪਤ ਆਦਿ ਸਭਨਾਂ ਨੂੰ ਚਰਨੀਂ ਲਾ ਲਿਆ। ਇੰਦਰ ਦੇ ਦਰਬਾਰ ਦੀਆਂ ਅਪਸਰਾਂ, ਰੂਪ, ਰਾਗਾਂ ਤੇ ਰਾਗਣੀਆਂ ਸਭ ਨੇ ਉਨ੍ਹਾਂ ਦੀ ਵਡਿਆਈ ਕੀਤੀ, ਮੰਗਲ ਦੀ ਧੁਨੀ ਕੀਤੀ। ਸਾਰੇ ਸੰਸਾਰ 'ਤੇ ਅਨੰਦ ਮੰਗਲਾਚਾਰ ਹੋ ਗਿਆ, ਖੁਸ਼ੀ ਦੀ ਲਹਿਰ ਦੌੜ ਗਈ ਕਿ ਕਲਿਜੁਗ ਵਿਚ ਗੁਰੂ ਨਾਨਕ ਦੁਨੀਆਂ ਨੂੰ ਤਾਰਨ ਆਇਆ ਹੈ। ਹਿੰਦੂ-ਮੁਸਲਮਾਨ ਦੋਵੇਂ ਉਨ੍ਹਾਂ ਅੱਗੇ ਸਿਰ ਝੁਕਾਉਣ ਲੱਗ ਪਏ:

ਗੜ ਬਗਦਾਦੁ ਨਿਵਾਇ ਕੈ
ਮਕਾ ਮਦੀਨਾ ਸਭੇ ਨਿਵਾਇਆ।
ਸਿਧ ਚਉਰਾਸੀਹ ਮੰਡਲੀ
ਖਟਿ ਦਰਸਨਿ ਪਾਖੰਡਿ ਜਿਣਾਇਆ।
ਪਾਤਾਲਾ ਆਕਾਸ ਲਖ ਜੀਤੀ
ਧਰਤੀ ਜਗਤ ਸਬਾਇਆ।
ਜੀਤੇ ਨਵ ਖੰਡ ਮੇਦਨੀ
ਸਤਿ ਨਾਮੁ ਦਾ ਚਕ੍ਰ ਫਿਰਾਇਆ।
ਦੇਵ ਦਾਨੋ ਰਾਕਸਿ ਦੈਤ
ਸਭਿ ਚਿਤਿ ਗੁਪਤਿ ਸਭਿ ਚਰਨੀ ਲਾਇਆ।
ਇੰਦ੍ਰਾਸਣਿ ਅਪਛਰਾ
ਰਾਗ ਰਾਗਨੀ ਮੰਗਲੁ ਗਾਇਆ।
ਭਇਆ ਅਨੰਦ ਜਗਤੁ ਵਿਚਿ
ਕਲਿ ਤਾਰਨ ਗੁਰੁ ਨਾਨਕੁ ਆਇਆ।
ਹਿੰਦੂ ਮੁਸਲਮਾਣਿ ਨਿਵਾਇਆ॥੩੭॥

ਇਸ ਪਉੜੀ ਦਾ ਭਾਵ ਹੈ ਕਿ ਬਾਬੇ ਨਾਨਕ ਨੇ ਸ਼ਬਦ ਵਿਚਾਰ ਰਾਹੀਂ ਬਗਦਾਦ ਤੇ ਮੱਕਾ ਮਦੀਨਾ ਦੇ ਮੁਲਾਣਿਆਂ ਨੂੰ ਆਪਣੇ ਵਿਚਾਰਾਂ ਨਾਲ ਸਹਿਮਤ ਕਰਕੇ, ਸਿੱਧ ਮੰਡਲੀਆਂ ਦੇ ਪਖੰਡਾਂ ਨੂੰ ਤਾਰ ਤਾਰ ਕੀਤਾ। ਜਿੱਥੇ ਵੀ ਉਹ ਗਏ, ਉਨ੍ਹਾਂ ਲੋਕਾਂ ਨੂੰ ਧਾਰਮਿਕ ਕਰਮਕਾਂਡ ਵਿਚੋਂ ਕੱਢ ਕੇ ਇੱਕ ਅਕਾਲ ਪੁਰਖ ਨਾਲ ਜੋੜਿਆ, ਉਸ ਅਕਾਲ ਪੁਰਖ ਦੇ ਸੱਚੇ ਨਾਮ ਦਾ ਚੱਕ੍ਰ ਚਲਾਇਆ ਜਿਸ ਕਰਕੇ ਜਗਤ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਹਿੰਦੂ-ਮੁਸਲਮਾਨ ਸਭ ਉਨ੍ਹਾਂ ਦਾ ਸਤਿਕਾਰ ਕਰਨ ਲੱਗੇ।

ਅਠੱਤੀਵੀਂ ਪਉੜੀ ਵਿਚ ਭਾਈ ਗੁਰਦਾਸ ਨੇ ਵਰਣਨ ਕੀਤਾ ਹੈ ਕਿ ਚਾਰ ਦਿਸ਼ਾਵਾਂ ਵਿਚ ਚਾਰ ਉਦਾਸੀਆਂ ਕਰਨ ਪਿਛੋਂ ਗੁਰੂ ਨਾਨਕ ਨੇ ਉਦਾਸੀਆਂ ਵਾਲਾ ਭੇਖ ਲਾਹ ਦਿੱਤਾ, ਗ੍ਰਹਿਸਥੀਆਂ ਵਾਲੇ ਬਸਤਰ ਪਹਿਨ ਲਏ ਅਤੇ ਕਰਤਾਰਪੁਰ (ਹੁਣ ਪਾਕਿਸਤਾਨ ਵਿਚ) ਵਿਖੇ ਪੱਕਾ ਟਿਕਾਣਾ ਬਣਾ ਲਿਆ; ਮੰਜੀ 'ਤੇ ਆਸਣ ਲਾ ਕੇ ਆਪਣੇ ਸਿਧਾਂਤਾਂ ਦਾ ਅਰਥਾਤ ਬਾਣੀ ਦਾ ਪ੍ਰਚਾਰ ਕਰਨ ਲੱਗੇ, ਲੋਕਾਂ ਨੂੰ ਬਾਣੀ ਦੇ ਲੜ ਲਾਇਆ। ਇਥੇ ਕਰਤਾਰਪੁਰ ਵਿਖੇ ਹੀ ਉਨ੍ਹਾਂ ਨੇ ਆਪਣੇ ਪੁੱਤਰਾਂ-ਬਾਬਾ ਸ੍ਰੀ ਚੰਦ ਤੇ ਲੱਖਮੀ ਦਾਸ ਦੀ ਥਾਂ ਭਾਈ ਲਹਿਣਾ (ਗੁਰੂ ਅੰਗਦ) ਨੂੰ ਗੁਰਗੱਦੀ ਸੌਂਪੀ ਅਤੇ ਇਹ ਇੱਕ ਤਰ੍ਹਾਂ ਨਾਲ ਉਲਟੀ ਗੰਗਾ ਵਹਾਉਣਾ ਸੀ (ਆਪਣੀ ਵਿਰਾਸਤ ਪੁੱਤਰਾਂ ਨੂੰ ਨਾ ਸੌਂਪ ਕੇ ਆਪਣੇ ਸਿੱਖ ਨੂੰ ਗੁਰੂ ਦੀ ਪਦਵੀ ਬਖਸ਼ਣੀ ਉਲਟੀ ਗੰਗਾ ਵਹਾਉਣ ਬਰਾਬਰ ਹੀ ਸੀ)। ਇਥੇ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਗੁਰੂ ਨਾਨਕ ਨੇ ਗੁਰਗੱਦੀ ਸੌਂਪਣ ਵੇਲੇ ਇਸ ਦਾ ਆਧਾਰ ਯੋਗਤਾ-ਮੂਲਕ ਸਿਧਾਂਤ ਨੂੰ ਬਣਾਇਆ। ਗੁਰੂ ਨਾਨਕ ਇਸ ਸਿਧਾਂਤ ਦਾ ਖੁਲਾਸਾ ਰਾਗ ਮਾਰੂ ਵਿਚ ਇਸ ਤਰ੍ਹਾਂ ਕਰਦੇ ਹਨ ਕਿ ਉਸ ਤਖਤ ਦੇ ਉਤੇ ਉਹੀ ਬੈਠਦਾ ਹੈ ਜੋ ਉਸ ਦੇ ਯੋਗ ਹੁੰਦਾ ਹੈ। ਇਸ ਦੇ ਲਾਇਕ ਕੌਣ ਹੁੰਦਾ ਹੈ, ਰੱਬ ਦਾ ਉਹ ਦਾਸ ਜਾਂ ਸੇਵਕ ਜਿਸ ਦੇ ਪੰਜ ਦੋਸ਼-ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਮੁੱਕ ਗਏ ਹੁੰਦੇ ਹਨ ਤੇ ਜਿਸ ਨੇ ਸ਼ੱਕ ਅਤੇ ਭਰਮ ਦੂਰ ਕੀਤਾ ਹੁੰਦਾ ਹੈ:

ਤਖਤਿ ਬਹੈ ਤਖਤੈ ਕੀ ਲਾਇਕ॥
ਪੰਚ ਸਮਾਏ ਗੁਰਮਤਿ ਪਾਇਕ॥
ਆਦਿ ਜੁਗਾਦੀ ਹੈ ਭੀ ਹੋਸੀ
ਸਹਸਾ ਭਰਮੁ ਚੁਕਾਇਆ॥੧੪॥
(ਪੰਨਾ ੧੦੩੯)

ਭਾਈ ਲਹਿਣੇ ਨੂੰ ਇਸ ਲਈ ਗੁਰੂ ਥਾਪਿਆ ਕਿ ਪੁੱਤਰਾਂ ਨੇ ਗੁਰੂ ਦਾ ਬਚਨ ਨਹੀਂ ਮੰਨਿਆ, ਗੁਰੂ ਦੀ ਆਗਿਆ ਦਾ ਪਾਲਣ ਨਹੀਂ ਕੀਤਾ। ਉਨ੍ਹਾਂ ਦੇ ਖੋਟੇ ਮਨ ਆਕੀ ਅਤੇ ਨੱਸਣ ਵਾਲੇ ਹੋ ਗਏ। ਬਾਬੇ ਨੇ ਕਰਤਾਰਪੁਰ ਬੈਠ ਕੇ ਬਾਣੀ ਉਚਾਰੀ ਤਾਂ ਕਿ ਸੰਸਾਰ ਤੋਂ ਅਗਿਆਨ ਦਾ ਹਨੇਰਾ ਮਿਟ ਜਾਵੇ ਅਤੇ ਗਿਆਨ ਦਾ ਚਾਨਣ ਚਾਰ ਚੁਫੇਰੇ ਨੂੰ ਰੁਸ਼ਨਾ ਦੇਵੇ। ਕਰਤਾਰਪੁਰ ਵਿਚ ਗਿਆਨ ਦੀਆਂ ਗੋਸ਼ਟਾਂ ਹੋਣ ਲੱਗੀਆਂ ਅਰਥਾਤ ਗਿਆਨ ਦੀ ਚਰਚਾ ਸਦਾ ਹੁੰਦੀ ਰਹਿੰਦੀ, ਬਾਣੀ ਦਾ ਕੀਰਤਨ ਹੁੰਦਾ, ਇਕਰਸ ਬਾਣੀ ਦੀ ਧੁਨੀ ਗੂੰਜਣ ਲੱਗੀ। ਸੰਧਿਆ ਵੇਲੇ ਸੋਦਰੁ ਤੇ ਆਰਤੀ ਦਾ ਕੀਰਤਨ ਹੁੰਦਾ ਅਤੇ ਅੰਮ੍ਰਿਤ ਵੇਲੇ ਸੰਗਤਿ ਜਪੁਜੀ ਦਾ ਉਚਾਰਨ ਕਰਦੀ। ਇਸ ਤਰ੍ਹਾਂ ਗੁਰੂ ਦੀ ਸਿੱਖਿਆ 'ਤੇ ਚੱਲਦਿਆਂ ਅਥਰਵਵਣ ਵੇਦ ਦਾ ਭਾਰ ਲਾਹ ਸੁੱਟਿਆ ਅਰਥਾਤ ਲੋਕਾਂ ਨੇ ਤੰਤ੍ਰਾਂ-ਮੰਤ੍ਰਾਂ ਅਤੇ ਜਾਦੂ ਟੂਣਿਆਂ ਤੋਂ ਖਹਿੜਾ ਛੁਡਾ ਲਿਆ (ਅਥਰਵ ਵੇਦ ਅਤੇ ਇਸ ਨਾਲ ਜੁੜੇ ਜਾਦੂ ਟੂਣਿਆਂ ਤੰਤ੍ਰਾਂ-ਮੰਤ੍ਰਾਂ ਦਾ ਜ਼ਿਕਰ ਭਾਈ ਗੁਰਦਾਸ ਪਹਿਲਾਂ ਕਰ ਚੁੱਕੇ ਹਨ):

ਫਿਰਿ ਬਾਬਾ ਆਇਆ ਕਰਤਾਰਪੁਰਿ
ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ
ਮੰਜੀ ਬੈਠਿ ਕੀਆ ਅਵਤਾਰਾ।
ਉਲਟੀ ਗੰਗ ਵਹਾਈਓਨਿ
ਗੁਰ ਅੰਗਦੁ ਸਿਰਿ ਉਪਰਿ ਧਾਰਾ।
ਪੁਤਰੀ ਕਉਲੁ ਨ ਪਾਲਿਆ
ਮਨਿ ਖੋਟੇ ਆਕੀ ਨਸਿਆਰਾ।
ਬਾਣੀ ਮੁਖਹੁ ਉਚਾਰੀਐ
ਹੁਇ ਰੁਸਨਾਈ ਮਿਟੈ ਅੰਧਾਰਾ।
ਗਿਆਨੁ ਗੋਸਟਿ ਚਰਚਾ ਸਦਾ
ਅਨਹਦਿ ਸਬਦਿ ਉਠੇ ਧੁਨਕਾਰਾ।
ਸੋ ਦਰੁ ਆਰਤੀ ਗਾਵੀਐ
ਅੰਮ੍ਰਿਤ ਵੇਲੇ ਜਾਪੁ ਉਚਾਰਾ।
ਗੁਰਮੁਖਿ ਭਾਰਿ ਅਥਰਬਣਿ ਤਾਰਾ॥੩੮॥

ਰਾਇ ਬਲਵੰਡ ਅਤੇ ਸੱਤੇ ਨੇ ਰਾਮਕਲੀ ਦੀ ਵਾਰ ਵਿਚ ਗੁਰੂ ਨਾਨਕ ਦੇਵ ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਜਿਸ ਦਾ ਨਾਮਣਾ ਕਾਦਰ ਕਰਤਾ ਆਪ ਉਚਾ ਕਰੇ, ਉਸ ਨੂੰ ਤੋਲਣ ਲਈ ਕਿਸੇ ਹੋਰ ਪਾਸੋਂ ਕੋਈ ਗੱਲ ਨਹੀਂ ਹੋ ਸਕਦੀ। ਇੱਥੇ ਉਨ੍ਹਾਂ ਦਾ ਭਾਵ ਹੈ ਕਿ ਅਸੀਂ ਵਿਚਾਰੇ ਆਮ ਮਨੁੱਖ ਗੁਰੂ ਦੇ ਉਚੇ ਰੁਤਬੇ ਨੂੰ ਕੀ ਬਿਆਨ ਕਰ ਸਕਦੇ ਹਾਂ? ਦੈਵੀ ਗੁਣ ਜੋ ਮਨੁੱਖ ਦੀ ਆਤਮਕ ਅਵਸਥਾ ਨੂੰ ਉਚਾ ਕਰਦੇ ਹਨ ਇਹ ਆਪਸ ਵਿਚ ਸਕੇ ਭੈਣ-ਭਰਾ ਹਨ ਜਿਨ੍ਹਾਂ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਣ ਵਾਸਤੇ ਆਪਣੇ ਅੰਦਰ ਪੈਦਾ ਕਰਨ ਲਈ ਜਤਨ ਕਰਨਾ ਪੈਂਦਾ ਹੈ; ਇਹ ਗੁਣ ਸਤਿਗੁਰੁ ਦੇ ਅੰਦਰ ਰੱਬੀ ਬਖਸ਼ਿਸ਼ ਨਾਲ ਆਪਣੇ ਆਪ ਹੀ ਮੌਜੂਦ ਹਨ। ਇਸ ਉਚੇ ਨਾਮਣੇ ਵਾਲੇ ਗੁਰੂ ਨਾਨਕ ਸਾਹਿਬ ਨੇ ਸੱਚ-ਰੂਪ ਕਿਲ੍ਹਾ ਬਣਾ ਕੇ ਅਤੇ ਪੱਕੀ ਨੀਂਹ ਰੱਖ ਕੇ ਧਰਮ ਦਾ ਰਾਜ ਚਲਾਇਆ। ਅਕਾਲ ਪੁਰਖ ਦੀ ਬਖਸ਼ਿਸ਼ ਕੀਤੀ ਮਤਿ-ਰੂਪੀ ਤਲਵਾਰ ਨਾਲ, ਜ਼ੋਰ ਅਤੇ ਬਲ ਨਾਲ ਭਾਈ ਲਹਿਣਾ ਜੀ ਨੂੰ ਆਤਮਕ ਜ਼ਿੰਦਗੀ ਬਖਸ਼ ਕੇ, ਭਾਈ ਲਹਿਣਾ ਜੀ ਜੋ ਅਕਾਲ ਪੁਰਖ ਦੀ ਸਿਫਤਿ-ਸਾਲਾਹ ਕਰਕੇ ਆਤਮਕ ਜੀਵਨ ਦੇਣ ਵਾਲਾ ਨਾਮ ਜਲ ਪੀ ਰਹੇ ਸਨ, ਦੇ ਸਿਰ ਗੁਰੂ ਨਾਨਕ ਨੇ ਗੁਰਿਆਈ ਦਾ ਛਤਰ ਰੱਖ ਦਿੱਤਾ। ਆਪਣੇ ਜੀਵਨ ਸਮੇਂ ਅੰਦਰ ਹੀ ਆਪਣੇ ਸਿੱਖ ਅੱਗੇ ਮੱਥਾ ਟੇਕਿਆ ਅਤੇ ਜਿਉਂਦਿਆਂ ਹੀ ਗੁਰਿਆਈ ਦਾ ਤਿਲਕ ਲਹਿਣਾ ਜੀ ਦੇ ਮੱਥੇ ਲਾ ਦਿੱਤਾ ਅਤੇ ਉਨ੍ਹਾਂ ਨੂੰ ਗੁਰੂ ਅੰਗਦ ਕਰਕੇ ਥਾਪਿਆ। ਗੁਰੂ ਨਾਨਕ ਦੀ ਵਡਿਆਈ ਦੀ ਧੁੰਮ ਚਾਰੇ ਦਿਸ਼ਾਵਾਂ ਵਿਚ ਫੈਲੀ ਹੋਈ ਸੀ ਜਿਸ ਦੀ ਬਰਕਤਿ ਸਦਕਾ ਭਾਈ ਲਹਿਣਾ ਦੀ ਧੁੰਮ ਵੀ ਪੈ ਗਈ। ਕਾਰਨ ਇਹ ਸੀ ਕਿ ਸਿਰਫ ਸਰੀਰ ਹੀ ਵਟਿਆ ਸੀ ਪਰ ਗੁਰੂ ਜੁਗਤਿ ਵੀ ਉਹੀ ਸੀ ਅਤੇ ਰੱਬੀ ਜੋਤਿ ਵੀ ਉਹੀ ਸੀ। ਗੁਰੂ ਨਾਨਕ ਸਾਹਿਬ ਨੇ ਜੋ ਵੀ ਹੁਕਮ ਕੀਤਾ ਭਾਈ ਲਹਿਣਾ ਨੇ ਉਸ ਨੂੰ ਸਤਿ ਕਰਕੇ ਮੰਨਿਆ, ਗੁਰੂ ਦੇ ਹੁਕਮ ਦੀ ਪਾਲਣਾ ਕੀਤੀ, ਮੰਨਣ ਤੋਂ ਨਾਂਹ ਨਹੀਂ ਕੀਤੀ। ਇਸ ਦੇ ਉਲਟ ਪੁੱਤਰਾਂ ਨੇ ਸਤਿਗੁਰੂ ਦੇ ਹੁਕਮ ਨੂੰ ਨਹੀਂ ਮੰਨਿਆ ਅਤੇ ਗੁਰੂ ਵੱਲ ਪਿੱਠ ਕਰਕੇ ਹੁਕਮ ਮੋੜਦੇ ਰਹੇ। ਜੋ ਲੋਕ ਦਿਲ ਵਿਚ ਖੋਟ ਹੋਣ ਕਰਕੇ ਗੁਰੂ ਵੱਲੋਂ ਬੇਮੁਖ ਹੋਏ ਫਿਰਦੇ ਹਨ, ਉਹ ਦੁਨਿਆਵੀ ਧੰਧਿਆਂ ਦੀ ਛੱਟ ਦਾ ਭਾਰ ਚੁੱਕੀ ਫਿਰਦੇ ਹਨ। ਇਹ ਸਭ ਕੁੱਝ ਰੱਬੀ ਭਾਣੇ ਵਿਚ ਵਾਪਰਦਾ ਹੈ, ਜਿਸ ਵਿਚ ਨਾ ਕੋਈ ਹਾਰਨ ਵਾਲਾ, ਨਾ ਕੋਈ ਜਿੱਤਣ ਜੋਗਾ। ਅਕਾਲ ਪੁਰਖ ਨੇ ਭਾਈ ਲਹਿਣੇ ਵਿਚ ਇਹ ਸਮਰੱਥਾ ਆਪ ਪਾਈ ਕਿ ਉਹ ਗੁਰੂ ਦੇ ਹੁਕਮ ਦੇ ਅਨੁਸਾਰੀ ਹੋ ਕੇ ਚੱਲਣ:

ਨਾਉ ਕਰਤਾ ਕਾਦਰੁ ਕਰੇ
ਕਿਉ ਬੋਲੁ ਹੋਵੈ ਜੋਖੀਵਦੈ॥
ਦੇ ਗੁਨਾ ਸਤਿ ਭੈਣ ਭਰਾਵ ਹੈ
ਪਾਰੰਗਤਿ ਦਾਨੁ ਪੜੀਵਦੈ॥
ਨਾਨਕਿ ਰਾਜੁ ਚਲਾਇਆ
ਸਚੁ ਕੋਟੁ ਸਤਾਣੀ ਨੀਵ ਦੈ॥
—-
ਪੁਤ੍ਰੀ ਕਉਲੁ ਨ ਪਾਲਿਓ
ਕਰਿ ਪੀਰਹੁ ਕੰਨ੍ਹ ਮੁਰਟੀਐ॥
ਦਿਲਿ ਖੋਟੈ ਆਕੀ ਫਿਰਨ੍ਹਿ
ਬੰਨ੍ਹਿ ਭਾਰਿ ਉਚਾਰਨ੍ਹਿ ਛਟੀਐ॥
(ਪੰਨਾ ੯੬੬-੬੭)

ਸ਼ਿਵਰਾਤ੍ਰੀ ਦਾ ਸਬੰਧ ਸ਼ਿਵਜੀ ਨਾਲ ਜੁੜਿਆ ਹੋਇਆ ਹੈ ਤੇ ਅਚਲ ਵਟਾਲਾ ਜੋਗੀਆਂ ਦਾ ਵੱਡਾ ਕੇਂਦਰ ਰਿਹਾ ਹੈ ਜਿੱਥੇ ਸ਼ਿਵਰਾਤ੍ਰੀ ਦੇ ਮੇਲੇ 'ਤੇ ਜੋਗੀ ਵੱਡੀ ਗਿਣਤੀ ਵਿਚ ਇਕੱਠੇ ਹੁੰਦੇ ਸਨ। ਗੁਰੂ ਨਾਨਕ ਸ਼ਿਵਰਾਤ੍ਰੀ ਦੇ ਮੇਲੇ ਬਾਰੇ ਸੁਣ ਕੇ ਅਚਲ ਵਟਾਲੇ ਆਏ ਤਾਂ ਕਿ ਜੋਗੀਆਂ ਨਾਲ ਵਿਚਾਰ-ਚਰਚਾ ਕਰ ਸਕਣ। ਜਦੋਂ ਲੋਕਾਂ ਨੂੰ ਪਤਾ ਲੱਗਾ ਕਿ ਬਾਬਾ ਅਚਲ ਵਟਾਲੇ ਆਇਆ ਹੈ ਤਾਂ ਉਨ੍ਹਾਂ ਦੇ ਦਰਸ਼ਨਾਂ ਲਈ ਹੁੰਮ ਹੁੰਮਾ ਕੇ ਆਏ। ਮਾਇਆ ਦੀ ਵਰਖਾ ਹੋਣ ਲੱਗੀ ਅਤੇ ਰਿੱਧੀਆਂ, ਸਿੱਧੀਆਂ ਤੇ ਨੌਂ ਨਿੱਧੀਆਂ ਦੂਣ-ਸਵਾਈਆਂ ਹੋਣ ਲਗੀਆਂ। ਜੋਗੀ ਇਹ ਕੌਤਕ ਦੇਖ ਕੇ ਪ੍ਰੇਸ਼ਾਨ ਹੋ ਗਏ ਅਤੇ ਉਨ੍ਹਾਂ ਦੇ ਮਨ ਵਿਚ ਗੁਰੂ ਨਾਨਕ ਲਈ ਈਰਖਾ ਪੈਦਾ ਹੋ ਗਈ (ਭਾਵੇਂ ਜੋਗੀ ਲੋਕ ਆਪਣੇ ਆਪ ਨੂੰ ਦੁਨਿਆਵੀ ਲਾਲਚਾਂ ਤੋਂ ਨਿਰਲੇਪ ਮੰਨਦੇ ਹਨ ਪਰ ਉਨ੍ਹਾਂ ਤੋਂ ਬਾਬੇ ਨਾਨਕ ਦੀ ਚੜ੍ਹਤ ਸਹਾਰੀ ਨਾ ਗਈ ਅਤੇ ਈਰਖਾ ਕਰਨ ਲੱਗੇ)। ਰਾਸਧਾਰੀ (ਨ੍ਰਿਤਕਾਰੀ ਕਰਕੇ ਭਜਨ ਗਾਉਣ ਵਾਲੇ ਸਾਧੂ) ਆ ਕੇ ਬਾਬੇ ਨਾਨਕ ਦੇ ਸਾਹਮਣੇ ਰਾਸ ਪਾਉਣ ਲੱਗੇ। ਜੋਗੀਆਂ ਨੂੰ ਇਸ ਦੀ ਵੀ ਈਰਖਾ ਹੋਈ ਕਿ ਉਹ ਜੋਗੀਆਂ ਅੱਗੇ ਰਾਸ ਕਿਉਂ ਨਹੀਂ ਪਾ ਰਹੇ। ਇਸੇ ਈਰਖਾ ਵਿਚ ਜੋਗੀਆਂ ਨੇ ਰਾਸਧਾਰੀਆਂ ਦਾ ਲੋਟਾ ਲੁਕਾ ਦਿੱਤਾ ਜਿਸ 'ਚ ਉਹ ਲੋਕਾਂ ਤੋਂ ਪੈਸੇ ਇਕੱਠੇ ਕਰ ਰਹੇ ਸਨ। ਰਾਸਧਾਰੀਆਂ ਨੂੰ ਰਾਸ ਪਾਉਣੀ ਭੁੱਲ ਗਈ ਅਤੇ ਉਨ੍ਹਾਂ ਦਾ ਸਾਰਾ ਧਿਆਨ ਆਪਣਾ ਲੋਟਾ ਲੱਭਣ ਵਿਚ ਲੱਗ ਗਿਆ ਕਿਉਂਕਿ ਉਸ ਵਿਚ ਲੋਕਾਂ ਤੋਂ ਇਕੱਠੀ ਕੀਤੀ ਹੋਈ ਉਗਰਾਹੀ ਸੀ। ਗੁਰੂ ਨਾਨਕ ਅੰਤਰਯਾਮੀ ਸਨ ਅਤੇ ਉਨ੍ਹਾਂ ਨੇ ਲੋਟਾ ਉਥੋਂ ਕੱਢ ਲਿਆ ਜਿੱਥੇ ਜੋਗੀਆਂ ਨੇ ਲੁਕਾਇਆ ਸੀ। ਇਹ ਕੌਤਕ ਦੇਖ ਕੇ ਜੋਗੀ ਹੋਰ ਜ਼ਿਆਦਾ ਖੁਣਸ ਖਾਣ ਲੱਗ ਪਏ:

ਮੇਲਾ ਸੁਣਿ ਸਿਵਰਾਤਿ ਦਾ
ਬਾਬਾ ਅਚਲ ਵਟਾਲੇ ਆਈ।
ਦਰਸਨੁ ਵੇਖਣਿ ਕਾਰਨੇ
ਸਗਲੀ ਉਲਟਿ ਪਈ ਲੋਕਾਈ।
ਲਗੀ ਬਰਸਣਿ ਲਛਮੀ
ਰਿਧਿ ਸਿਧਿ ਨਉ ਨਿਧਿ ਸਵਾਈ।
ਜੋਗੀ ਦੇਖਿ ਚਲਿਤ੍ਰ ਨੋ
ਮਨ ਵਿਚਿ ਰਿਸਕਿ ਘਨੇਰੀ ਖਾਈ।
ਭਗਤੀਆ ਪਾਈ ਭਗਤਿ ਆਣਿ
ਲੋਟਾ ਜੋਗੀ ਲਇਆ ਛਪਾਈ।
ਭਗਤੀਆ ਗਈ ਭਗਤਿ ਭੁਲਿ
ਲੋਟੇ ਅੰਦਰਿ ਸੁਰਤਿ ਭੁਲਾਈ।
ਬਾਬਾ ਜਾਣੀ ਜਾਣ ਪੁਰਖ
ਕਢਿਆ ਲੋਟਾ ਜਹਾ ਲੁਕਾਈ।
ਵੇਖਿ ਚਲਿਤ੍ਰਿ ਜੋਗੀ ਖੁਣਿਸਾਈ॥੩੯॥

## ਤੁਮ ਦਇਆਲ ਸਰਬ ਦੁਖ ਭੰਜਨ

**ਗਉੜੀ ਪੂਰਬੀ ਮਹਲਾ ੪**
ਤੁਮ ਦਇਆਲ ਸਰਬ ਦੁਖ ਭੰਜਨ
ਇਕ ਬਿਨਉ ਸੁਨਹੁ ਦੇ ਕਾਨੇ॥
ਜਿਸ ਤੇ ਤੁਮ ਹਰਿ ਜਾਨੇ ਸੁਆਮੀ
ਸੋ ਸਤਿਗੁਰੁ ਮੇਲਿ ਮੇਰਾ ਪ੍ਰਾਨੇ॥੧॥
ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ॥
ਹਮ ਮੂੜ ਮੁਗਧ ਅਸੁਧ ਮਤਿ ਹੋਤੇ
ਗੁਰ ਸਤਿਗੁਰ ਕੈ ਬਚਨਿ
ਹਰਿ ਹਮ ਜਾਨੇ॥੧॥ ਰਹਾਉ॥
ਜਿਤਨੇ ਰਸ ਅਨ ਰਸ ਹਮ ਦੇਖੇ
ਸਭ ਤਿਤਨੇ ਫੀਕ ਫੀਕਾਨੇ॥
ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ
ਮਿਲਿ ਸਤਿਗੁਰ ਮੀਠ ਰਸ ਗਾਨੇ॥੨॥
ਜਿਨ ਕਉ ਗੁਰੁ ਸਤਿਗੁਰੁ ਨਹੀ ਭੇਟਿਆ
ਤੇ ਸਾਕਤ ਮੂੜ ਦਿਵਾਨੇ॥
ਤਿਨ ਕੇ ਕਰਮਹੀਨ ਧੁਰਿ ਪਾਏ
ਦੇਖਿ ਦੀਪਕੁ ਮੋਹਿ ਪਚਾਨੇ॥੩॥
ਜਿਨ ਕਉ ਤੁਮ ਦਇਆ ਕਰਿ ਮੇਲਹੁ
ਤੇ ਹਰਿ ਹਰਿ ਸੇਵ ਲਗਾਨੇ॥
ਜਨ ਨਾਨਕ ਹਰਿ ਹਰਿ ਹਰਿ ਜਪਿ ਪ੍ਰਗਟੇ
ਮਤਿ ਗੁਰਮਤਿ ਨਾਮਿ ਸਮਾਨੇ॥੪॥

ਸਤਿਗੁਰੂ ਪਿਤਾ ਜੀ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ- ਹੇ ਦਇਆ ਦੇ ਸਾਗਰ ਪ੍ਰਭੂ! ਸੰਸਾਰ ਦੇ ਜੀਵਾਂ ਦੇ ਦੁੱਖਾਂ ਦਾ ਨਾਸ ਕਰਨ ਵਾਲੇ ਪ੍ਰਭੂ ਜੀ! ਮੇਰੀ ਇਕ ਬੇਨਤੀ ਕੰਨ ਦੇ ਕੇ ਖਿਆਲ ਨਾਲ ਸੁਣੋ; ਜਿਸ ਤੇ ਤੁਮ ਹਰਿ ਜਾਨੇ ਸੁਆਮੀ, ਹੇ ਮੇਰੇ ਸੁਆਮੀ ਪ੍ਰਭੂ ਜੀਓ! ਜਿਸ ਦੀ ਕ੍ਰਿਪਾ ਕਰ ਕੇ ਤੇਰੇ ਨਾਲ ਡੂੰਘੀ ਪ੍ਰੀਤ ਪੈ ਸਕਦੀ ਹੈ; ਸੋ ਸਤਿਗੁਰੁ ਮੇਲਿ ਮੇਰਾ ਪ੍ਰਾਨੇ, ਉਹ ਐਸਾ ਸਤਿਗੁਰੂ ਮੈਨੂੰ ਮਿਲਾ ਦੇ ਜੋ ਮੇਰੇ ਪ੍ਰਾਣਾਂ ਦਾ ਆਸਰਾ ਹੈ।

ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ॥
ਹਮ ਮੂੜ ਮੁਗਧ ਅਸੁਧ ਮਤਿ ਹੋਤੇ
ਗੁਰ ਸਤਿਗੁਰ ਕੈ ਬਚਨਿ
ਹਰਿ ਹਮ ਜਾਨੇ॥੧॥ ਰਹਾਉ॥

ਸਤਿਗੁਰੂ ਰਾਮਦਾਸ ਪਾਤਸ਼ਾਹ ਜੀ ਵਿਸਮਾਦ ਵਿਚ ਆਏ ਉਸ ਮਾਲਕ ਪ੍ਰਭੂ ਦੀ ਸਿਫਤਿ ਸਾਲਾਹ ਦਾ ਗੁਣ ਗਾਇਨ ਕਰਦਿਆਂ ਆਖ ਰਹੇ ਹਨ- ਹੇ ਭਾਈ! ਮੈਂ ਸਤਿਗੁਰੂ ਨੂੰ ਆਪਣੇ ਹਿਰਦੇ ਵਿਚ ਪਾਰਬ੍ਰਹਮ ਕਰ ਕੇ ਮੰਨਿਆ ਹੈ। ਭਾਈ! ਮੈਂ ਤਾਂ ਮੂਰਖ ਸਾਂ, ਮਹਾਂ ਮੂਰਖ ਸਾਂ, ਅਸ਼ੁੱਧ ਮੈਲੀ ਮੱਤ ਵਾਲਾ ਸਾਂ, ਪਰ ਸਤਿਗੁਰੂ ਦੇ ਉਪਦੇਸ਼ ਕਰ ਕੇ ਮੈਂ ਪ੍ਰਭ ਨਾਲ ਜਾਣ-ਪਛਾਣ ਪਾ ਲਈ ਹੈ।

ਜਿਤਨੇ ਰਸ ਅਨ ਰਸ ਹਮ ਦੇਖੇ
ਸਭ ਤਿਤਨੇ ਫੀਕ ਫੀਕਾਨੇ॥
ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ
ਮਿਲਿ ਸਤਿਗੁਰ ਮੀਠ ਰਸ ਗਾਨੇ॥੨॥

ਗੁਰਦੇਵ ਜੀ ਆਖਦੇ ਹਨ, ਹੇ ਭਾਈ! ਇਸ ਸੰਸਾਰ ਦੇ ਹਰ ਕਿਸਮ ਦੇ ਜਿੰਨੇ ਵੀ ਰਸ ਹਨ, ਉਹ ਮੈਂ ਸਾਰੇ ਹੀ ਦੇਖ ਲਏ; ਉਹ ਰਸ ਤਾਂ ਸਾਰੇ ਦੇ ਸਾਰੇ ਫਿੱਕੇ ਹੀ ਨਿਕਲੇ ਪਰ ਜਦੋਂ ਮੈਂ ਸਤਿਗੁਰੂ ਨੂੰ ਮਿਲ ਕੇ ਉਚਾ-ਸੁੱਚਾ ਆਤਮਿਕ ਜੀਵਨ ਦੇਣ ਵਾਲਾ ਨਾਮ ਰੂਪੀ ਅੰਮ੍ਰਿਤ ਰਸ ਚੱਖਿਆ ਹੈ ਤਾਂ ਉਹ ਰਸ ਇਵੇਂ ਮਿੱਠਾ ਲੱਗਿਆ ਜਿਵੇਂ ਗੰਨੇ ਦਾ ਰਸ ਹੋਵੇ।

### ਗੁਰਬਾਣੀ ਗਿਆਨ

ਜਿਨ ਕਉ ਗੁਰੁ ਸਤਿਗੁਰੁ ਨਹੀ ਭੇਟਿਆ
ਤੇ ਸਾਕਤ ਮੂੜ ਦਿਵਾਨੇ॥
ਤਿਨ ਕੇ ਕਰਮਹੀਨ ਧੁਰਿ ਪਾਏ
ਦੇਖਿ ਦੀਪਕੁ ਮੋਹਿ ਪਚਾਨੇ॥੩॥

ਜੀਵਾਂ ਦੇ ਉਧਾਰ ਲਈ ਗੁਰਦੇਵ ਉਪਦੇਸ਼ ਕਰਦੇ ਹਨ, ਹੇ ਭਾਈ! ਜਿਨ੍ਹਾਂ ਮੂਰਖਾਂ ਨੂੰ ਗੁਰੂ ਨਹੀਂ ਮਿਲਦਾ, ਉਹ ਮੂਰਖ ਮਾਇਆ ਮੋਹ ਦੇ ਵਿਕਾਰਾਂ ਵਿਚ ਫਸੇ ਹੋਏ ਉਸ ਮਾਲਕ ਪਰਮਾਤਮਾ ਨਾਲੋਂ ਟੁੱਟੇ ਰਹਿੰਦੇ ਹਨ ਤੇ ਮਾਇਆ ਪਿੱਛੇ ਦੀਵਾਨੇ ਹੋਏ ਫਿਰਦੇ ਹਨ; ਪਰ ਹੇ ਭਾਈ! ਉਨ੍ਹਾਂ ਜੀਵਾਂ ਦੇ ਵੀ ਵੱਸ ਕੁਝ ਨਹੀਂ, ਪ੍ਰਭੂ ਨੇ ਧੁਰੋਂ ਹੀ ਉਨ੍ਹਾਂ ਦੇ ਭਾਗਾਂ ਵਿਚ ਨੀਵੇਂ ਕੰਮ ਲਿਖ ਦਿੱਤੇ ਹਨ। ਉਹ ਮੂਰਖ ਮਾਇਆ ਦੇ ਮੋਹ ਵਿਚ ਇਵੇਂ ਸੜਦੇ ਰਹਿਣਗੇ ਜਿਵੇਂ ਦੀਵੇ ਤੇ ਪਤੰਗੇ।

ਜਿਨ ਕਉ ਤੁਮ ਦਇਆ ਕਰਿ ਮੇਲਹੁ
ਤੇ ਹਰਿ ਹਰਿ ਸੇਵ ਲਗਾਨੇ॥
ਜਨ ਨਾਨਕ ਹਰਿ ਹਰਿ ਹਰਿ ਜਪਿ ਪ੍ਰਗਟੇ
ਮਤਿ ਗੁਰਮਤਿ ਨਾਮਿ ਸਮਾਨੇ॥੪॥

ਗੁਰਦੇਵ ਆਖਦੇ ਹਨ- ਹੇ ਮੇਰੇ ਮਿਹਰਬਾਨ ਪ੍ਰਭ ਜੀਓ! ਜਿਨ੍ਹਾਂ ਜੀਵਾਂ ਨੂੰ ਤੂੰ ਮਿਹਰ ਕਰ ਕੇ ਗੁਰੂ ਦੇ ਚਰਨਾਂ ਨਾਲ ਮਿਲਾ ਦਿੰਦਾ ਹੈਂ; ਉਹ ਵੱਡੇ ਭਾਗਾਂ ਵਾਲੇ ਮਨੁੱਖ ਗੁਰੂ ਦੀ ਮੱਤ ਲੈ ਕੇ ਤੇਰੀ ਸੇਵਾ ਅਤੇ ਭਗਤੀ ਵਿਚ ਲੱਗੇ ਰਹਿੰਦੇ ਹਨ। ਹੇ ਪ੍ਰਭੂ! ਇਹ ਦਾਸ ਨਾਨਕ ਆਖਦਾ ਹੈ ਕਿ ਫਿਰ ਉਹ ਜੀਵ ਹਰੀ ਨਾਮ ਜਪ ਕੇ ਜਗਤ ਵਿਚ ਜਾਣੇ ਜਾਂਦੇ ਹਨ, ਗੁਰੂ ਦੀ ਮੱਤ ਉਤੇ ਤੁਰ ਕੇ ਪ੍ਰਭੂ ਨਾਮ ਵਿਚ ਸਮਾ ਜਾਂਦੇ ਹਨ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਦੇਵ ਦਾ ਪਤਨ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪੰਜਾਬੀ ਵਿਚ ਦੇਵਤਾ ਦੇ ਅਰਥ ਲਈ ਦੇਵ ਸ਼ਬਦ ਬਹੁਤ ਘਟ ਸੁਣਨ ਵਿਚ ਆਉਂਦਾ ਹੈ। ਹਾਂ, ਇਸ ਦੇ ਵਿਗੜੇ ਰੂਪ ਦੇਬਾ, ਦੇਬੀ, ਦੇਬੂ ਆਦਿ ਖਾਸ ਨਾਂਵਾਂ ਦੇ ਤੌਰ 'ਤੇ ਜ਼ਰੂਰ ਵਰਤੇ ਜਾਂਦੇ ਹਨ ਪਰ ਇਹ ਵੀ ਆਮ ਤੌਰ 'ਤੇ ਗੁਰਦੇਵ, ਹਰਦੇਵ, ਜਗਦੇਵ, ਸੁਖਦੇਵ ਆਦਿ ਪੂਰੇ ਨਾਂਵਾਂ ਦੇ ਛੋਟੇ ਰੂਪ ਵਜੋਂ। ਦੇਵ ਸ਼ਬਦ ਖਾਸ ਨਾਂਵਾਂ ਵਿਚ ਦੂਜੇ ਨਾਂਵ ਵਜੋਂ ਵੀ ਵਰਤ ਹੁੰਦਾ ਹੈ, ਗੌਰ ਕਰੋ ਗੁਰੂਆਂ ਦੇ ਨਾਂ: ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਰਜਨ ਦੇਵ। ਸਵਿਟਜ਼ਰਲੈਂਡ ਵਿਚ ਰਹਿੰਦੇ ਪੰਜਾਬੀ ਦੇ ਇਕ ਕਵੀ ਦਾ ਪੂਰਾ ਨਾਂ ਹੀ ਦੇਵ ਹੈ। ਦੇਵ ਦੀ ਪਤਨੀ ਦੇਵੀ ਹੈ ਪਰ ਅੱਜ ਕਲ੍ਹ ਦੇਵੀ ਸ਼ਬਦ ਦੁਰਗਾ ਮਾਤਾ ਲਈ ਹੀ ਰੂੜ੍ਹ ਹੋ ਗਿਆ ਹੈ, 'ਨਾਲੇ ਦੇਵੀ ਦਰਸ਼ਨ, ਨਾਲੇ ਮੁੰਜ ਬਗੜ।' ਗੁਰੂ ਗ੍ਰੰਥ ਸਾਹਿਬ ਵਿਚ ਦੋਨੋਂ ਸ਼ਬਦ ਕਈ ਵਾਰੀ ਆਏ ਹਨ, ਮਿਸਾਲ ਵਜੋਂ 'ਆਖਹਿ ਦਾਨਵ ਆਖਹਿ ਦੇਵ' (ਗੁਰੂ ਨਾਨਕ ਦੇਵ); 'ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ'। ਕੁਝ ਇਕ ਥਾਂਵਾਂ 'ਤੇ ਦੇਵ ਸ਼ਬਦ ਰੱਬ ਲਈ ਵੀ ਵਰਤਿਆ ਮਿਲਦਾ ਹੈ, 'ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ' (ਗੁਰੂ ਅਰਜਨ ਦੇਵ)। ਦੇਵ ਸ਼ਬਦ ਮਹਾਂਪੁਰਸ਼ ਆਦਿ ਲਈ ਸਤਿਕਾਰ ਵਜੋਂ ਵੀ ਵਰਤਿਆ ਜਾਂਦਾ ਹੈ, ਖਾਸ ਤੌਰ 'ਤੇ ਸੰਬੋਧਨ ਰੂਪ ਵਿਚ ਜਿਵੇਂ ਗੁਰਦੇਵ! ਇਸੇ ਆਸ਼ੇ ਨਾਲ ਰਾਜੇ ਨੂੰ ਦੇਵ ਕਿਹਾ ਜਾਂਦਾ ਰਿਹਾ ਹੈ। ਅੱਜ ਕਲ੍ਹ ਦੇਵ ਦੇ ਥਾਂ ਦੇਵਤਾ ਸ਼ਬਦ ਵੱਧ ਪ੍ਰਚਲਤ ਹੈ। ਇਕ ਵਿਚਾਰ ਅਨੁਸਾਰ ਪ੍ਰਾਚੀਨ ਕਾਲ ਵਿਚ ਦੇਵਤਾ ਇਸਤਰੀ-ਲਿੰਗ ਸ਼ਬਦ ਸੀ। 'ਚੰਡੀ ਦੀ ਵਾਰ' ਵਿਚ ਵੀ ਇਸ ਸ਼ਬਦ ਦੀ ਦੇਵੀ ਦੇ ਅਰਥਾਂ ਵਿਚ ਵਰਤੋਂ ਹੋਈ ਹੈ, 'ਏਵਡ ਮਾਰ ਵਿਹਾਣੀ ਉਪਰ ਰਾਕਸਾਂ, ਬਿਜਲ ਜਿਉਂ ਝਰਲਾਣੀ ਉਠੀ ਦੇਵਤਾ।' ਬੁਧ ਧਰਮ ਦੀ ਚੜ੍ਹਤ ਕਾਰਨ ਦੇਵ-ਪੂਜਾ ਤੇ ਹੋਰ ਧਰਮ-ਕਰਮ ਵਿਚ ਲੋਕਾਂ ਦੀ ਰੁਚੀ ਘਟ ਗਈ ਤੇ ਸਿੱਟੇ ਵਜੋਂ ਦੇਵ ਸ਼ਬਦ ਵੀ ਅਣਗੌਲਿਆ ਹੋ ਗਿਆ। ਵੈਦ ਧਰਮ ਦੇ ਪੁਨਰ ਉਥਾਨ ਕਾਰਨ ਦੇਵ ਦੀ ਥਾਂ ਦੇਵਤਾ ਸ਼ਬਦ ਵਰਤ ਹੋਣ ਲੱਗਾ ਤੇ ਉਹ ਵੀ ਪੁਲਿੰਗ ਰੂਪ ਵਿਚ। ਦੇਵ ਸ਼ਬਦ ਤੋਂ ਅਨੇਕਾਂ ਸੰਯੁਕਤ ਸ਼ਬਦ ਬਣੇ ਹਨ ਜਿਵੇਂ ਦੇਵਨਾਗਰੀ, ਦੇਵਾਲਾ, ਦੇਵਸਥਾਨ, ਦੇਵਵਾਦ, ਗੁਰਦੇਵ। 'ਦੇਵ ਲੋਕ ਜਾਣਾ' ਮੁਹਾਵਰੇ ਦਾ ਮਤਲਬ ਹੈ, ਮਰ ਜਾਣਾ।

ਦੇਵ ਜਾਂ ਦੇਵਤਾ ਸ਼ਬਦ ਪਿਛੇ 'ਦਿਵ' ਧਾਤੂ ਕਾਰਜਸ਼ੀਲ ਹੈ ਜਿਸ ਵਿਚ ਚਮਕਣ, ਪ੍ਰਕਾਸ਼ਮਾਨ ਹੋਣ ਦੇ ਭਾਵ ਹਨ। ਦਿਨ ਤੇ ਦਿਵਸ ਸ਼ਬਦ ਵਿਚ ਅਸੀਂ ਇਸੇ ਧਾਤੂ ਦਾ ਚਮਤਕਾਰ ਦੇਖ ਚੁੱਕੇ ਹਾਂ। ਅਲੌਕਿਕ ਹਸਤੀ ਦੇਵ ਜਾਂ ਦੇਵਤੇ ਨੂੰ ਪ੍ਰਕਾਸ਼ਮਾਨ, ਨੂਰਾਨੀ ਜਾਂ ਚਮਕਦਾਰ ਰੂਪ ਵਿਚ ਹੀ ਕਲਪਿਆ ਗਿਆ ਹੈ। ਬ੍ਰਹਿਮੰਡ ਵਿਚ ਸੂਰਜ, ਚੰਦ, ਤਾਰਿਆਂ ਆਦਿ ਕਾਰਨ ਰੌਸ਼ਨ ਅਕਾਸ਼ ਦੇ ਪਿਛੇ ਇਸ ਦਿਵ ਸ਼ਕਤੀ ਨੂੰ ਕਾਰਜਸ਼ੀਲ ਸਮਝਿਆ ਗਿਆ। ਦੇਵਤੇ ਸੱਚਾਈ, ਨੇਕੀ ਆਦਿ ਸਦਗੁਣਾਂ ਦੇ ਪੁੰਜ ਮੰਨੇ ਗਏ। ਉਂਜ ਵੀ ਹਨੇਰੇ ਦੇ ਮੁਕਾਬਲੇ ਚਾਨਣ ਸੱਚਾਈ ਦਾ ਪ੍ਰਤੀਕ ਹੈ।

ਪਰ ਦੇਵ ਸ਼ਬਦ ਦਾ ਪਤਨ ਇਕ ਹੋਰ ਪਹਿਲੂ ਤੋਂ ਵੀ ਹੋਇਆ ਹੈ। ਆਰੀਆਂ ਦੇ ਭਾਰਤੀ ਤੇ ਇਰਾਨੀ ਦੋ ਸ਼ਾਖਾਵਾਂ ਵਿਚ ਨਿਖੜਨ ਤੋਂ ਪਹਿਲਾਂ ਦੇਵ ਸ਼ਬਦ ਚੰਗੇ ਅਰਥਾਂ ਵਿਚ ਵਰਤ ਹੁੰਦਾ ਸੀ। ਪਰ ਦੋਵਾਂ ਆਰਿਆਈ ਸ਼ਾਖਾਵਾਂ ਵਿਚ ਕਈ ਕਿਸਮ ਦੇ ਧਾਰਮਕ, ਵਿਚਾਰਧਾਰਕ ਤੇ ਆਰਥਕ ਮਤਭੇਦ ਹੋ ਗਏ। ਇਨ੍ਹਾਂ ਮਤਭੇਦਾਂ ਕਾਰਨ ਭਾਰਤੀ ਆਰੀਆਂ



ਨੇ ਦੇਵ ਪ੍ਰਤੀ ਸ਼ਰਧਾ ਜਿਉਂ ਦੀ ਤਿਉਂ ਰੱਖੀ ਪਰ ਇਸ ਦੇ ਉਲਟ ਇਰਾਨ ਵਿਚ ਵਸ ਚੁੱਕੇ ਪਾਰਸੀ ਆਰੀਆਂ ਲਈ ਦੇਵ ਸ਼ਬਦ ਨਖਿਧ ਬਣ ਗਿਆ, ਇਥੋਂ ਤੱਕ ਕਿ ਇਹ ਰਾਖਸ਼ਸੀ ਪ੍ਰਵਿਰਤੀਆਂ ਦਾ ਧਾਰਕ ਬਣ ਗਿਆ। ਅਵੇਸਤਾ ਵਿਚ ਇਸ ਸ਼ਬਦ ਦਾ ਰੂਪ ਹੈ 'ਦਇਓਆ', ਜਦ ਕਿ ਪੁਰਾਣੀ ਫਾਰਸੀ ਵਿਚ ਇਹ ਦੇਵਾ ਹੈ। ਭਾਰਤ ਵਿਚ ਇਸਲਾਮ ਦੀ ਆਮਦ ਕਾਰਨ ਦਇਓਆ ਸ਼ਬਦ ਢੋਲ-ਢਮੱਕੇ ਨਾਲ ਏਧਰ ਆ ਵੜਿਆ ਪਰ ਆਪਣੇ ਬਦਲੇ ਹੋਏ ਰੂਪ ਅਤੇ ਅਰਥਾਂ ਵਿਚ। ਪੰਜਾਬੀ ਵਿਚ ਇਸ ਦਾ ਰੂਪ ਹੈ-ਦੇਉ, ਦਿਉ ਜਾਂ ਦੇਅ। ਅਸੀਂ ਪੰਜਾਬੀ ਦੀਆਂ ਬੇਸ਼ੁਮਾਰ ਬਾਤਾਂ ਵਿਚ ਦਿਉ ਦੇ ਦਰਸ਼ਨ ਕਰਦੇ ਹਾਂ। ਇਨ੍ਹਾਂ ਵਿਚ ਦਿਉ ਇਕ ਵੱਡੀ ਕਾਇਆ ਵਾਲਾ, ਵਿਕਰਾਲ, ਆਦਮਖੋਰ ਪਾਤਰ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਨ੍ਹਾਂ ਵਿਚੋਂ ਕਈ ਪਰੀ-ਕਹਾਣੀਆਂ ਵੀ ਇਸਲਾਮੀ ਜਾਂ ਇਰਾਨੀ ਪਿਛੋਕੜ ਦੀਆਂ ਹਨ। ਮੀਆਂ ਮੁਹੰਮਦ ਬਖਸ਼ ਦੇ ਕਿੱਸੇ 'ਸੈਫਲ ਮਲੂਕ' ਵਿਚ ਇਹ ਸ਼ੈਤਾਨ ਵਜੋਂ ਸਾਹਮਣੇ ਆਉਂਦਾ ਹੈ,

ਦੇਵ ਆਦਮ ਦੇ ਦੁਸ਼ਮਣ
ਮੁਢੋਂ ਨਾਹੀ ਤੱਕ ਸੁਖਾਂਦੇ।
ਜੇ ਛੁਪੇ ਤਾਂ ਮੁਸ਼ਕੇ ਲਗ ਕੇ
ਹਰ ਹੀਲੇ ਫੜ ਖਾਂਦੇ।
ਜਿਸ ਦਿਨ ਮਿਹਤਰ ਆਦਮ ਅਗੇ
ਰੱਬ ਸਜੂਦ ਕਰਾਇਆ।
ਸਭਨਾਂ ਮਲਕਾਂ ਸਿਜਦਾ ਕੀਤਾ,
ਦੇਵ ਨ ਸੀਸ ਨਿਵਾਇਆ।
ਖੁਦਾਵੰਦ ਦਾ ਫੁਰਮਾਨ ਨਾ ਮੰਨਿਓਸ
ਆਦਮ ਦਿਲੋਂ ਨਾ ਭਾਇਆ।
ਲਾਅਨਤ ਦਾ ਸ਼ੈਤਾਨ ਕਹਾ ਕੇ
ਤੌਕ ਗਲੇ ਵਿਚ ਪਾਇਆ।

ਬਹੁਤ ਵੱਡੇ ਕੱਦ ਬੁੱਤ ਨੂੰ ਦਿਉ ਕੱਦ ਕਹਿ ਦਿੱਤਾ ਜਾਂਦਾ ਹੈ। ਇਕ 'ਦਿਉ ਕੱਦ' ਦਰਖਤ ਦਾ ਮੁਢਲਾ ਨਾਂ ਹੀ ਦੇਵਦਾਰ ਹੈ ਜਿਸ ਨੂੰ ਪੰਜਾਬੀ 'ਚ ਦਿਆਰ ਤੇ ਬਿਆਰ ਬੋਲਿਆ/ਲਿਖਿਆ ਜਾਂਦਾ ਹੈ। ਗੌਰਤਲਬ ਹੈ, ਦੇਵ/ਦਿਉ ਆਦਿ ਸ਼ਬਦ ਭਾਰਤੀ/ਪੰਜਾਬੀ ਵਿਰਸੇ ਵਿਚ ਵੀ ਇਕ ਦੂਜੇ ਦੀ ਥਾਂ ਲੈ ਲੈਂਦੇ ਹਨ। ਇਸ ਘੜਮੱਸ ਨੂੰ ਸੰਖੇਪ ਵਿਚ ਸਪੱਸ਼ਟ ਕਰਨਾ ਜ਼ਰੂਰੀ ਹੈ। ਅਥਰਵ ਵੇਦ ਵਿਚ ਦੇਵ ਸ਼ਬਦ ਦੈਂਤ ਦੇ ਅਰਥਾਂ ਵਿਚ ਵੀ ਆਇਆ ਹੈ। ਇਸ ਦਾ ਮਤਲਬ ਇਹ ਹੋ ਸਕਦਾ ਹੈ ਕਿ ਦੇਵਾਂ ਦੇ ਚਰਿਤਰ ਬਾਰੇ ਦੋ ਉਲਟ ਰਾਵਾਂ ਸ਼ੁਰੂ ਹੋ ਚੁੱਕੀਆਂ ਸਨ। ਦੂਜੀ ਗੱਲ 'ਵ' ਧੁਨੀ ਅਕਸਰ ਹੀ 'ਅ' ਧੁਨੀ 'ਚ ਪਲਟ ਜਾਂਦੀ ਹੈ। ਇਸ ਤਰ੍ਹਾਂ 'ਦਿਉ/ਦੇਉ ਜਿਹੇ ਸ਼ਬਦ ਦੇਵ ਦੇ ਅਰਥਾਂ ਵਿਚ ਵੀ ਵਰਤੇ ਮਿਲਦੇ ਹਨ। ਕੁਝ ਮਿਸਾਲਾਂ ਲੈਂਦੇ ਹਾਂ 'ਸਤਿਗੁਰੁ ਜਾਗਤਾ ਹੈ ਦੇਉ'(ਭਗਤ ਕਬੀਰ); 'ਸੋਈ ਨਿਰੰਜਨ ਦੇਉ' (ਗੁਰੂ ਅੰਗਦ ਦੇਵ)। ਦੂਜੇ ਪਾਸੇ ਫਾਰਸੀ ਵਲੋਂ ਆਏ ਭੂਤ, ਜਿੰਨ, ਸ਼ੈਤਾਨ ਦੇ ਅਰਥ ਵਾਲਾ ਦੇਉ ਵੀ ਗੁਰਬਾਣੀ ਵਿਚ ਮਿਲਦਾ ਹੈ, "ਹਰਿ ਸਿਮਰਤ ਦੈਤ ਦੇਉ ਨ ਪੋਹੈ"(ਗੁਰੂ ਅਰਜਨ ਦੇਵ)। ਕਈ ਨਾਂਵਾਂ 'ਚ ਵੀ ਦੇਵ ਦੀ ਥਾਂ ਦਿਉ ਸ਼ਬਦ ਵਰਤਿਆ ਮਿਲਦਾ ਹੈ ਜਿਵੇਂ ਜਗਦਿਉ। ਇਸੇ ਤਰ੍ਹਾਂ ਦੇਵੀ ਦੀ ਥਾਂ ਦੇਈ ਸ਼ਬਦ ਕਈ ਇਸਤਰੀ ਨਾਂਵਾਂ 'ਚ ਵਰਤ ਹੁੰਦਾ ਹੈ ਜਿਵੇਂ ਮੋਹਨ ਦੇਈ, ਧੰਨ ਦੇਈ। ਸਪੱਸ਼ਟ ਹੈ ਇਨ੍ਹਾਂ ਨਾਂਵਾਂ ਵਿਚ ਦੇਵ/ਦੇਵੀ ਦਾ ਆਸ਼ਾ ਹੀ ਹੈ। ਦਿਵ ਤੋਂ ਸੰਸਕ੍ਰਿਤ ਦਿਵਯ ਬਣਿਆ ਜਿਸ ਦਾ ਪੰਜਾਬੀਕਰਣ ਦਿੱਬ ਹੋ ਗਿਆ। ਇਹ ਸੰਯੁਕਤ ਸ਼ਬਦ ਦਿੱਬ-ਦ੍ਰਿਸ਼ਟੀ ਵਿਚ ਝਲਕਦਾ ਹੈ। ਪੰਜਾਬੀ ਜੱਟਾਂ ਦਾ ਇਕ ਗੋਤ ਹੈ, ਦਿਉਲ। ਫਿਲਮ ਐਕਟਰ ਧਰਮਿੰਦਰ ਦਾ ਇਹੋ ਗੋਤ ਹੈ। ਇਹ ਗੋਤ ਮੂਲ ਰੂਪ ਵਿਚ ਦੇਵਲ ਹੈ। ਦੇਵਲ/ਦਿਉਲ ਦੇ ਵਡੇਰੇ ਮੱਧ ਪ੍ਰਦੇਸ਼ ਤੋਂ ਪੰਜਾਬ ਆਏ ਸਨ। ਮਧ ਪ੍ਰਦੇਸ਼ ਤੇ ਰਾਜਸਥਾਨ ਵਿਚ ਅੱਜ ਵੀ ਇਸ ਗੋਤ ਵਾਲੇ 'ਦੇਵਲ' ਲਿਖਦੇ ਹਨ। ਇਸੇ ਤਰ੍ਹਾਂ ਜੱਟਾਂ ਦਾ ਇਕ ਗੋਤ ਦਿਉ ਵੀ ਹੈ। ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ 'ਜੱਟਾਂ ਦਾ ਇਤਿਹਾਸ' ਅਨੁਸਾਰ ਇਹ ਮਧ ਪ੍ਰਦੇਸ਼ ਦੇ ਰਾਜੇ ਜਗਦੇਓ ਪਵਾਰ ਦੀ ਬੰਸ ਵਿਚੋਂ ਹਨ ਜਿਸ ਦੇ ਪੰਜ ਪੁੱਤਰ ਦਿਉ, ਦੇਵਲ, ਔਲਖ, ਸੋਹਲ ਤੇ ਕੋਮ ਸਨ। ਦਿਉ ਗੋਤ ਦਾ ਮੋਢੀ ਦਿਉ ਸੀ। ਪਾਤੜਾਂ ਪਾਸ ਦਿਉਗੜ ਪਿੰਡ ਦਿਉ ਗੋਤ ਦੇ ਜੱਟਾਂ ਦਾ ਹੈ। ਤਰਨਤਾਰਨ ਪਾਸ ਇਕ ਪਿੰਡ ਦਿਉ ਨਿਰੋਲ ਦਿਉਆਂ ਦਾ ਹੈ। ਇਨ੍ਹਾਂ ਦਾ ਪਿਛਾ 11ਵੀਂ ਸਦੀ ਦੇ ਮਾਲਵੇ (ਮਧ ਪ੍ਰਦੇਸ਼) ਦੇ ਇਲਾਕੇ ਧਾਰ ਦੇ ਰਾਜਾ ਭੋਜ ਨਾਲ ਜੁੜਦਾ ਹੈ।

ਦੇਵ ਸ਼ਬਦ ਦਾ ਭਾਰੋਪੀ ਮੂਲ ਹੈ 'ਦੇਇ' ਜਿਸ ਵਿਚ ਚਮਕਣ ਦੇ ਭਾਵ ਹਨ। ਇਸ ਤੋਂ ਬਣੇ ਕੁਝ ਭਾਰੋਪੀ ਸ਼ਬਦਾਂ ਦਾ ਜ਼ਿਕਰ ਅਸੀਂ ਦਿਨ ਅਤੇ ਦਿਵਸ ਵਾਲੇ ਲੇਖ ਵਿਚ ਕਰ ਆਏ ਹਾਂ। ਇਸ ਵਾਰੀ ਸਿਰਫ ਦੇਵ ਜਿਹੇ ਭਾਵ ਵਾਲੇ ਸ਼ਬਦਾਂ ਦਾ ਵਰਣਨ ਹੀ ਕੀਤਾ ਜਾਵੇਗਾ। ਲਾਤੀਨੀ ਵਿਚ ਦੇਵ ਦਾ ਸੁਜਾਤੀ ਤੇ ਇਸੇ ਅਰਥਾਂ ਵਾਲਾ ਸ਼ਬਦ ਹੈ, Deus. ਇਸੇ ਨਾਲ ਜੁੜਦੇ ਸ਼ਬਦ Divus ਦਾ ਵੀ ਲਗਭਗ ਇਹੋ ਅਰਥ ਹੈ। ਦਿੱਵ, ਦੈਵੀ ਜਾਂ ਦਿੱਬ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ Divine ਇਸੇ Divus ਤੋਂ ਵਿਕਸਿਤ ਹੋਇਆ ਹੈ। ਕਿਰਿਆ ਵਜੋਂ ਇਸ ਸ਼ਬਦ ਦੇ ਅਰਥ ਹਨ-ਦਿੱਬ-ਦ੍ਰਿਸ਼ਟੀ ਰਾਹੀਂ ਭਵਿਖਵਾਣੀ ਕਰਨਾ। ਪ੍ਰਾਚੀਨ ਗਰੀਸ ਦਾ ਆਕਾਸ਼ ਦਾ ਦੇਵਤਾ, ਜਿਸ ਨੂੰ ਸ਼ਿਰੋਮਣੀ ਦੇਵਤਾ ਮੰਨਿਆ ਜਾਂਦਾ ਹੈ, ਦਾ ਨਾਂ ਸੀ ਜ਼ੂਅਸ (Zeus). ਦੇਵਤੇ ਦੇ ਇਸ ਨਾਂ ਪਿੱਛੇ ਵੀ ਇਹੀ ਭਾਰੋਪੀ ਮੂਲ ਹੈ। ਲਾਤੀਨੀ ਦੀ 'ਡ' ਧੁਨੀ 'ਜ' ਵਿਚ ਬਦਲ ਗਈ। ਇਸ ਦੇ ਟਾਕਰੇ ਰੋਮਨਾਂ ਦੇ ਦੇਵਤੇ ਦਾ ਨਾਂ ਹੈ ਜੁਪੀਟਰ (Jupiter). ਇਹ ਸ਼ਬਦ ਬਣਿਆ ਹੈ Deiw-os+peter ਤੋਂ। ਇਸ ਦਾ ਪਹਿਲਾ ਘਟਕ ਤਾਂ ਦੇਵ ਹੀ, ਦੂਜੇ ਘਟਕ ਪੀਟਰ (ਪਿਤਰ ਦਾ ਸੁਜਾਤੀ) ਦਾ ਅਰਥ ਪਿਤਾ ਹੈ। ਸੋ, ਇਸ ਸ਼ਬਦ ਦਾ ਅੱਖਰੀ ਅਰਥ ਬਣਦਾ ਹੈ, ਘਰ ਦਾ ਮੁਖੀਆ। ਇਸ ਦੇਵਤੇ ਲਈ Jove ਸ਼ਬਦ ਵੀ ਵਰਤਿਆ ਜਾਂਦਾ ਹੈ ਜੋ ਇਕ ਚਮਕੀਲੇ ਗ੍ਰਹਿ ਦਾ ਨਾਂ ਵੀ ਹੈ। ਇਸ ਤੋਂ ਇਕ ਅੰਗਰੇਜ਼ੀ ਸ਼ਬਦ ਬਣਿਆ ਹੈ Jovial ਜਿਸ ਦਾ ਅਰਥ ਹੈ, ਹਸਮੁਖ। ਇਸ ਸ਼ਬਦ ਦਾ ਅੱਖਰੀ ਅਰਥ ਬਣਦਾ ਹੈ, 'ਜੁਪੀਟਰ ਗ੍ਰਹਿ ਦੇ ਪ੍ਰਭਾਵ ਅਧੀਨ' ਤੇ ਜੋਤਿਸ਼ ਅਨੁਸਾਰ ਇਸ ਗ੍ਰਹਿ ਵਾਲੇ ਬੰਦੇ ਖੁਸ਼-ਮਿਜ਼ਾਜ ਹੁੰਦੇ ਹਨ। ਅਸੀਂ ਇਸ ਨੂੰ ਬ੍ਰਹਿਸਪਤੀ ਆਖਦੇ ਹਾਂ। ਮੰਗਲਵਾਰ ਲਈ ਅੰਗਰੇਜ਼ੀ ਸ਼ਬਦ ਹੈ Tuesday. ਇਸ ਸ਼ਬਦ ਦਾ ਪੁਰਾਤਨ ਅੰਗਰੇਜ਼ੀ ਰੂਪ ਸੀ Tiwesdæg. ਇਹ ਬਣਿਆ ਹੈ Tiwes+dæg ਤੋਂ। ਇਸ ਦਾ ਦੂਜਾ ਘਟਕ ਅੰਗਰੇਜ਼ੀ ਡੇਅ (ਦਿਨ) ਦਾ ਹੀ ਪੁਰਾਤਨ ਰੂਪ ਹੈ ਜਦ ਕਿ ਪਹਿਲਾ ਘਟਕ ਪ੍ਰਾਕ-ਜਰਮੈਨਿਕ ਹੈ। ਇਹ ਅਸਲ ਵਿਚ ਪ੍ਰਾਚੀਨ ਜਰਮੈਨਿਕ ਦੇਵਤਾ Tiwaz ਦਾ ਨਾਂ ਹੈ। ਪ੍ਰਾਚੀਨ ਜਰਮੈਨਿਕ ਮਿਥਿਹਾਸ ਵਿਚ ਇਹ ਦੇਵਤਾ ਵੀ ਆਕਾਸ਼ ਦਾ ਦੇਵਤਾ ਸੀ। Tiwaz ਸ਼ਬਦ ਵੀ ਅੰਤਮ ਤੌਰ 'ਤੇ ਚਰਚਿਤ ਭਾਰੋਪੀ ਮੂਲ ਨਾਲ ਜਾ ਜੁੜਦਾ ਹੈ। ਅੰਗਰੇਜ਼ੀ ਮਹੀਨੇ ਜੁਲਾਈ ਦਾ ਨਾਂ ਰੋਮਨ ਸਮਰਾਟ ਜੂਲੀਅਸ ਸੀਜ਼ਰ ਦੇ ਨਾਂ 'ਤੇ ਰੱਖਿਆ ਗਿਆ ਸੀ। ਇਸ ਵਿਚ ਲਾਤੀਨੀ ਜੂਲੀਅਸ Julius ਵੀ ਅਖੀਰ Jove ਨਾਲ ਜਾ ਜੁੜਦਾ ਹੈ। ਅੰਗਰੇਜ਼ੀ ਸ਼ਬਦ ਡੇਅਟੀ Deity ਦਾ ਅਰਥ ਵੀ ਦੇਵਤਾ ਹੁੰਦਾ ਹੈ। ਇਹ ਵੀ ਲਾਤੀਨੀ ਮੂਲ ਦਾ ਹੈ ਤੇ ਲਾਤੀਨੀ Deus ਨਾਲ ਜਾ ਜੁੜਦਾ ਹੈ। Diana ਡਿਆਨਾ ਦਾ ਨਾਂ ਕਿਸ ਨੇ ਨਹੀਂ ਸੁਣਿਆ। ਅਸਲ ਵਿਚ ਪ੍ਰਾਚੀਨ ਇਟਲੀ ਦੀ ਚੰਦ ਦੀ ਦੇਵੀ ਦਾ ਨਾਂ ਡਿਆਨਾ ਸੀ। ਇਸ ਵਿਚ ਚੰਦ ਦੀ ਚਮਕ ਦਾ ਭਾਵ ਭਾਰੋਪੀ ਮੂਲ Dyeu ਦੇ ਅਜਿਹੇ ਅਰਥਾਂ ਤੋਂ ਆ ਰਿਹਾ ਹੈ।

# ਜੀਏ ਵੁਹ ਤਾਜ਼ਾ ਗੁਲਾਬ ਬਨ ਕਰ...

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਜੀਏਂਗੇ ਤਾਜ਼ਾ ਗੁਲਾਬ ਬਨ ਕਰ
ਯੇਹ ਤੈਅ ਹੂਆ ਥਾ।
ਮਰੇਂਗੇ ਖੁਸ਼ਬੂ ਕਾ ਖੁਆਬ ਬਨ ਕਰ
ਯੇਹ ਤੈਅ ਹੂਆ ਥਾ।

ਕਸ਼ਮੀਰੀ ਲਾਲ ਜ਼ਾਕਿਰ ਦੀ ਤਾਜ਼ਾ ਗਜ਼ਲ ਦਾ ਇਹ ਸ਼ਿਅਰ ਪਿਛਲੇ ਮਹੀਨੇ ਵਿਛੋੜਾ ਦੇ ਗਏ



*ਕਸ਼ਮੀਰੀ ਲਾਲ ਜ਼ਾਕਿਰ*

ਦੋਨਾਂ ਮਹਾਰਥੀਆਂ-ਕਸ਼ਮੀਰੀ ਲਾਲ ਜ਼ਾਕਿਰ ਤੇ ਗੁਰਦਿਆਲ ਸਿੰਘ ਉਤੇ ਬਰਾਬਰ ਢੁੱਕਦਾ ਹੈ। ਦੋਨਾਂ ਦੀਆਂ ਰਚਨਾਵਾਂ ਦੀ ਗਿਣਤੀ 100 ਤੋਂ ਉਤੇ ਹੈ। ਦੋਨੋਂ ਪਦਮਸ੍ਰੀ ਸਨ। ਦੋਨਾਂ ਦੇ ਨਾਵਲ ਫਿਲਮਾਏ ਗਏ। ਦੋਨਾਂ ਨੇ ਸਾਹਿਤ ਦੀਆਂ ਸਭ ਵਿਧਾਵਾਂ ਵਿਚ ਰਚਨਾ ਕੀਤੀ। ਗੁਰਦਿਆਲ ਸਿੰਘ ਪੰਜਾਬੀ ਨਾਵਲਕਾਰ ਵਜੋਂ ਪ੍ਰਵਾਨ ਚੜ੍ਹਿਆ ਤੇ ਜ਼ਾਕਿਰ ਉਰਦੂ ਦੇ ਸ਼ਾਇਰ ਵਜੋਂ। ਦੋਨੋਂ ਕਰੀਬ ਦਰਜਨ ਦਰਜਨ ਪੁਰਸਕਾਰਾਂ ਦੇ ਭਾਗੀ ਬਣੇ ਤੇ ਦੋਵਾਂ ਨੇ ਰੱਜ ਕੇ ਜੀਵਿਆ ਤੇ ਮਾਣਿਆ।

ਜੇ ਜ਼ਾਕਿਰ ਉਮਰ ਦੇ 90ਵਿਆਂ ਦੇ ਅੱਧ ਤੱਕ ਜੀਵਿਆ ਤਾਂ ਗੁਰਦਿਆਲ ਸਿੰਘ 80ਵਿਆਂ ਦੇ ਅੱਧ ਤੱਕ। ਕੋਈ ਫਰਕ ਸੀ ਤਾਂ ਕੇਵਲ ਏਨਾ ਕਿ ਗੁਰਦਿਆਲ ਸਿੰਘ ਨੂੰ ਗਿਆਨ ਪੀਠ ਸਨਮਾਨ ਮਿਲਿਆ ਤੇ ਕਸ਼ਮੀਰੀ ਲਾਲ ਜ਼ਾਕਿਰ ਨੂੰ ਫਖਰ-ਏ-ਹਰਿਆਣਾ ਸਨਮਾਨ। ਇਹ ਵੀ ਸੱਚ ਹੈ ਕਿ ਗੁਰਦਿਆਲ ਸਿੰਘ ਨੇ ਸਾਰਾ ਜੀਵਨ ਪੰਜਾਬ ਦੇ ਮਾਲਵਾ ਖੇਤਰ ਵਿਚ ਬਿਤਾਇਆ ਤੇ ਜ਼ਾਕਿਰ ਨੇ ਪੰਜਾਬ ਦੇ ਪੁਆਧ ਖੇਤਰ ਵਿਚੋਂ ਕੱਢੇ ਗਏ ਚੰਡੀਗੜ੍ਹ ਵਿਚ। ਜੇ ਭੂਮੀ ਬਟਵਾਰੇ ਦੇ ਪ੍ਰਸੰਗ ਵਿਚ ਵੇਖੀਏ ਤਾਂ ਜ਼ਾਕਿਰ ਹਰਿਆਣਵੀ ਸੀ ਤੇ ਗੁਰਦਿਆਲ ਸਿੰਘ ਪੰਜਾਬੀ। ਪਰ ਇਹ ਵੀ ਕੋਈ ਅੰਤਰ ਨਹੀਂ ਕਿਉਂਕਿ ਦੋਨਾਂ ਦਾ ਜਨਮ ਅਖੰਡ ਪੰਜਾਬ ਦਾ ਹੈ। ਉਹ ਜੀਉਂਦੇ ਜੀਅ ਇੱਕ ਦੂਜੇ ਨੂੰ ਮਿਲਦੇ ਰਹੇ ਹੋਣ ਜਾਂ ਨਹੀਂ ਪਰ ਉਪਰ ਜਾ ਕੇ, ਜਿੱਥੋਂ ਦਾ ਜੀਵਨ ਵਧੇਰੇ ਤੇਜ਼ ਰਫਤਾਰ ਤੇ ਸੁਖਾਵਾਂ ਮੰਨਿਆ



*ਗੁਰਦਿਆਲ ਸਿੰਘ*

ਜਾਂਦਾ ਹੈ, ਇੱਕ ਦੂਜੇ ਨੂੰ ਗਲਵਕੜੀ ਪਾ ਕੇ ਮਿਲ ਸਕਦੇ ਹਨ। ਇਹ ਗਲਵਕੜੀ ਹਰਿਆਣਾ ਪੰਜਾਬ ਦੇ ਵੱਖ-ਵੱਖ ਹੋਣ ਦੇ ਬਾਵਜੂਦ ਏਕਤਾ ਦਾ ਬਿੰਬ ਬਣੇਗੀ। ਉਂਜ ਦੋਵਾਂ ਦਾ ਜੀਵਨ ਸੰਗਰਾਮ ਜ਼ਾਕਿਰ ਦੇ ਇਸ ਸ਼ਿਅਰ ਰਾਹੀਂ ਵੇਖਿਆ ਜਾ ਸਕਦਾ ਹੈ:

ਹਮ ਫਕੀਰੋਂ ਕੀ ਬਾਤ ਮੱਤ ਪੂਛੋ,
ਰੋਜ਼ ਮਰਤੇ ਹੈਂ ਰੋਜ਼ ਜੀਤੇ ਹੈਂ।
ਇਕ ਨਯਾ ਜ਼ਖਮ ਦਿਨ ਕੋ ਮਿਲਤਾ ਹੈ,
ਇਕ ਨਯਾ ਜ਼ਖਮ ਰਾਤ ਕੋ ਸੀਤੇ ਹੈਂ।

**ਮਧ ਪ੍ਰਦੇਸ਼ ਦਾ ਗੈਰ-ਮਾਨਵੀ ਕਾਰਾ:** ਮਧ ਪ੍ਰਦੇਸ਼ ਦੇ ਸਾਗਰ ਖੇਤਰ ਤੋਂ ਇਕ ਅਜਿਹੀ ਖਬਰ ਆਈ ਹੈ ਜੋ ਭਾਰਤੀ ਕਦਰਾਂ-ਕੀਮਤਾਂ ਦੇ ਨਿਘਾਰ ਦੀ ਸਿਖਰ ਹੈ। ਛਤਰਪੁਰ ਜ਼ਿਲੇ ਦੇ ਗੋਘਰੀ ਪਿੰਡ ਦਾ ਰਾਮ ਸਿੰਘ ਲੋਧੀ ਆਪਣੀ ਮਾਂ, ਪਤਨੀ ਤੇ ਪੰਜ ਦਿਨਾਂ ਦੀ ਨਵ ਜੰਮੀ ਬਾਲੜੀ ਨੂੰ ਲੈ ਕੇ ਸਥਾਨਕ ਬੱਸ ਰਾਹੀਂ ਦਮੋਹ ਦੇ ਸਿਵਲ ਹਸਪਤਾਲ ਜਾ ਰਿਹਾ ਸੀ। ਉਸ ਦੀ 35 ਸਾਲਾ ਪਤਨੀ ਮੱਲੀ ਬਾਈ, ਜਿਹੜੀ ਬੱਚੀ ਦੇ ਜਨਮ ਤੋਂ ਪਿਛੋਂ ਰੋਗੀ ਹੋ ਗਈ ਸੀ, ਬੱਸ ਵਿਚ ਹੀ ਚੱਲ ਵਸੀ। ਕੰਡਕਟਰ, ਡਰਾਈਵਰ ਤੇ ਸਹਾਇਕ ਨੇ ਰਸਤੇ ਵਿਚ ਹੀ ਬੱਸ ਰੋਕ ਕੇ ਉਨ੍ਹਾਂ ਨੂੰ ਉਤਰ ਜਾਣ ਲਈ ਕਿਹਾ। ਰਾਮ ਸਿੰਘ ਲੋਧੀ ਤੇ ਉਸ ਦੀ ਮਾਂ ਨੇ ਬੜੀਆਂ ਮਿੰਨਤਾਂ ਕੀਤੀਆਂ ਪਰ ਉਨ੍ਹਾਂ ਉਤੇ ਕੋਈ ਅਸਰ ਨਹੀਂ ਹੋਇਆ। ਉਨ੍ਹਾਂ ਨੂੰ ਉਥੇ ਘੰਟਾ ਭਰ ਕੋਈ ਸਵਾਰੀ ਨਹੀਂ ਮਿਲੀ। ਅੰਤ ਮਿਰਤੁੰਜੇ ਹਜ਼ਾਰ ਤੇ ਰਾਜੇਸ਼ ਪਟੇਲ ਨਾਂ ਦੇ ਦੋ ਵਕੀਲਾਂ ਨੇ, ਜਿਹੜੇ ਆਪਣੇ ਦਮੋਹ ਵਾਲੇ ਘਰਾਂ ਨੂੰ ਜਾ ਰਹੇ ਸਨ, ਆਪਣੀ ਕਾਰ ਰੋਕ ਕੇ ਉਨ੍ਹਾਂ ਲਈ ਸਵਾਰੀ ਦਾ ਪ੍ਰਬੰਧ ਕੀਤਾ ਅਤੇ ਦਮੋਹ ਜਾ ਕੇ ਰਿਪੋਰਟ ਵੀ ਲਿਖਵਾਈ।

ਪਤਾ ਲੱਗਾ ਹੈ ਕਿ ਪੁਲਿਸ ਨੇ ਬੱਸ ਤੇ ਕੰਡਕਟਰ ਨੂੰ ਗ੍ਰਿਫਤਾਰ ਕਰਕੇ ਬੱਸ ਵੀ ਠਾਣੇ ਖੜੀ ਕਰਵਾ ਲਈ ਹੈ। ਬੱਸ ਤੇ ਕੰਡਕਟਰ ਦਾ ਵਤੀਰਾ ਤਾਂ ਨਿੰਦਣਯੋਗ ਹੈ ਹੀ ਪਰ ਬੱਸ ਦੀਆਂ ਬਾਕੀ ਸਵਾਰੀਆਂ ਵੀ ਘਟ ਕਸੂਰਵਾਰ ਨਹੀਂ ਜਿਨ੍ਹਾਂ ਨੇ ਬੱਸ ਵਾਲਿਆਂ ਉਤੇ ਯੋਗ ਦਬਾਅ ਪਾ ਕੇ ਲੋਧੀ ਪਰਿਵਾਰ ਦੀ ਸਹਾਇਤਾ ਨਹੀਂ ਕੀਤੀ। ਭਾਰਤ ਵਿਚ ਤਾਂ ਕੀ ਇਹੋ ਜਿਹਾ ਵਤੀਰਾ ਕਿਸੇ ਵੀ ਦੇਸ਼ ਦੇ ਕਿਸੇ ਵੀ ਕੋਨੇ ਹੋਵੇ ਤਾਂ ਨਿੰਦਣਯੋਗ ਹੈ।

**ਅੰਤਿਕਾ:** ਅਰਸ਼ੀ ਨੁਆਣੇ ਵਾਲਾ
ਕੱਠੀਆਂ ਹੋ ਸਭ ਮੁਟਿਆਰਾਂ,
ਬੰਨ੍ਹ ਬੰਨ੍ਹ ਕੇ ਆਈਆਂ ਡਾਰਾਂ।
ਹਰ ਕੋਈ ਕਹਿੰਦੀ ਜਿੱਤਾਂ,
ਕੋਈ ਨਾ ਕਹਿੰਦੀ ਹਾਰਾਂ।
ਅੰਬਰ ਤੱਕ ਹਰ ਕੋਈ ਨੱਢੀ,
ਪੀਂਘ ਚੜ੍ਹਾਉਂਦੀ ਹੈ।
ਪਿੱਪਲ ਨਾਲ ਪੀਂਘ ਝੂਟਕੇ,
ਜਿੰਦੜੀ ਨਸ਼ਿਆਉਂਦੀ ਹੈ।



*ਰਾਮ ਸਿੰਘ ਲੋਧੀ ਮਾਂ, ਨਵ ਜੰਮੀ ਬਾਲੜੀ ਅਤੇ ਪਤਨੀ ਮੱਲੀ ਬਾਈ ਦੀ ਲਾਸ਼*

*ਪੰਜਾਬੀ ਮਾਂ-ਬੋਲੀ ਨੂੰ ਸਮਰਪਿਤ ਸੋਚ ਦੇ ਮਾਲਕ ਜਾਵੇਦ ਬੂਟਾ ਦਾ ਜਨਮ ਲਾਹੌਰ (ਪਾਕਿਸਤਾਨ) ਦਾ ਹੈ। ਲੰਮੇ ਅਰਸੇ ਤੋਂ ਉਹ ਵਾਸ਼ਿੰਗਟਨ ਡੀ.ਸੀ. (ਅਮਰੀਕਾ) ਰਹਿ ਰਿਹਾ ਹੈ। ਉਸ ਨੇ ਪੰਜਾਬੀ ਕਹਾਣੀਆਂ ਅਤੇ ਨਿਬੰਧ ਲਿਖੇ ਹਨ। ਲਿਪੀਅੰਤਰ ਦੇ ਖੇਤਰ ਵਿਚ ਜਾਵੇਦ ਬੂਟਾ ਦਾ ਯੋਗਦਾਨ ਜ਼ਿਕਰਯੋਗ ਹੈ। ਪਾਸ਼ ਦੀ ਚੋਣਵੀਂ ਕਵਿਤਾ ਦੀ ਪੁਸਤਕ 'ਇਨਕਾਰ', ਵੀਨਾ ਵਰਮਾ ਦਾ ਕਹਾਣੀ-ਸੰਗ੍ਰਿਹ 'ਮੁੱਲ ਦੀ ਤੀਵੀਂ', ਡਾ. ਰਛਪਾਲ ਦੀ ਪੁਸਤਕ 'ਸ਼ਿਕਰਾ' (ਕਵਿਤਾ) ਸ਼ਾਹਮੁਖੀ ਵਿਚ ਛਪ ਚੁਕੇ ਹਨ। ਇਨ੍ਹਾਂ ਤੋਂ ਇਲਾਵਾ ਚੋਣਵੀਆਂ ਹਿੰਦੀ ਕਹਾਣੀਆਂ ਦਾ ਪੰਜਾਬੀ ਅਨੁਵਾਦ (ਸ਼ਾਹਮੁਖੀ ਵਿਚ) ਪ੍ਰਕਾਸ਼ਿਤ ਹੋਇਆ। ਉਸ ਦੀ ਵੱਡੀ ਦੇਣ ਯਸ਼ਪਾਲ ਦੇ ਪ੍ਰਸਿੱਧ ਨਾਵਲ 'ਝੂਠਾ ਸੱਚ' (ਦੋਵੇਂ ਭਾਗ) ਦਾ ਪੰਜਾਬੀ ਅਨੁਵਾਦ ਸ਼ਾਹਮੁਖੀ ਵਿਚ ਛਪਣਾ ਹੈ। ਹਥਲੇ ਲੇਖ ਵਿਚ ਉਨ੍ਹਾਂ ਦੋਹਾਂ ਪੰਜਾਬਾਂ ਦੀ ਪੰਜਾਬੀ ਵਿਚ ਲਗਾਤਾਰ ਵਧ ਰਹੇ ਪਾੜੇ ਬਾਰੇ ਸਰੋਕਾਰ ਜ਼ਾਹਰ ਕੀਤਾ ਹੈ ਕਿ ਇਕ ਪਾਸੇ ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਉਪਰ ਉਰਦੂ-ਫਾਰਸੀ ਦਾ ਗਲਬਾ ਵਧ ਰਿਹਾ ਹੈ ਤਾਂ ਦੂਜੇ ਪਾਸੇ ਭਾਰਤੀ ਪੰਜਾਬ ਵਿਚ ਹਿੰਦੀ ਦਾ। -ਸੰਪਾਦਕ*

# ਬੋਲੀ ਦਾ ਪਾੜ



ਜਾਵੇਦ ਬੂਟਾ

ਸ਼ਾਹਮੁਖੀ ਤੋਂ ਲਿਪੀਅੰਤਰ:
ਸੁਰਿੰਦਰ ਸੋਹਲ

ਮਾਂ-ਬੋਲੀ ਪੰਜਾਬੀ ਦੇ ਪਾੜ ਵਾਲੀ ਗੱਲ ਮੈਨੂੰ ਵਾਰ ਵਾਰ ਹੁੱਝਾਂ ਮਾਰਦੀ ਐ। ਅਕੈਡਮੀ ਆਫ ਦੀ ਪੰਜਾਬ ਇਨ ਨਾਰਥ ਅਮੈਰਿਕਾ (ਅਪਨਾ) ਦੀ ਉਸਾਰੀ ਦਾ ਮੁੱਢਲਾ ਟੀਚਾ ਈ ਪੰਜਾਬੀ ਪਿਛੋਕੜ ਦੀ ਸਾਂਭ-ਸੰਭਾਲ, ਇਹਦਾ ਵਿਕਾਸ, ਸਾਂਝ, ਮਤਲਬ ਹਰ ਪੱਖ ਤੋਂ ਇਹਦੀ ਸੇਵਾ ਕਰਨਾ ਸੀ। 'ਅਪਨਾ' ਦੀ ਛੱਤਰ ਛਾਂਵੇਂ ਕਾਨਫਰੰਸਾਂ, ਸੈਮੀਨਾਰ, ਨਿੱਕੀਆਂ-ਵੱਡੀਆਂ ਬੈਠਕਾਂ ਤੇ ਕਵੀ-ਦਰਬਾਰ ਸਜੇ। ਸੰਗੀਤ ਇਕੱਠ ਵਿਚ ਸੁਰਾਂ ਗੂੰਜੀਆਂ ਅਤੇ ਨਾਟਕ ਵੀ ਖੇਡੇ ਗਏ। ਪੰਜਾਬੀ ਦੀਆਂ ਦੋਹਾਂ ਲਿਪੀਆਂ, ਗੁਰਮੁਖੀ ਤੋਂ ਸ਼ਾਹਮੁਖੀ ਅਤੇ ਸ਼ਾਹਮੁਖੀ ਤੋਂ ਗੁਰਮੁਖੀ ਵਿਚ ਕਿਤਾਬਾਂ ਦੇ ਉਲੱਥੇ ਛਪੇ। ਇਨ੍ਹਾਂ ਬੈਠਕਾਂ ਵਿਚ ਸਾਰੇ ਪੰਜਾਬ ਤੋਂ ਅੱਡ ਜੱਗ ਦੇ ਹੋਰਾਂ ਦੇਸਾਂ ਜਿਵੇਂ ਸਵੀਡਨ, ਇੰਗਲੈਂਡ ਅਤੇ ਕੈਨੇਡਾ ਵਗੈਰਾ ਤੋਂ ਵੀ ਪੰਜਾਬੀ ਸੂਝਵਾਨ ਅਤੇ ਪੰਜਾਬੀ ਪਿਆਰੇ ਬੜੇ ਚਾਅ ਨਾਲ ਹੁੰਮ-ਹੁੰਮਾ ਕੇ ਰਲਤ ਕਰਦੇ।

1997 ਵਿਚ 'ਅਪਨਾ' ਨੇ ਅਮਰੀਕਨ ਯੂਨੀਵਰਸਿਟੀ ਵਾਸ਼ਿੰਗਟਨ ਡੀ.ਸੀ. ਵਿਚ ਇਕ ਪੰਜਾਬੀ ਕਾਨਫਰੰਸ ਦਾ ਪ੍ਰਬੰਧ ਕੀਤਾ। ਸੂਝਵਾਨਾਂ ਨੇ ਪ੍ਰਾਹੁਣਿਆਂ ਨਾਲ ਪੰਜਾਬੀ ਦੇ ਵੱਖ ਵੱਖ ਮੁੱਦਿਆਂ ਉਤੇ ਆਪਣੇ ਵਿਚਾਰ ਸਾਂਝੇ ਕੀਤੇ। ਚੰਡੀਗੜ੍ਹ ਤੋਂ ਆਏ ਇਕ ਸੂਝਵਾਨ ਨੇ ਪੰਜਾਬੀਅਤ ਬਾਰੇ ਇਕ ਲੇਖ ਪੜ੍ਹਿਆ। ਲੇਖ ਅਜੇ ਮੁਕਿਆ ਈ ਸੀ ਕਿ ਹਾਲ ਵਿਚ ਮੱਠਾ ਮੱਠਾ ਜਿਹਾ ਰੌਲਾ ਖਿੰਡ ਗਿਆ। ਤੇ ਕੁਝ ਸੱਜਣਾਂ ਨੇ ਸਵਾਲ ਵੀ ਪਾ ਦਿੱਤਾ-ਪ੍ਰੋ. ਸਾਹਿਬ ਇਹਦਾ ਹੁਣ ਪੰਜਾਬੀ ਵਿਚ ਤਰਜਮਾ ਕਰਕੇ ਵੀ ਸੁਣਾ ਦਿਉ। ਇਹਦੇ ਬਾਅਦ ਇਸ ਮੁੱਦੇ ਉਤੇ ਵਿਚਾਰ-ਵਟਾਂਦਰਾ ਵਾਹਵਾ ਭਖਿਆ। ਭਾਵੇਂ ਮੈਂ ਇਹ ਵਿਚਾਰ-ਵਟਾਂਦਰਾ ਧਿਆਨ ਨਾਲ ਏਸ ਪਾਰੋਂ ਨਹੀਂ ਸੁਣ ਸਕਿਆ ਕਿਉਂ ਜੋ ਪ੍ਰਾਹੁਣਿਆਂ ਲਈ ਦੁਪਹਿਰ ਦੇ ਰੋਟੀ-ਟੁੱਕ ਦਾ ਪ੍ਰਬੰਧ ਮੇਰੇ ਜ਼ਿੰਮੇ ਵੀ ਸੀ, ਪਰ ਪਹਿਲੀ ਹੁੱਝ ਮੈਨੂੰ ਏਸ ਵਿਚਾਰ-ਵਟਾਂਦਰੇ ਦੇ ਸੇਕ ਨੇ ਈ ਮਾਰੀ।

ਯੂ ਐਸ ਏ ਵਿਚ ਵਾਸ਼ਿੰਗਟਨ ਡੀ.ਸੀ. ਜੱਗ ਦੇ ਵੱਖੋ-ਵੱਖ ਸਭਿਆਚਾਰਾਂ ਦਾ ਬੜਾ ਵੱਡਾ ਗੜ੍ਹ ਐ। ਮੇਰੀ ਜਾਣਕਾਰੀ ਮੂਜਬ ਪੂਰੇ ਨਾਰਥ ਅਮਰੀਕਾ ਵਿਚ ਕੈਨੇਡਾ ਤੋਂ ਬਾਅਦ ਵਾਸ਼ਿੰਗਟਨ ਡੀ.ਸੀ. ਈ ਪੰਜਾਬੀ ਰਹਿਤਲ ਦੀ ਹਿਲ-ਜੁਲ ਦਾ ਵੱਡਾ ਖੇਤਰ ਐ, ਜਿੱਥੇ ਪੰਜਾਬੀ ਦੀਆਂ ਕਿੰਨੀਆਂ ਈ ਸੰਸਥਾਵਾਂ ਆਪੋ ਆਪਣੇ ਢੰਗ ਨਾਲ ਵੱਖ-ਵੱਖ ਪੱਖਾਂ ਤੋਂ ਪੰਜਾਬੀ ਦੀ ਸੇਵਾ ਕਰ ਰਹੀਆਂ ਨੇ। ਵਾਸ਼ਿੰਗਟਨ ਡੀ.ਸੀ. ਮੈਟਰੋਪਾਲਿਟਨ (ਵਾਸ਼ਿੰਗਟਨ ਡੀ.ਸੀ. ਦੇ ਨਾਲ ਲਗਦੀਆਂ ਸਟੇਟਾਂ-ਮੈਰੀਲੈਂਡ ਅਤੇ ਵਰਜੀਨੀਆ ਦਾ ਕੁਝ ਇਲਾਕਾ 'ਵਾਸ਼ਿੰਗਟਨ ਮੈਟਰੋਪਾਲਿਟਨ' ਅਖਵਾਉਂਦਾ ਐ) ਦੇ ਇਲਾਕੇ ਵਿਚ ਪੂਰੇ ਪੰਜਾਬ ਦੇ ਵੱਖੋ-ਵੱਖ ਥਾਓਂ ਆਏ ਪੰਜਾਬੀਆਂ ਦੀ ਢੇਰ ਵਸੋਂ ਐ। ਲੂਣ, ਮਿਰਚ, ਆਟੇ-ਦਾਲ ਵਾਲੀਆਂ ਦੇਸੀ ਹੱਟੀਆਂ 'ਤੇ ਭਾਅ-ਤਾਅ ਪੁਛਦਿਆਂ ਸ਼ਾਦੀ-ਵਿਆਹ ਵਿਚ ਨੱਚਣ-ਗਾਉਣ ਤੇ ਮਰਨ-ਜੰਮਣ ਵੇਲੇ ਇਕ ਦੂਜੇ ਨਾਲ ਦੁੱਖ-ਸੁੱਖ ਸਾਂਝਾ ਕਰਦਿਆਂ ਜਾਂ ਕਿਸੇ ਮੇਲ-ਮੁਲਾਕਾਤ ਵੇਲੇ ਪੰਜਾਬੀ ਦੇ ਵੰਨ-ਸੁਵੰਨੇ ਰੰਗ-ਢੰਗ ਵੇਖਣ ਅਤੇ ਉਚਾਰਣ ਸੁਣਨ ਲਈ ਤਾਂ ਮਿਲਦੇ ਨੇ ਪਰ ਕਦੇ ਵੀ ਕਿਸੇ 'ਪੰਜਾਬੀ ਵਿਚ ਤਰਜਮੇ' ਵਾਲੀ ਗੱਲ ਇਕ ਦੂਜੇ ਨੂੰ ਨਹੀਂ ਆਖੀ। ਭਾਵੇਂ ਉਹ ਚੜ੍ਹਦੇ ਪੰਜਾਬ ਦੇ ਕਿਸੇ ਵੀ ਪਿੰਡ-ਸ਼ਹਿਰ ਤੋਂ ਆਈ 'ਅਮਰ ਕੌਰ' ਹੋਵੇ ਜਾਂ ਲਹਿੰਦੇ ਪੰਜਾਬ ਦੇ ਕਿਸੇ ਵੀ ਇਲਾਕੇ ਤੋਂ ਆਈ ਹੋਈ 'ਸ਼ਹਿਨਾਜ਼ ਬੀਬੀ' ਹੋਵੇ। ਹਾਂ, ਇਕ ਪੱਖੋਂ ਦੋਵੇਂ ਈ ਅੜ ਖਲੋਂਦੇ ਨੇ, ਉਹ ਐ ਪੰਜਾਬੀ ਲਿਪੀ ਦਾ ਭੰਬਲਭੂਸਾ, ਭੁਲੇਖਾ ਜਾਂ ਜਾਣਕਾਰੀ ਦੀ ਥੋੜ। ਮੇਰੀ ਜਾਚੇ ਜਾਣਕਾਰੀ ਦਾ ਘਾਟਾ ਈ ਆਖਣਾ ਜਚਦਾ ਐ। ਜਾਣਕਾਰੀ ਦੀ ਏਸ ਥੋੜ ਬਾਰੇ ਇਕ ਉਚੇਚੀ ਹੱਡਬੀਤੀ ਮੈਂ ਤੁਹਾਡੇ ਨਾਲ ਸਾਂਝੀ ਕਰਨੀ ਚਾਹਨਾਂ। ਉਂਜ ਤਾਂ ਇਹੋ ਜਿਹੀਆਂ ਬਥੇਰੀਆਂ ਹੱਡਬੀਤੀਆਂ ਨੇ।

ਕੁਝ ਵਰ੍ਹੇ ਪਹਿਲਾਂ ਵਰਜੀਨੀਆ ਵਿਚ 'ਇਕ ਪੰਜਾਬੀ' (ਸੰਸਥਾ ਦਾ ਨਾਂ) ਵਾਲਿਆਂ ਨੇ ਪੰਜਾਬੀ ਮੇਲੇ ਦਾ ਪ੍ਰਬੰਧ ਕੀਤਾ। ਹਜ਼ਾਰਾਂ ਦੇ ਲੇਖੇ ਨਾਲ ਜ਼ਨਾਨੀਆਂ, ਮਰਦਾਂ ਅਤੇ ਨਿਆਣਿਆਂ ਨੇ ਏਸ ਮੇਲੇ ਵਿਚ ਆ ਕੇ ਮੌਜਾਂ ਲੁੱਟੀਆਂ। ਅਸਾਂ ਅਕੈਡਮੀ ਆਫ ਦੀ ਪੰਜਾਬ ਇਨ ਨਾਰਥ ਅਮੈਰਿਕਾ (ਅਪਨਾ) ਵਲੋਂ ਮੇਲੇ ਦੇ ਪ੍ਰਬੰਧਕਾਂ ਅੱਗੇ ਬੇਨਤੀ ਕੀਤੀ ਤਾਂ ਇਕ ਫੱਟੇ ਦੀ ਥਾਂ ਸਣੇ ਛਤਰੀ ਮੁਫਤੋ-ਮੁਫਤ ਮਿਲ ਗਈ। ਅਸਾਂ ਪੰਜਾਬੀ ਦੀਆਂ ਦੋਹਾਂ ਲਿਪੀਆਂ ਵਿਚ ਛਪੀਆਂ ਕਿਤਾਬਾਂ ਅਤੇ ਪੰਜਾਬੀ ਸੰਗੀਤ ਦੀਆਂ ਸੀਡੀਆਂ ਨਾਲ ਫੱਟਾ ਸਜਾ ਦਿੱਤਾ। ਇੱਕਾ-ਦੁੱਕਾ ਲੋਕ ਸੀਡੀਆਂ ਮੁੱਲ ਲੈਂਦੇ ਰਹੇ ਅਤੇ ਪੰਜਾਬੀ ਦੀਆਂ ਦੋਹਾਂ ਲਿਪੀਆਂ ਵਿਚ ਛਪੀਆਂ ਕਿਤਾਬਾਂ ਉਤੇ ਓਪਰੀ ਜਿਹੀ ਝਾਤ ਮਾਰ ਕੇ ਮਾੜਾ-ਮੋਟਾ ਸਵਾਲ ਵੀ ਪਾਉਂਦੇ ਤੇ ਫਿਰ ਮੇਲੇ ਦੀ ਰੌਣਕ ਵਿਚ ਰੁੱਝ ਜਾਂਦੇ। ਇਕ ਸੱਜਣ ਨੇ ਬੜੀ ਅਪਣੱਤ ਨਾਲ 'ਅਪਨਾ' ਬਾਰੇ ਪੁੱਛ-ਪ੍ਰਤੀਤ ਕੀਤੀ ਅਤੇ ਆਪਣੀ ਜਾਣ-ਪਛਾਣ ਕਰਵਾਉਂਦਿਆਂ ਦੱਸਿਆ, "ਮੇਰੀਆਂ ਪੰਜਾਬੀ ਕਵਿਤਾ ਦੀਆਂ ਦੋ ਕਿਤਾਬਾਂ ਵੀ ਜਲੰਧਰੋਂ ਛਪੀਆਂ ਨੇ।" ਓਸ ਸੱਜਣ ਨੇ ਸ਼ਾਹਮੁਖੀ ਲਿਪੀ ਵਿਚ ਛਪੀਆਂ ਪੰਜਾਬੀ ਦੀਆਂ ਕਿਤਾਬਾਂ ਵੱਲ ਸੈਨਤ ਕਰਦਿਆਂ ਪੁੱਛਿਆ, "ਤੁਸੀਂ ਉਰਦੂ ਦੀਆਂ ਕਿਤਾਬਾਂ ਵੀ ਵੇਚ ਰਏ ਓ?" ਉਨ੍ਹਾਂ ਨੂੰ ਦੱਸਿਆ, "ਇਹ ਉਰਦੂ ਦੀਆਂ ਨਹੀਂ, ਪੰਜਾਬੀ ਦੀਆਂ ਕਿਤਾਬਾਂ ਨੇ, ਸ਼ਾਹਮੁਖੀ ਲਿਪੀ ਵਿਚ।" ਅਤੇ ਉਸ ਸੱਜਣ ਨੂੰ ਕਿਤਾਬ ਪੜ੍ਹ ਕੇ ਵੀ ਸੁਣਾਈ। ਭੋਰਾ ਵਿਚਾਰ-ਵਟਾਂਦਰਾ ਵੀ ਹੋਇਆ। ਪਰ ਉਹ ਸੱਜਣ ਗੁਰਮੁਖੀ ਲਿਪੀ ਨੂੰ ਈ ਪੰਜਾਬੀ ਮੰਨਣ ਉਤੇ ਅੜੇ ਰਹੇ। ਸ਼ਾਹਮੁਖੀ ਲਿਪੀ ਵਿਚ ਲਿਖੀ ਪੰਜਾਬੀ ਨੂੰ ਉਰਦੂ ਈ ਆਖਦੇ ਰਹੇ। ਪੰਜਾਬੀ ਮੰਨਣ ਲਈ ਰਾਜ਼ੀ ਨਾ ਹੋਏ। ਪੰਜਾਬੀ ਦੀਆਂ ਦੋ ਲਿਪੀਆਂ ਵਾਲੀ ਗੱਲ ਉਨ੍ਹਾਂ ਦੇ ਪੱਲੇ ਈ ਨਾ ਪਈ। ਇਹ ਮਸਲਾ ਸ਼ਾਹਮੁਖੀ ਅਤੇ ਗੁਰਮੁਖੀ ਲਿਪੀ ਵਿਚ ਮਾਂ ਬੋਲੀ ਪੜ੍ਹਨ-ਲਿਖਣ ਵਾਲੀਆਂ ਦੋਹਾਂ ਧਿਰਾਂ ਦਾ ਏ। ਸ਼ਾਹਮੁਖੀ ਲਿਪੀ ਵਿਚ ਪੰਜਾਬੀ ਪੜ੍ਹਨ-ਲਿਖਣ ਵਾਲੇ ਵੀ ਪੰਜਾਬੀ ਦੀ ਗੁਰਮੁਖੀ ਲਿਪੀ ਨੂੰ ਪੰਜਾਬੀ ਨਹੀਂ, ਗੁਰਮੁਖੀ ਆਖਦੇ ਨੇ, ਜਿਵੇਂ ਪੰਜਾਬੀ ਦੀ ਗੁਰਮੁਖੀ ਲਿਪੀ ਪੜ੍ਹਨ ਵਾਲੇ ਸ਼ਾਹਮੁਖੀ ਲਿਪੀ ਨੂੰ ਪੰਜਾਬੀ ਨਹੀਂ, ਉਰਦੂ ਆਖਦੇ ਹਨ।

ਦੋਹਾਂ ਲਿਪੀਆਂ ਦਾ ਰੌਲਾ ਕੋਈ ਐਡਾ ਰੌਲਾ ਨਹੀਂ। ਦੋਹਾਂ ਪਾਸਿਆਂ ਦੇ ਸੁਰਤੇ ਸੂਝਵਾਨਾਂ ਨੂੰ ਦੋਹਾਂ ਲਿਪੀਆਂ ਬਾਰੇ ਪੂਰੀ ਪੂਰੀ ਜਾਣਕਾਰੀ ਏ ਪਰ ਦੋਹਾਂ ਮੁਲਕਾਂ ਦੇ ਸਿਆਸੀ ਆਢ੍ਹਿਆਂ ਪਾਰੋਂ ਵੱਡੀ ਗਿਣਤੀ ਜਾਂ ਬਿਨਾ ਰੋਕ-ਟੋਕ ਪੰਜਾਬੀ ਦੀਆਂ ਦੋਹਾਂ ਲਿਪੀਆਂ ਵਿਚ ਛਪੀਆਂ ਕਿਤਾਬਾਂ, ਰਸਾਲਿਆਂ ਦਾ ਅਦਲ-ਬਦਲ ਨਾ ਹੋਣ ਪਾਰੋਂ ਪੰਜਾਬੀ ਦੀਆਂ ਦੋ ਲਿਪੀਆਂ, ਸੋਚ-ਵਿਚਾਰ ਅਤੇ ਲਫਜ਼ਾਲੀ (ਸ਼ਬਦਾਵਲੀ) ਦਾ ਵਖਰੇਵਾਂ ਖਤਰੇ ਦੀ ਟੱਲੀ ਵਜਾਉਂਦਾ ਏ। ਏਸ ਟੱਲੀ ਦੀ ਗੂੰਜ ਪਾਰੋਂ 'ਅਪਨਾ' ਦੀ ਛੱਤਰ ਛਾਂਵੇਂ ਲਾਹੌਰੋਂ ਪੰਜਾਬੀ ਦੀ ਸ਼ਾਹਮੁਖੀ ਲਿਪੀ ਅਤੇ ਲੁਧਿਆਣਿਓਂ ਪੰਜਾਬੀ ਦੀ ਗੁਰਮੁਖੀ ਲਿਪੀ, ਮਤਲਬ ਪੰਜਾਬੀ ਦੀਆਂ ਦੋਹਾਂ ਲਿਪੀਆਂ ਵਿਚ ਤਿਮਾਹੀ ਰਸਾਲੇ 'ਸਾਂਝ' ਦੇ ਛਪਣ ਦਾ ਮੁੱਢ ਬੰਨ੍ਹਿਆਂ, ਤਾਂ ਜੋ ਦੋਹਾਂ ਪਾਸੇ ਦੇ ਵਿਚਾਰਾਂ ਅਤੇ ਬੋਲੀ ਦੀ ਸਾਂਝ ਪਵੇ ਅਤੇ ਪਾੜ ਦੀ ਵਿੱਥ ਨੂੰ ਮੋਕਲਾ ਹੋਣੋ ਡੱਕਣ ਦਾ ਜਤਨ ਕੀਤਾ ਜਾਏ।

ਲਿਖਤਾਂ ਦੀ ਜਾਂਚ-ਪੜਤਾਲ ਦਾ ਕੰਮ ਮੇਰੇ ਜ਼ਿੰਮੇ ਸੀ। ਲੇਖ ਪੜ੍ਹ ਪੜ੍ਹ ਮੇਰਾ ਸਿਰ ਭੌਂ ਜਾਂਦਾ। ਚੜ੍ਹਦੇ ਪੰਜਾਬ ਤੋਂ ਆਈਆਂ ਲਿਖਤਾਂ ਵਿਚੋਂ ਆਰਟੀਕਲਾਂ ਦੀ ਗੱਲ ਤਾਂ ਇਕ ਪਾਸੇ ਰੱਖੋ, ਪਿੰਡ ਦੀ ਕਹਾਣੀ ਜਾਂ ਆਮ ਬੰਦੇ ਦੀ ਗੱਲਬਾਤ ਵਿਚ ਠੁਕਵੀਂ ਹਿੰਦੀ ਤੇ ਸੰਸਕ੍ਰਿਤ ਦੀ ਰੱਜਵੀਂ ਵਰਤੋਂ। ਉਵੇਂ ਈ ਲਹਿੰਦੇ ਪੰਜਾਬ ਤੋਂ ਆਈਆਂ ਲਿਖਤਾਂ ਵਿਚ ਵੀ ਉਰਦੂ-ਫਾਰਸੀ ਦੀ ਬੇਲੋੜੀ ਵਰਤੋਂ।

ਸਾਨੂੰ ਲਿਖਤਾਂ ਮੋੜਨੀਆਂ ਵੀ ਪੈਂਦੀਆਂ ਸਨ ਅਤੇ ਲਿਖਾਰੀਆਂ ਦੇ ਰੋਸ ਨੂੰ ਵੀ ਜਰਨਾ ਪੈਂਦਾ ਸੀ। ਮੈਂ ਏਸ ਗੱਲ ਨਾਲ ਪੂਰਾ ਪੂਰਾ ਸਹਿਮਤ ਆਂ ਜੋ ਬੋਲੀਆਂ ਵਿਚ ਨਵੀਂ ਸ਼ਬਦਾਵਲੀ ਦੀ ਲੋੜ ਹੁੰਦੀ ਐ, ਜਿਹਦੇ ਪਾਰੋਂ ਬੋਲੀਆਂ ਨਿਸਰਦੀਆਂ ਨੇ। ਨਹੀਂ




ਤਾਂ ਛੱਪੜ ਦੇ ਪਾਣੀ ਵਾਂਗ ਬੋਅ ਮਾਰਨ ਲੱਗ ਪੈਂਦੀਆਂ ਨੇ, ਪਰ ਆਪਣੇ ਭੰਡਾਰ ਵਿਚ ਰੱਖੇ ਲਫਜ਼ਾਂ ਨੂੰ ਅੱਖੋਂ ਓਹਲੇ ਕਰਕੇ ਦੂਸਰੀਆਂ ਬੋਲੀਆਂ ਦੇ ਭਾਰੇ ਭਾਰੇ ਲਫਜ਼ਾਂ ਨੂੰ ਬੰਦਾ ਏਸ ਪਾਰੋਂ ਵਰਤਣ ਲੱਗ ਪਵੇ ਕਿ ਮੈਂ ਬਹੁਤ ਵੱਡਾ ਜਾਣਕਾਰੂ ਆਂ, ਕੁਝ ਫੱਬਦਾ ਨਹੀਂ। ਅੰਗਰੇਜ਼ੀ ਬੋਲੀ ਨੂੰ ਈ ਦੇਖ ਲਉ। ਹਰ ਵਰ੍ਹੇ ਇਹਦ੍ਹੇ ਵਿਚ ਨਵੇਂ ਲਫਜ਼ਾਂ ਦਾ ਵਾਧਾ ਹੁੰਦਾ ਏ। ਪਰ ਐਹ ਨਵੇਂ ਲਫਜ਼ ਪੁਰਾਣੇ ਲਫਜ਼ਾਂ ਦੀ ਥਾਂ ਉਤੇ ਮੱਲ ਨਈਂ ਮਾਰਦੇ ਬਲਕਿ ਪਹਿਲਿਆਂ ਲਫਜ਼ਾਂ ਦੇ ਨਾਲ ਆਪਣੀ ਥਾਂ ਬਣਾਉਂਦੇ ਨੇ ਅਤੇ ਇਨ੍ਹਾਂ ਨੂੰ ਵਰਤਣ ਵਾਲੇ ਰਲਾ-ਮਿਲਾ ਕੇ ਇਨ੍ਹਾਂ ਦੀ ਵਰਤੋਂ ਕਰਕੇ ਬੋਲੀ ਦੀ ਫੱਬ ਵਿਚ ਵਾਧਾ ਕਰਦੇ ਨੇ।

Complete Punjabi Books
Academy of the Punjab in North America
ਗੁਰਮੁੱਖੀ ਤੇ ਸ਼ਾਹਮੁੱਖੀ ਲਿੱਪੀ ਵਿਚ گورمکھی تے شاہ مکھی لپی وچ
ਪੰਜਾਬੀ ਲਿਖਣਾ ਪੜ੍ਹਨਾ ਹਜ਼ਾਰਾ ਸਿੰਘ ہزارہ سنگھ پنجابی لکھنا پڑھنا

ਕਈ ਦਹਾਕੇ ਪਹਿਲਾਂ ਨਾ ਤਾਂ ਕੰਪਿਊਟਰ ਦੀ ਆਮ ਵਰਤੋਂ ਸੀ ਤੇ ਨਾ ਈ ਮੋਬਾਇਲ ਫੋਨ ਦਾ ਨਾਂ-ਨਿਸ਼ਾਨ ਸੀ। ਹੁਣ ਅਸੀਂ ਭਾਵੇਂ ਓਵੇਂ ਦਾ ਓਵੇਂ ਜਾਂ ਭੋਰਾ ਛਾਂਗ ਕੇ ਜਾਂ ਉਚਾਰਣ ਵਿਚ ਫੇਰ ਪਾ ਕੇ ਆਪਣੀ ਮਾਂ-ਬੋਲੀ ਪੰਜਾਬੀ ਦਾ ਅੰਗ ਬਣਾ ਲਿਆ ਏ, ਕਿਉਂ ਜੇ ਇਹਦੀ ਲੋੜ ਹੈ ਸੀ, ਪਰ ਜੇ ਅਸੀਂ ਜੰਝ, ਵਰਤਣ, ਪੰਧ, ਮੀਂਹ, ਚੁੰਮੀ, ਛਾਂ, ਮੁੜ੍ਹਕਾ ਦੀ ਥਾਂ ਦੂਜੀਆਂ ਬੋਲੀਆਂ ਦੇ ਸ਼ਬਦਾਂ ਦੀ ਵਰਤੋਂ ਕਰੀਏ ਤਾਂ?

ਮੈਂ ਏਥੇ ਆਪਣੀ ਭੁੱਲ ਦੀ ਗੱਲ ਵੀ ਕਰਨੀ ਚਾਹੁੰਨਾ। ਜੇ ਮੈਂ 'ਸਾਂਝ' ਲਈ ਆਈਆਂ ਉਨ੍ਹਾਂ ਪੰਜਾਬੀ ਲਿਖਤਾਂ ਦੀ ਭੋਰਾ ਸਾਂਭ-ਸੰਭਾਲ ਕਰ ਲੈਂਦਾ, ਜਿਨ੍ਹਾਂ ਵਿਚ ਹਿੰਦੀ, ਉਰਦੂ, ਸੰਸਕ੍ਰਿਤ, ਫਾਰਸੀ ਦਾ ਬੇਲੋੜਾ ਰਜਵਾਂ ਰ਼ਲਾ ਸੀ ਤਾਂ ਤੁਹਾਡੀ ਜਾਣਕਾਰੀ ਲਈ ਕੁਝ ਮਿਸਾਲਾਂ ਲਾਜ਼ਮੀ ਤੁਹਾਡੇ ਮੂਹਰੇ ਰੱਖਦਾ।

ਪਿਛਲੇ ਵਰ੍ਹੇ ਦੀ ਗੱਲ ਐ। ਪੰਜਾਬੀ ਸੇਵਕਾਂ ਦੀ ਇਕ ਸੰਸਥਾ ਨੇ ਚੜ੍ਹਦੇ ਪੰਜਾਬ ਤੋਂ ਆਏ ਇਕ ਕਹਾਣੀਕਾਰ, ਨਾਟਕਕਾਰ ਅਤੇ ਕਵੀ ਦੇ ਆਦਰ ਵਿਚ ਇਕ ਇਕੱਠ ਕੀਤਾ, ਜਿਹੜਾ ਸਲਾਹੁਣਯੋਗ ਸੀ। ਮੈਨੂੰ ਸੱਦਾ ਮਿਲਿਆ। ਮੈਨੂੰ ਏਸ ਆਦਰ ਪਾਰੋਂ ਢੇਰ ਖੁਸ਼ੀ ਹੋਈ, ਭਾਵੇਂ ਲਹਿੰਦੇ ਪੰਜਾਬ ਦੇ ਦੋ ਈ ਪੰਜਾਬੀ ਪਿਆਰਿਆਂ ਨੂੰ ਸੱਦਿਆ ਗਿਆ ਸੀ (ਏਸ ਮੁੱਦੇ ਉਤੇ ਫੇਰ ਕਦੇ ਗੱਲਬਾਤ ਕਰਾਂਗਾ)। ਪੰਜਾਬੀ ਪਿਆਰਿਆਂ, ਪ੍ਰਾਹੁਣੇ ਨੂੰ ਰੱਜਵਾਂ ਆਦਰ ਦਿੱਤਾ ਅਤੇ ਉਹਦੀਆਂ ਰੱਜ ਕੇ ਸਿਫਤਾਂ ਕੀਤੀਆਂ, ਜਿਹਦਾ ਉਹ ਹੱਕਦਾਰ ਵੀ ਸੀ। ਇਕ ਸੱਜਣ ਜਿਹੜੇ ਪੰਜਾਬੀ ਦੇ ਪੀ.ਐਚਡੀ ਨੇ, ਪੰਜਾਬੀ ਦੇ ਠੁਕਵੇਂ ਸੇਵਕ ਨੇ, ਪੰਜਾਬੀ ਦੀ ਇਕ ਸੰਸਥਾ ਦੇ ਆਗੂ ਵੀ ਨੇ, ਉਹ ਇਕੱਠ ਦੇ ਕਰਤਾ-ਧਰਤਾ ਸਨ। ਉਹ ਪੰਜਾਬੀ ਦੀਆਂ ਦੋਹਾਂ ਲਿਪੀਆਂ-ਸ਼ਾਹਮੁਖੀ ਅਤੇ ਗੁਰਮੁਖੀ ਬਾਰੇ ਗੱਲ ਕਰਦਿਆਂ ਪੰਜਾਬੀ ਲਫਜ਼ ਦੀ ਵਰਤੋਂ ਈ ਨਹੀਂ ਕਰਦੇ ਸਨ, ਉਨ੍ਹਾਂ ਦਾ ਸੁਭਾਅ ਕੁਝ ਇੰਜ ਦਾ ਸੀ ਜਿਵੇਂ ਉਹ ਫਾਰਸੀ ਤੇ ਜਰਮਨ, ਦੋ ਵੱਖ ਵੱਖ ਬੋਲੀਆਂ ਦੀ ਗੱਲ ਰਹੇ ਹੋਣ। ਇਸ ਸੁਭਾਅ ਨੇ ਮੈਨੂੰ ਡਾਢੀ ਭਰਵੀਂ ਹੁੱਝ ਮਾਰੀ। ਮੇਰੇ ਦਿਮਾਗ ਵਿਚ ਖਤਰੇ ਦੀ ਟੱਲੀ ਦੀ ਥਾਂ ਖਤਰੇ ਦੇ ਟੱਲ ਖੜਕਣ ਲੱਗ ਪਏ। ਮੈਥੋਂ ਰਹਿ ਨਾ ਹੋਇਆ। ਮੈਂ ਉਨ੍ਹਾਂ ਨੂੰ ਟੋਕ ਦਿੱਤਾ। ਇਕ ਅਖਾਣ ਐ-ਜਿਹੜਾ ਬੋਲੇ ਓਹੀ ਕੁੰਡਾ ਖੋਲ੍ਹੇ। ਉਨ੍ਹਾਂ ਆਪਣੀ ਗੱਲ ਓਥੇ ਹੀ ਟੁੱਕ ਦਿੱਤੀ ਅਤੇ ਮੈਨੂੰ ਸੱਦ ਕੇ ਮਾਈਕ ਮੇਰੇ ਹੱਥ ਫੜ੍ਹਾ ਦਿੱਤਾ। ਖ਼ੈਰ! ਇਹ ਉਨ੍ਹਾਂ ਦਾ ਵੱਡਾਪਨ ਸੀ।

ਪਰ ਵਿਚਾਰਨ ਜੋਗ ਗੱਲ ਇਹ ਐ ਪਈ ਜੇ ਐਡਾ ਪੜ੍ਹਿਆ-ਲਿਖਿਆ ਤੇ ਜਾਣਕਾਰੀ ਵਾਲਾ ਬੰਦਾ ਵੀ ਜਦੋਂ ਮਾਂ-ਬੋਲੀ ਪੰਜਾਬੀ ਦੀ ਗੁਰਮੁਖੀ ਲਿਪੀ ਅਤੇ ਸ਼ਾਹਮੁਖੀ ਲਿਪੀ ਬਾਰੇ ਗੱਲ ਕਰਦਾ ਐ ਤਾਂ ਦੋ ਬੋਲੀਆਂ ਦੀ ਲਿਸ਼ਕ ਪੈਂਦੀ ਐ, ਫਿਰ ਆਮ ਬੰਦਾ ਕਿਹੜੇ ਖਾਤੇ ਵਿਚ ਆਉਂਦਾ ਐ।

ਕੁਝ ਵਰ੍ਹਿਆਂ ਤੋਂ ਚੜ੍ਹਦੇ ਪੰਜਾਬ ਦਾ ਇਕ ਪੰਜਾਬੀ ਪਿਆਰਾ ਸੱਜਣ ਮੈਨੂੰ ਵਾਰ ਵਾਰ ਠਕੋਰਦਾ ਸੀ, "ਮੈਨੂੰ ਸ਼ਾਹਮੁਖੀ ਲਿਪੀ ਵਿਚ ਪੰਜਾਬੀ ਪੜ੍ਹਨੀ ਸਿਖਾ ਦਿਉ।" ਮੈਂ ਕਦੇ ਮਾਸਟਰੀ ਵਾਲਾ ਕੰਮ ਨਹੀਂ ਸੀ ਕੀਤਾ। ਪਰ ਇਹ ਪੰਜਾਬੀ ਦੀ ਸੇਵਾ ਵਾਲਾ ਮੁੱਦਾ ਸੀ। ਦੋ ਸਾਥੀ ਹੋਰ ਸਾਡੇ ਨਾਲ ਪੰਜਾਬੀ ਦੀ ਸ਼ਾਹਮੁਖੀ ਲਿਪੀ ਸਿੱਖਣ ਲਈ ਆ ਰਲੇ। ਦੋ ਜਣਿਆਂ ਨੂੰ ਪੰਜਾਬੀ, ਗੁਰਮੁਖੀ ਲਿਪੀ ਵਿਚ ਲਿਖਣੀ-ਪੜ੍ਹਨੀ ਆਉਂਦੀ ਸੀ ਅਤੇ ਤੀਸਰੇ ਸੱਜਣ ਦੀ ਪੰਜਾਬੀ ਬਾਰੇ ਜਾਣਕਾਰੀ ਤਾਂ ਵਧੇਰੀ ਸੀ ਪਰ ਉਹ ਛੜੀ ਹਿੰਦੀ ਪੜ੍ਹ-ਲਿਖ ਸਕਦੇ ਸਨ। ਪੰਜਾਬੀ ਦੀ ਕੋਈ ਵੀ ਲਿਪੀ ਉਹ ਨਹੀਂ ਲਿਖ-ਪੜ੍ਹ ਸਕਦੇ ਸਨ।

ਖ਼ੈਰ! ਸਬਕ ਬਣਾਉਂਦਿਆਂ ਮੈਂ ਲਫਜ਼ਾਲੀ ਦੀ ਵਰਤੋਂ ਵੱਲ ਖ਼ਾਸ ਧਿਆਨ ਰੱਖਦਿਆਂ ਲਫਜ਼ਾਲੀ ਦੀ ਚੋਣ ਪੰਜਾਬੀ ਦੇ ਕਲਾਸਿਕ ਵਿਚੋਂ ਅਤੇ ਵੰਡ ਤੋਂ ਪਹਿਲਾਂ ਅਤੇ ਵੰਡ ਤੋਂ ਝਬਦੇ ਬਾਅਦ ਵਾਲੇ ਦੋਹਾਂ ਬੰਨਿਆਂ ਦੇ ਸਾਹਿਤ ਵਿਚੋਂ ਕੀਤੀ, ਪਰ ਫੇਰ ਵੀ ਮੇਰੀ ਹੈਰਾਨੀ ਵਿਚ ਵਾਧਾ ਈ ਹੁੰਦਾ ਰਿਹਾ, ਜਦੋਂ ਮੈਥੋਂ ਸਵਾਲ ਪੁੱਛੇ ਜਾਂਦੇ ਸਨ, "ਭਈ ਐਹ ਪੰਜਾਬੀ ਦੇ ਲਫਜ਼ ਨੇ?"

ਮੇਰੀ ਜੰਮ-ਪਲ ਲਾਹੌਰ ਦੀ ਐ। ਸਬਕ ਬਣਾਉਂਦਿਆਂ ਮੈਂ ਲਾਹੌਰ ਅਤੇ ਉਹਦੇ ਆਲੇ-ਦੁਆਲੇ ਵਿਚ ਪ੍ਰਚਲਤ ਆਮ ਬੋਲੀ ਦੀ ਚੋਣ ਵੀ ਕੀਤੀ। ਪਰ ਮੇਰੀ ਹੈਰਾਨੀ ਕੋਈ ਖ਼ਾਸ ਘਟੀ ਨਾ। ਹਾਂ, ਇਹ ਲਾਜ਼ਮੀ ਆਖਿਆ ਜਾਂਦਾ ਸੀ, "ਅਸੀਂ ਆਪਣੇ ਵੱਡਿਆਂ ਤੋਂ ਇਹ ਬੋਲੀ ਲਾਜ਼ਮੀ ਸੁਣੀ ਐ, ਪਰ ਹੁਣ ਅਸੀਂ ਇਹਦੀ ਵਰਤੋਂ ਨਹੀਂ ਕਰਦੇ। ਦੁੱਖ ਵਾਲੀ ਗੱਲ ਐਹ ਏ ਜੋ ਅਗਲੀ ਪੀੜ੍ਹੀ ਦੀ ਬੋਲੀ ਵਿਚ ਹਿੰਦੀ-ਉਰਦੂ ਦਾ ਰ਼ਲਾ ਆਮ ਜਿਹੀ ਗੱਲ ਐ।"

ਵੰਡ ਤੋਂ ਪਹਿਲਾਂ ਲਾਹੌਰ ਪੰਜਾਬੀ ਸਾਹਿਤ ਅਤੇ ਰਹਿਤਲ ਦਾ ਧੁਰਾ ਸੀ। ਇਹਦੇ ਭੰਡਾਰ ਵਿਚ ਸਾਰੇ ਪੰਜਾਬ ਦੀ ਲਫਜ਼ਾਲੀ ਦਾ ਬੀਅ ਇਕੱਠਾ ਹੋ ਕੇ ਪੁੰਗਰਦਾ ਸੀ ਅਤੇ ਮੁੜ ਸਾਰੇ ਪੰਜਾਬ ਵਿਚ ਵਰਤੀਂਦਾ ਸੀ। ਮੈਂ ਵੰਡ ਤੋਂ ਪਹਿਲਾਂ ਦਾ ਜਿਹੜਾ ਥੋੜ੍ਹਾ-ਬਹੁਤਾ ਸਾਹਿਤ ਪੜ੍ਹਿਆ ਐ-ਕਹਾਣੀ, ਨਾਵਲ ਜਾਂ ਕਵਿਤਾ ਪੜ੍ਹਦਿਆਂ ਦਿਲ-ਦਿਮਾਗ਼ ਵਿਚ ਕਦੇ ਵੀ ਤੁਣਕਾ ਨਹੀਂ ਵਜਦਾ ਸੀ ਕਿ ਇਹਦਾ ਲਿਖਾਰੀ ਕਿਹੜਾ ਐ? ਹਿੰਦੂ ਲਿਖਾਰੀ ਐ, ਮੁਸਲਮਾਨ ਲਿਖਾਰੀ ਐ ਜਾਂ ਸਿੱਖ ਲਿਖਾਰੀ ਐ। ਛੜੀ ਇੱਕੋ ਗੱਲ ਸਿੱਧ ਹੁੰਦੀ ਸੀ- ਇਹਦਾ ਲਿਖਾਰੀ

*ਵੰਡ ਤੋਂ ਪਹਿਲਾਂ ਲਾਹੌਰ ਪੰਜਾਬੀ ਸਾਹਿਤ ਅਤੇ ਰਹਿਤਲ ਦਾ ਧੁਰਾ ਸੀ। ਇਹਦੇ ਭੰਡਾਰ ਵਿਚ ਸਾਰੇ ਪੰਜਾਬ ਦੀ ਲਫਜ਼ਾਲੀ ਦਾ ਬੀਅ ਇਕੱਠਾ ਹੋ ਕੇ ਪੁੰਗਰਦਾ ਸੀ ਅਤੇ ਮੁੜ ਸਾਰੇ ਪੰਜਾਬ ਵਿਚ ਵਰਤੀਂਦਾ ਸੀ। ਮੈਂ ਵੰਡ ਤੋਂ ਪਹਿਲਾਂ ਦਾ ਜਿਹੜਾ ਥੋੜ੍ਹਾ-ਬਹੁਤਾ ਸਾਹਿਤ ਪੜ੍ਹਿਆ ਐ-ਕਹਾਣੀ, ਨਾਵਲ ਜਾਂ ਕਵਿਤਾ ਪੜ੍ਹਦਿਆਂ ਦਿਲ-ਦਿਮਾਗ਼ ਵਿਚ ਕਦੇ ਵੀ ਤੁਣਕਾ ਨਹੀਂ ਵਜਦਾ ਸੀ ਕਿ ਇਹਦਾ ਲਿਖਾਰੀ ਕਿਹੜਾ ਐ? ਹਿੰਦੂ ਲਿਖਾਰੀ ਐ, ਮੁਸਲਮਾਨ ਲਿਖਾਰੀ ਐ ਜਾਂ ਸਿੱਖ ਲਿਖਾਰੀ ਐ। ਛੜੀ ਇੱਕੋ ਗੱਲ ਸਿੱਧ ਹੁੰਦੀ ਸੀ- ਇਹਦਾ ਲਿਖਾਰੀ ਪੱਕਾ-ਪੀਢਾ ਪੰਜਾਬੀ ਐ। ਹੁਣ ਅਜੋਕੀ ਲਿਖਤ ਪੜ੍ਹਦਿਆਂ ਝਟ ਇਹ ਤੁਣਕਾ ਵੱਜਦਾ ਐ ਤੇ ਇਹ ਵੀ ਸਿੱਧ ਹੋ ਜਾਂਦਾ ਐ ਬਈ ਇਹਦਾ ਲਿਖਾਰੀ ਚੜ੍ਹਦੇ ਪੰਜਾਬ ਤੋਂ ਤੇ ਇਹਦਾ ਲਿਖਾਰੀ ਲਹਿੰਦੇ ਪੰਜਾਬ ਤੋਂ ਐ। ਇਹ ਬੜੇ ਜ਼ੁਲਮ ਵਾਲੀ ਅਤੇ ਦਿਲ ਚੀਰਵੀਂ ਗੱਲ ਐ।*

ਪੱਕਾ-ਪੀਢਾ ਪੰਜਾਬੀ ਐ। ਹੁਣ ਅਜੋਕੀ ਲਿਖਤ ਪੜ੍ਹਦਿਆਂ ਝਟ ਇਹ ਤੁਣਕਾ ਵੱਜਦਾ ਐ ਤੇ ਇਹ ਵੀ ਸਿੱਧ ਹੋ ਜਾਂਦਾ ਐ ਬਈ ਇਹਦਾ ਲਿਖਾਰੀ ਚੜ੍ਹਦੇ ਪੰਜਾਬ ਤੋਂ ਤੇ ਇਹਦਾ ਲਿਖਾਰੀ ਲਹਿੰਦੇ ਪੰਜਾਬ ਤੋਂ ਐ। ਇਹ ਬੜੇ ਜ਼ੁਲਮ ਵਾਲੀ ਅਤੇ ਦਿਲ ਚੀਰਵੀਂ ਗੱਲ ਐ।

ਇਹ ਬੋਲੀ ਵਿਚ ਪੈਣ ਵਾਲਾ ਪਾੜ ਛੜਾ ਬੋਲੀ ਦਾ ਪਾੜ ਈ ਨਹੀਂ ਏਸ ਪਾੜ ਪਾਰੋਂ ਹੋਰ ਵੀ ਬੜੇ ਪਾੜ ਤੇ ਪੁਆੜੇ ਉਸਰ ਸਕਦੇ ਨੇ। ਬਲਕਿ ਉਸਰੇ ਵਿਖਾਲੀ ਪਏ ਦੇਂਦੇ ਨੇ। ਪੰਜਾਬੀ ਤਵਾਰੀਖ਼ ਦੀ ਖਿੱਚ-ਧੂਹ ਪੰਜਾਬੀ ਰਹਿਤਲ ਦਾ ਪਾੜ, ਪੰਜਾਬੀਅਤ ਦਾ ਪਾੜ, ਪੰਜਾਬੀ ਸੋਚ-ਵਿਚਾਰ ਅਤੇ ਭਲਕ ਦਾ ਪਾੜ, ਪੰਜਾਬੀ ਬੋਲੀ ਨੂੰ ਜੱਫਾ ਅਤੇ ਅਪਨਾਉਣ ਤੋਂ ਲੱਜ।

ਇਹਦੇ ਵਿਚ ਕੋਈ ਸ਼ੱਕ-ਸ਼ੁਬ੍ਹਾ ਨਹੀਂ ਜੋ ਚੜ੍ਹਦੇ-ਲਹਿੰਦੇ ਪੰਜਾਬ ਵਿਚ ਤੇ ਪੰਜਾਬੋਂ ਬਾਹਰ ਬੈਠੇ ਸੁਰਤੇ ਪੰਜਾਬੀ ਸੂਝਵਾਨ ਮਾਂ-ਬੋਲੀ ਪੰਜਾਬੀ ਵਿਚ ਉਸਰਦੇ ਏਸ ਪਾੜ ਬਾਰੇ ਡਾਢੇ ਸੁਚੇਤ ਨੇ। ਮੇਰੀ ਜਾਚੇ ਛੜਾ ਸੁਚੇਤ ਹੋਣ ਨਾਲ ਕੰਮ ਨਹੀਂ ਸਰਦਾ। ਕੋਈ ਪੱਕਾ-ਪੀਢਾ ਪੈਰ ਪੁੱਟਣ ਦੀ ਲੋੜ ਵੀ ਐ। ਪੰਜਾਬ ਦੇ ਦੋਹਾਂ ਭਾਗਾਂ ਵਿਚ ਬੈਠੇ ਪੰਜਾਬੀ ਸੂਝਵਾਨਾਂ ਦੀ ਮਜਬੂਰੀ ਦੀ ਭਰਵੀਂ ਸਮਝ ਆਉਂਦੀ ਐ, ਜੋ ਦੋਹਾਂ ਸਰਕਾਰਾਂ ਦੇ ਸਿਆਸੀ ਆਢ੍ਹਿਆਂ ਪਾਰੋਂ ਕਿਤਾਬਾਂ, ਰਸਾਲਿਆਂ ਦਾ ਵਟਾਂਦਰਾ ਤੇ ਆਪੋ ਵਿਚ ਰਾਬਤਾ ਨਾ ਹੋਣ ਦੇ ਬਰਾਬਰ ਐ। ਜੇ ਦੋਹਾਂ ਸਰਕਾਰਾਂ ਦੀ ਮੱਤ ਟਿਕਾਣੇ ਆ ਜਾਏ, ਕਿਤਾਬਾਂ ਦਾ ਵਟਾਂਦਰਾ ਹੋਣ ਲੱਗ ਪਵੇ, ਆਵਾਜਾਈ ਦੀ ਸੌਖ ਹੋ ਜਾਏ, ਰਾਬਤਿਆਂ ਦੀ ਡੋਰ ਪੱਕੀ ਹੋ ਜਾਏ ਤਾਂ ਇਹ ਮੁੱਦਾ ਆਪਣੇ ਆਪ ਹੱਲ ਹੋ ਜਾਏ, ਪਰ ਹਾਲ ਦੀ ਘੜੀ ਤਾਂ ਏਸ ਮੁੱਦੇ ਲਈ ਪੰਜਾਬੋਂ ਬਾਹਰ ਬੈਠੇ ਪੰਜਾਬੀਆਂ ਨੂੰ ਇਹ ਜ਼ਿੰਮਵਾਰੀ ਚੁੱਕਣ ਦੀ ਲੋੜ ਐ। ਉਹ ਏਸ ਲਈ ਕਿ ਉਨ੍ਹਾਂ ਲਈ ਤਾਂ ਇਹੋ ਜਿਹੀ ਕੋਈ ਮਜਬੂਰੀ ਨਹੀਂ। ਬੋਲੀ ਦੇ ਪਾੜ ਨੂੰ ਡੱਕਾ ਲਾਉਣ ਅਤੇ ਪੂਰਨ ਦਾ ਕੰਮ ਤਾਂ ਅਸੀਂ ਰਲ-ਮਿਲ ਬੈਠ ਕੇ ਵਿਚਾਰ-ਵਟਾਂਦਰੇ ਨਾਲ ਆਪਣੀ ਵਿਤ ਮੂਜਬ ਸਾਂਝੇ ਜਤਨਾਂ ਨਾਲ ਕਰ ਸਕਦੇ ਆਂ। ਜੇ ਗ਼ਦਰੀ ਬਾਬੇ ਆਜ਼ਾਦੀ ਦੀ ਲੜਾਈ ਦੇਸੋਂ ਬਾਹਰ ਬੈਠ ਕੇ ਲੜ ਸਕਦੇ ਨੇ ਤਾਂ ਸਾਨੂੰ, ਜਿਹੜੇ ਪੰਜਾਬੀ ਅਤੇ ਪੰਜਾਬੀਅਤ ਦੇ ਨਾਅਰੇ ਮਾਰਨੇ ਆਂ, ਵੱਖੋ-ਵੱਖ ਪੰਜਾਬੀ ਦੀਆਂ ਸੰਸਥਾਵਾਂ ਬਣਾ ਕੇ ਪੰਜਾਬੀ ਸੇਵਕ ਦੀ ਦਾਅਵੇਦਾਰੀ ਦੇ ਝੰਡੇ ਚੁੱਕੀ ਫਿਰਨੇ ਆਂ, ਤਾਂ ਰ਼ਲ ਕੇ ਏਸ ਮੁੱਦੇ ਵਾਸਤੇ ਲੜਦਿਆਂ ਏਸ ਪਾੜ ਨੂੰ ਡੱਕਣ ਅਤੇ ਪੂਰਨ ਲਈ ਮੋਢੇ ਨਾਲ ਮੋਢਾ ਜੋੜ ਕੇ ਜਤਨ ਕਰਦਿਆਂ ਮੌਤ ਪੈਂਦੀ ਐ?

# ਸੇਬ ਵਾਲੀ ਕੁੜੀ

ਹਿਟਲਰ ਨੇ ਦੂਜੀ ਵਿਸ਼ਵ ਜੰਗ ਦੀ ਸ਼ੁਰੂਆਤ ਸੱਠ ਲੱਖ ਯਹੂਦੀਆਂ ਨੂੰ ਮੌਤ ਦੇ ਕੈਂਪਾਂ ਵਿਚ ਤਾੜ ਕੇ ਜਿਉਂਦਿਆਂ ਮਾਰ ਕੇ ਕੀਤੀ। ਇਨ੍ਹਾਂ ਕੈਂਪਾਂ ਵਿਚੋਂ ਕਈ ਮਰਦ, ਔਰਤਾਂ ਤੇ ਬੱਚੇ ਮੌਤ ਦੇ ਮੂੰਹੋਂ ਬਚ ਨਿਕਲੇ। ਉਨ੍ਹਾਂ ਦੇ ਬਚ ਨਿਕਲਣ ਦੀਆਂ ਕਹਾਣੀਆਂ ਬੜੀਆਂ ਦੁਖਦਾਈ ਸਨ। ਕੁਝ ਨੇ ਆਪਣੀਆਂ ਹੱਡ ਬੀਤੀਆਂ ਲਿਖੀਆਂ ਜਾਂ ਸੁਣਾਈਆਂ। ਇਹ ਉਨ੍ਹਾਂ ਵਿਚੋਂ ਇਕ ਕਹਾਣੀ ਹੈ।

ਅਗਸਤ ਦਾ ਮਹੀਨਾ, ਸਾਲ 1942, ਥਾਂ-ਪਿਓਤ੍ਰਕਾਓ, ਦੇਸ਼-ਪੋਲੈਂਡ। ਅਸੀਂ ਸਾਰੇ ਫਿਕਰਮੰਦ ਸਾਂ ਤੇ ਸਵੇਰ ਵੀ ਮਾਯੂਸ ਸੀ। ਉਸ ਦਿਨ ਸਾਰੇ ਆਦਮੀ, ਔਰਤਾਂ ਤੇ ਬੱਚਿਆਂ ਨੂੰ ਪਿਓਤ੍ਰਕਾਓ ਦੇ ਵੱਡੇ ਚੌਕ ਵਿਚ ਇਕੱਠਾ ਕਰ ਲਿਆ ਗਿਆ ਸੀ। ਇਹ ਚੌਕ ਯਹੂਦੀਆਂ ਦੀ ਬਸਤੀ ਦੇ ਵਿਚਕਾਰ ਸੀ। ਸਾਰਿਆਂ ਨੂੰ ਕੰਨੋਂ ਕੰਨੀ ਇਹੋ ਪਤਾ ਲਗਿਆ ਸੀ, ਸਾਨੂੰ ਏਥੋਂ ਲੈ ਜਾਣਗੇ।



ਗੁਰਚਰਨ ਸਿੰਘ ਜੈਤੋ
ਫੋਨ: 331-321-1759

ਅਜੇ ਕੁਝ ਦਿਨ ਪਹਿਲਾਂ ਹੀ ਮੇਰੇ ਪਾਪਾ ਬਿਮਾਰ ਰਹਿਣ ਪਿਛੋਂ ਗੁਜ਼ਰ ਗਏ ਸਨ। ਕਹਿੰਦੇ ਨੇ ਕਿ ਟਾਇਫਾਇਡ ਬੁਖਾਰ ਸੀ ਜਿਹੜਾ ਸਾਰੀ ਬਸਤੀ ਵਿਚ ਫੈਲ ਗਿਆ ਸੀ। ਦਵਾਈ ਬੂਟੀ ਦਾ ਕੋਈ ਵਸੀਲਾ ਨਹੀਂ ਸੀ ਰਹਿਣ ਦਿੱਤਾ ਗਿਆ। ਸਭ ਤੋਂ ਵੱਡਾ ਫਿਕਰ ਜੋ ਸਭ ਨੂੰ ਵੱਢ ਵੱਢ ਖਾ ਰਿਹਾ ਸੀ, ਉਹ ਇਹ ਕਿ ਹੁਣ ਸਾਰਾ ਪਰਿਵਾਰ ਵਿਛੜ ਜਾਊ? ਪਤਾ ਨਹੀਂ ਕੌਣ ਕਿੱਥੇ ਜਾਵੇ! ਬੜਾ ਭੈੜਾ ਸਮਾਂ ਸੀ!

"ਭਾਵੇਂ ਕੁਝ ਵੀ ਹੋ ਜਾਵੇ, ਤੂੰ ਆਪਣੀ ਉਮਰ ਨਹੀਂ ਕਿਸੇ ਨੂੰ ਦੱਸਣੀ।" ਮੇਰੇ ਵੱਡੇ ਭਰਾ ਇਸੀਡੋਰ ਨੇ ਮੇਰੇ ਕੰਨ ਵਿਚ ਇਹ ਗੱਲ ਪੱਕੀ ਕੀਤੀ ਸੀ, "ਆਖੀਂ ਕਿ ਤੂੰ ਸੋਲਾਂ ਸਾਲਾਂ ਦਾ ਏਂ।"

ਮੇਰਾ ਕੱਦ ਤੇ ਸਿਹਤ ਕਿਸੇ ਗਿਆਰਾਂ ਸਾਲ ਵਾਲੇ ਬੱਚੇ ਦਾ ਨਹੀਂ ਸੀ। ਮੈਂ ਵਾਹਵਾ ਤਕੜਾ ਸਾਂ ਇਸ ਲਈ ਇਹ ਗੱਲ ਅਗਲੇ ਨੂੰ ਜਚ ਹੀ ਜਾਣੀ ਸੀ। ਇੰਜ ਮੈਂ ਕਿਸੇ ਕੰਮ 'ਤੇ ਵੀ ਲੱਗ ਸਕਦਾ ਸਾਂ। ਹੋ ਸਕਦੈ ਆਉਣ ਵਾਲਾ ਸੰਕਟ ਟਲ ਜਾਵੇ! ਏਨੇ ਵਿਚ ਇਕ ਫੌਜੀ ਪੱਥਰਾਂ ਵਾਲੀ ਸੜਕ 'ਤੇ ਆਪਣੇ ਬੂਟਾਂ ਨਾਲ ਖੜਾਕ ਕਰਦਾ ਪਹੁੰਚ ਗਿਆ। ਉਹਨੇ ਮੈਨੂੰ ਸਾਹਮਣਿਓਂ ਸਿਰ ਤੋਂ ਪੈਰਾਂ ਤਕ ਨੀਝ ਲਾ ਕੇ ਦੇਖਿਆ ਤੇ ਮੇਰੀ ਉਮਰ ਪੁੱਛੀ।

"ਸੋਲਾਂ ਸਾਲ।"

ਉਸ ਨੇ ਮੈਨੂੰ ਖੱਬੇ ਪਾਸੇ ਜਾਣ ਲਈ ਇਸ਼ਾਰਾ ਕੀਤਾ ਜਿੱਥੇ ਮੇਰੇ ਤਿੰਨ ਭਰਾ ਤੇ ਹੋਰ ਜਵਾਨ ਬੰਦੇ ਖੜ੍ਹੇ ਸਨ। ਮੇਰੀ ਮਾਂ ਨੂੰ ਸੱਜੇ ਪਾਸੇ ਜਾਣ ਦਾ ਇਸ਼ਾਰਾ ਕੀਤਾ ਗਿਆ ਜਿੱਥੇ ਹੋਰ ਕਈ ਔਰਤਾਂ, ਬੱਚੇ, ਬੁੱਢੇ ਤੇ ਬਿਮਾਰ ਲੋਕ ਖੜ੍ਹੇ ਸਨ। ਮੈਂ ਇਸੀਡੋਰ ਦੇ ਕੰਨ ਵਿਚ ਕਿਹਾ, "ਇਹ ਕੀ..?" ਉਸ ਨੇ ਕੋਈ ਜਵਾਬ ਨਾ ਦਿੱਤਾ। ਮੈਂ ਆਪਣੀ ਮਾਂ ਵਾਲੇ ਪਾਸੇ ਦੌੜ ਗਿਆ ਤੇ ਕਿਹਾ ਕਿ ਮੈਂ ਤਾਂ ਏਧਰ ਈ ਖੜ੍ਹਾ ਹੋਵਾਂਗਾ!

"ਏਥੋਂ ਚਲਾ ਜਾਹ। ਜਾਹ ਪਾਸੇ ਹੋ। ਏਥੇ ਕੋਈ ਬਖੇੜਾ ਨਾ ਖੜ੍ਹਾ ਕਰ ਦੇਈਂ। ਜਾਹ ਜਾ ਕੇ ਆਪਣੇ ਭਰਾਵਾਂ ਕੋਲ ਖੜ੍ਹਾ ਹੋ ਜਾ।" ਮਾਂ ਨੇ ਮੈਨੂੰ ਪਹਿਲਾਂ ਕਦੇ ਵੀ ਇੰਜ ਨਹੀਂ ਸੀ ਝਿੜਕਿਆ। ਮੈਂ ਸਮਝ ਗਿਆ ਕਿ ਉਹ ਮੈਨੂੰ ਬਚਾ ਕੇ ਰਖਣਾ ਚਾਹੁੰਦੀ ਸੀ। ਮਾਂ ਮੈਨੂੰ ਬਹੁਤ ਪਿਆਰ ਕਰਦੀ ਸੀ, ਪਰ ਪਹਿਲੀ ਵਾਰੀ ਜੋ ਉਸ ਨੇ ਮੈਨੂੰ ਅਜ ਝਿੜਕਿਆ ਸੀ ਤਾਂ ਕੋਈ ਗੱਲ ਜ਼ਰੂਰ ਸੀ। ਪਰ ਉਸ ਨੇ ਕੋਈ ਗੁੱਸਾ ਤਾਂ ਨਹੀਂ ਸੀ ਕੀਤਾ। ਉਹੀ ਪਲ ਸਨ ਜਦੋਂ ਮੈਂ ਉਹਨੂੰ ਆਖਰੀ ਵਾਰ ਦੇਖਿਆ!

ਮੈਨੂੰ ਮੇਰੇ ਭਰਾਵਾਂ ਨਾਲ ਪਸ਼ੂ ਢੋਣ ਵਾਲੇ ਇਕ ਰੇਲ ਦੇ ਡੱਬੇ ਵਿਚ ਜਰਮਨੀ ਲਿਜਾਣ ਵਾਸਤੇ ਤਾੜ ਦਿੱਤਾ ਗਿਆ। ਕਈ ਹਫਤਿਆਂ ਮਗਰੋਂ ਅਸੀਂ ਬੁਕਨਵਾਲਡ ਨਾਂ ਦੇ ਕੈਂਪ ਪਹੁੰਚ ਗਏ। ਸਾਨੂੰ ਲੋਕਾਂ ਨਾਲ ਭਰੀ ਬੈਰਕ ਵਿਚ ਲਿਜਾਇਆ ਗਿਆ। ਅਗਲੇ ਦਿਨ ਸਾਨੂੰ ਖਾਸ ਵਰਦੀਆਂ ਪਹਿਨਣ ਲਈ ਦਿੱਤੀਆਂ ਗਈਆਂ ਤੇ ਸ਼ਨਾਖਤੀ ਨੰਬਰ ਦਿੱਤੇ ਗਏ। ਹੁਣ ਨਾਮ ਦੀ ਥਾਂ ਸਾਨੂੰ ਉਸੇ ਨੰਬਰ ਨਾਲ ਜਾਣਿਆ ਪਛਾਣਿਆ ਜਾਣਾ ਸੀ।

"ਮੈਨੂੰ ਹਰਮਨ ਕਹਿਣ ਦੀ ਲੋੜ ਨਹੀਂ, ਹੁਣ ਮੈਨੂੰ 94983 ਕਹਿ ਕੇ ਬੁਲਾਇਆ ਕਰੋ।" ਮੈਂ ਆਪਣੇ ਭਰਾਵਾਂ ਨੂੰ ਪੱਕਾ ਕੀਤਾ।

ਮੈਨੂੰ ਪਹਿਲੇ ਦਿਨ ਹੀ ਕੈਂਪ ਦੀ ਸ਼ਮਸ਼ਾਨ ਵਿਚ ਕੰਮ 'ਤੇ ਲਾ ਦਿੱਤਾ ਗਿਆ। ਮੇਰਾ ਕੰਮ ਹੱਥ ਨਾਲ ਚਲਣ ਵਾਲੀ ਲਿਫਟ ਵਿਚ ਲਾਸ਼ਾਂ ਸੁੱਟਣ ਦਾ ਹੁੰਦਾ ਸੀ। ਇਹ ਕੰਮ ਕਰਦਿਆਂ ਮੈਂ ਵੀ ਆਪਣੇ ਆਪ ਨੂੰ ਇਕ ਲਾਸ਼ ਹੀ ਸਮਝਣ ਲੱਗ ਪਿਆ ਸਾਂ। ਸਖਤ, ਠੋਸ ਤੇ ਬੇਜਾਨ, ਮੇਰਾ ਵਜੂਦ ਸਿਰਫ ਇਕ ਨੰਬਰ ਹੀ ਤਾਂ ਸੀ! ਇਸ ਤੋਂ ਕੁਝ ਦਿਨਾਂ ਪਿਛੋਂ ਸਾਨੂੰ ਸਾਰੇ ਭਰਾਵਾਂ ਨੂੰ ਕੁਝ ਹੋਰ ਲੋਕਾਂ ਨਾਲ ਬਰਲਿਨ ਨੇੜੇ ਕਿਸੇ ਹੋਰ ਕੈਂਪ ਭੇਜ ਦਿੱਤਾ।

ਇਕ ਦਿਨ ਸਵੇਰੇ ਸਵੇਰੇ ਮੈਨੂੰ ਭੁਲੇਖਾ ਪਿਆ ਜਿਵੇਂ ਮੈਂ ਆਪਣੀ ਮਾਂ ਦੀ ਆਵਾਜ਼ ਸੁਣੀ ਹੋਵੇ। "ਬੇਟੇ, ਮੈਂ ਤੈਨੂੰ ਆਪਣਾ ਪਿਆਰ ਭੇਜਾਂਗੀ!" ਇਸ ਸਾਫ ਸੁਣੀ ਆਵਾਜ਼ ਨਾਲ ਮੇਰੀ ਨੀਂਦ ਖੁਲ੍ਹ ਗਈ। ਸੁਪਨਾ ਹੀ ਤਾਂ ਸੀ। ਬੜਾ ਪਿਆਰਾ ਸੁਪਨਾ! ਪਰ ਓਹੋ ਜਿਹੀ ਥਾਂ ਪਿਆਰ ਕਿੱਥੇ ਹੋਣਾ ਸੀ? ਉਥੇ ਤਾਂ ਘਿਨਾਉਣਾ ਲਾਸ਼ਾਂ ਸਾਂਭਣ ਵਾਲਾ ਕੰਮ ਸੀ, ਭੁੱਖ ਸੀ ਜਾਂ ਡਰ ਸੀ!

ਕੁਝ ਦਿਨਾਂ ਪਿਛੋਂ ਜਦੋਂ ਮੈਂ ਬੈਰਕਾਂ ਦੇ ਆਲੇ-ਦੁਆਲੇ ਘੁੰਮ ਰਿਹਾ ਸਾਂ, ਨੇੜੇ ਕੰਡਿਆਲੀ ਤਾਰ ਸੀ। ਉਸ ਥਾਂ ਫੌਜੀ ਚੌਕੀਦਾਰਾਂ ਦੀ ਨਿਗ੍ਹਾ ਘੱਟ ਹੀ ਜਾਂਦੀ ਸੀ। ਮੈਂ ਇਕੱਲਾ ਹੀ ਸਾਂ। ਕੰਡਿਆਲੀ ਤਾਰ ਦੇ ਦੂਜੇ ਪਾਸੇ ਮੈਂ ਕੋਈ ਹਿਲਜੁਲ ਦੇਖੀ। ਇਕ ਛੋਟੀ ਜਿਹੀ ਕੁੜੀ ਕੱਕੇ ਵਾਲਾਂ ਵਾਲੀ ਖੜ੍ਹੀ ਸੀ! ਉਹਦੇ ਵਾਲ ਚਮਕੀਲੇ ਤੇ ਘੁੰਗਰਾਲੇ ਸਨ। ਇਕ ਭੋਜ ਦੇ ਰੁੱਖ ਪਿਛੇ ਉਹ ਅਧਲੁਕੀ ਜਿਹੀ ਖੜ੍ਹੀ ਸੀ। ਮੈਂ ਆਲੇ-ਦੁਆਲੇ ਨਿਗ੍ਹਾ ਘੁਮਾਈ ਕਿ ਮੈਨੂੰ ਕੋਈ ਦੇਖ ਤਾਂ ਨਹੀਂ ਸੀ ਰਿਹਾ! ਮੈਂ ਉਸ ਨੂੰ ਜਰਮਨ ਵਿਚ ਹੌਲੀ ਜਿਹੀ ਆਵਾਜ਼ ਮਾਰੀ, "ਤੇਰੇ ਕੋਲ ਕੁਝ ਖਾਣ ਲਈ ਹੈ?"

ਉਸ ਨੂੰ ਮੇਰੀ ਗੱਲ ਦੀ ਸਮਝ ਨਹੀਂ ਸੀ ਆਈ। ਮੈਂ ਕੰਡਿਆਲੀ ਤਾਰ ਦੇ ਥੋੜਾ ਹੋਰ ਨੇੜੇ ਹੋ ਕੇ ਪੋਲਿਸ਼ ਬੋਲੀ ਵਿਚ ਮੁੜ ਆਪਣਾ ਸਵਾਲ ਦੁਹਰਾਇਆ। ਉਹ ਇਕ ਕਦਮ ਅਗੇ ਆਈ। ਮੈਂ ਲਮਢੀਂਗ ਜਿਹਾ ਲੱਗ ਰਿਹਾ ਸਾਂ। ਆਪਣੇ ਪੈਰਾਂ ਦੁਆਲੇ ਮੈਂ ਲੀਰਾਂ ਲਪੇਟੀਆਂ ਹੋਈਆਂ ਸਨ। ਮੁੰਨਿਆ ਹੋਇਆ ਸਿਰ, ਮੇਰੇ ਕਪੜੇ ਵੀ ਮੈਲੇ-ਕੁਚੈਲੇ। ਬੜਾ ਡਰਾਉਣਾ ਜਿਹਾ ਲੱਗ ਰਿਹਾ ਹੋਵਾਂਗਾ। ਪਰ ਉਸ ਕੁੜੀ ਦੇ ਚਿਹਰੇ 'ਤੇ ਕੋਈ ਡਰ ਨਹੀਂ ਸੀ ਦਿਸ ਰਿਹਾ ਮੈਨੂੰ। ਉਹਦੀਆਂ ਅੱਖਾਂ ਵਿਚ ਮੈਂ ਜੀਵਨ ਦੀ ਲਿਸ਼ਕ ਦੇਖੀ। ਉਸ ਨੇ ਆਪਣੀ ਊਨੀ ਜੈਕਟ ਵਿਚੋਂ ਇਕ ਸੇਬ ਕੱਢਿਆ ਤੇ ਤਾਰ ਦੇ ਉਤੋਂ ਦੀ ਮੇਰੇ ਵੱਲ ਵਗਾਹ ਮਾਰਿਆ। ਮੈਂ ਝੱਟ ਸੇਬ ਜੁੱਪ ਲਿਆ ਤੇ ਦੌੜਨ ਲੱਗਾ। ਦੌੜਦਿਆਂ ਮੈਨੂੰ ਸੁਣਿਆ, "ਮੈਂ ਕਲ੍ਹ ਫੇਰ ਆਵਾਂਗੀ।"

ਉਸ ਦਿਨ ਪਿਛੋਂ ਮੈਂ ਹਰ ਰੋਜ਼ ਤਾਰ ਕੋਲ ਉਸੇ ਥਾਂ ਉਸੇ ਵੇਲੇ ਆਉਂਦਾ ਰਿਹਾ ਤੇ ਉਹ ਵੀ ਹਰ ਰੋਜ਼ ਮੇਰੇ ਲਈ ਕੁਝ ਨਾ ਕੁਝ ਖਾਣ ਲਈ ਲੈ ਕੇ ਆਉਂਦੀ ਰਹੀ। ਕਦੇ ਡਬਲ ਰੋਟੀ ਦਾ ਟੁਕੜਾ, ਉਸ ਤੋਂ ਵੀ ਚੰਗਾ ਕਦੇ ਸੇਬ। ਅਸੀਂ ਕਦੇ ਵੀ ਇਕ ਦੂਜੇ ਨਾਲ ਗੱਲ ਕਰਨ ਦੀ ਜੁਰਅਤ ਨਹੀਂ ਸੀ ਕੀਤੀ ਜਾਂ ਰੁਕ ਕੇ ਕੁਝ ਕਹਿਣ ਸੁਣਨ ਲਈ, ਸਮਾਂ ਚੋਰੀ ਕਰਨ ਦੀ ਕੋਸ਼ਿਸ਼...। ਸਾਡਾ ਇਕੱਠੇ ਫੜੇ ਜਾਣ ਦਾ ਮਤਲਬ ਸਿੱਧਾ, ਦੋਹਾਂ ਦੀ ਮੌਤ ਸੀ! ਮੈਨੂੰ ਉਸ ਬਾਰੇ ਕੁਝ ਨਹੀਂ ਸੀ ਪਤਾ, ਸਿਵਾਏ ਇਸ ਦੇ ਕਿ ਉਸ ਨੂੰ ਪੋਲਿਸ਼ ਬੋਲੀ ਸਮਝ ਆਉਂਦੀ ਸੀ। ਉਹਦਾ ਨਾਂ ਕੀ ਸੀ? ਕੀ ਉਹ ਮੇਰੇ ਲਈ ਆਪਣੀ ਜਾਨ ਖਤਰੇ ਵਿਚ ਪਾ ਰਹੀ ਸੀ? ਉਮੀਦ ਨੂੰ ਉਡੀਕਣ ਦਾ ਸਮਾਂ ਵੀ ਸਾਡੇ ਕੋਲ ਨਹੀਂ ਸੀ! ਦੂਜੇ ਪਾਸੇ ਉਹ ਕੁੜੀ ਮੈਨੂੰ ਡਬਲ ਰੋਟੀ ਤੇ ਸੇਬ ਲਿਆ ਕੇ ਕੀ ਸਾਬਤ ਕਰਨਾ ਚਾਹੁੰਦੀ ਸੀ! ਕੁਝ ਸਮਝ ਨਹੀਂ ਸੀ ਆ ਰਿਹਾ ਮੈਨੂੰ ਕਿ ਆਖਰ ਇਹ ਗੋਰਖ ਧੰਦਾ ਹੈ ਕੀ!

ਕੋਈ ਸੱਤ ਅੱਠ ਮਹੀਨਿਆਂ ਪਿਛੋਂ ਮੈਨੂੰ ਮੇਰੇ ਭਰਾਵਾਂ ਨਾਲ ਕੋਲਿਆਂ ਨਾਲ ਭਰੀ ਗੱਡੀ ਵਿਚ ਬਹਾ ਕੇ ਉਹ ਸਾਨੂੰ ਚੈਕੋਸਲਾਵੀਆ ਦੇ ਕਿਸੇ ਕੈਂਪ ਵਿਚ ਲੈ ਗਏ। ਮੈਨੂੰ ਅਜ ਵੀ ਚੰਗੀ ਤਰ੍ਹਾਂ ਯਾਦ ਹੈ, ਉਸ ਨੂੰ ਮੈਂ ਉਸ ਦਿਨ ਕਿਹਾ ਸੀ, "ਕਲ੍ਹ ਨਾ ਆਈਂ। ਅਸੀਂ ਏਥੋਂ ਚਲੇ ਜਾਵਾਂਗੇ।" ਏਨਾ ਕਹਿ ਕੇ ਮੈਂ ਬੈਰਕਾਂ ਵੱਲ ਮੂੰਹ ਕਰਕੇ ਦੌੜ ਆਇਆ ਸਾਂ! ਉਸ ਨੂੰ ਮੈਂ ਅਲਵਿਦਾ ਵੀ ਨਹੀਂ ਸੀ ਕਿਹਾ। ਉਹ ਸੇਬਾਂ ਵਾਲੀ ਕੁੜੀ, ਜਿਸ ਦਾ ਨਾਂ ਮੈਂ ਕਦੇ ਵੀ ਜਾਣਨ ਦੀ ਕੋਸ਼ਿਸ਼ ਨਹੀਂ ਸੀ ਕੀਤੀ!

ਉਸ ਕੈਂਪ ਵਿਚ ਅਸੀਂ ਤਿੰਨ ਮਹੀਨੇ ਰਹੇ ਹੋਵਾਂਗੇ ਜਦੋਂ ਆਲਮੀ ਜੰਗ ਠੰਢੀ ਪੈਣੀ ਸ਼ੁਰੂ ਹੋ ਗਈ ਤੇ ਮਿੱਤਰ ਫੌਜਾਂ ਨੇੜੇ ਆਉਂਦੀਆਂ ਗਈਆਂ। ਪਰ ਮੈਨੂੰ ਲਗਦਾ ਰਿਹਾ ਕਿ ਕਿਸਮਤ ਮੇਰਾ ਸਾਥ ਛੱਡ ਜਾਏਗੀ। 10 ਮਈ 1945 ਵਾਲੇ ਦਿਨ ਸਵੇਰੇ ਦਸ ਵਜੇ ਮੈਨੂੰ ਉਨ੍ਹਾਂ ਨੇ ਗੈਸ ਚੈਂਬਰ ਵੱਲ ਲੈ ਕੇ ਜਾਣਾ ਸੀ। ਮੌਤ ਵਰਗੀ ਸਵੇਰ ਦੀ ਚੁੱਪ ਵਿਚ ਮੈਂ ਤਿਆਰ ਹੋਣ ਲੱਗ ਪਿਆ। ਉਸ ਤੋਂ ਪਹਿਲਾਂ ਅਨੇਕਾਂ ਵਾਰੀ ਮੌਤ ਮੇਰੇ ਕੋਲੋਂ ਖਹਿ ਕੇ ਲੰਘੀ ਸੀ, ਪਰ ਹਰ ਵਾਰੀ ਮੈਂ ਕਿਸੇ ਨਾ ਕਿਸੇ ਤਰ੍ਹਾਂ ਬਚਦਾ ਰਿਹਾ ਸਾਂ! ਪਰ ਇਸ ਵਾਰੀ ਲਗਦਾ ਸੀ ਕਿ ਹੁਣ ਮੈਂ ਨਹੀਂ ਬਚਾਂਗਾ। ਮੈਂ ਆਪਣੇ ਮਾਪਿਆਂ ਨੂੰ ਯਾਦ ਕੀਤਾ। ਘੱਟੋ ਘੱਟ ਇਹ ਤਾਂ ਸੋਚਿਆ ਕਿ ਕੀ ਪਤਾ ਅਸੀਂ ਸਾਰੇ ਮੁੜ ਇਕੱਠੇ ਹੋ ਜਾਈਏ!

ਸਵੇਰੇ ਅੱਠ ਕੁ ਵਜੇ ਰੌਲਾ ਪੈ ਗਿਆ। ਲੋਕ ਕੈਂਪ ਵਿਚ ਏਧਰ-ਓਧਰ ਭੱਜਣ ਲੱਗ ਪਏ। ਮੈਂ ਆਪਣੇ ਭਰਾਵਾਂ ਕੋਲ ਪਹੁੰਚ ਗਿਆ। ਰੂਸੀ ਫੌਜਾਂ ਨੇ ਕੈਂਪ ਨੂੰ ਜਰਮਨਾਂ ਹੱਥੋਂ ਛੁਡਾ ਲਿਆ ਸੀ। ਕੈਂਪ ਦੇ ਲੋਹੇ ਵਾਲੇ ਗੇਟ ਸਪਾਟ ਖੁਲ੍ਹੇ ਪਏ ਸਨ। ਹਰ ਕੋਈ ਓਧਰ ਵੱਲ ਭੱਜਿਆ ਜਾ ਰਿਹਾ ਸੀ। ਮੈਂ ਵੀ ਭੱਜ ਪਿਆ। ਜਿਵੇਂ ਕੋਈ ਚਮਤਕਾਰ ਹੋ ਗਿਆ ਹੋਵੇ, ਅਸੀਂ ਸਾਰੇ ਭਰਾ ਬਚ ਗਏ ਸਾਂ। ਪਰ ਮੈਨੂੰ ਪੱਕਾ ਭਰੋਸਾ ਸੀ ਕਿ ਸਾਡੇ ਬਚ ਜਾਣ ਦਾ ਕਾਰਨ ਉਹ ਸੇਬਾਂ ਵਾਲੀ ਕੁੜੀ ਸੀ। ਜਿੱਥੇ ਬੁਰਿਆਈ ਦਾ ਬੀਅ ਵੱਡਾ ਹੋ ਕੇ ਲਹੂ ਪੀਣਾ ਰੁੱਖ ਬਣ ਚੁਕਿਆ ਹੋਵੇ, ਉਥੇ ਇਕ ਇਨਸਾਨ ਦੀ ਚੰਗਿਆਈ ਨੇ ਮੈਨੂੰ ਮੌਤ ਦੇ ਮੂੰਹੋਂ ਕੱਢ ਲਿਆਂਦਾ ਸੀ। ਮੈਨੂੰ ਉਹ ਉਮੀਦ ਬਖਸ਼ੀ ਜਿਸ ਦੀ ਉਡੀਕ ਵੀ ਨਹੀਂ ਸੀ। ਮੇਰੀ ਮਾਂ ਨੇ ਜਿਹੜਾ ਪਿਆਰ ਭੇਜਿਆ ਸੀ, ਸ਼ਾਇਦ ਓਹੀ ਮੈਨੂੰ ਮਿਲ ਗਿਆ ਸੀ!



*ਨਾਜ਼ੀਆਂ ਵਲੋਂ ਯਹੂਦੀਆਂ ਲਈ ਬਣਾਏ ਗਏ ਤਸੀਹਾਂ ਕੈਂਪਾਂ ਵਿਚ ਡੱਕੇ ਕੁਝ ਲੋਕ*

ਆਜ਼ਾਦ ਹੋਣ ਪਿਛੋਂ ਮੈਂ ਇੰਗਲੈਂਡ ਪਹੁੰਚ ਗਿਆ, ਜਿੱਥੇ ਮੈਂ ਯਹੂਦੀ ਸੰਸਥਾ ਦੀ ਮਦਦ ਨਾਲ ਮੁੰਡਿਆਂ ਵਾਲੇ ਹੋਸਟਲ ਪਹੁੰਚ ਗਿਆ। ਮੇਰੇ ਵਰਗੇ ਮੌਤ ਦੇ ਮੂੰਹੋਂ ਬਚੇ ਹੋਏ ਹੋਰ ਕਈ ਸਨ। ਸਾਨੂੰ ਇਲੈਕਟ੍ਰੌਨਿਕਸ ਦੀ ਟਰੇਨਿੰਗ ਦਿੱਤੀ ਗਈ। ਇਸ ਪਿਛੋਂ ਮੈਂ ਅਮਰੀਕਾ ਪਹੁੰਚ ਗਿਆ। ਉਥੇ ਮੇਰਾ ਭਰਾ ਸੈਮ ਪਹਿਲਾਂ ਪਹੁੰਚ ਚੁੱਕਾ ਸੀ। ਕੋਰੀਆ ਨਾਲ ਜੰਗ ਦੇ ਦਿਨਾਂ ਵਿਚ ਮੈਂ ਅਮਰੀਕਨ ਫੌਜ ਵਿਚ ਭਰਤੀ ਹੋ ਚੁੱਕਾ ਸਾਂ ਤੇ ਦੋ ਸਾਲਾਂ ਪਿਛੋਂ ਨਿਊ ਯਾਰਕ ਮੁੜ ਆਇਆ ਸਾਂ। ਅਗਸਤ 1957 ਤਕ ਤਾਂ ਮੈਂ ਆਪਣੀ ਇਲੈਕਟ੍ਰੌਨਿਕਸ ਦੀ ਦੁਕਾਨ ਵੀ ਖੋਲ੍ਹ ਚੁੱਕਾ ਸਾਂ ਤੇ ਜੀਵਨ ਵਿਚ ਇਕ ਸਿੱਧਾ ਰਾਹ ਨਜ਼ਰ ਆਉਣ ਲੱਗ ਪਿਆ ਸੀ।

ਇਕ ਦਿਨ ਮੇਰਾ ਦੋਸਤ ਸਿਡ ਮਿਲ ਪਿਆ। ਉਸ ਨੂੰ ਮੈਂ ਇੰਗਲੈਂਡ ਤੋਂ ਜਾਣਦਾ ਸਾਂ। ਉਹ ਕਹਿੰਦਾ, "ਹਰਮਨ ਯਾਰ ਪਰਸੋਂ ਮੈਂ ਇਕ ਕੁੜੀ ਨੂੰ ਮਿਲਣ ਜਾਣੈ। ਉਹਦੀ ਸਹੇਲੀ ਪੋਲੈਂਡ ਤੋਂ ਹੈ, ਉਹ ਵੀ ਨਾਲ ਆਏਗੀ। ਚੱਲ ਆਪਾਂ ਦੋਵੇਂ ਉਨ੍ਹਾਂ ਦੋਹਾਂ ਨਾਲ ਸ਼ਾਮ ਨੂੰ ਗੱਪ-ਸ਼ੱਪ ਕਰਨ ਚਲੀਏ। ਮਤਲਬ ਆਪਾਂ ਡਬਲ ਡੇਟ 'ਤੇ ਚਲਾਂਗੇ।"

"ਨਹੀਂ ਯਾਰ, ਜਾਣ ਨਾ ਪਛਾਣ। ਇਹ ਕੇਹੀ ਡਬਲ ਡੇਟ। ਮੈਥੋਂ ਨਹੀਂ ਜਾ ਹੋਣਾ।"

ਪਰ ਮੇਰਾ ਦੋਸਤ ਮੇਰੇ ਪਿੱਛੇ ਪਿਆ ਰਿਹਾ ਤੇ ਫੇਰ ਕੁਝ ਦਿਨਾਂ ਪਿਛੋਂ ਅਸੀਂ ਬ੍ਰੌਂਕਸ ਵੱਲ ਉਨ੍ਹਾਂ ਕੁੜੀਆਂ ਨੂੰ ਮਿਲਣ ਚਲੇ ਗਏ। ਸਿਡ ਦੀ ਗਰਲ ਫਰੈਂਡ ਦੀ ਸਹੇਲੀ ਦਾ ਨਾਮ ਰੋਮਾ ਸੀ। ਮੰਨਣਾ ਪਿਆ ਕਿ ਉਹ ਅਚਾਨਕ ਮੁਲਾਕਾਤ ਏਨੀ ਮਾੜੀ ਵੀ ਨਹੀਂ ਸੀ। ਬ੍ਰੌਂਕਸ ਹਸਪਤਾਲ ਵਿਚ ਰੋਮਾ ਇਕ ਨਰਸ ਸੀ। ਉਹ ਬੜੀ ਸੂਝ ਤੇ ਸਮਾਰਟ ਸੀ। ਸੁਹਣੀ ਵੀ ਸੀ, ਵਾਲ ਕੱਕੇ ਤੇ ਘੁੰਗਰਾਲੇ ਸਨ। ਅੱਖਾਂ ਨੀਲੀਆਂ ਹਿਰਨੀ ਵਰਗੀਆਂ, ਜਿਸ ਨੂੰ ਦੇਖਣ, ਕੀਲ ਲੈਣ। ਉਨ੍ਹਾਂ ਵਿਚੋਂ ਜੀਵਨ ਦਾ ਸੁਹੱਪਣ ਝਲਕਦਾ ਲਗਦਾ ਸੀ। ਅਸੀਂ ਚਾਰੇ ਕੋਨੀ ਟਾਪੂ ਵੱਲ ਚਲ ਪਏ ਸਾਂ। ਰੋਮਾ ਨਾਲ ਗੱਲਬਾਤ ਕਰਨ ਵਿਚ ਮੈਨੂੰ ਕੋਈ ਔਖਿਆਈ ਮਹਿਸੂਸ ਨਹੀਂ ਹੋਈ, ਉਹਦਾ ਸਾਥ ਵੀ ਸੁਖਾਵਾਂ ਲਗਦਾ ਸੀ। ਗੱਲਬਾਤ ਕਰਨ ਤੋਂ ਪਤਾ ਲੱਗਾ ਕਿ ਉਹਨੂੰ ਵੀ ਅਚਾਨਕ ਕਿਸੇ ਨਾਲ ਡੇਟ 'ਤੇ ਜਾਣਾ ਚੰਗਾ ਨਹੀਂ ਸੀ ਲਗਦਾ। ਅਸੀਂ ਦੋਵੇਂ ਸਾਡੇ ਦੂਜੇ ਦੋਹਾਂ ਦੋਸਤਾਂ ਨੂੰ ਹੌਸਲਾ ਦੇਣ ਲਈ ਕਰ ਰਹੇ ਸਾਂ। ਅਸੀਂ ਸੋਹਣੇ ਪੱਥਰਾਂ ਦੀ ਚੌੜੀ ਸੜਕ 'ਤੇ ਸੂਤੇ-ਸਿਧ ਤੁਰੇ ਜਾ ਰਹੇ ਸਾਂ। ਸਮੁੰਦਰ ਵੱਲੋਂ ਠੰਢੀ ਹਵਾ ਆ ਰਹੀ ਸੀ। ਸੈਰ ਕਰਨ ਪਿਛੋਂ ਅਸੀਂ ਇਕ ਰੈਸਟੋਰੈਂਟ ਵਿਚ ਖਾਣਾ ਖਾਣ ਚਲੇ ਗਏ ਜਿਹੜਾ ਸਮੁੰਦਰ ਦੇ ਕੰਢੇ 'ਤੇ ਈ ਸੀ। ਮੈਨੂੰ ਨਹੀਂ ਯਾਦ ਕਿ ਮੈਂ ਇਸ ਤੋਂ ਪਹਿਲਾਂ ਕਦੇ ਏਨਾ ਸੋਹਣਾ ਸਮਾਂ ਕਿਸੇ ਨਾਲ ਗੁਜ਼ਾਰਿਆ ਹੋਵੇ। ਅਸੀਂ ਸਿਡ ਦੀ ਕਾਰ ਵਿਚ ਬਹਿ ਗਏ। ਰੋਮਾ ਤੇ ਮੈਂ ਕਾਰ ਦੀ ਪਿਛਲੀ ਸੀਟ 'ਤੇ ਬੈਠੇ ਸਾਂ। ਯੂਰਪੀਨ ਯਹੂਦੀ ਜਿਹੜੇ ਜੰਗ ਵਿਚੋਂ ਬਚ ਕੇ ਆਏ ਸਨ, ਉਨ੍ਹਾਂ ਕੋਲ ਬਹੁਤ ਕੁਝ ਅਣਕਿਹਾ ਸੀ। ਉਸ ਨੇ ਗੱਲ ਛੇੜੀ, "ਤੂੰ ਜੰਗ ਦੌਰਾਨ ਕਿਥੇ ਸੀ?" ਉਹਨੇ ਹੌਲੀ ਜਿਹੀ ਕਿਹਾ।

"ਕੈਂਪਾਂ ਵਿਚ।" ਜਦੋਂ ਮੈਂ ਇਹ ਕਿਹਾ ਤਾਂ ਘਿਨਾਉਣੀਆਂ ਯਾਦਾਂ ਨੇ ਮੈਨੂੰ ਆ ਘੇਰਿਆ। ਜੀਵਨ ਵਿਚ ਇਕ ਅਜਿਹਾ ਘਾਟਾ ਜਿਹੜਾ ਕਦੇ ਵੀ ਮੇਰੇ ਲਈ ਪੂਰਾ ਨਹੀਂ ਸੀ ਹੋਣਾ, ਮੈਂ ਭੁੱਲਣ ਦੀ ਬੜੀ ਕੋਸ਼ਿਸ਼ ਕੀਤੀ, ਪਰ ਕੋਈ ਕਿਵੇਂ ਭੁੱਲ ਸਕਦੈ ਇਹੋ ਜਿਹੀਆਂ ਗੱਲਾਂ! ਉਸ ਨੇ ਵੀ ਹਾਂ ਵਿਚ ਸਿਰ ਹਿਲਾਇਆ।

"ਸਾਡਾ ਪਰਿਵਾਰ ਤਾਂ ਬਰਲਿਨ ਤੋਂ ਥੋੜੀ ਦੂਰ ਇਕ ਫਾਰਮ ਵਿਚ ਲੁਕਿਆ ਰਿਹਾ।" ਉਸ ਨੇ ਕਿਹਾ, "ਮੇਰੇ ਪਿਤਾ ਦੇ ਪਾਦਰੀ ਦੋਸਤ ਨੇ ਸਾਨੂੰ ਕੁਝ ਕਾਗਜ਼ ਬਣਾ ਕੇ ਦੇ ਦਿੱਤੇ, ਤਾਂ ਅਸੀਂ ਬਚੇ ਰਹੇ ਪਰ...।" ਮੈਨੂੰ ਅਹਿਸਾਸ ਹੋਇਆ ਉਸ ਨੇ ਵੀ ਦੁੱਖ ਭੋਗੇ ਹੋਣਗੇ, ਜਿਵੇਂ ਡਰ ਹਮੇਸ਼ਾ ਤੁਹਾਡੇ ਮੋਢਿਆਂ 'ਤੇ ਚੜ੍ਹਿਆ ਰਹਿੰਦੈ! ਪਰ ਇਸ ਪਲ ਅਸੀਂ ਮੌਤ ਦੇ ਮੂੰਹੋਂ ਬਚ ਕੇ ਆਏ ਹੋਏ ਦੋਵੇਂ ਨਵੀਂ ਦੁਨੀਆਂ ਵਿਚ ਪਹੁੰਚ ਗਏ ਸਾਂ।

"ਸਾਡੇ ਫਾਰਮ ਦੇ ਨੇੜੇ ਈ ਇਕ ਕੈਂਪ ਸੀ।" ਰੋਮਾ ਗੱਲ ਕਰਦੀ ਰਹੀ, "ਮੈਂ ਉਥੇ ਇਕ ਮੁੰਡਾ ਦੇਖਿਆ ਸੀ ਜਿਸ ਨੂੰ ਮੈਂ ਰੋਜ਼ ਇਕ ਸੇਬ ਦਿਆ ਕਰਦੀ ਸੀ।"

ਕੇਹਾ ਅਜੀਬ ਇਤਫਾਕ ਸੀ ਕਿ ਉਸ ਨੇ ਵੀ ਕਿਸੇ ਮੁੰਡੇ ਦੀ ਮਦਦ ਕੀਤੀ ਸੀ। "ਉਹ ਦੇਖਣ ਵਿਚ ਕੇਹੋ ਜਿਹਾ ਸੀ ਭਲਾ?" ਮੈਂ ਪੁੱਛਿਆ।

"ਉਹ ਉਚਾ ਲੰਮਾ, ਪਤਲਾ ਜਿਹਾ ਤੇ ਭੁੱਖਾ ਸੀ। ਮੈਂ ਕੋਈ ਛੇ ਮਹੀਨੇ ਉਸ ਨੂੰ ਕੁਝ ਨਾ ਕੁਝ ਖਾਣ ਲਈ ਦਿੰਦੀ ਰਹੀ।"

ਮੇਰਾ ਦਿਲ ਜ਼ੋਰ ਜ਼ੋਰ ਦੀ ਧੜਕਣ ਲੱਗ ਪਿਆ। ਮੈਨੂੰ ਸੱਚ ਨਹੀਂ ਸੀ ਆ ਰਿਹਾ! ਇਹ ਕਿਵੇਂ ਹੋ ਸਕਦਾ ਸੀ?

"ਕੀ ਤੈਨੂੰ ਇਕ ਦਿਨ ਉਸ ਨੇ ਕਿਹਾ ਸੀ ਕਲ੍ਹ ਤੋਂ ਨਾ ਆਈਂ, ਅਸੀਂ ਏਥੋਂ ਚਲੇ ਜਾਵਾਂਗੇ?"

ਰੋਮਾ ਨੇ ਹੈਰਾਨ ਹੋ ਕੇ ਮੇਰੇ ਵੱਲ ਦੇਖਿਆ।

"ਹਾਂ, ਉਹ ਮੈਂ ਸਾਂ!"

ਮੈਂ ਤਾਂ ਖੁਸ਼ੀ ਵਿਚ ਪਾਗਲ ਹੋਣ ਵਾਲਾ ਹੋ ਗਿਆ! ਮੈਨੂੰ ਇਤਬਾਰ ਨਹੀਂ ਸੀ ਆ ਰਿਹਾ, "ਮੇਰਾ ਪਿਆਰ...!"

"ਮੈਂ ਤੈਨੂੰ ਕਿਤੇ ਨਹੀਂ ਜਾਣ ਦੇਣਾ।" ਰੋਮਾ ਨੂੰ ਮੈਂ ਕਿਹਾ। ਤੇ ਮੈਂ ਆਪਣੇ ਆਪ ਨੂੰ ਕਿਵੇਂ ਵੀ ਰੋਕ ਨਹੀਂ ਸੀ ਸਕਿਆ ਤੇ ਉਥੇ ਕਾਰ ਦੀ ਪਿਛਲੀ ਸੀਟ 'ਤੇ ਬੈਠਿਆਂ ਹੀ ਮੈਂ ਉਸ ਨੂੰ ਵਿਆਹ ਦੀ ਪੇਸ਼ਕਸ਼ ਕਰ ਦਿੱਤੀ। ਉਸ ਵੇਲੇ ਮੈਂ ਇਕ ਪਲ ਵੀ ਉਡੀਕਣਾ ਨਹੀਂ ਸੀ ਚਾਹੁੰਦਾ।

"ਤੇਰਾ ਦਿਮਾਗ ਠੀਕ ਐ?" ਰੋਮਾ ਨੇ ਕਿਹਾ। ਪਰ ਉਸ ਨੇ ਆਉਂਦੇ ਐਤਵਾਰ ਮੈਨੂੰ ਆਪਣੇ ਮਾਂ ਪਿਓ ਨੂੰ ਮਿਲਣ ਵਾਸਤੇ ਆਪਣੇ ਘਰ ਆਉਣ ਲਈ ਵੀ ਕਹਿ ਦਿੱਤਾ। ਮੈਂ ਰੋਮਾ ਬਾਰੇ ਬੜਾ ਕੁਝ ਜਾਣਨ ਲਈ ਉਤਸੁਕ ਸਾਂ, ਪਰ ਸਭ ਤੋਂ ਜ਼ਰੂਰੀ ਗੱਲ ਵੀ ਮੈਨੂੰ ਪਤਾ ਸੀ, ਉਹਦੀ ਦ੍ਰਿੜਤਾ, ਉਹਦੀ ਚੰਗਿਆਈ! ਕਈ ਮਹੀਨੇ ਜਾਨ ਹਥੇਲੀ 'ਤੇ ਰੱਖ ਕੇ, ਉਹ ਮੈਨੂੰ ਕੰਡਿਆਲੀ ਵਾੜ ਕੋਲ ਆ ਕੇ ਮੇਰੇ ਅੰਦਰ ਜੀਵਨ ਦੀ ਉਮੀਦ ਜਗਾਉਂਦੀ ਰਹੀ ਸੀ! ਹੁਣ ਮੈਂ ਉਸ ਨੂੰ ਜਦੋਂ ਦੁਬਾਰਾ ਲੱਭ ਲਿਆ ਸੀ ਤਾਂ ਉਸ ਨੂੰ ਕਿਵੇਂ ਵੀ ਜਾਣ ਨਹੀਂ ਸੀ ਦੇਣਾ ਚਾਹੁੰਦਾ। ਉਸ ਦਿਨ ਉਸ ਨੇ 'ਹਾਂ' ਕਹਿ ਵੀ ਦਿੱਤਾ ਸੀ ਤੇ ਮੈਂ ਵੀ ਆਪਣਾ ਵਾਅਦਾ ਨਿਭਾਇਆ। ਪੰਜਾਹ ਸਾਲ ਹੋ ਗਏ, ਸਾਡਾ ਵਿਆਹ ਹੋਇਆਂ, ਦੋ ਬੱਚੇ ਤੇ ਤਿੰਨ ਦੋਹਤੇ, ਪੋਤੇ...ਮੈਂ ਕਦੇ ਵੀ ਉਸ ਨੂੰ ਆਪਣੇ ਤੋਂ ਦੂਰ ਨਹੀਂ ਸੀ ਹੋਣ ਦਿੱਤਾ।

---


ਹਰਮਨ ਤੇ ਰੋਮਾ, ਮਿਆਮੀ ਬੀਚ, ਫਲੋਰਿਡਾ ਵਿਚ ਰਹਿੰਦੇ ਨੇ। ਇਨ੍ਹਾਂ ਦੇ ਜੀਵਨ 'ਤੇ ਬਣੀ ਫਿਲਮ 'ਦ ਫੈਂਸ' ਵੀ ਕਾਫੀ ਮਸ਼ਹੂਰ ਹੋ ਚੁੱਕੀ ਹੈ।

## ਪੰਜਾਬਣ

ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ
ਚਰਖੀ ਦਾ ਸ਼ੌਕ ਕਤਣੀ 'ਚ ਪੂਣੀਆਂ
ਰੁਸ ਰੁਸ ਬਹਿਣ ਵੀਣੀਆਂ ਤੇ ਕੂਹਣੀਆਂ।
ਧੰਮ ਧੰਮ ਚਾਟੀ 'ਚ ਮਧਾਣੀ ਵੱਜਦੀ
ਘੱਮ ਘੱਮ ਧੌੜੀਆਂ ਤੇ ਚੜ੍ਹੇ ਭੱਜਦੀ।
ਮੇਲ੍ਹ ਮੇਲ੍ਹ ਪਾਵੇਂ ਖਿੱਦੂ ਨਾਲ ਬੱਚੀਆਂ
ਭਾਬੀ ਤੇ ਨਨਾਣ ਤੁਸੀਂ ਦੋਨੋਂ ਨੱਚੀਆਂ।
ਤੇਰੀਆਂ ਰਕਾਨੇ ਗਿੱਧੇ ਵਿਚ ਧਮਕਾਂ
ਚੋਬਰਾਂ ਨੂੰ ਮਾਰੇਂ ਖਿੱਚ ਖਿੱਚ ਛਮਕਾਂ।

ਨਚਦੀ ਦੇ ਤੇਰੇ ਖੁਲ੍ਹ ਗਏ ਕੇਸ ਨੀ
ਸਾਂਭ ਲੈ ਜਵਾਨੀ ਅੱਲ੍ਹੜ ਵਰੇਸ ਨੀ।
ਪੀਂਘਾਂ ਝੂਟਦੀ ਦੇ ਤੇਰੇ ਕਿਰੇ ਬੋਰ ਨੀ
ਲੰਮੀ ਤੇਰੀ ਧੌਣ ਤੈਨੂੰ ਕਹਿਣ ਮੋਰਨੀ।
ਲੱਕੋਂ ਟੁੱਟ ਜਾਵੇਂ ਗੰਦਲੇ ਨਾ ਕੱਚੀਏ
ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ।
ਮੱਘੇ ਵਿਚ ਲੱਸੀ ਉਤੇ ਛਿਕੂ ਰੋਟੀਆਂ
ਬੂਰੀ ਦੀਆਂ ਧੀਆਂ ਅੱਗੇ ਪੰਜ ਝੋਟੀਆਂ।

ਰੁੱਖਾਂ ਹੇਠ ਬੈਠ ਅਸੀਂ ਬੇੜ ਵੱਟੀਏ
ਸਿਖਰ ਦੁਪਹਿਰ ਕਿਥੇ ਜਾਵੇਂ ਜੱਟੀਏ?



ਕਣਕਾਂ 'ਚ ਮਾਰਦੇ ਖੰਘੂਰੇ ਜੱਟ ਨੀ
ਦੂਰ ਤੇਰਾ ਖੇਤ ਧੰਨ ਤੇਰੇ ਪੱਟ ਨੀ।
ਪੱਕੀਏ ਪਕਾਈਏ ਤੈਨੂੰ ਕਿਦਾਂ ਠੋਰੀਏ
ਉਠ ਉਠ ਪਵੇਂ ਪੱਬਾਂ ਸਣੇ ਗੋਰੀਏ।
ਮਿੱਠੀ ਤੇਰੀ ਬੋਲੀ ਨੀ ਬਲੌਰੀ ਤੋਰੀਏ
ਲੰਮੀਏ ਨੀ ਕਾਨੇ ਗੰਨੇ ਦੀਏ ਪੋਰੀਏ।

ਪਾਉਂਦੀਆਂ ਦੁਹਾਈ ਨੇ ਪੰਜੇਬਾਂ ਲੰਘੀਆਂ
ਸੁੱਥਣਾਂ ਸਵਾਈਆਂ ਕਿੱਥੋਂ ਸੱਪ ਰੰਗੀਆਂ?
ਸ਼ੀਸ਼ੇ ਵਾਂਗੂੰ ਸਾਫ ਸੁੱਚੀਏ ਤੇ ਸੱਚੀਏ
ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ।


ਮੱਖਣਾਂ ਦੇ ਪੇੜੇ ਤੇ ਮਲਾਈਆਂ ਖਾਣ ਨੂੰ
ਡੋਲੀਆਂ ਤੇ ਰਥਾਂ ਤੇ ਸੌਹਰੇ ਜਾਣ ਨੂੰ।
ਰੋਲਾਂ ਤੇ ਹਮੇਲਾਂ ਪਰੀ ਬੰਦ ਧੌਣ ਨੂੰ
ਵੀਰਾਂ ਦੀਆਂ ਘੋੜੀਆਂ ਦੇ ਗੀਤ ਗੌਣ ਨੂੰ।
ਲਾਲ ਸੂਹੀਆਂ ਬੁੱਲ੍ਹੀਆਂ 'ਚ ਸੁੱਤਾ ਜੱਗ ਨੀ
ਹੀਰਿਆਂ ਦੀ ਖਾਣ ਨੂੰ ਤੈਂ ਲਾਈ ਅੱਗ ਨੀ।
ਮਹਿੰਦੀ ਵਾਲੇ ਹੱਥ ਵਿਚ ਛੱਲੇ ਮੁੰਦੀਆਂ
ਤੇਰੀਆਂ ਨੇ ਗੱਲਾਂ ਮੇਲਿਆਂ 'ਚ ਹੁੰਦੀਆਂ।
ਸਹੁਰਿਆਂ ਦੇ ਪਾਵੇਂ ਹੁੱਬ ਕੇ ਤਵੀਤ ਨੀ
ਸੱਸ ਨੂੰ ਸੁਣਾਵੇਂ ਪੇਕਿਆਂ ਦੇ ਗੀਤ ਨੀ।
ਮੂੰਹ ਤੋਂ ਵਿਖਾਜਾ ਨਵੀਏ ਨੀ ਵਹੁਟੀਏ
ਪਿੰਡ ਦੇ ਸ਼ੁਕੀਨ ਦੀਏ ਚੀਚ ਵਹੁਟੀਏ।
ਸਾਨੂੰ ਵੀ ਸਿਖਾਲ ਅਸੀਂ ਕਿੱਦਾਂ ਨੱਚੀਏ
ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ।

*-ਨੰਦ ਲਾਲ ਨੂਰਪੁਰੀ*

## ਜੰਗਲਨਾਮਾ-18

### ਬਸਤਰ ਦੇ ਜੰਗਲਾਂ ਵਿਚ

ਸਤਨਾਮ



### ਤੁਸੀਂ ਪੜ੍ਹ ਚੁੱਕੇ ਹੋ...

*ਗਾਈਡ ਦੀ ਮਦਦ ਨਾਲ ਮਾਓਵਾਦੀਆਂ ਦੇ ਗੜ੍ਹ ਅੰਦਰ ਪਹੁੰਚੇ ਲੇਖਕ ਨੇ ਮਾਓਵਾਦੀ ਕੈਂਪਾਂ ਅੰਦਰਲੀ ਜੀਵਨ ਕਹਾਣੀ ਪੂਰੇ ਵਿਸਥਾਰ ਨਾਲ ਬਿਆਨ ਕੀਤੀ ਹੈ। ਇਸ ਵਿਚ ਗੁਰੀਲਾ ਜੀਵਨ ਦੇ ਨਾਲ-ਨਾਲ ਜ਼ਿੰਦਗੀ ਦੀਆਂ ਲੜਾਈਆਂ ਬਾਰੇ ਚਰਚਾ ਹੈ। ਐਤਕੀਂ ਅਜਿਹੀ ਮੁਟਿਆਰ ਦੀ ਕਥਾ ਕੀਤੀ ਹੈ ਅਤੇ ਇਹ ਕਥਾ, ਕਹਾਣੀ-ਰਸ ਨਾਲ ਉਛਲ ਰਹੀ ਹੈ।...*

# ਅਮੁੱਕ ਸਫਰ

*'ਜੰਗਲਨਾਮਾ' ਉਨ੍ਹਾਂ ਜੰਗਲਾਂ ਦਾ ਬਿਰਤਾਂਤ ਦੱਸਦਾ ਹੈ ਜਿਥੇ ਮਾਓਵਾਦੀ ਆਪਣਾ ਸਿੱਕਾ ਚਲਾ ਰਹੇ ਹਨ। ਸਤਨਾਮ (ਅਸਲ ਨਾਂ ਗੁਰਮੀਤ) ਨੇ ਇਸ ਯਾਤਰਾ ਰਾਹੀਂ ਉਨ੍ਹਾਂ ਲੋਕਾਂ, ਉਨ੍ਹਾਂ ਦੇ ਫਿਕਰਾਂ ਅਤੇ ਉਨ੍ਹਾਂ ਦੇ ਜੁਝਾਰੂ ਜੀਵਨ ਬਾਰੇ ਲੰਮੀ ਬਾਤ ਸੁਣਾਈ ਹੈ। ਇਹ ਬਾਤ ਇਸ ਕਰ ਕੇ ਵਧੇਰੇ ਦਿਲਚਸਪ ਹੋ ਨਿਬੜੀ ਹੈ ਕਿਉਂਕਿ ਪਾਠਕ ਨੂੰ ਇਸ ਵਿਚੋਂ ਵਾਰ-ਵਾਰ ਆਪਣੇ ਹੀ ਜੀਵਨ ਦੇ ਝਲਕਾਰੇ ਦਿਸਦੇ ਹਨ। ਇਹ ਬਾਤ ਸੁਣਾਉਂਦਿਆਂ ਸਤਨਾਮ ਦੀ ਬਿਰਤਾਂਤ-ਜੁਗਤ ਕਮਾਲ ਦੀ ਹੈ। ਇਸ ਬਿਰਤਾਂਤ ਵਿਚੋਂ ਮਾਓਵਾਦੀਆਂ ਦੇ ਘੋਲ ਦੀ ਝਲਕ ਤਾਂ ਮਿਲਦੀ ਹੀ ਹੈ, ਸਾਹਿਤਕ ਪੱਖ ਤੋਂ ਬਹੁਤ ਥਾਂਈਂ ਰੂਸੀ ਕਲਾਸਿਕ ਰਚਨਾਵਾਂ ਦੇ ਝਉਲੇ ਵੀ ਪੈਂਦੇ ਹਨ। ਪੰਜਾਬੀ ਵਿਚ ਅਜਿਹੀ ਅਨੂਠੀ ਰਚਨਾ ਘੱਟ ਹੀ ਨਜ਼ਰੀਂ ਪੈਂਦੀ ਹੈ। -ਸੰਪਾਦਕ*

ਪੁਰਾਣੇ ਬਸਤਰ ਜ਼ਿਲ੍ਹੇ ਦਾ ਦੱਖਣ-ਪੱਛਮੀ ਹਿੱਸਾ ਜੋ ਹੁਣ ਜ਼ਿਲ੍ਹਾ ਦਾਂਤੇਵਾੜਾ ਵਿਚ ਪੈਂਦਾ ਹੈ, ਪੁਰਾਣੇ ਪੜਾਅ ਤੋਂ ਤਿੰਨ ਦਿਨਾਂ ਦੇ ਸਫ਼ਰ ਦੀ ਦੂਰੀ ਉਤੇ ਸੀ। ਪਹਿਲੇ ਦਿਨ ਅਸੀਂ ਦੋ ਘੰਟੇ ਬਾਅਦ ਇਕ ਪਿੰਡ ਕੋਲ ਰੁਕੇ ਜਿਥੋਂ ਬਸੰਤੀ ਸ਼ਕਰਕੰਦੀ ਲੈ ਕੇ ਆਈ। ਇਸ ਨਾਯਾਬ ਤੇ ਲਜ਼ੀਜ਼ ਕੰਦ-ਮੂਲ ਨਾਲ ਅਸੀਂ ਤਿੰਨ ਡੰਗ ਗੁਜ਼ਾਰਾ ਕੀਤਾ। ਤਿੰਨੇ ਰਾਤਾਂ ਅਤੇ ਤਿੰਨੇ ਦਿਨ ਅਸੀਂ ਗੁਰੀਲਾ ਟੁਕੜੀ ਵਾਂਗ ਹੀ ਚੱਲਦੇ, ਰੁਕਦੇ ਅਤੇ ਪੜਾਅ ਕਰਦੇ ਰਹੇ। ਉਸੇ ਤਰ੍ਹਾਂ ਰਾਤ ਦੇ ਸੌਣ ਦੀ ਥਾਂ ਚੁਣੀ ਜਾਂਦੀ, ਉਸੇ ਤਰ੍ਹਾਂ ਪਹਿਰੇ ਦੀ ਵਾਰੀ ਲਗਦੀ ਅਤੇ ਉਸੇ ਤਰ੍ਹਾਂ ਹੀ ਮਾਰਚ ਦਾ ਜ਼ਬਤ ਕਾਇਮ ਰੱਖਿਆ ਜਾਂਦਾ। ਕੰਨੰਨਾ ਬੀੜੀ ਪੀਣ ਦਾ ਸ਼ੌਕੀਨ ਹੈ, ਪਰ ਬੀੜੀ ਨੂੰ ਉਹ ਕਦੇ ਵੀ ਆਪਣੇ ਕੋਲ ਨਹੀਂ ਰੱਖਦਾ। ਮੇਰੇ ਪੈਕਟ ਵਿਚੋਂ ਉਹ ਚੁਟਕੀ ਲੈਂਦਾ, ਤੇਂਦੂ ਪੱਤਾ ਸਾਫ਼ ਕਰ ਕੇ ਉਸ ਵਿਚ ਤੰਬਾਕੂ ਲਪੇਟਦਾ ਅਤੇ ਮਜ਼ੇ ਨਾਲ ਕਸ਼ ਖਿੱਚਦਾ।

"ਚਿੰਤਾ ਦੀ ਕੋਈ ਗੱਲ ਨਹੀਂ। ਬੀੜੀ ਸਿਗਰਟ ਬਹੁਤ ਹੈ। ਸ਼ਹਿਰ ਕੋਲ ਹੀ ਤਾਂ ਹੈ, ਉਥੋਂ ਮੰਗਵਾ ਲਵਾਂਗੇ।" ਉਹ ਜਦ ਵੀ ਤੰਬਾਕੂ ਲੈਂਦਾ, ਇਹੀ ਗੱਲ ਦੁਹਰਾਉਂਦਾ। ਸੋ, ਸ਼ਹਿਰ ਨਜ਼ਦੀਕ ਹੀ ਸੀ ਅਤੇ ਚਿੰਤਾ ਦਾ ਕੋਈ ਕਾਰਨ ਨਹੀਂ ਸੀ। ਸਟਾਕ ਖ਼ਤਮ ਹੋਣ ਤੋਂ ਪਹਿਲਾਂ ਹੀ ਨਵਾਂ ਸਟਾਕ ਮੰਗਵਾਇਆ ਜਾ ਸਕਦਾ ਸੀ ਅਤੇ ਜ਼ਖ਼ੀਰਾ ਕੀਤਾ ਜਾ ਸਕਦਾ ਸੀ, ਪਰ ਕੰਨੰਨਾ ਨੂੰ ਖ਼ੁਦ ਜ਼ਖ਼ੀਰਾ ਕਰਨ ਦੀ ਆਦਤ ਨਹੀਂ ਸੀ। ਮਿਲ ਜਾਣ ਤਾਂ ਉਹ ਭਾਵੇਂ ਦਿਨ ਵਿਚ ਵੀਹ ਬੀੜੀਆਂ ਫ਼ੂਕ ਦੇਵੇ, ਨਾ ਮਿਲੇ ਤਾਂ ਭਾਵੇਂ ਦੋ ਮਹੀਨਿਆਂ ਵਿਚ ਇਕ ਵੀ ਨਾ ਮਿਲੇ। ਉਸ ਨੂੰ ਚਿੰਤਾ ਨਹੀਂ ਹੁੰਦੀ। ਦਰਮਿਆਨੇ ਕੱਦ ਦਾ ਕੰਨੰਨਾ ਸੈਂਤੀ ਅਠੱਤੀ ਵਰ੍ਹਿਆਂ ਦਾ ਹੈ। ਚੌੜਾ ਸਰੀਰ, ਚੌੜਾ ਮੱਥਾ ਅਤੇ ਗੋਲ ਸਿਰ। ਉਸ ਦੇ ਲੰਬੇ ਪਤਲੇ ਬੁੱਲ੍ਹਾਂ ਵਿਚ ਫ਼ਰਕਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਨੱਕ ਉਸ ਦਾ ਮੁੜੇ ਹੋਏ ਕਬਾਇਲੀ ਚਾਕੂ ਵਾਂਗ ਹੈ, ਪਰ ਇਹ ਖੁੰਢਾ ਬਿਲਕੁਲ ਨਹੀਂ। ਤੁਸੀਂ ਕਹਿ ਸਕਦੇ ਹੋ ਕਿ ਉਹ ਨੱਕ ਨਾਲ ਹਰ ਉਹ ਚੀਜ਼ ਚੀਰ ਸਕਦਾ ਹੈ ਜਿਸ ਨੂੰ ਚਾਕੂ ਚੀਰਦਾ ਹੈ। ਚਾਲ-ਢਾਲ ਤੋਂ ਉਹ ਸ਼ੋਲਾ ਕਤੱਈ ਨਹੀਂ ਪ੍ਰਤੀਤ ਹੁੰਦਾ, ਪਰ ਹਮੇਸ਼ਾ ਕਿਸੇ ਨਾ ਕਿਸੇ ਮੁਹਿੰਮ 'ਤੇ ਚੜ੍ਹਿਆ ਰਹਿੰਦਾ।

ਲੱਚੱਕਾ ਹਮੇਸ਼ਾ ਚੁੱਪ ਦਿਖਾਈ ਦਿੰਦੀ ਹੈ। ਕਿਸੇ ਗੱਲਬਾਤ ਵਿਚ ਸ਼ਰੀਕ ਹੋਣ ਦੀ ਥਾਂ, ਉਹ ਆਪਣੇ ਬੁੱਲ੍ਹਾਂ ਨੂੰ ਸਿਰਫ਼ ਐਨੀ ਕੁ ਇਜਾਜ਼ਤ ਦਿੰਦੀ ਹੈ ਕਿ ਉਨ੍ਹਾਂ ਉਤੇ ਕਦੇ ਕਦੇ ਹਲਕੀ ਜਿਹੀ ਮੁਸਕਰਾਹਟ ਤੈਰ ਜਾਵੇ। ਉਮਰ ਕੋਈ ਵੀਹ ਇੱਕੀ ਸਾਲ ਦੀ ਹੋਵੇਗੀ। ਗੂੜ੍ਹਾ ਕਾਲਾ ਰੰਗ ਅਤੇ ਗੂੜ੍ਹੀਆਂ ਚਮਕਦਾਰ ਕਾਲੀਆਂ ਅੱਖਾਂ। ਉਸ ਦੀ ਨਜ਼ਰ ਵੀ ਉਸ ਦੀਆਂ ਅੱਖਾਂ ਵਾਂਗ ਲੋਹੜੇ ਦੀ ਤਿੱਖੀ ਹੈ। ਡੂੰਘੇ ਘੁੱਪ ਹਨ੍ਹੇਰੇ ਵਿਚ ਜਦ ਹਲਕੀ ਜਿਹੀ ਰੌਸ਼ਨੀ ਵੀ ਉਸ ਦੀਆਂ ਅੱਖਾਂ ਉਤੇ ਪੈਂਦੀ ਹੈ ਤਾਂ ਉਹ ਕਿਸੇ ਬਿੱਲੀ ਦੀਆਂ ਅੱਖਾਂ ਵਾਂਗ ਚਮਕਦੀਆਂ ਦਿਖਾਈ ਦਿੰਦੀਆਂ ਹਨ। ਕੰਨੰਨਾ ਕਹਿੰਦਾ ਹੈ ਕਿ ਉਹ ਘੁੱਪ ਹਨ੍ਹੇਰੇ ਵਿਚ ਵੀ ਦੇਖ ਲੈਂਦੀ ਹੈ; ਇਸੇ ਲਈ ਰਾਤ ਦੇ ਪਹਿਰੇਦਾਰ ਦੀ ਜ਼ਿੰਮੇਦਾਰੀ ਵਾਸਤੇ ਸਭ ਤੋਂ ਵੱਧ ਯੋਗ ਹੈ। ਕੰਮ ਕਰਨ ਵਿਚ ਵੀ ਉਹ ਤੇਜ਼-ਤਰਾਰ ਹੈ ਅਤੇ ਕਦੇ ਵੀ ਥੱਕੀ ਥੱਕੀ ਮਹਿਸੂਸ ਨਹੀਂ ਹੁੰਦੀ। ਉਸ ਦੀ ਫ਼ੁਰਤੀ ਕਾਰਨ ਉਸ ਨੂੰ ਦੂਸਰਿਆਂ ਤੋਂ ਵੱਧ ਕੰਮ ਦਿੱਤੇ ਜਾਂਦੇ ਹਨ ਜਿਨ੍ਹਾਂ ਨੂੰ ਉਹ ਦੂਸਰਿਆਂ ਦੇ ਮੁਕਾਬਲੇ ਜਲਦੀ ਹੀ ਨਿਬੇੜ ਲੈਂਦੀ ਹੈ।

---

ਦੂਸਰੇ ਦਿਨ ਸ਼ਾਮ ਦੇ ਵਕਤ!

"ਲੱਚਕਾ!" ਮੈਂ ਉਸ ਨੂੰ ਸੰਬੋਧਨ ਹੋਇਆ।

"ਲੱਚਕਾ ਨਹੀਂ, ਲੱਚੱਕਾ!" ਕੰਨੰਨਾ ਨੇ ਮੇਰਾ ਉਚਾਰਨ ਸਹੀ ਕੀਤਾ।

"ਹਾਂ, ਲੱਚੱਕਾ।" ਮੈਂ ਫਿਰ ਉਸ ਨੂੰ ਆਵਾਜ਼ ਦਿੱਤੀ, "ਲੱਚੱਕਾ!"

ਚੁੱਪ।

"ਲੱਚੱਕਾ ਬੋਲੇਗੀ ਨਹੀਂ। ਮੁਸਕਰਾਏਗੀ।" ਕੰਨੰਨਾ ਦੇ ਕਹਿਣ ਉਤੇ ਸੱਚੀਓਂ ਹੀ ਖ਼ੂਬਸੂਰਤ ਮੁਸਕੁਰਾਹਟ ਉਸ ਦੇ ਬੁੱਲ੍ਹਾਂ ਉਤੇ ਫੈਲ ਗਈ, ਪਰ ਉਸ ਨੇ ਹੁੰਗਾਰਾ ਨਹੀਂ ਭਰਿਆ।

"ਚਿੰਤਾ ਨਹੀਂ ਕਰਨਾ ਲੱਚੱਕਾ! ਇੰਟਰਵਿਊ ਹੈ, ਇੰਟਰਵਿਊ! ਅਖ਼ਬਾਰ ਵਿਚ ਛਪੇਗੀ!" ਫਿਰ ਕੰਨੰਨਾ ਨੇ ਅਖ਼ਬਾਰ ਦੀ ਇਬਾਰਤ ਵੀ ਸੁਣਾ ਦਿੱਤੀ, "ਨਾਮ: ਲੱਚੱਕਾ। ਮੈਂਬਰ ਲੋਕ ਗੁਰੀਲਾ ਸੈਨਾ। ਉਮਰ...। ਹਾਂ, ਉਮਰ! ਲੱਚੱਕਾ, ਤੇਰੀ ਉਮਰ ਕਿੰਨੀ ਹੈ?" ਕੰਨੰਨਾ ਨੇ ਵਾਕਈ ਉਸ ਦੀ ਇੰਟਰਵਿਊ ਸ਼ੁਰੂ ਕਰ ਦਿਤੀ।

ਲੱਚੱਕਾ ਦੇ ਚਿਹਰੇ ਉਤੇ ਜ਼ੋਰਦਾਰ ਮੁਸਕੁਰਾਹਟ ਤਾਰੀ ਹੋ ਗਈ।

"ਹਾਂ ਲੱਚੱਕਾ! ਏਥੋਂ ਹੀ ਸ਼ੁਰੂ ਕਰਦੇ ਹਾਂ। ਤੇਰੀ ਉਮਰ ਕਿੰਨੀ ਹੈ?" ਮੈਂ ਪੁੱਛਿਆ।

ਪਰ ਉਸ ਨੂੰ ਬੁਲਵਾ ਸਕਣਾ ਸੌਖਾ ਕੰਮ ਨਹੀਂ ਸੀ। ਕੰਨੰਨਾ ਨੇ ਜ਼ੋਰ ਲਾ ਕੇ ਉਸ ਨੂੰ ਰਾਜ਼ੀ ਕਰਵਾਇਆ, ਕਿਉਂਕਿ ਇਸ ਵਿਚ 'ਚਿੰਤਾ ਦੀ ਕੋਈ ਗੱਲ ਨਹੀਂ' ਸੀ।

ਲੱਚੱਕਾ ਨੇ ਮੋਢੇ ਉਤੋਂ ਬੰਦੂਕ ਉਤਾਰੀ ਅਤੇ ਬੈਠ ਕੇ ਗੋਡਿਆਂ ਉਪਰ ਰੱਖ ਲਈ।

"ਉਮਰ?"

"ਪਤਾ ਨਹੀਂ।"

"ਘਰ 'ਚ ਕੌਣ ਕੌਣ ਹੈ?"

"ਮਾਂ, ਬਾਬਾ, ਦੋ ਭੈਣਾਂ।"

"ਵਿਆਹ?"

'ਵਿਆਹ' ਸ਼ਬਦ ਸੁਣ ਕੇ ਪਹਿਲਾਂ ਉਹ ਪਲ ਦੀ ਪਲ ਹਲਕਾ ਜਿਹਾ ਮੁਸਕਰਾਈ, ਫਿਰ ਉਸ ਦੇ ਬੁੱਲ੍ਹ ਕਠੋਰ ਹੋ ਗਏ। ਕਾਲੀਆਂ ਅੱਖਾਂ ਹੋਰ ਵੀ ਗਹਿਰੀਆਂ ਕਾਲੀਆਂ ਹੋ ਗਈਆਂ। ਉਸ ਨੇ ਕੰਨੰਨਾ ਵੱਲ ਦੇਖਿਆ, ਜਿਵੇਂ ਕਹਿ ਰਹੀ ਹੋਵੇ- 'ਇਹ ਕੀ ਸਵਾਲ ਹੋਇਆ?'

"ਜਵਾਬ ਦੇਹ ਨਾ ਲੱਚੱਕਾ। ਚਿੰਤਾ ਨਹੀਂ ਕਰਨਾ।" ਕੰਨੰਨਾ ਨੇ ਉਸ ਦੀ ਗਹਿਰੀ ਤੱਕਣੀ ਦਾ ਜਵਾਬ ਦਿੱਤਾ।

"ਤਿੰਨ ਸਾਲ ਪਹਿਲਾਂ ਹੋਇਆ ਸੀ", ਉਹ ਬੋਲੀ, "ਅਗਲੇ ਦਿਨ ਮੈਂ ਉਥੋਂ ਦੌੜ ਆਈ।"

"ਕਿਉਂ?"

"ਮੈਂ ਵਿਆਹ ਨਹੀਂ ਸੀ ਕਰਵਾਉਣਾ ਚਾਹੁੰਦੀ। ਮਾਂ ਤੇ ਬਾਬਾ ਨੇ ਮੇਰੀ ਮਰਜ਼ੀ ਬਗ਼ੈਰ ਹੀ ਸ਼ਰਾਬ ਮੰਜ਼ੂਰ ਕਰ ਕੇ ਮੇਰਾ ਵਿਆਹ ਤੈਅ ਕਰ ਦਿਤਾ ਸੀ। ਉਸ ਪਿਛੋਂ ਮੈਂ ਕਦੇ ਘਰ ਨਹੀਂ ਗਈ ਤੇ ਦਲਮ 'ਚ ਸ਼ਾਮਲ ਹੋ ਗਈ।"

"ਮਾਂ ਤੇ ਭੈਣਾਂ ਯਾਦ ਕਰਦੀਆਂ ਹੋਣਗੀਆਂ!"

ਲੱਚੱਕਾ ਕੁਝ ਨਹੀਂ ਬੋਲੀ। ਉਸ ਨੂੰ ਕਦੇ ਕਦੇ ਉਨ੍ਹਾਂ ਦੀ ਯਾਦ ਆਉਂਦੀ ਸੀ, ਪਰ ਸਭ ਤੋਂ ਵੱਧ ਉਸ ਨੂੰ ਸਹੇਲੀਆਂ ਦੀ ਯਾਦ ਆਉਂਦੀ ਜਿਨ੍ਹਾਂ ਦੇ ਹੁਣ ਤਕ ਵਿਆਹ ਹੋ ਚੁੱਕੇ ਸਨ। ਲੱਚੱਕਾ ਨੂੰ ਘਰ ਦੀ ਜ਼ਿੰਦਗੀ ਨਾਲੋਂ ਗੁਰੀਲਾ ਜ਼ਿੰਦਗੀ ਕਿਤੇ ਜ਼ਿਆਦਾ ਸੌਖੀ ਲੱਗਦੀ ਹੈ। ਉਸ ਨੂੰ ਮਾਅਰਕੇ ਮਾਰਨ ਦੀ ਬਹੁਤ ਤਾਂਘ ਹੈ। ਰਾਤ ਦੀ ਜ਼ਿੰਮੇਦਾਰੀ ਨਿਭਾਉਣ ਜਾਂ ਕਿਸੇ ਦੂਸਰੇ ਦਸਤੇ ਤੱਕ ਸੁਨੇਹਾ ਲੈ ਕੇ ਜਾਣ ਨੂੰ ਉਹ ਹਮੇਸ਼ਾ ਅਹੁਲਦੀ ਹੈ। ਉਹ ਇਸ ਗੱਲ ਨੂੰ ਪਸੰਦ ਕਰਦੀ ਹੈ ਕਿ ਮੀਲਾਂ ਲੰਮੇ ਸਫ਼ਰ ਉਤੇ ਉਸ ਨੂੰ ਇਕੱਲਿਆਂ ਹੀ ਭੇਜ ਦਿੱਤਾ ਜਾਵੇ, ਭਾਵੇਂ ਅਜਿਹਾ ਮੌਕਾ ਉਸ ਨੂੰ ਘੱਟ ਹੀ ਮਿਲਦਾ ਹੈ।

ਉਸ ਦੀ ਇਕ ਵਿਲੱਖਣ ਗੱਲ ਇਹ ਸੀ ਕਿ ਆਦਿਵਾਸੀ ਹੁੰਦੇ ਹੋਏ ਵੀ ਉਸ ਦੇ ਪੈਰ ਥਿਰਕਣਾ ਨਹੀਂ ਸਨ ਜਾਣਦੇ। ਉਹ ਗਾਉਣ ਵਾਲਿਆਂ ਵਿਚ ਆਪਣੀ ਆਵਾਜ਼ ਮਿਲਾਉਂਦੀ। ਉਹ ਸਿਰਫ਼ ਗੁਰੀਲਿਆਂ ਦੇ ਸਮੂਹ-ਗੀਤਾਂ ਵਿਚ ਹੀ ਹਿੱਸਾ ਲੈਂਦੀ। ਜਦ ਆਰਾਮ ਦਾ ਵਕਤ ਹੁੰਦਾ, ਉਹ ਆਪਣੀ ਕਿਤਾਬ ਚੁੱਕ ਲੈਂਦੀ ਅਤੇ ਪੜ੍ਹਦੀ ਰਹਿੰਦੀ।

ਲੱਚੱਕਾ ਜਦੋਂ 'ਸਹੁਰੇ' ਘਰੋਂ ਦੌੜ ਆਈ ਸੀ ਤਾਂ ਉਹ ਗੁਰੀਲਿਆਂ ਦੀ ਤਲਾਸ਼ ਵਿਚ ਕਈ ਦਿਨ ਜੰਗਲ ਵਿਚ ਇਕੱਲੀ ਘੁੰਮਦੀ ਰਹੀ ਸੀ। ਉਹ ਪਿੰਡ ਪਿੰਡ ਜਾਂਦੀ, ਦਾਦਾ ਲੋਕਾਂ ਬਾਰੇ ਪੁੱਛਦੀ ਅਤੇ ਫਿਰ ਅਗਾਂਹ ਤੁਰ ਪੈਂਦੀ। ਉਸ ਦਾ ਆਪਣਾ ਪਿੰਡ ਲਹਿਰ ਦੇ ਅਸਰ ਵਾਲੇ ਇਲਾਕੇ ਤੋਂ ਦੂਰ ਸੀ, ਪਰ ਉਸ ਨੇ ਸੁਣਿਆ ਹੋਇਆ ਸੀ ਕਿ ਦੂਰ ਜੰਗਲ ਦੇ ਧੁਰ ਅੰਦਰ ਗੁਰੀਲੇ ਘੁੰਮਦੇ ਹਨ ਅਤੇ ਉਹ ਜ਼ਿੰਦਗੀ ਬਦਲ ਦੇਣ ਵਾਸਤੇ ਲੜਦੇ ਹਨ। ਅਖ਼ੀਰ ਇਕ ਪਿੰਡ ਵਿਚ ਉਹ ਉਸ ਨੂੰ ਮਿਲ ਗਏ। ਜਦ ਉਸ ਤੋਂ ਉਸ ਦੇ ਪਿੰਡ ਬਾਰੇ ਗੁਰੀਲਿਆਂ ਨੇ ਪੁੱਛਿਆ ਤਾਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਉਹ ਚੱਲਦੀ ਚੱਲਦੀ ਪੰਜਾਹ ਕਿਲੋਮੀਟਰ ਤੋਂ ਵੱਧ ਦਾ ਸਫ਼ਰ ਕਰ ਚੁੱਕੀ ਹੈ। ਉਨ੍ਹਾਂ ਉਸ ਨੂੰ ਆਪਣੇ ਪੇਕੇ ਘਰ ਵਾਪਸ ਚਲੇ ਜਾਣ ਲਈ ਮਨਾਉਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੇ ਵਾਪਸ ਮੁੜਨ ਤੋਂ ਇਨਕਾਰ ਕਰ ਦਿਤਾ। ਉਸ ਦਾ ਇਰਾਦਾ ਅੱਜ ਤੱਕ ਉਸੇ ਤਰ੍ਹਾਂ ਕਾਇਮ ਹੈ। ਲੱਚੱਕਾ ਨਵੀਂ ਜ਼ਿੰਦਗੀ ਦਾ ਸੁਪਨਾ ਪਾਲ ਰਹੀ ਹੈ ਅਤੇ ਇਸ ਨੂੰ ਹਕੀਕਤ ਵਿਚ ਢਾਲਣ ਵਾਸਤੇ ਲੜਨਾ ਚਾਹੁੰਦੀ ਹੈ। ਨਵੀਂ ਜ਼ਿੰਦਗੀ ਕਿਹੋ ਜਿਹੀ ਹੋਵੇਗੀ, ਇਸ ਬਾਰੇ ਉਹ ਐਨਾ ਕੁ ਹੀ ਜਾਣਦੀ ਹੈ ਕਿ ਉਸ ਵਿਚ ਹਰ ਕੋਈ ਆਜ਼ਾਦ, ਪੜ੍ਹਿਆ ਲਿਖਿਆ ਅਤੇ ਸੁਖੀ ਹੋਵੇਗਾ। ਉਸ ਨੇ ਜੰਗਲ ਅਤੇ ਜੰਗਲ ਹੇਠਲੀ ਧਰਤੀ ਦੀ ਅਮੀਰੀ ਬਾਰੇ ਸੁਣਿਆ ਹੈ, ਪਰ ਉਸ ਦਾ ਤਸੱਵਰ ਪਦਾਰਥਕ ਸੁੱਖਾਂ ਸਬੰਧੀ ਬਹੁਤੀ ਦੂਰ ਤੱਕ ਨਹੀਂ ਜਾਂਦਾ। ਉਸ ਨੂੰ ਆਜ਼ਾਦੀ ਪਿਆਰੀ ਹੈ ਤੇ ਆਜ਼ਾਦੀ ਦਾ ਉਸ ਵਾਸਤੇ ਮਤਲਬ ਹੈ ਮੌਜੂਦਾ ਸਮਾਜਕ ਬੰਧਨਾਂ ਤੋਂ ਮੁਕਤੀ ਜਿਹੜੀ ਸਿਰਫ਼ ਜੰਗ ਲੜਦਿਆਂ ਹੀ ਜਿੱਤੀ ਜਾ ਸਕਦੀ ਹੈ। ਉਹ ਵਾਪਸ ਉਸੇ ਸਮਾਜ ਦੇ ਅੰਨ੍ਹੇ ਖੂਹ ਵਿਚ ਨਹੀਂ ਡਿੱਗਣਾ ਚਾਹੁੰਦੀ।

ਲੱਚੱਕਾ ਨੇ ਜਿੰਨਾ ਵੀ ਪੜ੍ਹਨਾ ਲਿਖਣਾ ਸਿਖਿਆ ਹੈ, ਦਸਤੇ ਵਿਚ ਸ਼ਾਮਲ ਹੋਣ ਤੋਂ ਬਾਅਦ ਹੀ ਸਿੱਖਿਆ ਹੈ। ਕਿਤਾਬਾਂ ਵਿਚ ਸਮੇਟੀ ਪਈ ਦੁਨੀਆ ਉਸ ਨੂੰ ਬਹੁਤ ਅਜੀਬੋ-ਗਰੀਬ ਲੱਗਦੀ ਹੈ। ਉਸ ਵਾਸਤੇ ਇਹ ਸਮਝਣਾ ਮੁਸ਼ਕਿਲ ਹੋ ਜਾਂਦਾ ਹੈ ਕਿ ਦੁਨੀਆ ਵਿਚ ਕੀ ਕੁਝ ਮੌਜੂਦ ਹੈ! ਉਸ ਸਾਰੇ ਨਿਕ-ਸੁਕ ਦੀ ਉਸ ਨੂੰ ਜ਼ਰੂਰਤ ਹੀ ਮਹਿਸੂਸ ਨਹੀਂ ਹੁੰਦੀ। ਉਹ ਸਿਰਫ਼ ਆਜ਼ਾਦ ਰਹਿਣਾ ਲੋਚਦੀ ਹੈ ਅਤੇ ਆਜ਼ਾਦੀ ਉਸ ਨੂੰ ਉਸ ਲੜਾਈ ਰਾਹੀਂ ਹਾਸਲ ਹੁੰਦੀ ਹੈ ਜਿਸ ਵਿਚ ਉਹ ਸ਼ਾਮਲ ਹੈ। ਇਸ ਲੜਾਈ ਨੂੰ ਤਿਆਗ ਦੇਣ ਦਾ ਮਤਲਬ ਹੈ, ਫਿਰ ਉਹੀ ਖਲਜਗਣ।

"ਸਹੀ ਹੈ, ਲੱਚੱਕਾ!" ਕੰਨੰਨਾ ਬੋਲਿਆ। ਫੇਰ ਉਹ ਮੇਰੇ ਵੱਲ ਮੁੜਿਆ, "ਚਿੰਤਾ ਨਹੀਂ ਹੈ ਈਸ਼ਵਰ ਭਾਈ। ਇਨਸਾਨ ਆਜ਼ਾਦ ਰਹਿਨਾ ਚਾਹੀਏ। ਇਸੀ ਕੇ ਲੀਏ ਜੰਗ ਹੈ।"

"ਪਰ ਲੱਚੱਕਾ ਤਾਂ ਗੌਂਡ ਨਾਮ ਨਹੀਂ ਹੈ।"

"ਅਸੀਂ ਹੀ ਰੱਖਿਆ ਹੈ ਇਸ ਦਾ ਨਾਮ। ਲੱਚੱਕਾ। ਜਿਹੋ ਜਿਹੀ ਆਪ ਹੈ, ਉਹੋ ਜਿਹਾ ਹੀ ਇਸ ਦਾ ਨਾਮ ਹੈ", ਕਹਿੰਦਿਆਂ ਉਹ ਉਸ ਵੱਲ ਪਰਤਿਆ, "ਕਿਓਂ ਲੱਚੱਕਾ ਦੀਦੀ? ਚਿੰਤਾ ਨਹੀਂ ਹੈ ਨਾ? ਚਿੰਤਾ ਨਹੀਂ ਕਰਨਾ। ਜਲ, ਜੰਗਲ, ਜ਼ਮੀਨ ਤੇ ਆਜ਼ਾਦੀ! ਲੱਚੱਕਾ ਦੀ ਆਜ਼ਾਦੀ!"

*ਲੱਚੱਕਾ ਨੂੰ ਕਦੇ ਕਦੇ ਮਾਂ ਤੇ ਭੈਣਾਂ ਦੀ ਯਾਦ ਆਉਂਦੀ ਸੀ, ਪਰ ਸਭ ਤੋਂ ਵੱਧ ਸਹੇਲੀਆਂ ਦੀ ਯਾਦ ਆਉਂਦੀ ਜਿਨ੍ਹਾਂ ਦੇ ਹੁਣ ਤਕ ਵਿਆਹ ਹੋ ਚੁੱਕੇ ਸਨ। ਲੱਚੱਕਾ ਨੂੰ ਘਰ ਦੀ ਜ਼ਿੰਦਗੀ ਨਾਲੋਂ ਗੁਰੀਲਾ ਜ਼ਿੰਦਗੀ ਕਿਤੇ ਜ਼ਿਆਦਾ ਸੌਖੀ ਲੱਗਦੀ ਹੈ। ਉਸ ਨੂੰ ਮਾਅਰਕੇ ਮਾਰਨ ਦੀ ਤਾਂਘ ਹੈ। ਰਾਤ ਦੀ ਜ਼ਿੰਮੇਦਾਰੀ ਨਿਭਾਉਣ ਜਾਂ ਕਿਸੇ ਦੂਸਰੇ ਦਸਤੇ ਤੱਕ ਸੁਨੇਹਾ ਲੈ ਕੇ ਜਾਣ ਨੂੰ ਉਹ ਹਮੇਸ਼ਾ ਅਹੁਲਦੀ। ਉਹ ਪਸੰਦ ਕਰਦੀ ਹੈ ਕਿ ਮੀਲਾਂ ਲੰਮੇ ਸਫ਼ਰ ਉਤੇ ਉਸ ਨੂੰ ਇਕੱਲਿਆਂ ਹੀ ਭੇਜ ਦਿੱਤਾ ਜਾਵੇ।*



ਕੰਨੰਨਾ ਸਾਡੇ ਚਾਰਾਂ ਦੇ ਗਰੁੱਪ ਦਾ ਕਮਾਂਡਰ ਸੀ। ਕਈ ਝੜਪਾਂ ਦਾ ਚੰਡਿਆ ਹੋਇਆ। ਪੰਜ ਸਾਲ ਤੋਂ ਘਰ ਨਹੀਂ ਗਿਆ। ਜਦ ਉਸ ਨੂੰ ਪੁੱਛਿਆ ਕਿ ਉਸ ਦਾ ਘਰ ਬਹੁਤ ਦੂਰ ਹੈ ਜੋ ਉਹ ਉਥੇ ਨਹੀਂ ਜਾਂਦਾ ਤਾਂ ਉਸ ਨੇ ਦੱਸਿਆ,

"ਨਹੀਂ, ਦੂਰ ਨਹੀਂ। ਜਦ ਵੀ ਘਰੇ ਜਾਂਦਾ ਸੀ ਤਾਂ ਘਰਵਾਲੀ ਗਾਲ੍ਹਾਂ ਕੱਢਦੀ ਸੀ। ਸੋਚਿਆ, ਚਿੰਤਾ ਕਿਸ ਬਾਤ ਕੀ, ਜੰਗਲ ਅਪਨਾ ਹੈ, ਦੁਨੀਆ ਅਪਨੀ ਹੈ, ਪਾਰਟੀ ਅਪਨੀ ਹੈ। ਜਦ ਗਾਲ੍ਹਾਂ ਕੱਢਣੋਂ ਹਟ ਜਾਵੇਗੀ ਤਾਂ ਜਾ ਆਵਾਂਗਾ। ਹੁਣ ਬੱਚੇ ਵੱਡੇ ਹੋ ਗਏ ਨੇ, ਆਪਣਾ ਕੰਮ ਆਪ ਕਰਦੇ ਨੇ। ਸੋ ਕੋਈ ਚਿੰਤਾ ਨਹੀਂ। ਉਹ ਕਹਿੰਦੀ ਹੈ ਕਿ ਬੰਦੂਕ ਸੁੱਟ ਤੇ ਬੰਦਾ ਬਣ ਕੇ ਰਹਿ। ਮੈਂ ਸੋਚਿਆ ਕਿ ਅਜਿਹਾ ਬੰਦਾ ਬਣ ਕੇ ਕੀ ਕਰਨਾ, ਜਿਹੜਾ ਬੰਦੂਕ ਹੀ ਸੁੱਟ ਦੇਵੇ। ਸੋ ਚਿੰਤਾ ਕਿਸ ਬਾਤ ਕੀ। ਉਹ ਆਪਣੇ ਘਰ, ਮੈਂ ਆਪਣੇ ਘਰ।"

"ਨਹੀਂ, ਈਸ਼ਵਰ ਭਾਈ। ਕੰਨੰਨਾ ਗ਼ਲਤ ਕਹਿ ਰਿਹੈ।" ਬਸੰਤੀ ਬੋਲ ਉਠੀ। "ਸਹੀ ਇਹ ਹੈ ਕਿ ਇਹ ਘਰ ਵਾਲੀ ਦੀ ਕੁੱਟ ਤੋਂ ਡਰਦੈ। ਇਸੇ ਲਈ ਇਨਕਲਾਬੀ ਬਣਿਐਂ।"

"ਏ... ਬਸੰਤੀ ਦੀਦੀ!" ਉਹਨੇ ਬਸੰਤੀ ਨੂੰ ਘੂਰਿਆ। ਫਿਰ ਉਹ ਵਾਪਸ ਮੈਨੂੰ ਮੁਖ਼ਾਤਬ ਹੋਇਆ, "ਸੱਚੀ ਗੱਲ ਤਾਂ ਇਹ ਹੈ ਕਿ ਉਹ ਬਹੁਤ ਅੜੀਅਲ ਕਿਸਮ ਦੀ ਹੈ। ਹਮੇਸ਼ਾ ਲੜਦੀ ਸੀ। ਮੈਂ ਤੰਗ ਆ ਕੇ ਹੀ ਘਰੋਂ ਨਿਕਲਿਆ ਸਾਂ। ਪਹਿਲਾਂ ਤਾਂ ਕਦੇ ਕਦੇ ਮੈਂ ਘਰ ਜਾਂਦਾ ਰਿਹਾ, ਪਰ ਜਦ ਉਹ ਬਿਲਕੁਲ ਹੀ ਨਹੀਂ ਬਦਲੀ ਤਾਂ ਮੈਂ ਉਹ ਵੀ ਛੱਡ ਦਿਤਾ। ਇਥੇ ਆਜ਼ਾਦੀ ਹੈ, ਰੋਜ਼ ਰੋਜ਼ ਦੀ ਕਿਚ ਕਿਚ ਵੀ ਖ਼ਤਮ, ਮਨ ਨੂੰ ਵੀ ਚੈਨ। ਘਰ ਰਹਿੰਦਾ ਤਾਂ ਰੋਜ਼ ਦੇ ਯੱਭ ਨੂੰ ਫੜਿਆ ਰਹਿੰਦਾ ਅਤੇ ਕੀ ਪਤਾ, ਕਦੇ ਉਸ ਨੂੰ ਵੱਢ ਹੀ ਦਿੰਦਾ, ਪਰ ਮੈਂ ਸੋਚਿਆ ਕਿ ਇਹਦੀ ਕੀ ਲੋੜ! ਹੁਣ ਸਹੀ ਰਸਤਾ ਮਿਲ ਗਿਐ, ਸੋ ਚਿੰਤਾ ਖ਼ਤਮ।"

ਕੰਨੰਨਾ ਕਬਾਇਲੀ ਹੈ, ਦੁਰਲਾ ਕਬੀਲੇ ਦਾ ਗੌਂਡ। ਉਸ ਦਾ ਦਸਤਾ ਜਦ ਵਰ੍ਹੇ ਛਿਮਾਹੀ ਉਸ ਦੇ ਪਿੰਡ ਕੋਲੋਂ ਗੁਜ਼ਰਦਾ ਹੈ ਤਾਂ ਉਹ ਹੋਰਨਾਂ ਤੋਂ ਘਰ ਵਾਲੀ ਦਾ ਹਾਲ ਪਤਾ ਕਰ ਲੈਂਦਾ ਹੈ ਤੇ ਬੱਚਿਆਂ ਨੂੰ ਮਿਲ ਲੈਂਦਾ ਹੈ। ਬੱਚਿਆਂ ਦੀ ਉਸ ਨੂੰ ਕੋਈ ਚਿੰਤਾ ਨਹੀਂ ਰਹੀ, ਕਿਉਂਕਿ ਉਹ ਹਰ ਕਬਾਇਲੀ ਵਾਂਗ ਵਣ-ਉਪਜ ਇਕੱਠੀ ਕਰਦੇ ਹਨ, ਧਾਨ ਉਗਾਉਂਦੇ, ਮੱਛੀਆਂ ਫੜਦੇ ਅਤੇ ਸ਼ਿਕਾਰ ਖੇਡ ਕੇ ਆਪਣੀ ਜ਼ਿੰਦਗੀ ਚਲਾ ਰਹੇ ਹਨ।

---

ਆਪਣੇ ਤੀਜੇ ਦਿਨ ਦੇ ਸਫ਼ਰ ਦੀ ਆਖ਼ਰੀ ਸ਼ਾਮ ਅਸੀਂ ਇਕ ਪਿੰਡ ਪਹੁੰਚੇ। ਪਿੰਡ ਦਾ ਨਾਂ ਜਾਣਿਆ ਪਛਾਣਿਆ ਜਿਹਾ ਸ਼ਬਦ ਸੀ। ਸ਼ਾਇਦ ਕੋਰਸ ਜਾਂ ਇਹੋ ਜਿਹਾ ਹੀ ਕੁਝ। ਪਿੰਡ ਦੀ ਸੱਜੀ ਬਾਹੀ ਉਤੇ ਬਣੇ ਖੇਤੁਲ (ਬਿਨਾਂ ਕੰਧਾਂ ਤੋਂ, ਸਿਰਫ਼ ਛੱਤਿਆ ਹੋਇਆ ਢਾਰਾ) ਵਿਚ ਪਹੁੰਚ ਕੇ ਅਸੀਂ ਡੇਰਾ ਲਾ ਲਿਆ। ਥੋੜ੍ਹੀ ਦੇਰ ਉਨ੍ਹਾਂ ਤਿੰਨਾਂ ਨੇ ਗੌਂਡ ਬੋਲੀ ਵਿਚ ਕੋਈ ਗੱਲਬਾਤ ਕੀਤੀ ਅਤੇ ਫਿਰ ਬਸੰਤੀ ਆਪਣੀ ਬੰਦੂਕ ਚੁੱਕ ਕੇ ਉਠ ਖੜ੍ਹੀ ਹੋਈ।

"ਪਿੰਡ ਵੱਲ?"

ਜਦ ਉਸ ਨੇ 'ਹਾਂ' ਕਿਹਾ ਤਾਂ ਮੈਂ ਵੀ ਉਠ ਪਿਆ। ਮੈਨੂੰ ਤਿਆਰ ਦੇਖ ਕੇ ਕੰਨੰਨਾ ਨੇ ਲੱਚੱਕਾ ਨੂੰ ਵੀ ਸਾਡੇ ਨਾਲ ਤੋਰ ਦਿਤਾ।

ਜਦ ਅਸੀਂ ਖੁੱਲ੍ਹੀ ਝੌਂਪੜੀ ਕੋਲ ਪਹੁੰਚੇ ਤਾਂ ਕਈ ਜਣੇ ਸਾਡੇ ਦੁਆਲੇ ਆ ਇਕੱਠੇ ਹੋਏ। ਇਹ ਵੇਖ ਕੇ ਕਿ ਅਸੀਂ 4 ਲੋਕ ਹੀ ਸਾਂ, ਪਿੰਡ ਵਾਲਿਆਂ ਨੇ ਸਾਡਾ ਖਾਣਾ ਤਿਆਰ ਕਰਨ ਦਾ ਫ਼ੈਸਲਾ ਕਰ ਕੇ ਕੰਨੰਨਾ ਨੂੰ ਵੀ ਬੁਲਾ ਲੈਣ ਲਈ ਕਿਹਾ। ਅਸੀਂ ਅਜੇ ਝੌਂਪੜੀ ਵਿਚ ਦਾਖ਼ਲ ਹੀ ਹੋਏ ਸਾਂ ਕਿ ਚਾਰ ਕੁ ਸਾਲ ਦੀ ਬੱਚੀ ਡਾਡਾਂ ਮਾਰ ਉਠੀ। ਚਾਰ ਪੰਜ ਜਣੇ ਬਲ ਰਹੀ ਅੱਗ ਕੋਲ ਬੈਠੇ ਸਨ ਜਿਨ੍ਹਾਂ ਵਿਚ ਉਹ ਬੱਚੀ ਵੀ ਸੀ। ਲੱਚੱਕਾ ਨੇ ਅੱਗੇ ਵਧ ਕੇ ਜਦ ਉਸ ਵੱਲ ਬਾਹਾਂ ਵਧਾਈਆਂ ਤਾਂ ਉਹ ਯਾਯਾ ਯਾਯਾ (ਮਾਂ, ਮਾਂ) ਕਰਦੀ ਉਚੀ ਉਚੀ ਚੀਕਾਂ ਮਾਰਨ ਲੱਗੀ। ਇਕ ਆਦਮੀ ਨੇ ਲੱਚੱਕਾ ਨੂੰ ਰੋਕਿਆ ਅਤੇ ਦੱਸਿਆ ਕਿ ਬੱਚੀ ਅੱਗ ਨਾਲ ਝੁਲਸੀ ਹੋਈ ਹੈ।

ਲੱਚੱਕਾ ਨੇ ਉਸ ਦੇ ਪਿੰਡੇ 'ਤੇ ਟਾਰਚ ਮਾਰੀ। ਬੱਚੀ ਦੀ ਪਿੱਠ ਬੁਰੀ ਤਰ੍ਹਾਂ ਝੁਲਸੀ ਪਈ ਸੀ। ਜ਼ਖ਼ਮ ਭਾਵੇਂ ਸੁੱਕ ਰਹੇ ਸਨ, ਪਰ ਉਸ ਦਾ ਸਰੀਰ ਬੁਰੀ ਤਰ੍ਹਾਂ ਆਕੜਿਆ ਪਿਆ ਸੀ।

"ਕਦੋਂ ਤੋਂ ਹੈ? ਕੋਈ ਦਵਾ ਕਿਉਂ ਨਹੀਂ ਕੀਤੀ? ਇਹਨੂੰ ਹਸਪਤਾਲ ਕਿਉਂ ਨਹੀਂ ਲੈ ਗਏ?" ਉਸ ਨੇ ਇਕੋ ਸਾਹੇ ਤਿੰਨ ਸਵਾਲ ਕਰ ਦਿਤੇ।

ਕਿਸੇ ਨੇ ਉਸ ਦੇ ਸਵਾਲਾਂ ਦਾ ਜਵਾਬ ਨਾ ਦਿਤਾ। ਲੱਚੱਕਾ ਨੇ ਫਿਰ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਉਸ ਦੇ ਮਾਂ ਬਾਪ ਉਥੇ ਨਹੀਂ ਹਨ। ਉਸ ਦੇ ਬਾਪ ਨੇ ਉਸ ਦੀ ਮਾਂ ਨੂੰ ਚਾਰ ਸਾਲ ਪਹਿਲਾਂ ਮਾਰ ਦਿਤਾ ਸੀ ਅਤੇ ਖ਼ੁਦ ਜਗਦਲਪੁਰ ਜੇਲ੍ਹ ਵਿਚ ਸੀ। ਉਦੋਂ ਕੋਈ ਛੇ ਮਹੀਨੇ ਦੀ ਬੱਚੀ ਉਠਾ ਲਿਆਇਆ ਸੀ ਤੇ 4 ਸਾਲ ਤੋਂ ਉਹ ਇਸੇ ਪਿੰਡ ਵਿਚ ਪਲ ਰਹੀ ਸੀ। ਹਫ਼ਤਾ ਪਹਿਲਾਂ ਸੁੱਤੀ ਪਈ ਉਹ ਅੱਗ ਵੱਲ ਸਰਕ ਗਈ ਤੇ ਅੰਗਾਰਾਂ ਉਤੇ ਆ ਗਈ। ਉਦੋਂ ਤੋਂ ਉਹ ਬੈਠੀ ਰਹਿੰਦੀ, ਜਾਂ ਪਾਸੇ ਪਰਨੇ ਸੌਂ ਜਾਂਦੀ। ਇਲਾਜ ਦਾ ਪ੍ਰਬੰਧ ਕਿਸੇ ਨਹੀਂ ਸੀ ਕੀਤਾ।

ਥੋੜ੍ਹੀ ਦੇਰ ਬਾਅਦ ਕੰਨੰਨਾ ਆ ਗਿਆ। ਸਾਨੂੰ ਕਿਸੇ ਨੂੰ ਵੀ ਖਾਣੇ ਦਾ ਸਵਾਦ ਨਾ ਆਇਆ। ਰਾਤ ਨੂੰ ਸੌਣ ਲਈ ਅਸੀਂ ਜੰਗਲ ਵੱਲ ਹੋ ਤੁਰੇ। ਅੱਧੇ ਘੰਟੇ ਬਾਅਦ ਅਸੀਂ ਧੁਰ ਜੰਗਲ ਵਿਚ ਪਹੁੰਚੇ ਤਾਂ ਕੰਨੰਨਾ ਨੇ ਟਾਰਚ ਘੁਮਾ ਕੇ ਸੌਣ ਵਾਲੀ ਥਾਂ ਦੀ ਚੋਣ ਕੀਤੀ। ਬਸੰਤੀ ਪਹਿਰੇਦਾਰੀ ਉਤੇ ਜਾ ਖੜ੍ਹੀ ਹੋਈ ਤੇ ਅਸੀਂ ਝਿੱਲੀਆਂ ਉਤੇ ਲੇਟ ਗਏ।

"ਜਲੇ ਹੋਏ ਦੀ ਕਿਹੜੀ ਦਵਾ ਹੁੰਦੀ?" ਲੱਚੱਕਾ ਨੇ ਹਨ੍ਹੇਰੇ 'ਚ ਪਾਸਾ ਪਰਤਦਿਆਂ ਪੁੱਛਿਆ।

"ਪਤਾ ਨਹੀਂ।" ਮੈਂ ਕਿਹਾ ਅਤੇ ਉਸ ਤੋਂ ਪੁੱਛਿਆ ਕਿ ਜੰਗਲ ਵਿਚ ਲੋਕ ਅਜਿਹੇ ਮਾਮਲਿਆਂ ਵਿਚ ਕੀ ਕਰਦੇ ਹਨ। ਕੋਈ ਦਵਾ, ਕੋਈ ਬੂਟੀ, ਕੁਝ ਤਾਂ ਕਰਦੇ ਹੀ ਹੋਣਗੇ?

"ਮੈਂ ਨਹੀਂ ਜਾਣਦੀ, ਪਰ ਸ਼ਾਇਦ ਉਹ ਕੁਝ ਵੀ ਨਹੀਂ ਕਰਦੇ। ਜ਼ਖ਼ਮ ਜਾਂ ਤਾਂ ਆਪੇ ਹੀ ਭਰ ਕੇ ਠੀਕ ਹੋ ਜਾਂਦੇ ਹਨ ਜਾਂ ਗਲਣ ਲੱਗਦੇ ਹਨ ਤੇ ਕੁਝ ਹੀ ਦਿਨਾਂ ਵਿਚ ਆਦਮੀ ਦਮ ਤੋੜ ਦੇਂਦਾ ਹੈ। ਇਥੇ ਕੋਈ ਡਾਕਟਰ ਨਹੀਂ ਆਉਂਦਾ। ਕੋਈ ਹਸਪਤਾਲ ਚਲਾ ਵੀ ਜਾਵੇ ਤਾਂ ਦਵਾ ਕਿਥੋਂ ਲਵੇਗਾ। ਆਖ਼ਰੀ ਹੱਲ ਇਕੋ ਹੁੰਦਾ ਹੈ, ਮੌਤ।"

ਇਕ ਹੋਰ ਪਿੰਡ ਵਿਚ ਭੀਮਾ ਨਾਮ ਦਾ ਸੱਜ-ਵਿਆਹਿਆ ਨੌਜਵਾਨ ਵੀ ਮੌਤ ਨਾਲ ਲੜ ਰਿਹਾ ਸੀ। ਉਸ ਦੀ ਲੱਤ ਨੂੰ ਸੁੱਜੇ ਹੋਏ ਮਹੀਨਾ ਹੋਣ ਵਾਲਾ ਸੀ ਅਤੇ ਅਜਿਹਾ ਦਿਖਾਈ ਦਿੰਦਾ ਸੀ ਜਿਵੇਂ ਉਹ ਹੁਣੇ ਹੀ ਬੰਬ ਵਾਂਗ ਫਟ ਜਾਵੇਗੀ। ਭੀਮਾ ਨੇ ਸਿਰਫ ਐਨਾ ਕੁ ਹੀ ਦੱਸਿਆ ਕਿ ਉਹਨੂੰ ਕੰਡਾ ਲੱਗਾ ਸੀ ਤੇ ਜ਼ਖ਼ਮ ਠੀਕ ਨਹੀਂ ਸੀ ਹੋ ਰਿਹਾ। ਉਸ ਦੇ ਮਾਂ ਬਾਪ ਨੂੰ ਜਦ ਕਿਹਾ ਗਿਆ ਕਿ ਇਸ ਨੂੰ ਹਸਪਤਾਲ ਲੈ ਜਾਓ ਤਾਂ ਉਨ੍ਹਾਂ ਆਪਣੀ

(ਬਾਕੀ ਅਗਲੇ ਸਫੇ 'ਤੇ)

# ਜੀਹਨੇ ਦੁੱਖਾਂ ਨੂੰ ਸੀ ਡੀਕਿਆ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ: 916-273-2856
www.boparaisudhar.com

ਅਮਰੀਕਾ ਦੀ ਇਮੀਗਰੇਸ਼ਨ ਨੇ ਚਰਨੇ ਨੂੰ ਦਸ ਸਾਲ ਲਈ ਡਿਪੋਰਟ ਕਰ ਦਿਤਾ ਸੀ। ਯਾਰਾਂ-ਦੋਸਤਾਂ ਨੇ ਧਰਵਾਸਾ ਦਿੰਦਿਆਂ ਮੋਢੇ 'ਤੇ ਹੱਥ ਰੱਖਿਆ ਸੀ, "ਚਰਨਿਆ! ਫਿਕਰ ਨਾ ਕਰ, ਅਸੀਂ ਇਥੇ ਹੈਗੇ ਆਂ, ਤੇ ਤੇਰੀ ਘਰਵਾਲੀ ਜੱਸੀ ਇਥੋਂ ਦੀ ਸਿਟੀਜ਼ਨ ਹੈ, ਉਹ ਤੈਨੂੰ ਆਪੇ ਇਥੇ ਪੱਕੇ ਤੌਰ 'ਤੇ ਸੱਦ ਲਵੇਗੀ। ਸਾਲ-ਛਿਮਾਹੀ ਤੈਨੂੰ ਮਿਲ ਆਇਆ ਕਰੂ।" ਚਰਨੇ ਦੇ ਮਿੱਤਰ ਇਹ ਕਹਿ ਕੇ ਭਾਵੇਂ ਆਪਣਾ ਫਰਜ਼ ਪੂਰਾ ਕਰ ਗਏ ਹੋਣ, ਪਰ ਚਰਨੇ ਲਈ ਜਹਾਜ਼ ਵੱਲ ਕਦਮ ਪੁੱਟਣ ਦੀ ਸ਼ਕਤੀ ਮੁੱਕ ਚੁੱਕੀ ਸੀ। ਉਹ ਜੱਸੀ ਅਤੇ ਆਪਣੇ ਇਕ ਸਾਲ ਦੇ ਪੁੱਤਰ ਨੂਰ ਨੂੰ ਬੁੱਕਲ ਵਿਚ ਲੈ ਕੇ ਧਾਹੀਂ ਰੋਇਆ। ਉਸ ਨੂੰ ਲੱਗਾ, ਰੱਬ ਨੇ ਸਭ ਕੁਝ ਦੇ ਕੇ ਫਿਰ ਖੋਹ ਲਿਆ ਹੈ।

ਚਰਨਾ ਤਿੰਨ ਭੈਣਾਂ ਦਾ ਇਕੱਲਾ ਭਰਾ ਸੀ। ਪੰਦਰਾਂ ਕਿੱਲਿਆਂ ਦਾ ਮਾਲਕ ਚਰਨੇ ਦਾ ਪਿਉ ਕਰੰਟ ਲੱਗਣ ਕਰ ਕੇ ਇਸ ਜਹਾਨੋਂ ਤੁਰ ਗਿਆ ਸੀ। ਛੋਟਾ ਹੋਣ ਕਰ ਕੇ ਜ਼ਮੀਨ ਚਰਨੇ ਦੇ ਚਾਚੇ ਮਾਮਲੇ 'ਤੇ ਵਾਹੁਣ ਲੱਗ ਪਏ। ਚਰਨੇ ਦੀ ਮਾਂ ਲਈ ਰੰਡੇਪੇ ਦੇ ਦਿਨ ਕੱਟਣੇ ਬਹੁਤ ਔਖੇ ਸਨ, ਪਰ ਉਹ ਧੀਆਂ ਤੇ ਪੁੱਤ ਲਈ ਡਟੀ ਰਹੀ। ਜਿਸ ਮਾਂ ਨੇ ਕਦੇ ਕਿਸੇ ਅੱਗੇ ਹੱਥ ਨਹੀਂ ਸੀ ਅੱਡਿਆ, ਉਸ ਨੂੰ ਸ਼ਰੀਕਾਂ ਅੱਗੇ ਪੱਲੇ ਅੱਡਣੇ ਪੈ ਗਏ।

ਚਰਨਾ ਆਪਣੀਆਂ ਭੈਣਾਂ ਨਾਲ ਪਿੰਡ ਦੇ ਸਕੂਲੇ ਪੜ੍ਹਦਾ ਸੀ। ਪਤਾ ਨਹੀਂ ਕਿਸ ਨੇ ਚਰਨੇ ਦੇ ਚਾਚੇ ਦੇ ਪੁੱਤਾਂ ਦੇ ਕੰਨ ਵਿਚ ਕਹਿ ਦਿੱਤਾ ਕਿ ਜੇ ਚਰਨਾ ਮਰ ਜਾਵੇ ਤਾਂ ਪੰਦਰਾਂ ਕਿੱਲੇ ਜ਼ਮੀਨ ਤੁਹਾਡੀ। ਉਸ ਦਿਨ ਤੋਂ ਦੋਵਾਂ ਨੇ ਚਰਨੇ ਨੂੰ ਮਾਰਨ ਦੀ ਸਕੀਮ ਬਣਾਉਣੀ ਸ਼ੁਰੂ ਕਰ ਦਿਤੀ। ਅਜੇ ਉਹ ਸੋਲਾਂ ਸਾਲਾਂ ਦਾ ਸੀ ਜਦੋਂ ਉਨ੍ਹਾਂ ਨੇ ਨਹਿਰ ਵਿਚ ਨਹਾਉਣ ਦੇ ਬਹਾਨੇ ਚਰਨੇ ਨੂੰ ਘਰੋਂ ਸੱਦ ਕੇ ਡੂੰਘੇ ਪਾਣੀ 'ਚ ਧੱਕਾ ਦੇ ਦਿਤਾ। ਪਰ ਕਿਸੇ ਫੌਜੀ ਰਾਹਗੀਰ ਨੇ ਉਸ ਨੂੰ ਬਚਾ ਲਿਆ ਤੇ ਘਰੇ ਛੱਡ ਕੇ ਆਇਆ। ਚਰਨੇ ਨੇ ਮਾਂ ਨੂੰ ਦੱਸ ਦਿਤਾ ਕਿ ਉਸ ਨੂੰ ਕਾਕੇ ਤੇ ਪੀਤੇ ਨੇ ਧੱਕਾ ਦਿਤਾ ਸੀ।

ਵੀਹ ਸਾਲ ਦੀ ਉਮਰ ਤੱਕ ਚਰਨੇ ਉਤੇ ਕਾਕੇ ਹੋਰਾਂ ਕਈ ਹਮਲੇ ਕੀਤੇ। ਅਖੀਰ ਚਰਨੇ ਦਾ ਮਾਮਾ ਉਸ ਨੂੰ ਨਾਨਕੇ ਲੈ ਆਇਆ, ਪਰ ਮਾਂ ਤਾਂ ਚਰਨੇ ਤੋਂ ਬਿਨਾਂ ਅੰਨ੍ਹੀ ਹੋਣ ਵਰਗੀ ਹੋ ਗਈ। ਮਾਮਾ ਫਿਰ ਚਰਨੇ ਨੂੰ ਪਿੰਡ ਛੱਡ ਗਿਆ। ਹੁਣ ਮਾਂ ਨੇ ਚਰਨੇ ਨੂੰ ਦਲੇਰੀ ਤੇ ਅਣਖ ਦਾ ਪਾਠ ਪੜ੍ਹਾਉਣਾ ਸ਼ੁਰੂ ਕਰ ਦਿਤਾ, ਤਾਂ ਜੋ ਆਪਣੀ ਰਾਖੀ ਆਪ ਕਰ ਸਕੇ। ਵੱਡੀਆਂ ਭੈਣਾਂ ਨੇ ਚਰਨੇ ਨੂੰ ਸਿੱਖਾਂ ਦੀਆਂ ਬਹਾਦਰੀ ਭਰੀਆਂ ਸਾਖੀਆਂ ਸੁਣਾ ਕੇ ਉਸ ਦਾ ਹੌਸਲਾ ਬੁਲੰਦ ਕੀਤਾ। ਹੁਣ ਉਹ ਕਾਕੇ ਤੇ ਪੀਤੇ ਨਾਲ ਸਿੱਧਾ ਲੜਨ ਲਈ ਤਿਆਰ ਹੋ ਗਿਆ ਸੀ।

ਚਰਨੇ ਦੀ ਖੜ੍ਹੀ ਮੁੱਛ ਦੇਖ ਕੇ ਸ਼ਰੀਕ ਕੰਨ ਭੰਨਣ ਲੱਗ ਪਏ। ਜੇ ਚਰਨਾ ਇਕੱਲਾ ਪੁੱਤ ਸੀ ਤਾਂ ਉਧਰ ਕਾਕਾ ਤੇ ਪੀਤਾ ਵੀ ਇਕੱਲੇ-ਇਕੱਲੇ ਪੁੱਤ ਸਨ। ਹੁਣ ਉਨ੍ਹਾਂ ਨੂੰ ਵੀ ਖਬਰ ਹੋ ਗਈ ਸੀ ਕਿ ਜੇ ਚਰਨਾ ਮਾਰਨਾ ਹੈ ਤਾਂ ਇਕ ਆਪਣਾ ਵੀ ਮਰਵਾਉਣਾ ਪਊ। ਸ਼ਾਇਦ ਉਨ੍ਹਾਂ ਨੂੰ ਸਮਝ ਆ ਗਈ ਸੀ। ਇਸ ਕਰ ਕੇ ਸ਼ਰੀਕੇ ਵਿਚ ਅੱਗ ਭੜਕਣ ਤੋਂ ਪਹਿਲਾਂ ਹੀ ਸਿਆਣਪ ਦਾ ਪਾਣੀ ਪਾ ਕੇ ਬੁਝਾ ਦਿਤੀ। ਚਰਨਾ 22 ਸਾਲ ਦਾ ਹੋਇਆ ਤਾਂ ਉਸ ਦਾ ਰਿਸ਼ਤਾ ਮਾਮੇ ਨੇ ਆਪਣੇ ਕਿਸੇ ਫੌਜੀ ਮਿੱਤਰ ਦੀ ਧੀ ਨਾਲ ਕਰ ਦਿਤਾ। ਵਿਆਹ ਅਗਲੇ ਸਾਲ ਦਾ ਰੱਖ ਲਿਆ। ਚਰਨਾ ਵਿਆਹ ਤੋਂ ਭੱਜਦਾ ਸੀ। ਉਹ ਕਹਿੰਦਾ, ਪਹਿਲਾਂ ਤਿੰਨਾਂ ਭੈਣਾਂ ਦਾ ਵਿਆਹ ਕਰਨਾ ਹੈ, ਉਹ ਤਾਂ ਸਭ ਤੋਂ ਛੋਟਾ ਹੈ; ਪਰ ਤਿੰਨੇ ਭੈਣਾਂ ਅਜੇ ਪੜ੍ਹਦੀਆਂ ਸਨ। ਮਾਂ ਚਰਨੇ ਦਾ ਵਿਆਹ ਕਰ ਕੇ ਉਸ ਨੂੰ ਗ੍ਰਹਿਸਥੀ ਮੋਹ ਵਿਚ ਪਾ ਕੇ ਦੂਰ ਨਹੀਂ ਸੀ ਜਾਣ ਦੇਣਾ ਚਾਹੁੰਦੀ, ਪਰ ਚਰਨਾ ਪਿੰਡ ਛੱਡਣਾ ਚਾਹੁੰਦਾ ਸੀ।

ਚਰਨੇ ਨੇ ਆਪਣੇ ਮਿੱਤਰ ਸੁੱਖੇ ਨਾਲ ਅਮਰੀਕਾ ਜਾਣ ਦੀ ਸਲਾਹ ਬਣਾ ਲਈ। ਦੋਵਾਂ ਨੇ ਚੋਰੀ-ਚੋਰੀ ਪਾਸਪੋਰਟ ਬਣਾ ਲਿਆ। ਚਰਨੇ ਨੇ ਮਾਮੇ ਦੀਆਂ ਮਿੰਨਤਾਂ ਕਰ ਕੇ ਉਸ ਨੂੰ ਮਨਾ ਲਿਆ ਤੇ ਮਾਂ ਨੂੰ ਕਹਿ ਕੇ ਪੈਸੇ ਲੈ ਲਏ। ਫਿਰ ਚਰਨਾ ਤੇ ਸੁੱਖਾ ਤਿੰਨ ਮਹੀਨੇ ਕਈ ਮੁਲਕਾਂ ਦੇ ਬਾਰਡਰ ਟੱਪਦੇ, ਮੈਕਸੀਕੋ ਦੇ ਬਾਰਡਰ ਉਤੇ ਫੜੇ ਗਏ। ਆਪਣੇ ਮੁਲਕ ਵਿਚ ਜਾਨ ਨੂੰ ਖਤਰਾ ਆਖ ਕੇ ਅਮਰੀਕਾ ਦਾਖਲ ਹੋ ਗਏ ਤੇ ਫਿਰ ਜ਼ਮਾਨਤਾਂ ਉਤੇ ਰਿਹਾ ਹੋ ਗਏ।

ਅਮਰੀਕਾ ਵਿਚ ਉਨ੍ਹਾਂ ਨੇ ਕੋਈ ਕੰਮ ਅਜਿਹਾ ਨਹੀਂ ਛੱਡਿਆ ਜੋ ਕੀਤਾ ਨਾ ਹੋਵੇ। ਦੋ ਸਾਲ ਤਾਂ ਧੱਕੇ ਹੀ ਖਾਂਦੇ ਰਹੇ। ਅਖੀਰ ਟਰੱਕ-ਵਾਸ਼ 'ਤੇ ਲੱਗ ਗਏ ਤੇ ਉਥੇ ਸਾਲ ਭਰ ਟਿਕੇ ਰਹੇ। ਫਿਰ ਜਿਵੇਂ ਗਿਆਨ ਵਿਚ ਵਾਧਾ ਹੋਇਆ, ਸਟੋਰਾਂ ਵੱਲ ਤੁਰ ਪਏ। ਉਥੇ ਪੇਪਰਾਂ ਤੋਂ ਬਿਨਾ ਕੋਈ ਕੰਮ ਨਾ ਦੇਵੇ। ਲੋਕਾਂ ਨਾਲ ਬਥੇਰੀਆਂ ਰਿਸ਼ਤੇਦਾਰੀਆਂ ਕੱਢੀਆਂ, ਪਰ 'ਡੁੱਬਦੀ ਨੂੰ ਕੌਣ ਬਚਾਵੇ' ਵਾਂਗ ਗੋਤੇ ਖਾਂਦੇ ਫਿਰਦੇ ਰਹੇ। ਕਿਸੇ ਨੇ ਕਿਸੇ ਪੰਜਾਬੀ ਵਕੀਲ ਦੀ ਦੱਸ ਪਾ ਦਿੱਤੀ। ਦੋਵੇਂ ਉਸ ਨੂੰ ਮਿਲੇ, ਉਸ ਨੇ ਜੋ ਕੁਝ ਮੰਗਿਆ, ਇਨ੍ਹਾਂ ਦੇ ਦਿਤਾ। ਪੇਪਰਾਂ ਦੀ ਦੌੜ ਵਿਚ ਸੁੱਖਾ ਤਾਂ ਪਾਸ ਹੋ ਗਿਆ, ਪਰ ਚਰਨਾ ਅਜੇ ਰਾਹ ਵਿਚ ਹੀ ਸੀ। ਫਿਰ ਸੁੱਖੇ ਨੇ ਸਟੋਰ 'ਤੇ ਕੰਮ ਲੱਭ ਲਿਆ ਤੇ ਰਾਤ ਦੀ ਡਿਊਟੀ ਚਰਨੇ ਨੂੰ ਆਪਣੇ ਸਟੋਰ ਉਤੇ ਲਾ ਦਿਤੀ। ਤਾਲ ਨਾਲ ਤਾਲ ਫਿਰ ਮਿਲਣ ਲੱਗ ਗਈ। ਸਾਰੇ ਡਾਲਰ ਸੁੱਖੇ ਦੇ ਖਾਤੇ ਵਿਚ ਜਮ੍ਹਾਂ ਕਰਵਾਉਣ ਲੱਗੇ। ਦੋਵਾਂ ਨੇ ਪਿੰਡ ਕੋਈ ਡਾਲਰ ਨਾ ਭੇਜਿਆ। ਥੋੜ੍ਹੇ ਡਾਲਰ ਜੋੜ ਕੇ ਦੋਵਾਂ ਨੇ ਵੱਡੀ ਵੈਨ ਖਰੀਦੀ। ਲਾਸ ਏਂਜਲਸ ਤੋਂ ਸਾਮਾਨ ਖਰੀਦ ਕੇ ਸਟੋਰਾਂ 'ਤੇ ਵੇਚਣ ਲੱਗੇ। ਅੱਜ ਕੁਝ ਹੋਰ, ਕੱਲ੍ਹ ਕੁਝ ਹੋਰ, ਦਿਨੋ-ਦਿਨ ਤਰੱਕੀ ਹੋਣ ਲੱਗੀ।

ਕੰਮ ਚੱਲਿਆ ਦੇਖ ਕੇ ਕਿਸੇ ਨੇ ਸੁੱਖੇ ਨੂੰ ਰਿਸ਼ਤਾ ਕਰਵਾ ਦਿਤਾ। ਉਸ ਦਾ ਵਿਆਹ ਹੋ ਗਿਆ। ਚਰਨਾ ਪਿੰਡ ਮੰਗਿਆ ਹੋਇਆ ਸੀ। ਮਾਮਾ ਜ਼ੋਰ ਪਾਉਂਦਾ ਕਿ ਕੁੜੀ ਨੂੰ ਆਪਣੇ ਕੋਲ ਬੁਲਾ ਲੈ, ਇਥੇ ਵਿਆਹ ਕਰਵਾ ਲਈਂ। ਚਰਨਾ ਮਾਮੇ ਨੂੰ 'ਹਾਂ' ਕਰ ਦਿੰਦਾ। ਸਮਾਂ ਲੰਘਿਆ, ਦੋਵਾਂ ਦੇ ਖਾਤੇ ਵਿਚ ਚੰਗੇ ਡਾਲਰ ਹੋਏ ਤਾਂ ਸਾਂਝਾ ਸਟੋਰ ਲੈ ਲਿਆ। ਸੁੱਖਾ ਤੇ ਉਸ ਦੀ ਘਰਵਾਲੀ ਪਿੰਕੀ, ਦੋਵੇਂ ਸਟੋਰ ਉਤੇ ਹੁੰਦੇ, ਤੇ ਚਰਨਾ ਸਟੋਰਾਂ 'ਤੇ ਸਾਮਾਨ ਵੇਚਦਾ। ਚਰਨੇ ਨੇ ਵਾਰੀ ਵਾਰੀ ਆਪਣੀਆਂ ਤਿੰਨਾਂ ਭੈਣਾਂ ਦੇ ਵਿਆਹ ਕੀਤੇ। ਤਿੰਨੇ ਆਪਣੇ ਘਰ ਰੰਗੀਂ ਵੱਸਣ ਲੱਗੀਆਂ। ਮਾਂ ਇਕੱਲੀ ਦੁੱਖਾਂ ਦੇ ਗਲੋਟੇ ਲਾਹੁਣ ਲੱਗੀ। ਚਰਨੇ ਨੇ ਸੁੱਖੇ ਨੂੰ ਆਖ ਕੇ ਮਾਂ ਦੇ ਪੇਪਰ ਭਰਾ ਲਏ, ਮਾਂ ਨੂੰ ਵੀਜ਼ਾ ਮਿਲ ਗਿਆ। ਉਹ ਚਰਨੇ ਕੋਲ ਆ ਗਈ। ਸਾਰੇ ਇਕੋ ਘਰ ਵਿਚ ਰਹਿੰਦੇ ਸੀ। ਚਰਨੇ ਦੀ ਮਾਂ ਪਿੰਕੀ ਨੂੰ ਆਪਣੀਆਂ ਧੀਆਂ ਵਾਂਗ ਪਿਆਰ ਕਰਦੀ। ਹੁਣ ਸਾਰੇ ਚਰਨੇ ਨੂੰ ਇਥੇ ਹੀ ਵਿਆਹ ਕਰਵਾਉਣ ਲਈ ਜ਼ੋਰ ਪਾਉਣ ਲੱਗੇ, ਪਰ ਚਰਨਾ ਕਹਿੰਦਾ, "ਜਿਹੜੀ ਮੇਰੇ ਨਾਲ ਅੱਠ ਸਾਲ ਦੀ ਮੰਗੀ ਹੋਈ ਹੈ, ਉਹ ਵਿਚਾਰੀ ਕੀ ਕਰੂਗੀ? ਮੈਂ ਵਿਆਹ ਤਾਂ ਆਪਣੀ ਮੰਗੇਤਰ ਜੱਸੀ ਨਾਲ ਹੀ ਕਰਵਾਉਣਾ ਹੈ ਜੋ ਮਰਜ਼ੀ ਹੋ ਜਾਵੇ।"

ਉਧਰ, ਪੇਪਰਾਂ ਨੇ ਅਜੇ ਚਰਨੇ ਨੂੰ ਕੋਈ ਪੱਲਾ ਨਾ ਫੜਾਇਆ। ਡਾਲਰਾਂ ਦੀ ਕੋਈ ਘਾਟ ਨਹੀਂ ਸੀ, ਪਰ ਸੁੱਖਾ ਅਜੇ ਸਿਟੀਜ਼ਨ ਨਹੀਂ ਹੋਇਆ ਸੀ। ਫਿਰ ਇਕ ਦਿਨ ਸਾਰਿਆਂ ਨੇ ਸਕੀਮ ਬਣਾਈ ਕਿ ਕਿਸੇ ਸਿਟੀਜ਼ਨ ਬੰਦੇ ਨੂੰ ਡਾਲਰ ਦੇ ਕੇ ਜੱਸੀ ਨੂੰ ਮੰਗਾ ਲਈਏ। ਉਹ ਬੰਦਾ ਜੱਸੀ ਨਾਲ ਕਾਗਜ਼ੀ ਵਿਆਹ ਕਰਵਾ ਕੇ ਇਥੇ ਲੈ ਆਵੇਗਾ। ਜਦੋਂ ਜੱਸੀ ਨੂੰ ਦਸ ਸਾਲ ਦਾ ਗਰੀਨ ਕਾਰਡ ਮਿਲ ਗਿਆ ਤਾਂ ਫਿਰ ਆਪਾਂ ਜੱਸੀ ਦਾ ਤਲਾਕ ਦਿਵਾ ਕੇ ਉਸ ਦਾ ਵਿਆਹ ਚਰਨੇ ਨਾਲ ਕਰਵਾ ਦੇਵਾਂਗੇ। ਹੁਣ ਇਤਬਾਰ ਵਾਲੇ ਬੰਦੇ ਦੀ ਭਾਲ ਹੋਣ ਲੱਗੀ।

ਇਕ ਦਿਨ ਚਰਨਾ ਇਕ ਸਟੋਰ ਉਤੇ ਸਾਮਾਨ ਰੱਖਣ ਗਿਆ ਤਾਂ ਸਟੋਰ ਦੇ ਮਾਲਕ ਨੇ ਪੇਪਰਾਂ ਦੀ ਕਹਾਣੀ ਛੇੜ ਲਈ। ਚਰਨਾ ਵਿਚਾਰਾ ਉਸ ਅੱਗੇ ਅੱਖਾਂ ਨਮ ਕਰ ਬੈਠਾ। ਉਹ ਬੰਦਾ ਚਰਨੇ ਦੀ ਮਦਦ ਲਈ ਹਾਮੀ ਭਰ ਗਿਆ। ਉਸ ਨੇ ਆਪਣੇ ਸਾਲੇ ਨੂੰ ਪੰਜਾਬ ਭੇਜ ਕੇ ਜੱਸੀ ਨੂੰ ਮੰਗਾਉਣ ਦਾ ਵਾਅਦਾ ਕੀਤਾ ਤਾਂ ਚਰਨੇ ਨੇ ਉਸ ਦੇ ਪੈਰ ਫੜ ਲਏ। ਉਸ ਨੇ ਚਰਨੇ ਦੇ ਮੋਢੇ ਫੜ ਕੇ ਉਠਾਇਆ ਤੇ ਆਪਣੀ ਛਾਤੀ ਨਾਲ ਲਾ ਕੇ ਕਿਹਾ, "ਤੂੰ ਪਹਿਲਾ ਬੰਦਾ ਏਂ ਜਿਹੜਾ ਆਪਣੀ ਮੰਗੇਤਰ ਤੋਂ ਬਿਨਾ ਹੋਰ ਕਿਸੇ ਨਾਲ ਵਿਆਹ ਨਹੀਂ ਕਰਵਾਉਣਾ ਚਾਹੁੰਦਾ। ਨਹੀਂ ਤਾਂ ਮੁੰਡੇ ਚਾਰ ਛਿੱਲੜ ਆਇਆਂ ਤੋਂ ਘਰਵਾਲੀਆਂ ਛੱਡ ਦਿੰਦੇ ਆ।"

ਉਸ ਬੰਦੇ ਨੇ ਸਿਰਫ ਖਰਚੇ ਪਾਣੀ ਜੋਗੇ ਡਾਲਰ ਚਰਨੇ ਤੋਂ ਮੰਗੇ ਤੇ ਆਪਣਾ ਸਾਲਾ ਪੰਜਾਬ ਭੇਜ ਕੇ ਜੱਸੀ ਨਾਲ ਕੋਰਟ ਮੈਰਿਜ ਕਰਵਾ ਦਿਤੀ। ਉਹ ਸਿਟੀਜ਼ਨ ਹੋਣ ਕਰ ਕੇ ਜੱਸੀ ਅੱਠ ਮਹੀਨਿਆਂ ਵਿਚ ਚਰਨੇ ਦੀ ਬੁੱਕਲ ਵਿਚ ਸੀ। ਜੱਸੀ ਤੋਂ ਵੀ ਚਾਅ ਚੁੱਕ ਨਾ ਹੋਵੇ ਤੇ ਚਰਨੇ ਦੀ ਮਾਂ ਦੇ ਖੋਹੇ ਦਿਨ ਵੀ ਜਿਵੇਂ ਵਾਪਸ ਮੁੜ ਆਏ ਹੋਣ। ਹੁਣ ਚਰਨੇ ਨੇ ਵੈਨ ਵੇਚ ਕੇ ਸਟੋਰਾਂ ਉਤੇ ਸਪਲਾਈ ਦਾ ਕੰਮ ਬੰਦ ਕਰ ਦਿਤਾ ਤੇ ਇਕ ਹੋਰ ਸਾਂਝਾ ਸਟੋਰ ਲੈ ਲਿਆ। ਇਕੋ-ਇਕ ਆਸ ਇਹ ਬਚੀ ਸੀ ਕਿ ਜੱਸੀ ਨੂੰ ਦਸ ਸਾਲ ਦਾ ਗਰੀਨ ਕਾਰਡ ਮਿਲ ਜਾਵੇ ਤੇ ਉਹ ਜੱਸੀ ਨਾਲ ਵਿਆਹ ਕਰਵਾ ਕੇ ਪੱਕਾ ਹੋ ਜਾਵੇ। ਸਮਾਂ ਬੀਤਿਆ, ਜੱਸੀ ਨੂੰ ਦਸ ਸਾਲ ਦਾ ਗਰੀਨ ਕਾਰਡ ਮਿਲ ਗਿਆ ਤੇ ਫਿਰ ਤਲਾਕ ਹੋ ਗਿਆ। ਇਕ ਸਾਲ ਪਿਛੋਂ ਉਸ ਨੇ ਚਰਨੇ ਨਾਲ ਵਿਆਹ ਕਰਵਾ ਲਿਆ। ਵਿਆਹ ਦੇ ਪੇਪਰ ਭਰੇ ਤਾਂ ਚਰਨੇ ਦੇ ਡਿਪੋਰਟ ਆਰਡਰ ਹੋ ਗਏ। ਉਹ ਵਿਆਹ ਨਹੀਂ ਸੀ ਕਰਵਾ ਸਕਦਾ। ਵਕੀਲ ਲੱਭਿਆ ਤੇ ਫਿਰ ਕੇਸ ਕੀਤਾ।

ਪੇਪਰਾਂ ਦੀ ਤਲਵਾਰ ਫਿਰ ਸਿਰ 'ਤੇ ਲਟਕਣ ਲੱਗੀ। ਇਸ ਦੌਰਾਨ ਦੁੱਖਾਂ ਉਤੇ ਥੋੜ੍ਹੀ ਜਿਹੀ ਮੱਲ੍ਹਮ ਵੀ ਲੱਗੀ। ਚਰਨੇ ਨੂੰ ਪੁੱਤਰ ਦੀ ਦਾਤ ਬਖਸ਼ੀ। ਸਾਲ ਪਿਛੋਂ ਚਰਨੇ ਨੂੰ ਇਮੀਗ੍ਰੇਸ਼ਨ ਵਾਲੇ ਚੁੱਕ ਕੇ ਲੈ ਗਏ ਤੇ ਡਿਪੋਰਟ ਕਰ ਦਿੱਤਾ।

ਪਿੰਡ ਜਾ ਕੇ ਚਰਨੇ ਦਾ ਦਿਲ ਨਾ ਲੱਗੇ। ਛੇ ਮਹੀਨਿਆਂ ਬਾਅਦ ਹੀ ਹਾਰਟ ਅਟੈਕ ਨਾਲ ਮੌਤ ਹੋ ਗਈ। ਮਾਂ ਫਿਰ ਇਕੱਲੀ ਰਹਿ ਗਈ। ਜੱਸੀ ਨੇ ਕਿਸੇ ਹੋਰ ਇੰਡੀਅਨ ਨਾਲ ਵਿਆਹ ਕਰਵਾ ਲਿਆ ਜੋ ਭਰੇ-ਭਰਾਏ ਖਜ਼ਾਨੇ ਦਾ ਮਾਲਕ ਬਣ ਗਿਆ। ਜਿਹੜੇ ਚਰਨੇ ਨੇ ਜੱਸੀ ਲਈ ਦਸ ਸਾਲ ਉਡੀਕ ਕੀਤੀ, ਉਸ ਨੇ ਚਰਨੇ ਦਾ ਸਿਵਾ ਵੀ ਠੰਢਾ ਨਾ ਹੋਣ ਦਿਤਾ। ਹੁਣ ਚਰਨੇ ਦੀ ਮਾਂ ਆਪਣਾ ਪੋਤਾ ਜੱਸੀ ਤੋਂ ਮੰਗਦੀ ਹੈ, ਪਰ ਜੱਸੀ ਗੱਲ ਕਰਨੀ ਵੀ ਘਾਟੇ ਵਾਲਾ ਸੌਦਾ ਸਮਝਦੀ ਹੈ। ਕਈ ਵਾਰ ਜ਼ਿੰਦਗੀ ਵਿਚ ਇੰਜ ਵੀ ਹੋ ਜਾਂਦਾ ਹੈ।

# ਮਹਾਨ ਗਦਰੀ ਦੇਸ਼ ਭਗਤ-ਬਾਬਾ ਹਰਦਿੱਤ ਸਿੰਘ ਲੰਮਾ ਜੱਟਪੁਰਾ

ਦੇਸ਼ ਦੀ ਆਜ਼ਾਦੀ ਦੇ ਪਰਵਾਨਿਆਂ ਦੇ ਮਨਾਂ ਵਿਚ ਇਹ ਸ਼ੰਕਾ ਜ਼ਰੂਰ ਪੈਦਾ ਹੋਈ ਹੋਵੇਗੀ ਕਿ ਪਦਾਰਥਵਾਦੀ ਅੰਨ੍ਹੀ ਦੌੜ ਵਿਚ ਆਉਣ ਵਾਲੀ ਪੀੜ੍ਹੀ ਆਜ਼ਾਦੀ ਲਈ ਜਾਨਾਂ ਵਾਰਨ ਵਾਲੇ ਪਰਵਾਨਿਆਂ ਨੂੰ ਕਿਤੇ ਭੁੱਲ ਹੀ ਨਾ ਜਾਵੇ। ਆਖਰ ਉਨ੍ਹਾਂ ਦੀ ਇਹ ਸ਼ੱਕ ਸੱਚ ਸਾਬਤ ਹੋਈ। ਅੱਜ ਦੇ

ਚਰਨ ਸਿੰਘ ਮਾਹੀ (ਲੁਧਿਆਣਾ)
ਫੋਨ: 91-99143-64728

ਲੀਡਰ ਉਨ੍ਹਾਂ ਕੌਮੀ ਪਰਵਾਨਿਆਂ ਦੇ ਸਦਕਾ ਕੁਰਸੀਆਂ ਦਾ ਅਨੰਦ ਮਾਣ ਰਹੇ ਹਨ ਪਰ ਉਹ ਕੌਮੀ ਪਰਵਾਨਿਆਂ ਨੂੰ ਸੱਚ-ਮੁੱਚ ਹੀ ਭੁੱਲ ਚੁਕੇ ਹਨ। ਕੈਨੇਡਾ ਦੀ ਧਰਤੀ ਤੋਂ ਗਦਰ ਪਾਰਟੀ ਦੀ ਸੰਗਰਾਮੀ ਲੜਾਈ ਵਿੱਢਣ ਵਾਲੇ ਗਦਰੀ ਯੋਧਿਆਂ ਦੀ ਲੰਮੀ ਕਤਾਰ ਵਿਚੋਂ ਇਕ ਸਨ, ਗਦਰੀ ਦੇਸ਼ ਭਗਤ ਬਾਬਾ ਹਰਦਿੱਤ ਸਿੰਘ ਲੰਮਾ ਜੱਟਪੁਰਾ।

ਗਦਰੀ ਦੇਸ਼ ਭਗਤ ਬਾਬਾ ਹਰਦਿੱਤ ਸਿੰਘ ਦਾ ਜਨਮ ਸ. ਭਗਵਾਨ ਸਿੰਘ ਦੇ ਘਰ ਮਾਤਾ ਪ੍ਰਤਾਪ ਕੌਰ ਦੀ ਕੁੱਖੋਂ ਗੁਰੂ ਗੋਬਿੰਦ ਸਿੰਘ ਦੀ ਚਰਨ ਛੋਹ ਪ੍ਰਾਪਤ ਨਗਰ ਲੰਮਾ ਜੱਟਪੁਰਾ (ਜ਼ਿਲ੍ਹਾ ਲੁਧਿਆਣਾ) ਵਿਚ ਹੋਇਆ। ਇਤਿਹਾਸ ਮੁਤਾਬਕ ਇਸ ਜਗ੍ਹਾ ਗੁਰੂ ਜੀ 21 ਦਿਨ ਰਹੇ ਸਨ। ਉਨ੍ਹਾਂ ਨੂਰੇ ਮਾਹੀ ਨੂੰ ਸਰਹਿੰਦ ਭੇਜ ਕੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਦੀ ਖਬਰ ਮੰਗਵਾਈ ਅਤੇ ਜ਼ੁਲਮੀ ਰਾਜ ਦੀ ਜੜ੍ਹ ਪੱਟੀ।

ਬਾਬਾ ਹਰਦਿੱਤ ਸਿੰਘ 1902 ਵਿਚ ਹਾਂਗਕਾਂਗ ਗਏ। ਉਥੋਂ 1906 ਵਿਚ ਵੈਨਕੂਵਰ (ਕੈਨੇਡਾ) ਗਏ ਅਤੇ ਬਾਬਾ ਸੋਹਣ ਸਿੰਘ ਭਕਨਾ ਦੀ ਅਗਵਾਈ ਵਿਚ ਗਦਰ ਪਾਰਟੀ ਬਣਾਈ। ਗੁਰਦੁਆਰਾ ਸਾਹਿਬ ਤੇ ਸਮਸ਼ਾਨਘਾਟ ਵਿਚ ਆਪਣੇ ਹੱਕਾਂ ਲਈ ਗਦਰ ਸੰਘਰਸ਼ ਕੀਤਾ ਤੇ ਜਿੱਤ ਪ੍ਰਾਪਤ ਕੀਤੀ। ਉਹ 16 ਮੈਂਬਰੀ ਕਮੇਟੀ ਦੇ ਮੈਂਬਰ ਬਣੇ। ਗਦਰ ਪਾਰਟੀ ਨੇ ਪਹਿਲਾ ਦਫਤਰ ਸੈਨ ਫਰਾਂਸਿਸਕੋ ਵਿਚ ਬਣਾਇਆ ਅਤੇ ਯੁਗਾਂਤਰ ਆਸ਼ਰਮ ਤੋਂ ਗਦਰ ਨਾਂ ਦਾ ਅਖਬਾਰ ਕੱਢਿਆ ਜਿਸ ਦੇ ਸੰਪਾਦਕ ਲਾਲਾ ਹਰਦਿਆਲ ਤੇ ਕਰਤਾਰ ਸਿੰਘ ਸਰਾਭਾ ਸਨ। 1915 ਵਿਚ ਬਾਬਾ ਹਰਦਿੱਤ ਸਿੰਘ ਨੂੰ ਬਰਮਾ ਵਿਚ ਗ੍ਰਿਫਤਾਰ ਕਰ ਲਿਆ ਗਿਆ ਜਿਥੇ ਮੂਲਵੈਲ ਜੇਲ੍ਹ ਵਿਚ ਕੈਦ ਰੱਖਿਆ ਗਿਆ। ਉਥੋਂ ਬਰਮੀ ਕੈਦੀਆਂ ਦੀ ਮਦਦ ਨਾਲ ਜੇਲ੍ਹ ਦੀ ਕੰਧ ਟੱਪ ਕੇ ਸਾਥੀਆਂ ਹਰਨਾਮ ਸਿੰਘ ਤੇ ਕਪੂਰ ਸਿੰਘ ਮੋਹੀ ਸਮੇਤ ਫਰਾਰ ਹੋ ਗਏ ਪਰ ਰਾਹ ਦੀ ਜਾਣਕਾਰੀ ਨਾ ਹੋਣ ਕਾਰਨ ਫੜ੍ਹੇ ਗਏ।



ਬਾਬਾ ਹਰਦਿੱਤ ਸਿੰਘ

13 ਮਾਰਚ 1916 ਨੂੰ ਮਾਡਲੇ ਕੇਸ ਦੀ ਸੁਣਵਾਈ ਹੋਈ ਜਿਸ ਵਿਚ 16 ਕੈਦੀ ਸਨ। ਇਨ੍ਹਾਂ ਵਿਚ ਪੰਜ ਨੂੰ ਫਾਂਸੀ ਹੋਈ। ਬਾਕੀ ਗਿਆਰਾਂ ਵਿਚੋਂ ਅੱਠ ਨੂੰ ਜਾਇਦਾਦ ਜ਼ਬਤ ਤੇ ਉਮਰ ਕੈਦ ਅਤੇ ਬਾਕੀ ਤਿੰਨ ਨੂੰ ਰਿਹਾ ਕਰ ਦਿੱਤਾ ਗਿਆ। ਅੰਗਰੇਜ਼ ਹਕੂਮਤ ਨੇ ਅਗਸਤ 1916 ਨੂੰ ਪੋਰਟ ਬਲੇਅਰ ਦੀ ਜੇਲ੍ਹ ਭੇਜ ਦਿੱਤਾ। ਉਨ੍ਹਾਂ ਨੂੰ 7 ਸਾਲ ਦੀ ਕੈਦ ਦੀ ਸਜ਼ਾ ਹੋਈ। ਇਕ ਵਾਰ ਪੋਰਟ ਬਲੇਅਰ ਦਾ ਚੀਫ ਕਮਿਸ਼ਨਰ ਦੌਰੇ 'ਤੇ ਗਿਆ ਅਤੇ ਉਹ ਬਾਬਾ ਹਰਦਿੱਤ ਸਿੰਘ ਦੇ ਨਾਰੀਅਲ ਦੇ ਬਾਗ ਅਤੇ ਕਾਰੋਬਾਰ ਦੇਖ ਕੇ ਹੈਰਾਨ ਹੋ ਗਿਆ। ਜਦੋਂ ਬਾਬਾ ਹਰਦਿੱਤ ਸਿੰਘ ਨੂੰ ਸਲੂਟ ਮਾਰਨ ਲਈ ਕਿਹਾ ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ ਬਰਾਬਰੀ ਦਾ ਹੱਕ ਲੈਣ ਲਈ ਤਾਂ ਅਮੀਰਕਾ ਵਰਗੀ ਸਵਰਗ ਦੀ ਜ਼ਿੰਦਗੀ ਨੂੰ ਛੱਡ ਕੇ ਨਰਕ ਦੀ ਜ਼ਿੰਦਗੀ ਨੂੰ ਕਬੂਲ ਕੀਤਾ ਹੈ। ਜੇ ਇਥੇ ਆ ਕੇ ਵੀ ਗੁਲਾਮੀ ਕੱਟਣੀ ਹੈ ਤਾਂ ਕੀ ਫਾਇਦਾ! ਵਿਦੇਸ਼ੀ ਕੱਪੜੇ ਦੇ ਬਾਈਕਾਟ ਦੀ ਲਹਿਰ ਚੱਲੀ ਤਾਂ ਕੈਦੀਆਂ ਨੇ ਵਿਦੇਸ਼ੀ ਕੱਪੜੇ ਉਤਾਰ ਕੇ ਅੱਗ ਲਾਈ ਜਿਸ ਕਰਕੇ ਕੈਦੀਆਂ ਨੂੰ ਅੰਡੇਮਾਨ (ਕਾਲੇ ਪਾਣੀ) ਭੇਜਿਆ ਗਿਆ।

5 ਮਾਰਚ 1939 ਨੂੰ ਉਹ ਸਰਕਾਰ ਦੇ ਹੁਕਮ ਅਨੁਸਾਰ ਰਿਹਾ ਹੋ ਕੇ ਆਪਣੇ ਪਿੰਡ ਲੰਮਾ ਜੱਟਪੁਰਾ ਆ ਗਏ। ਤਿੰਨ ਸਾਲ ਤੱਕ ਘਰ ਵਿਚ ਨਜ਼ਰਬੰਦ ਰੱਖੇ ਗਏ। ਪਿੰਡ ਵਿਚ ਰਹਿ ਕੇ ਬਾਬਾ ਹਰਦਿੱਤ ਸਿੰਘ ਨੇ ਕਾਂਗਰਸ ਪਾਰਟੀ ਤੇ ਕਿਸਾਨ ਕਮੇਟੀ ਬਣਾਈ ਜਿਸ ਦੇ ਉਹ ਜ਼ਿਲ੍ਹਾ ਪ੍ਰਧਾਨ ਬਣਾਏ ਗਏ। ਉਨ੍ਹਾਂ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਲਾਮਬੰਦ ਕੀਤਾ। 9 ਸਤੰਬਰ 1963 ਨੂੰ ਉਹ ਪਿੰਡ ਲੰਮਾ ਜੱਟਪੁਰਾ ਵਿਚ ਚਲਾਣਾ ਕਰ ਗਏ। ਉਨ੍ਹਾਂ ਨੇ ਕਰੀਬ 22 ਸਾਲ ਤੱਕ ਆਜ਼ਾਦੀ ਸੰਗਰਾਮ ਲਈ ਜੇਲ੍ਹਾਂ ਕੱਟੀਆਂ ਤੇ ਕਾਲੇ ਪਾਣੀ ਦੀ ਸਜ਼ਾ ਵੀ ਕੱਟੀ।

ਪਰ ਅਫਸੋਸ ਕਿ ਉਸ ਮਹਾਨ ਗਦਰੀ ਦੇਸ਼ ਭਗਤ ਦੀ ਪਿੰਡ ਵਿਚ ਕੋਈ ਢੁਕਵੀਂ ਯਾਦਗਾਰ ਨਹੀਂ ਬਣੀ। ਉਨ੍ਹਾਂ ਦੇ ਪਰਿਵਾਰ ਨੂੰ ਕਿਸੇ ਵੀ ਸਰਕਾਰ ਵਲੋਂ 15 ਅਗਸਤ ਜਾਂ 26 ਜਨਵਰੀ ਨੂੰ ਸੱਦਾ ਨਹੀਂ ਭੇਜਿਆ ਗਿਆ ਅਤੇ ਨਾ ਹੀ ਕੋਈ ਮਾਣ-ਸਤਿਕਾਰ ਦਿੱਤਾ ਗਿਆ। ਭਾਵੇਂ ਸਰਕਾਰਾਂ ਦੇਸ਼ ਭਗਤਾਂ, ਸ਼ਹੀਦਾਂ ਦੇ ਪਿੰਡਾਂ ਨੂੰ ਸਹੂਲਤਾਂ ਦੇਣ ਦੇ ਵਾਅਦੇ ਤਾਂ ਕਰਦੀਆਂ ਆਈਆਂ ਹਨ ਪਰ ਸਭ ਗੰਧਲੀ ਸਿਆਸਤ ਦੀ ਭੇਟ ਚੜ੍ਹ ਜਾਂਦਾ ਹੈ।

ਪਿਛਲੇ ਕਈ ਸਾਲਾਂ ਤੋਂ ਪਿੰਡ ਵਿਚ ਗਦਰੀ ਦੇਸ਼ ਭਗਤ ਬਾਬਾ ਹਰਦਿੱਤ ਸਿੰਘ ਦੀ ਯਾਦਗਾਰ ਕਮੇਟੀ ਬਣੀ ਹੋਈ ਹੈ ਜੋ ਨਗਰ ਪੰਚਾਇਤ ਅਤੇ ਐਨ.ਆਰ.ਆਈ. ਭਰਾਵਾਂ ਦੀ ਮਦਦ ਨਾਲ ਪਿੰਡ ਵਿਚ ਹਰ ਸਾਲ 9 ਸਤੰਬਰ ਨੂੰ ਸ਼ਰਧਾਂਜਲੀ ਸਮਾਗਮ ਤੇ ਨਾਟਕ ਮੇਲਾ ਕਰਵਾਉਂਦੀ ਹੈ। ਭਾਵੇਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ ਮਾਸਟਰ ਕਮਿੱਕਰ ਸਿੰਘ ਦੇ ਯਤਨਾਂ ਸਦਕਾ ਬਾਬਾ ਹਰਦਿੱਤ ਸਿੰਘ ਦੀ ਫੋਟੋ ਲੱਗੀ ਹੋਈ ਹੈ ਪਰ ਨਗਰ ਨਿਵਾਸੀ ਸਕੂਲ ਵਿਚ ਜਾਂ ਕਿਸੇ ਢੁਕਵੀਂ ਜਗ੍ਹਾ ਉਨ੍ਹਾਂ ਦੀ ਯਾਦਗਾਰ ਬਣਾਉਣਾ ਚਾਹੁੰਦੇ ਹਨ। ਦੇਖੋ ਇਹ ਮੰਗ ਕਦੋਂ ਪੂਰੀ ਹੁੰਦੀ ਹੈ।

# ਅਮੁੱਕ ਸਫਰ

*(ਪਿਛਲੇ ਸਫੇ ਦੀ ਬਾਕੀ)*

ਅਸਮਰਥਾ ਜ਼ਾਹਰ ਕੀਤੀ। ਨਾ ਉਸ ਨੂੰ ਇਲਾਜ ਦਾ ਸਾਧਨ ਉਨ੍ਹਾਂ ਕੋਲ ਸੀ, ਨਾ ਹੀ ਦਵਾਈਆਂ ਵਾਸਤੇ ਪੈਸਾ। ਇਹ ਦੋਵੇਂ ਮਰੀਜ਼ ਮੌਤ ਵੱਲ ਵਧਦੇ ਦਿਖਾਈ ਦਿਤੇ। ਭੀਮਾ ਦੇ ਘਰ ਵਿਚ ਕਈ ਬੱਕਰੀਆਂ ਮੌਜੂਦ ਸਨ, ਫਿਰ ਵੀ ਉਸ ਦੇ ਘਰ ਵਾਲੇ ਉਸ ਨੂੰ ਹਸਪਤਾਲ ਲੈ ਕੇ ਜਾਣ ਲਈ ਤਿਆਰ ਨਹੀਂ ਸਨ। ਬੱਕਰੀਆਂ ਵੇਚ ਕੇ ਉਹ ਪੈਸੇ ਦਾ ਕੁਝ ਪ੍ਰਬੰਧ ਕਰ ਸਕਦੇ ਸਨ, ਪਰ ਕਬਾਇਲੀ ਅਜਿਹਾ ਕਿਉਂ ਨਹੀਂ ਕਰਦੇ, ਉਸ ਦਾ ਕਾਰਨ ਮੈਨੂੰ ਬਾਅਦ ਵਿਚ ਇਕ ਹੋਰ ਮਰੀਜ਼ ਨਾਲ ਗੱਲਬਾਤ ਕਰਨ ਤੋਂ ਬਾਅਦ ਮਿਲਿਆ। ਉਹ ਆਪਣੀਆਂ ਅੱਖਾਂ ਦੇ ਇਲਾਜ ਵਾਸਤੇ ਸਿਰਫ਼ ਇਸੇ ਲਈ ਆਪਣੀਆਂ ਬੱਕਰੀਆਂ ਨਹੀਂ ਸੀ ਵੇਚ ਰਿਹਾ, ਕਿਉਂਕਿ ਉਸ ਦੇ ਮਰਨ ਪਿਛੋਂ ਹੋਣ ਵਾਲੀ ਦਾਅਵਤ ਵਿਚ ਉਹ ਬੱਕਰੀਆਂ ਕੰਮ ਆਉਣੀਆਂ ਸਨ। ਉਹ ਨਹੀਂ ਸੀ ਚਾਹੁੰਦਾ ਕਿ ਉਸ ਦੇ ਮਰਨ ਪਿਛੋਂ ਪਿੰਡ ਵਾਲੇ ਚੰਗੀ ਦਾਅਵਤ ਤੋਂ ਬਿਨਾ ਹੀ ਰਹਿ ਜਾਣ। ਬੱਕਰੀਆਂ ਵੇਚ ਕੇ ਇਲਾਜ ਕਰਾਉਣ ਨਾਲੋਂ ਉਹ ਮੌਤ ਉਡੀਕਣ ਨੂੰ ਤਰਜੀਹ ਦਿੰਦਾ ਸੀ। ਹੋ ਸਕਦਾ ਹੈ, ਭੀਮਾ ਦੇ ਘਰ ਵਾਲੇ ਵੀ ਕੁਝ ਅਜਿਹਾ ਹੀ ਸੋਚਦੇ ਹੋਣ, ਕਿਉਂਕਿ ਜਦ ਉਨ੍ਹਾਂ ਨੂੰ ਬੱਕਰੀਆਂ ਵੇਚ ਕੇ ਭੀਮਾ ਦਾ ਇਲਾਜ ਕਰਨ ਲਈ ਕਿਹਾ ਗਿਆ ਸੀ ਤਾਂ ਉਹ ਚੁੱਪ ਰਹੇ ਸਨ।

"ਇਸ ਬੱਚੀ ਦਾ ਕੀ ਬਣੇਗਾ? ਮਾਂ ਬਾਪ ਵੀ ਨਹੀਂ ਹਨ ਜਿਹੜੇ ਫ਼ਿਕਰ ਕਰਨ। ਹੋਰ ਕਿਸੇ ਨੂੰ ਕੀ ਸਿਰਦਰਦੀ ਹੋਣੀ ਹੈ।" ਕੁਝ ਦੇਰ ਦੀ ਚੁੱਪ ਤੋਂ ਬਾਅਦ ਮੈਂ ਲੱਚੱਕਾ ਨੂੰ ਕਿਹਾ।

"ਮੈਂ ਇਸ ਨੂੰ ਮਰਨ ਨਹੀਂ ਦੇਵਾਂਗੀ। ਕਿੰਨੀ ਪਿਆਰੀ ਬੱਚੀ ਹੈ! ਮੈਂ ਡਾਕਟਰ ਨੂੰ ਇਥੇ ਹੀ ਲੈ ਕੇ ਆਵਾਂਗੀ।" ਲੱਚੱਕਾ ਨੇ ਜਾਣਨਾ ਚਾਹਿਆ ਕਿ ਉਸ ਬੱਚੀ ਦੇ ਇਲਾਜ ਵਾਸਤੇ ਕਿੰਨੀਆਂ ਕੁ ਬੱਕਰੀਆਂ ਵੇਚਣ ਦੀ ਜ਼ਰੂਰਤ ਪਵੇਗੀ। ਉਸ ਨੇ ਫ਼ੈਸਲਾ ਕਰ ਲਿਆ ਕਿ ਉਹ ਇਹ ਜ਼ਿੰਮਾ ਉਠਾਏਗੀ। ਸਭ ਤੋਂ ਨੇੜੇ ਦਾ ਹਸਪਤਾਲ ਅਠਾਰਾਂ ਕਿਲੋਮੀਟਰ ਦੂਰ ਸੀ। ਸਵਾਰੀ ਦਾ ਸਾਧਨ ਵੀ ਕੋਈ ਨਹੀਂ। ਸਾਰਾ ਰਸਤਾ ਪੈਦਲ। ਕਿਹੜਾ ਡਾਕਟਰ ਐਨਾ ਤਰੱਦਦ ਕਰੇਗਾ!

ਉਸ ਰਾਤ ਲੱਚੱਕਾ ਸੁੱਤੀ ਕਿ ਨਹੀਂ, ਮੈਂ ਨਹੀਂ ਜਾਣਦਾ। ਜਦੋਂ ਬਸੰਤੀ ਨੂੰ ਪਹਿਰੇਦਾਰੀ ਤੋਂ ਵਿਹਲਾ ਕੀਤਾ ਗਿਆ ਅਤੇ ਕੰਨੰਨਾ ਨੇ ਉਸ ਦੀ ਥਾਂ ਲਈ ਤਾਂ ਉਹ ਜਾਗ ਰਹੀ ਸੀ। ਸਵੇਰੇ ਜਦ ਉਠ ਕੇ ਮੈਂ ਦੇਖਿਆ ਤਾਂ ਲੱਚੱਕਾ ਮੌਜੂਦ ਨਹੀਂ ਸੀ। ਉਹ ਮੂੰਹ-ਹਨ੍ਹੇਰੇ ਹੀ ਪਿੰਡ ਚਲੀ ਗਈ ਹੋਈ ਸੀ ਜਿਥੇ ਉਸ ਨੇ ਮਹਿਲਾ ਸੰਘ ਦੀਆਂ ਔਰਤਾਂ ਨਾਲ ਉਸ ਬੱਚੀ ਦੀ ਦੇਖ-ਭਾਲ ਕਰਨ ਦੀ ਜ਼ਿੰਮੇਵਾਰੀ ਸਬੰਧੀ ਗੱਲਬਾਤ ਕੀਤੀ ਅਤੇ ਸਾਡੇ ਤੁਰਨ ਵੇਲੇ ਤੱਕ ਮੁੜ ਆਈ।

"ਹੁਣ ਕੋਈ ਚਿੰਤਾ ਨਹੀਂ, ਮਹਿਲਾ ਸੰਘ ਬੱਚੀ ਨੂੰ ਸੰਭਾਲ ਲਵੇਗਾ।" ਕੰਨੰਨਾ ਨੇ ਕਿਹਾ ਅਤੇ ਅਗਲਾ ਸਫ਼ਰ ਸ਼ੁਰੂ ਕਰਨ ਦਾ ਹੁਕਮ ਦਿਤਾ।

*(ਚਲਦਾ)*

# ਪੰਜਾਬ: ਹਿੰਸਾ ਦੀ ਸਿਆਸਤ

***ਵੱਖ-ਵੱਖ ਸਮਿਆਂ ਦੌਰਾਨ ਪੰਜਾਬ ਅਤੇ ਪੰਜਾਬੀਆਂ ਨੇ ਹਿੰਸਾ ਪਿੰਡੇ 'ਤੇ ਹੰਢਾਈ ਹੈ। ਦਿੱਲੀ ਯੂਨੀਵਰਸਿਟੀ ਵਿਚ ਪੜ੍ਹਾਉਂਦੇ ਨੌਜਵਾਨ ਚਿੰਤਕ ਯਾਦਵਿੰਦਰ ਸਿੰਘ ਨੇ ਇਸ ਹਿੰਸਾ ਦੀਆਂ ਜੜ੍ਹਾਂ ਫਰੋਲਣ ਦਾ ਯਤਨ ਆਪਣੇ ਇਸ ਲੇਖ ਵਿਚ ਕੀਤਾ ਹੈ ਅਤੇ ਸੂਖਮ ਹਿੰਸਾ ਦੀਆਂ ਤੱਦੀਆਂ ਬਾਰੇ ਲਿਖਿਆ ਹੈ। ਇਹ ਉਹ ਹਿੰਸਾ ਹੈ ਜੋ ਅਕਸਰ ਚਰਚਾ ਵਿਚ ਨਹੀਂ ਆਉਂਦੀ ਅਤੇ ਚਲੰਤ ਘਟਨਾਵਾਂ ਨੂੰ ਮੁੱਖ ਰੱਖ ਕੇ ਹੀ ਹਿੰਸਾ ਬਾਰੇ ਬਹਿਸ ਚੱਲਦੀ ਰਹਿੰਦੀ ਹੈ। ਸਥਾਪਤੀ ਵੀ ਸਦਾ ਇਹੀ ਚਾਹੁੰਦੀ ਹੈ ਕਿ ਮਸਲੇ ਦੀ ਜੜ੍ਹ ਤਕ ਪੁੱਜਣ ਦੀ ਥਾਂ ਲੋਕਾਂ ਨੂੰ ਚਲੰਤ ਚਰਚਾ ਨਾਲ ਹੀ ਵਰਾ ਲਿਆ ਜਾਵੇ। ਲੇਖਕ ਨੇ ਸਥਾਪਤੀ ਦੀ ਇਸ ਸੋਚ ਬਾਰੇ ਲੇਖ ਵਿਚ ਨੁਕਤੇ ਛੋਹੇ ਹਨ। -ਸੰਪਾਦਕ***

ਹਿੰਸਾ ਨੂੰ ਅਕਸਰ ਪ੍ਰਤੱਖ ਜਾਂ ਜ਼ਾਹਰ ਪੱਧਰ 'ਤੇ ਵਾਪਰਦੀਆਂ ਹਿੰਸਕ ਘਟਨਾਵਾਂ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਇਸੇ ਲਈ ਅਸੀਂ ਜਦੋਂ ਵੀ ਹਿੰਸਾ ਦੀ ਗੱਲ ਕਰਦੇ ਹਾਂ ਤਾਂ ਸੁੱਤੇ-ਸੁਭਾਅ ਹੀ ਇਸ ਨੂੰ ਜੰਗ, ਨਸਲਕੁਸ਼ੀ, ਕਤਲੇਆਮ ਜਾਂ ਦੰਗਿਆਂ ਜਿਹੀਆਂ ਘਟਨਾਵਾਂ ਨਾਲ ਜੋੜ ਲੈਂਦੇ ਹਾਂ। ਬਿਨਾ ਸ਼ੱਕ, ਇਹ ਸਭ ਵਰਤਾਰੇ ਹਿੰਸਾ ਦੀ ਬਣਤਰ ਦਾ ਹਿੱਸਾ ਹਨ, ਪਰ ਇਸ ਜ਼ਾਹਰ ਜਾਂ ਪ੍ਰਤੱਖ ਹਿੰਸਾ ਦੇ ਅੰਦਰਖਾਤੇ ਸੂਖਮ ਜਾਂ ਮਹੀਨ ਕਿਸਮ ਦੀ ਹਿੰਸਾ ਵੀ ਛੁਪੀ ਹੁੰਦੀ ਹੈ। ਅਜਿਹੀ ਲੁਕੀ ਹੋਈ ਹਿੰਸਾ ਕਿਸੇ ਸਿਆਸੀ ਜਾਂ ਆਰਥਿਕ ਪ੍ਰਬੰਧ ਦੀ ਬਣਤਰ ਵਿਚ ਸਮਾਈ ਹੁੰਦੀ ਹੈ ਅਤੇ ਹੁਕਮਰਾਨ ਜਮਾਤ ਦੀ ਵਿਚਾਰਧਾਰਾ ਰਾਹੀਂ ਪਰਵਾਨ ਚੜ੍ਹਦੀ ਹੈ, ਪਰ ਕਿਸੇ ਪ੍ਰਸ਼ਾਸਨਿਕ ਪ੍ਰਬੰਧ ਦਾ ਹਿੱਸਾ ਬਣੀ ਹਿੰਸਾ ਦੀ ਇਹ ਸਿਆਸਤ, ਅਕਸਰ ਸਾਡੇ ਵਿਸ਼ਲੇਸ਼ਣ ਦਾ ਹਿੱਸਾ ਨਹੀਂ ਬਣਦੀ।

ਸਲੋਵੀਨੀਅਨ ਚਿੰਤਕ ਜ਼ਿਜ਼ੇਕ ਦਾ ਮੰਨਣਾ ਹੈ ਕਿ ਪੂੰਜੀਵਾਦੀ ਅਰਥਚਾਰੇ ਵਿਚਲਾ ਅਸਾਵੇਂ ਵਿਕਾਸ ਦਾ ਮਾਡਲ ਅਜਿਹੀ ਸੂਖਮ ਹਿੰਸਾ ਦੀ ਮਿਸਾਲ ਹੈ। ਇਸ ਤਰ੍ਹਾਂ ਦੇ ਵਿਕਾਸ ਮਾਡਲ ਵਿਚ ਇਕ ਫਿਰਕੇ ਦੇ ਹਿੱਤਾਂ ਅਤੇ ਮੁਨਾਫੇ ਦੀ ਕੀਮਤ ਦੂਜੀਆਂ ਧਿਰਾਂ ਨੂੰ ਅਦਾ ਕਰਨੀ ਪੈਂਦੀ ਹੈ। ਦੇਖਣ ਨੂੰ ਤਾਂ ਇਹ ਵਰਤਾਰਾ ਬਹੁਤ ਸਿੱਧ-ਪਧਰਾ ਅਤੇ ਵਪਾਰਕ ਪੱਖ ਤੋਂ ਜਾਇਜ਼ ਜਾਪਦਾ ਹੈ, ਪਰ ਇਹ ਵਿਕਾਸ ਦੇ ਨਾਂ 'ਤੇ ਵੱਖ-ਵੱਖ ਸਮਾਜਿਕ ਸਮੂਹਾਂ

**ਯਾਦਵਿੰਦਰ ਸਿੰਘ**
**ਫੋਨ: +91-70420-73084**

ਵਿਚਕਾਰ ਦਰਜਾਬੰਦੀ ਉਸਾਰਦਾ ਹੈ। ਇਸ ਦਰਜਾਬੰਦੀ ਕਾਰਨ ਹਾਸ਼ੀਏ 'ਤੇ ਵਿਚਰ ਰਹੀ ਲੋਕਾਈ ਇਸ ਸੂਖਮ ਹਿੰਸਾ ਦਾ ਸ਼ਿਕਾਰ ਬਣਦੀ ਹੈ। ਲੁਕੀ ਹੋਈ ਇਹ ਹਿੰਸਾ ਹੀ ਅਗਾਂਹ ਪ੍ਰਤੱਖ ਜਾਂ ਜ਼ਾਹਰ ਪੱਧਰ 'ਤੇ ਵਾਪਰਦੀ ਹਿੰਸਾ ਲਈ ਜ਼ਮੀਨ ਤਿਆਰ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ।

ਪੰਜਾਬ ਦੀ ਸਰਜ਼ਮੀਨ 'ਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਅਤੇ ਇਸ ਦੇ ਵਿਰੋਧ ਵਿਚੋਂ ਉਪਜੀ ਹਿੰਸਾ-ਪ੍ਰਤੀ-ਹਿੰਸਾ ਨੇ ਸਿਆਸੀ ਮੁਹਾਜ਼ 'ਤੇ ਕਈ ਨਵੀਆਂ ਕਿਆਸਰਾਈਆਂ ਨੂੰ ਜਨਮ ਦਿੱਤਾ ਹੈ। ਇਸ ਵਰਤਾਰੇ ਦਾ ਵਿਸ਼ਲੇਸ਼ਣ ਕਰਨ ਸਮੇਂ ਦੋ ਤਰ੍ਹਾਂ ਦੇ ਵਿਚਾਰ ਸਾਹਮਣੇ ਆਏ ਹਨ- ਪਹਿਲੇ ਵਿਚਾਰ ਮੁਤਾਬਕ ਇਸ ਘਟਨਾਕ੍ਰਮ ਦੀਆਂ ਜੜ੍ਹਾਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੁੜੀਆਂ ਹਨ। ਦੂਜਾ ਵਿਚਾਰ ਇਸ ਰੋਹ ਪਿੱਛੇ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਮੁੱਖ ਕਾਰਨ ਵਜੋਂ ਵਿਚਾਰਦਾ ਹੈ। ਕੁੱਲ ਮਿਲਾ ਕੇ ਇਸ ਸਮੁੱਚੇ ਘਟਨਾਕ੍ਰਮ ਨੂੰ ਸਿਆਸੀ ਜਾਂ ਧਾਰਮਿਕ ਪ੍ਰਸੰਗਾਂ ਵਿਚ ਹੀ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਤਰ੍ਹਾਂ ਦੇ ਵਿਸ਼ਲੇਸ਼ਣ ਵਿਚੋਂ ਪੰਜਾਬ ਦੀ ਰਹਿਤਲ ਵਿਚ ਸਮਾਈ ਉਸ ਹਿੰਸਾ ਨੂੰ ਅਣਗੌਲਿਆ ਕਰ ਦਿੱਤਾ ਗਿਆ ਹੈ ਜਿਸ ਨੂੰ ਜ਼ਿਜ਼ੇਕ ਸੂਖਮ ਹਿੰਸਾ ਕਹਿੰਦਾ ਹੈ। ਇਸ ਲੇਖ ਦਾ ਮਕਸਦ ਪੰਜਾਬ ਦੇ ਸਮਾਜਿਕ-ਸਭਿਆਚਾਰਕ ਸਪੇਸ ਨਾਲ ਜੁੜੀ ਅਜਿਹੀ ਸੂਖਮ ਹਿੰਸਾ ਦੀ ਨਿਸ਼ਾਨਦੇਹੀ ਕਰਨਾ ਹੈ ਜੋ ਅਗਾਂਹ ਪ੍ਰਤੱਖ ਜਾਂ ਜ਼ਾਹਰ ਹਿੰਸਾ ਨੂੰ ਜਨਮ ਦਿੰਦੀ ਹੈ।

ਗੁਰੂ ਗ੍ਰੰਥ ਸਾਹਿਬ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਅਤੇ ਇਸ ਤੋਂ ਬਾਅਦ ਦੇ ਸਮੁੱਚੇ ਘਟਨਾਕ੍ਰਮ ਨੂੰ ਵਿਚਾਰਨ ਸਮੇਂ ਸਮਕਾਲੀ ਹਾਲਾਤ ਨੂੰ ਹੀ ਧਿਆਨ ਵਿਚ ਰੱਖਿਆ ਗਿਆ ਹੈ, ਪਰ ਇਸ ਵਰਤਾਰੇ ਨਾਲ ਵੱਡੀ ਗਿਣਤੀ ਵਿਚ ਜੁੜੇ ਪੰਜਾਬੀਆਂ ਦੇ ਰੋਹ ਕਾਰਨ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਨੂੰ ਸਿਵਲ ਸਮਾਜ ਵਿਚ ਵਾਪਰ ਰਹੇ ਬਦਲਾਓ ਦੇ ਨੁਕਤੇ ਤੋਂ ਵੀ ਵਿਚਾਰਿਆ ਜਾਵੇ। ਨਰਮਾ ਪੱਟੀ ਦੇ ਕਿਸਾਨਾਂ ਦਾ ਸੰਕਟ, ਡੇਰਾ ਮੁਖੀ ਨੂੰ ਅਕਾਲ ਤਖਤ ਤੋਂ ਮਿਲੀ ਮੁਆਫੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਜਿਹੇ ਤਤਕਾਲੀ ਕਾਰਨ ਭਾਵੇਂ ਇਨ੍ਹਾਂ ਹਾਲਾਤ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਨਜ਼ਰ ਆਉਂਦੇ ਹਨ, ਪਰ ਪੰਜਾਬ ਦੀ ਰਹਿਤਲ ਨਾਲ ਜੁੜੇ ਕੁਝ ਸਭਿਆਚਾਰਕ ਅਤੇ ਇਤਿਹਾਸਕ ਕਾਰਨਾਂ ਨੂੰ ਵੀ ਇਸ ਪ੍ਰਸੰਗ ਵਿਚ ਵਿਚਾਰਿਆ ਜਾਣਾ ਜ਼ਰੂਰੀ ਹੈ। ਪੰਜਾਬ ਦੇ ਇਸ ਅਤੀਤ ਨੂੰ ਸਮਝੇ ਬਿਨਾ ਸਮਕਾਲੀ ਹਾਲਾਤ ਦੀ ਵਿਆਖਿਆ ਇਕਪਾਸੜ ਹੋਣ ਦੀ ਗੁੰਜਾਇਸ਼ ਬਣੀ ਰਹਿੰਦੀ ਹੈ।

ਆਧੁਨਿਕ ਪੰਜਾਬ ਦੀ ਰਹਿਤਲ ਵਿਚਲੀ ਇਸ ਸੂਖਮ ਹਿੰਸਾ ਦੀ ਸ਼ੁਰੂਆਤ ਪੰਜਾਬ ਦੇ ਬਰਤਾਨਵੀ ਸਾਮਰਾਜ ਦਾ ਹਿੱਸਾ ਬਣਨ ਦੇ ਸਮੇਂ ਤੋਂ ਹੀ ਹੋ ਜਾਂਦੀ ਹੈ। ਹਿੰਦੋਸਤਾਨ ਵਿਚ ਬਰਤਾਨਵੀ ਬਸਤੀਵਾਦ ਸਥਾਪਤ ਹੋਣ ਤੋਂ ਪਹਿਲਾਂ ਜਿੰਨੇ ਵੀ ਧਾੜਵੀ ਆਏ, ਉਨ੍ਹਾਂ ਦਾ ਮਕਸਦ ਇਥੋਂ ਦੇ ਧਨ-ਦੌਲਤ ਦੀ ਲੁੱਟ-ਖਸੁੱਟ ਕਰਨਾ ਸੀ, ਪਰ ਬਰਤਾਨਵੀ ਸਾਮਰਾਜ ਨੇ ਇਸ ਖਿੱਤੇ ਦੀ ਆਰਥਿਕਤਾ ਨੂੰ ਇਕ ਪ੍ਰਬੰਧ ਤਹਿਤ ਲਿਆਂਦਾ। ਨਤੀਜੇ ਵਜੋਂ ਇਹ ਖਿੱਤਾ ਪਹਿਲੀ ਵਾਰ ਪੂੰਜੀ ਦੀ ਵਿਚੋਲਗੀ ਨਾਲ ਜੁੜਿਆ। ਇਸੇ ਕਰ ਕੇ ਕਾਰਲ ਮਾਰਕਸ ਬਸਤੀਵਾਦੀ ਦੌਰ ਨੂੰ ਹਿੰਦੋਸਤਾਨ ਦੇ ਇਤਿਹਾਸ ਵਿਚ ਦਾਖਲ ਹੋਣ ਦਾ ਮੁਢਲਾ ਪੜਾਅ ਮੰਨਦਾ ਹੈ। ਬਰਤਾਨਵੀ ਸ਼ਾਸਨ ਦਾ ਇਹ ਸਾਮਰਾਜਵਾਦੀ ਪ੍ਰੋਜੈਕਟ ਪੂੰਜੀਵਾਦੀ ਮਾਡਲ 'ਤੇ ਉਸਰਿਆ ਹੋਣ ਕਾਰਨ ਨਿੱਜੀ ਮੁਨਾਫੇ ਨਾਲ ਜੁੜਿਆ ਸੀ ਜਿਸ ਕਾਰਨ ਇਸ ਦੀ ਬਣਤਰ ਵਿਚ ਖਾਸ ਕਿਸਮ ਦੀ ਸੂਖਮ ਹਿੰਸਾ ਮੌਜੂਦ ਸੀ।

ਉਂਜ ਤਾਂ ਬਰਤਾਨਵੀ ਬਸਤੀਵਾਦ ਨੇ ਸਮੁੱਚੇ ਹਿੰਦੋਸਤਾਨ ਨੂੰ ਪ੍ਰਸ਼ਾਸਕੀ ਢਾਂਚੇ ਤਹਿਤ ਲਿਆਂਦਾ, ਪਰ ਆਪਣੀ ਕੁਦਰਤੀ ਹਾਲਤ, ਉਪਜਾਊ ਜ਼ਮੀਨ ਅਤੇ ਹੋਰ ਕਾਰਨਾਂ ਕਰ ਕੇ ਪੰਜਾਬ ਨੂੰ ਇਸ ਹਿੰਸਾ ਦਾ ਸੰਤਾਪ ਵਧੇਰੇ ਝੱਲਣਾ ਪਿਆ। ਪੰਜਾਬ ਦੀ ਉਪਜਾਊ ਜ਼ਮੀਨ ਅਤੇ ਸਸਤੀ ਕਿਰਤ, ਅੰਗਰੇਜ਼ ਸਰਕਾਰ ਦੀ ਪੂੰਜੀਵਾਦੀ ਨੀਤੀ ਲਈ ਵਧੇਰੇ ਲਾਹੇਵੰਦ ਸਾਬਤ ਹੋਈ। ਪੰਜਾਬ ਨੂੰ ਬਰਤਾਨਵੀ ਸਾਮਰਾਜ ਦਾ ਹਿੱਸਾ ਬਣਾਉਣ ਤੋਂ ਤੁਰੰਤ ਬਾਅਦ 1850 ਵਿਚ ਹਿੰਦੋਸਤਾਨ ਦੇ ਤਤਕਾਲੀ ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ ਪੰਜਾਬ ਦੌਰੇ ਦੌਰਾਨ ਆਪਣੀ ਨਿੱਜੀ ਡਾਇਰੀ ਵਿਚ ਲਿਖਿਆ- "ਹਰ ਥਾਂ 'ਤੇ ਮੈਨੂੰ ਅਧਿਕ ਤੌਰ 'ਤੇ ਉਪਜਾਊ ਜ਼ਮੀਨ ਮਿਲੀ, ਜਿਹੜੀ ਅਜੇ ਬੰਜਰ ਲੱਗਦੀ ਹੈ, ਪਰ ਇਸ ਨੂੰ ਸਿਰਫ ਪਾਣੀ ਦੀ ਲੋੜ ਹੈ ਜਿਹੜਾ ਉਸ ਨੂੰ ਮਹਾਨ ਪੈਦਾਵਾਰੀ ਖਿੱਤਿਆਂ ਵਿਚ ਬਦਲ ਦੇਵੇਗਾ।" (ਜੋਗਿੰਦਰ ਸ਼ਮਸ਼ੇਰ, 1919 ਦਾ ਪੰਜਾਬ, ਸਫਾ 31, ਨਵਯੁੱਗ ਪ੍ਰਕਾਸ਼ਨ, ਨਵੀਂ ਦਿੱਲੀ)

ਪਹਿਲੀ ਸੰਸਾਰ ਜੰਗ ਦੌਰਾਨ ਪੰਜਾਬੀਆਂ ਵੱਲੋਂ ਬਰਤਾਨੀਆ ਸਾਮਰਾਜ ਦੇ ਹੱਕ ਵਿਚ ਨਿਭਾਈ ਸਰਗਰਮ ਫੌਜੀ ਭੂਮਿਕਾ ਪਿੱਛੇ ਵੀ ਇਸ ਤਰ੍ਹਾਂ ਦੀ ਸੂਖਮ ਹਿੰਸਾ ਨੂੰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਜੋਗਿੰਦਰ ਸ਼ਮਸ਼ੇਰ ਨੇ ਆਪਣੀ ਪੁਸਤਕ '1919 ਦਾ ਪੰਜਾਬ' ਵਿਚ ਇਸ ਸਬੰਧੀ ਵਿਸਥਾਰ ਨਾਲ ਚਰਚਾ ਕੀਤੀ ਹੈ।

"ਜੰਗ ਤੋਂ ਪਹਿਲਾਂ ਪੰਜਾਬ ਦੀ ਆਰਥਿਕ ਹਾਲਤ ਬੜੀ ਮੰਦੀ ਸੀ। ਪੰਜਾਬ ਦੀ ਔਸਤ ਆਮਦਨ ਤੀਹ ਰੁਪਏ ਸਾਲਾਨਾ ਸੀ।... ਇਹ ਇਕ ਮਹੱਤਵਪੂਰਨ ਕਾਰਨ ਸੀ ਜਿਸ ਕਰ ਕੇ ਸਰਕਾਰ ਨੂੰ ਜੰਗ ਦੇ ਮੁਢਲੇ ਦਿਨਾਂ ਵਿਚ ਫੌਜਾਂ ਵਿਚ ਰੰਗਰੂਟ ਭਰਤੀ ਕਰਨ ਵਿਚ ਕੋਈ ਵਧੇਰੇ ਮੁਸ਼ਕਿਲ ਨਹੀਂ ਆਈ। ਇਕੱਲੇ ਪੰਜਾਬ ਵਿਚੋਂ 3,95,492 ਫੌਜੀ ਭਰਤੀ ਕੀਤੇ ਗਏ ਅਤੇ ਲਗਭਗ ਦੋ ਕਰੋੜ ਰੁਪਿਆ 'ਵਾਰ ਫੰਡ' ਉਗਰਾਹਿਆ ਗਿਆ। ਗਿਆਰਾਂ ਕਰੋੜ ਰੁਪਿਆ ਜੰਗੀ ਕਰਜ਼ਾ ਇਕੱਠਾ ਕੀਤਾ ਗਿਆ।" (1919 ਦਾ ਪੰਜਾਬ, ਸਫਾ 34-35)

ਇਨ੍ਹਾਂ ਅੰਕੜਿਆਂ ਤੋਂ ਵੱਧ ਇਸ ਸੂਖਮ ਹਿੰਸਾ ਦੀ ਕਹਾਣੀ ਨੂੰ ਉਨ੍ਹਾਂ ਪੰਜਾਬਣਾਂ ਦੇ ਬੋਲ ਜ਼ੁਬਾਨ ਦਿੰਦੇ ਹਨ ਜਿਨ੍ਹਾਂ ਦੇ ਪਤੀ ਜਾਂ ਸਕੇ-ਸਬੰਧੀ ਇਸ ਜੰਗ ਦਾ ਹਿੱਸਾ ਬਣੇ: 'ਬਸਰੇ ਦੀ ਲਾਮ ਟੁੱਟ ਜੇ, ਮੈਂ ਰੰਡੀਓਂ ਸੁਹਾਗਣ ਹੋਵਾਂ।' ਪੰਜਾਬ ਦਾ ਇਹ ਲੋਕ ਸਾਹਿਤ, ਉਸ ਸੂਖਮ ਹਿੰਸਾ ਦਾ ਬਿਰਤਾਂਤ ਹੈ ਜਿਸ ਨੂੰ ਪੰਜਾਬਣਾਂ ਨੇ ਆਪਣੀ ਦੇਹ 'ਤੇ ਤਾਂ ਭੋਗਿਆ, ਪਰ ਸਮਾਜਿਕ ਅਤੇ ਆਰਥਿਕ ਅੰਕੜਿਆਂ 'ਤੇ ਆਧਾਰਿਤ ਦਸਤਾਵੇਜ਼ਾਂ ਵਿਚੋਂ ਇਸ ਨੂੰ ਅਣਗੌਲਿਆ ਕਰ ਦਿੱਤਾ ਗਿਆ। ਇਸ ਤਰ੍ਹਾਂ ਬਰਤਾਨਵੀ ਬਸਤੀਵਾਦ ਦਾ ਸਮਾਜਿਕ-ਆਰਥਿਕ ਪ੍ਰਬੰਧ ਉਸ ਸੂਖਮ ਹਿੰਸਾ ਦੀ ਪਹਿਲੀ ਕੜੀ ਹੈ ਜਿਸ ਲਈ ਪੰਜਾਬੀ ਬੰਦਾ ਜੰਗ ਦੀ ਭੱਠੀ ਦਾ ਬਾਲਣ ਬਣਦਾ ਹੈ। ਪਰਵਾਸੀ ਹੋਏ ਪੰਜਾਬੀ ਬੰਦੇ ਨੂੰ ਜਦੋਂ ਇਸ ਹਾਲਤ ਦੀ ਸਮਝ ਪੈਂਦੀ ਹੈ ਤਾਂ ਉਸ ਦਾ ਪ੍ਰਤੀ-ਉਤਰ ਗਦਰ ਲਹਿਰ ਵਜੋਂ ਉਭਰ ਕੇ ਸਾਹਮਣੇ ਆਉਂਦਾ ਹੈ ਜਿਸ ਦਾ ਮਕਸਦ ਹਿੰਸਕ ਵਿਦਰੋਹ ਰਾਹੀਂ ਅੰਗਰੇਜ਼ੀ ਸਾਮਰਾਜ ਦੀਆਂ ਜੜ੍ਹਾਂ ਪੁੱਟ ਦੇਣ ਨਾਲ ਜਾ ਜੁੜਦਾ ਹੈ।

ਪੰਜਾਬ ਵਿਚਲੀ ਸੂਖਮ ਹਿੰਸਾ ਦੀ ਸਿਆਸਤ ਨੂੰ ਸਮਝਣ ਲਈ ਅੰਗਰੇਜ਼ੀ ਸਾਮਰਾਜ ਪ੍ਰਤੀ ਪੰਜਾਬੀਆਂ ਦੀ ਨਾਬਰੀ ਦੇ ਨਾਲ-ਨਾਲ ਭਾਰਤੀ ਰਾਸ਼ਟਰਵਾਦ ਦੀ ਬਣਤਰ ਨੂੰ ਵਿਚਾਰਨਾ ਵੀ ਜ਼ਰੂਰੀ ਹੈ। ਪਹਿਲਾਂ-ਪਹਿਲ ਯੂਰਪ ਦੇ ਸਨਅਤੀਕਰਨ ਪੱਖੋਂ ਅਗਾਂਹਵਧੂ ਮੁਲਕਾਂ ਵਿਚਲੇ ਮੱਧ ਵਰਗ ਨੇ ਸਾਂਝੇ ਵਿਰਸੇ ਨੂੰ ਆਧਾਰ ਬਣਾ ਕੇ ਆਪੋ-ਆਪਣੇ ਰਾਸ਼ਟਰਾਂ ਦੀ ਸਥਾਪਨਾ ਕੀਤੀ। ਇਨ੍ਹਾਂ ਮੁਲਕਾਂ ਦੀ ਨਕਲ ਵਿਚ ਹੀ ਤੀਜੀ ਦੁਨੀਆ ਦੇ ਮੱਧ ਵਰਗ ਨੇ ਵੀ ਬਸਤੀਵਾਦ ਤੋਂ ਮੁਕਤੀ ਹਾਸਲ ਕਰਨ ਲਈ ਆਪਣੇ ਵੱਖਰੇ ਰਾਸ਼ਟਰਾਂ ਦੀ ਨਿਰਮਾਣਕਾਰੀ ਦਾ ਸੁਪਨਾ ਬੁਣਿਆ।

ਪੱਛਮੀ ਪੂੰਜੀਵਾਦ ਅਤੇ ਸਨਅਤੀਕਰਨ ਦੀਆਂ ਲੋੜਾਂ ਵਿਚੋਂ ਪਨਪਿਆ ਰਾਸ਼ਟਰ ਦਾ ਸੰਕਲਪ ਭੂਗੋਲਿਕ ਹੋਣ ਨਾਲੋਂ ਸਭਿਆਚਾਰਕ ਹਾਲਾਤ ਨਾਲ ਵਧੇਰੇ ਜੁੜਿਆ ਹੈ। ਦੁਨੀਆ ਦਾ ਕੋਈ ਵੀ ਦੇਸ਼/ਰਾਜ ਕੁਦਰਤੀ ਤੌਰ 'ਤੇ ਮੌਜੂਦ ਨਹੀਂ ਸੀ, ਬਲਕਿ ਇਸ ਨੂੰ ਰਾਜਨੀਤਕ ਸਰਹੱਦਾਂ ਰਾਹੀਂ ਉਸਾਰਿਆ ਗਿਆ ਹੈ। ਭਾਰਤ ਨੇ ਰਾਸ਼ਟਰਵਾਦ ਦਾ ਸੰਕਲਪ ਯੂਰਪ ਤੋਂ ਉਧਾਰਾ ਲਿਆ ਜਿਥੇ ਸਾਂਝੀ ਭਾਸ਼ਾ ਅਤੇ ਸਾਂਝਾ ਧਰਮ ਕਿਸੇ ਰਾਸ਼ਟਰ ਦੀ ਉਸਾਰੀ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਭਾਰਤ ਜਿਹੇ ਬਹੁ-ਸਭਿਆਚਾਰਕ ਅਤੇ ਬਹੁ-ਭਾਸ਼ਾਈ ਮੁਲਕ ਵਿਚ ਹਕੀਕਤ ਦੇ ਪੱਧਰ 'ਤੇ ਅਜਿਹਾ ਸੰਭਵ ਨਹੀਂ ਹੋ ਸਕਿਆ, ਕਿਉਂਕਿ ਇਥੇ ਅਨੇਕਾਂ ਜ਼ੁਬਾਨਾਂ ਬੋਲਣ ਵਾਲੇ ਅਤੇ ਕਈ ਧਰਮਾਂ ਨੂੰ ਮੰਨਣ ਵਾਲੇ ਲੋਕ ਰਹਿੰਦੇ ਹਨ। ਇਨ੍ਹਾਂ ਸਭਿਆਚਾਰਕ ਵਖਰੇਵਿਆਂ ਕਾਰਨ ਏਕਤਾ ਦਾ ਇਹ ਸਬਕ ਵੱਖ-ਵੱਖ ਕੌਮਾਂ ਨੂੰ ਲੰਮੇ ਸਮੇਂ ਤੱਕ ਇਕੱਠਾ ਰੱਖਣ ਵਿਚ ਨਾਕਾਮ ਸਾਬਤ ਹੋਇਆ।

ਭਾਰਤੀ ਰਾਸ਼ਟਰਵਾਦ ਨੇ ਵੱਖ-ਵੱਖ ਧਰਮਾਂ, ਜਾਤਾਂ ਅਤੇ ਫਿਰਕਿਆਂ ਦੇ ਲੋਕਾਂ ਵਿਚਕਾਰ ਅਜਿਹੀ ਸਾਂਝੀ ਤੰਦ ਉਸਾਰਨ ਦੀ ਕੋਸ਼ਿਸ਼ ਕੀਤੀ ਜੋ ਹਕੀਕਤ ਵਿਚ ਕਿਤੇ ਮੌਜੂਦ ਹੀ ਨਹੀਂ ਸੀ। 'ਅਨੇਕਤਾ ਵਿਚ ਏਕਤਾ' ਦਾ ਨਾਅਰਾ ਦੇ ਕੇ ਇਸ ਸਾਂਝ ਨੂੰ ਮਜ਼ਬੂਤ ਕਰਨ ਦਾ ਯਤਨ ਕੀਤਾ ਗਿਆ। ਇਸ ਨਾਅਰੇ ਵਿਚਲੀ ਊਣਤਾਈ ਇਹ ਸੀ ਕਿ ਜਿਥੇ ਸਿਧਾਂਤਕ ਪੱਖੋਂ ਰਾਸ਼ਟਰਵਾਦ ਦਾ ਸੰਕਲਪ ਸਮੁੱਚੇ ਮੁਲਕ ਦੇ ਲੋਕਾਂ ਨੂੰ ਬਰਾਬਰੀ ਅਤੇ ਭਾਈਚਾਰੇ ਦੀ ਗਾਰੰਟੀ ਦਿੰਦਾ ਸੀ, ਉਥੇ ਵਿਹਾਰਕ ਪੱਖੋਂ ਅਜਿਹਾ ਸੰਭਵ ਨਹੀਂ ਹੋ ਸਕਿਆ। ਇਸ ਦਾ ਨਤੀਜਾ ਇਹ ਨਿਕਲਿਆ ਕਿ ਭਾਰਤੀ ਰਾਸ਼ਟਰਵਾਦ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪ੍ਰਭੂਸੱਤਾਸ਼ਾਲੀ ਕੌਮਵਾਦ ਵਿਚ ਤਬਦੀਲ ਹੋ ਗਿਆ। ਭਾਰਤ ਦੀਆਂ ਵੱਖ-ਵੱਖ ਕੌਮੀਅਤਾਂ ਆਪਣੀ ਵਿਲੱਖਣ ਪਛਾਣ ਦੇ ਬਾਵਜੂਦ ਸਾਂਝੇ ਰਾਸ਼ਟਰਵਾਦੀ ਏਜੰਡੇ ਵਿਚੋਂ ਆਪਣੀ ਹੋਣੀ ਦੇ ਅਰਥ ਲੱਭਣ ਲੱਗੀਆਂ।



*ਵੰਡ ਵਾਲੀ ਹਿੰਸਾ: 1947 ਦੇ ਉਜਾੜੇ ਵੇਲੇ ਕੈਂਪ ਵਿਚ ਰੁਲ ਰਹੇ ਪੰਜਾਬੀ।*

ਮੁਲਕ ਦੀ ਆਜ਼ਾਦੀ ਲਈ ਵੱਖ-ਵੱਖ ਸਮਾਜਿਕ ਸਮੂਹਾਂ ਵੱਲੋਂ ਛੇੜੇ ਸੰਘਰਸ਼ ਦੌਰਾਨ ਭਾਰਤੀ ਰਾਸ਼ਟਰਵਾਦ ਮਹਾਂਬਿਰਤਾਂਤ ਵਜੋਂ ਉਭਰ ਕੇ ਸਾਹਮਣੇ ਆਇਆ, ਅਜਿਹਾ ਮਹਾਂਬਿਰਤਾਂਤ ਜਿਸ ਵਿਚ ਵੱਖ-ਵੱਖ ਕੌਮੀਅਤਾਂ ਆਪਣੀਆਂ ਸਭਿਆਚਾਰਕ ਪਛਾਣਾਂ ਤੋਂ ਟੁੱਟ ਕੇ ਸਾਂਝੇ ਅਤੀਤ ਵਿਚੋਂ ਉਪਜੀਆਂ ਪ੍ਰਤੀਤ ਹੁੰਦੀਆਂ ਹਨ।

ਪੰਜਾਬ ਆਪਣੇ ਇਤਿਹਾਸਕ ਪਿਛੋਕੜ ਦੌਰਾਨ ਕਦੇ ਵੀ ਭਾਰਤੀ ਰਾਸ਼ਟਰ ਦਾ ਉਸ ਤਰ੍ਹਾਂ ਦਾ ਹਿੱਸਾ ਨਹੀਂ ਰਿਹਾ ਜਿਸ ਤਰ੍ਹਾਂ ਇਸ ਨੂੰ ਰਾਸ਼ਟਰਵਾਦੀ ਬਿਰਤਾਂਤ ਰਾਹੀਂ ਉਸਾਰਿਆ ਗਿਆ। ਪੰਜਾਬ ਦੀ ਵਿਲੱਖਣ ਪਛਾਣ ਵੀ ਇਸ ਕੌਮੀ ਪਛਾਣ ਦੁਆਲੇ ਕੇਂਦਰਤ ਹੋ ਗਈ ਅਤੇ ਪੰਜਾਬ, ਭਾਰਤ ਦੀ 'ਖੜਗ ਭੁਜਾ' ਦੇ ਰੂਪ ਵਿਚ ਪਰਿਭਾਸ਼ਤ ਹੋਣ ਲੱਗਾ। ਨਤੀਜੇ ਵਜੋਂ 'ਚੜ੍ਹਿਆ ਹਿੰਦ 'ਤੇ ਕਟਕ ਪੰਜਾਬ ਦਾ ਜੀ' ਦੀ ਥਾਂ ਪੰਜਾਬ ਹਿੰਦੋਸਤਾਨ ਦੇ ਕੌਮੀ ਪ੍ਰਵਚਨ ਵਿਚਲੇ ਰੰਗਾਂ ਵਿਚ ਰੰਗਿਆ ਗਿਆ।

ਬਸਤੀਵਾਦੀ ਦੌਰ ਵਿਚ ਪੰਜਾਬ ਅੰਦਰ ਬਰਤਾਨਵੀ ਸਾਮਰਾਜ ਖਿਲਾਫ਼ ਉਭਰੀਆਂ ਸਮਾਜਿਕ-ਧਾਰਮਿਕ ਲਹਿਰਾਂ ਦੀ ਕਾਰਜ ਪ੍ਰਣਾਲੀ ਨੂੰ ਵੀ ਇਸ ਪ੍ਰਸੰਗ ਵਿਚ ਵਿਚਾਰਨ ਦੀ ਲੋੜ ਹੈ। ਸਿੰਘ ਸਭਾ ਤੇ ਆਰੀਆ ਸਮਾਜ ਜਿਹੀਆਂ ਇਨ੍ਹਾਂ ਲਹਿਰਾਂ ਨੂੰ ਬਸਤੀਵਾਦੀ ਸਾਮਰਾਜ ਦੀ ਮੁਖ਼ਾਲਫ਼ਤ ਵਿਚੋਂ ਉਪਜੀਆਂ ਲਹਿਰਾਂ ਮੰਨਿਆ ਜਾਂਦਾ ਹੈ। ਇਸ ਸਬੰਧੀ ਭਾਰੂ ਮਤ ਇਹ ਰਿਹਾ ਹੈ ਕਿ ਬਰਤਾਨਵੀ ਬਸਤੀਵਾਦ ਦੇ ਵਿਰੋਧ ਵਿਚੋਂ ਇਨ੍ਹਾਂ ਲਹਿਰਾਂ ਦਾ ਜਨਮ ਹੋਇਆ, ਪਰ ਜੇ ਇਨ੍ਹਾਂ ਲਹਿਰਾਂ ਦੀ ਕਾਰਜ ਪ੍ਰਣਾਲੀ ਨੂੰ ਗਹੁ ਨਾਲ ਦੇਖਿਆ ਜਾਵੇ ਤਾਂ ਸਮਝ ਆਉਂਦੀ ਹੈ ਕਿ ਇਨ੍ਹਾਂ ਲਹਿਰਾਂ ਦਾ ਵਧੇਰੇ ਜ਼ੋਰ ਦੂਜੇ ਭਾਰਤੀ ਧਰਮਾਂ ਖਿਲਾਫ ਆਪਣੀਆਂ ਰਵਾਇਤੀ ਪਛਾਣਾਂ ਬਚਾਉਣ ਨਾਲ ਵਧੇਰੇ ਜੁੜਿਆ ਸੀ।

ਇਸੇ ਲਈ ਭਾਈ ਵੀਰ ਸਿੰਘ ਦੇ ਨਾਵਲਾਂ ਦੇ ਖਲਨਾਇਕ ਪਾਤਰ ਅੰਗਰੇਜ਼ਾਂ ਦੀ ਥਾਂ ਮੁਸਲਮਾਨ ਬਣਦੇ ਹਨ ਅਤੇ ਆਰੀਆ ਸਮਾਜ ਦਾ ਮੁੱਖ ਏਜੰਡਾ ਪੰਜਾਬੀ ਭਾਸ਼ਾ ਦਾ ਵਿਰੋਧ ਕਰਨਾ ਹੋ ਨਿਬੜਦਾ ਹੈ। ਇਸ ਤੋਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਪ੍ਰਤੱਖ ਜਾਂ ਜ਼ਾਹਰ ਹਿੰਸਾ ਬੇਸ਼ੱਕ ਸੂਖਮ ਹਿੰਸਾ ਪ੍ਰਤੀ ਨਾਬਰੀ ਵਿਚੋਂ ਆਕਾਰ ਗ੍ਰਹਿਣ ਕਰਦੀ ਹੈ, ਪਰ ਇਸ ਦੀ ਦਿਸ਼ਾ ਤੈਅਸ਼ੁਦਾ ਨਹੀਂ ਹੁੰਦੀ; ਅਰਥਾਤ, ਤਤਕਾਲੀ ਕਾਰਨਾਂ ਕਰ ਕੇ ਇਸ ਪ੍ਰਤੀ-ਹਿੰਸਾ ਦਾ ਝੁਕਾਅ ਕਿਸੇ ਹੋਰ ਪਾਸੇ ਵੀ ਹੋ ਸਕਦਾ ਹੈ।

ਪੰਜਾਬ ਵੰਡ ਦੌਰਾਨ ਵਾਪਰਿਆ ਕਤਲੇਆਮ ਸੂਖਮ ਹਿੰਸਾ ਤੋਂ ਉਪਜੀ ਪ੍ਰਤੱਖ ਹਿੰਸਾ ਦੇ ਲੀਹੋਂ ਲਹਿ ਜਾਣ ਜਾਂ ਦਿਸ਼ਾਹੀਣ ਹੋਣ ਦੀ ਇਕ ਹੋਰ ਮਿਸਾਲ ਕਹੀ ਜਾ ਸਕਦੀ ਹੈ। ਵੰਡ ਦੌਰਾਨ ਵਾਪਰੀ ਪ੍ਰਤੱਖ ਹਿੰਸਾ ਪਿੱਛੇ ਵੀ ਕਿਸੇ ਨਾ ਕਿਸੇ ਰੂਪ ਵਿਚ ਬਸਤੀਵਾਦੀ ਸ਼ਾਸਨ ਅਤੇ ਰਾਸ਼ਟਰਵਾਦ ਦੀ ਬਣਤਰ ਵਿਚ ਛੁਪੀ ਸੂਖਮ ਹਿੰਸਾ ਦਾ ਹੱਥ ਸੀ। ਇਹੀ ਕਾਰਨ ਹੈ ਕਿ ਪੰਜਾਬੀ ਬੰਦੇ ਨੇ ਕਦੇ ਵੀ ਸੰਨ ਸੰਤਾਲੀ ਨੂੰ ਆਜ਼ਾਦੀ ਵਰ੍ਹੇ ਵਜੋਂ ਸਵੀਕਾਰ ਨਹੀਂ ਕੀਤਾ। ਉਸ ਦੇ ਅਚੇਤ ਵਿਚ ਇਹ ਸਾਲ ਵੰਡ ਜਾਂ ਹੱਲਿਆਂ ਦੇ ਰੂਪ ਵਿਚ ਹੀ ਸਾਂਭਿਆ ਹੋਇਆ ਹੈ। ਪੰਜਾਬੀ ਬੰਦਾ, ਭਾਰਤੀ ਤੇ ਪਾਕਿਸਤਾਨੀ ਨੇਸ਼ਨ-ਸਟੇਟ ਦੀ ਉਸਾਰੀ ਵਿਚ ਸਮਾਈ ਇਸ ਲੁਕੀ ਹਿੰਸਾ ਦੇ ਅਸਲੀ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਤੋਂ ਖੁੰਝ ਜਾਂਦਾ ਹੈ ਅਤੇ ਆਪਣੇ ਹਮਸਾਇਆਂ ਦਾ ਕਤਲ ਕਰਦਾ ਹੈ। ਆਪਣੇ ਘਰ ਤੇ ਜ਼ਮੀਨ ਤੋਂ ਜਲਾਵਤਨ ਹੋਣਾ ਅਤੇ ਇਸ ਦੌਰਾਨ ਵਾਪਰੀ ਹਿੰਸਾ, ਦੋ ਰਾਸ਼ਟਰਾਂ ਦੇ ਨਿਰਮਾਣ ਲਈ ਪੰਜਾਬੀਆਂ ਵੱਲੋਂ ਚੁਕਾਇਆ ਕਰਜ਼ਾ ਹੈ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਮੁਲਕ ਦੀ ਵਾਗਡੋਰ ਇਲੀਟ ਬੁਰਜੁਆਜੀ ਹੱਥ ਆ ਗਈ। ਪੱਛਮੀ ਸਿੱਖਿਆ ਨਾਲ ਓਤ-ਪੋਤ ਇਸ ਜਮਾਤ ਦੇ ਹਿੱਤ ਆਮ ਲੋਕਾਈ ਦੇ ਹਿੱਤਾਂ ਨਾਲ ਟਕਰਾਓ ਵਾਲੇ ਸਨ। ਇਹ ਮੱਧ ਵਰਗੀ ਬੁਰਜੁਆਜੀ ਯੂਰਪੀ ਬਸਤੀਵਾਦ ਦੇ ਪੂਰਨਿਆਂ 'ਤੇ ਹੀ ਚੱਲਦੀ ਰਹੀ ਜਿਸ ਕਾਰਨ ਇਹ ਮੁਲਕ ਨੂੰ ਕੋਈ ਵੱਡਾ ਇਨਕਲਾਬੀ ਬਦਲ ਦੇਣ ਤੋਂ ਅਸਮਰਥ ਰਹੀ। ਇਸੇ ਕਾਰਨ ਦੇਸ਼ ਦੇ ਘੱਟ ਗਿਣਤੀ ਭਾਈਚਾਰਿਆਂ, ਆਦਿਵਾਸੀ ਕਬੀਲਿਆਂ ਤੇ ਵੱਖਰੀਆਂ ਸਮਾਜਿਕ ਅਤੇ ਧਾਰਮਿਕ ਪਛਾਣਾਂ ਵਾਲੇ ਸਮੂਹਾਂ ਲਈ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਹਾਲਤ ਜਿਉਂ ਦੀ ਤਿਉਂ ਬਣੀ ਰਹੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਪੰਜਾਬ ਦੀ ਵਿਲੱਖਣ ਸਭਿਆਚਾਰਕ ਪਛਾਣ ਰਾਸ਼ਟਰਵਾਦ ਦੇ ਇਕ ਪੱਖੀ ਏਜੰਡੇ ਵਿਚ ਜਜ਼ਬ ਹੋਣੀ ਸ਼ੁਰੂ ਹੋ ਗਈ।

ਵੀਹਵੀਂ ਸਦੀ ਦੇ ਛੇਵੇਂ ਸੱਤਵੇਂ ਦਹਾਕਿਆਂ ਦੌਰਾਨ ਪੰਜਾਬ ਅੰਦਰ ਪੈਦਾਵਾਰੀ ਰਿਸ਼ਤਿਆਂ ਵਿਚ ਵੱਡੇ ਪੱਧਰ 'ਤੇ ਤਬਦੀਲੀ ਵਾਪਰਦੀ ਹੈ। ਇਸ ਸੰਕਟ ਦਾ ਪਹਿਲਾ ਸ਼ਿਕਾਰ ਖੇਤ ਮਜ਼ਦੂਰ ਅਤੇ ਛੋਟੇ ਕਿਸਾਨ ਬਣਦੇ ਹਨ। ਇਸ ਦੌਰ ਵਿਚ ਇਨ੍ਹਾਂ ਲੋਕਾਂ ਦੀ ਕਿਰਤ, ਮੰਡੀ ਵਿਚਲੀ ਜਿਣਸ ਵਿਚ ਤਬਦੀਲੀ ਹੋ ਜਾਂਦੀ ਹੈ। ਕਿਰਤੀ ਦਾ ਆਪਣੀ ਕਿਰਤ ਤੋਂ ਟੁੱਟਣਾ ਪੰਜਾਬ ਦੇ ਅਰਥਚਾਰੇ ਤੋਂ ਉਪਜੀ ਮਹੀਨ ਹਿੰਸਾ ਦੀ ਉਹ ਕੜੀ ਹੈ ਜਿਸ ਦੇ ਵਿਰੋਧ ਵਿਚੋਂ ਸੱਤਰਵਿਆਂ ਦੀ ਨਕਸਲਬਾੜੀ ਲਹਿਰ ਦੀ ਨਾਬਰੀ ਸਾਹਮਣੇ ਆਉਂਦੀ ਹੈ।

ਇਹ ਲਹਿਰ ਬੰਦੂਕ ਦੀ ਨਾਲੀ ਵਿਚੋਂ ਇਨਕਲਾਬ ਲੱਭਦੀ, ਪੰਜਾਬ ਦੇ ਪ੍ਰਬੰਧਕੀ ਢਾਂਚੇ ਵਿਚਲੀ ਲੁਕੀ ਹਿੰਸਾ ਦੇ ਪ੍ਰਤੀ-ਉਤਰ ਵਜੋਂ ਸਾਹਮਣੇ ਆਉਂਦੀ ਹੈ, ਪਰ ਇਹ ਲਹਿਰ ਬੰਗਾਲ ਦੇ ਪੜ੍ਹੇ-ਲਿਖੇ ਮੱਧ ਵਰਗੀ ਤਬਕੇ ਨਾਲ ਜੁੜੀ ਹੋਣ ਕਾਰਨ, ਪੰਜਾਬ ਵਿਚ ਵੀ ਇਸ ਲਹਿਰ ਦਾ ਅਸਰ ਵਿਦਿਆਰਥੀਆਂ ਅਤੇ ਅਧਿਆਪਕਾਂ ਤੱਕ ਹੀ ਸੀਮਤ ਰਹਿ ਜਾਂਦਾ ਹੈ। ਇਸੇ ਕਾਰਨ ਬਿਨਾ ਕਿਸੇ ਸਾਰਥਕ ਬਦਲ ਦੇ ਜਲਦੀ ਹੀ ਇਹ ਲਹਿਰ ਸਟੇਟ ਦੀ ਹਿੰਸਾ ਦਾ ਸ਼ਿਕਾਰ ਹੋ ਜਾਂਦੀ ਹੈ, ਪਰ

*(ਬਾਕੀ ਅਗਲੇ ਸਫੇ 'ਤੇ)*

ਕਹਾਣੀ

# ਦੈਂਤ ਵਾਲਾ ਸ਼ਹਿਰ

***'ਚਿੱਟੇ ਦੈਂਤ ਦਾ ਸ਼ਹਿਰ' ਦਰਅਸਲ ਕਹਾਣੀ ਨਹੀਂ, ਅੱਜ ਕੱਲ੍ਹ ਪੰਜਾਬੀਆਂ ਦੇ ਨੈਣਾਂ ਵਿਚੋਂ ਵਹਿ ਰਹੇ ਲਹੂ ਦੇ ਹੰਝੂਆਂ ਦੀ ਗਾਥਾ ਹੈ। ਨਸ਼ਿਆਂ ਦੀ ਮਾਰ ਵਾਲੀ ਇਹ ਗਾਥਾ, ਬੇਸ਼ੱਕ ਫਿਲਹਾਲ ਬਹੁਤ ਲੰਬੀ ਹੋ ਗਈ ਜਾਪਦੀ ਹੈ, ਪਰ ਲੇਖਕ ਨੇ ਕਹਾਣੀ ਵਿਚ ਆਸ ਦਾ ਕਾਫਲਾ ਤੋਰ ਕੇ ਇਸ ਦਲਦਲ ਵਿਚੋਂ ਨਿਕਲਣ ਲਈ ਕੀਤੇ ਜਾਣ ਵਾਲੇ ਤਰੱਦਦ ਦੀ ਬਾਤ ਖੂਬ ਪਾਈ ਹੈ। -ਸੰਪਾਦਕ***

ਹੁਣ ਇਹ ਪਿੰਡ ਮੈਨੂੰ ਬੜਾ ਓਪਰਾ ਜਾਪਦਾ ਹੈ। ਆਪਣਾ ਲਗਦਾ ਹੀ ਨਹੀਂ। ਇੰਜ ਜਾਪਦਾ ਹੈ ਜਿਵੇਂ ਪਿੰਡ ਦੀ ਆਤਮਾ ਕਿਸੇ ਸ਼ੈਤਾਨ ਨੇ ਚੁਰਾ ਲਈ ਹੋਵੇ। ਖ਼ੁਦਗਰਜ਼ ਜਿਹਾ ਪਿੰਡ। ਜਿੱਦਣ ਦਾ ਪ੍ਰਭਜੋਤ ਭਵਨਾਂ ਵਾਲੇ ਸ਼ਹਿਰ ਪੜ੍ਹਨ ਗਿਆ ਹੈ, ਮੈਂ ਪਿੰਡ ਬਾਰੇ ਸੋਚਣਾ ਛੱਡਣ ਦਾ ਯਤਨ ਕਰਦਾ ਹਾਂ, ਪਰ ਚਿੱਤ ਫਿਰ ਵੀ ਬੇਚੈਨ ਹੈ। ਰਾਤੀਂ ਸੁਪਨਿਆਂ 'ਚ ਗੁਆਂਢ ਬਲਦੀ ਅੱਗ ਦੀਆਂ ਲਾਟਾਂ ਦਿਸਦੀਆਂ ਹਨ। ਮੈਂ ਲਾਟਾਂ ਵਲੋਂ ਧਿਆਨ ਮੋੜ ਕੇ ਸੌਣ ਦਾ ਯਤਨ ਕਰਦਾ ਹਾਂ, ਪਰ ਨੀਂਦ ਨਹੀਂ ਆਉਂਦੀ। ਅੱਗ ਬਨੇਰੇ ਕੰਧਾਂ ਟੱਪਦਿਆਂ ਚਿਰ ਨਹੀਂ ਲਾਉਂਦੀ।

ਪ੍ਰਭਜੋਤ ਨੂੰ ਭਵਨਾਂ ਵਾਲੇ ਸ਼ਹਿਰ ਭੇਜਣ ਲਈ ਉਸ ਦੀ ਮੰਮੀ ਵੀ ਕਾਹਲੀ ਸੀ। ਸਾਰਾ ਪਿੰਡ ਹੀ ਨਸ਼ਿਆਂ ਦੀ ਲਪੇਟ 'ਚ ਹੈ। ਨਵਾਂ ਪੋਚ ਤਾਂ ਗਰਕਦਾ ਹੀ ਜਾਂਦਾ ਹੈ। ਪ੍ਰਭਜੋਤ ਨੂੰ ਅਸੀਂ ਪਿੰਡ ਦੇ ਵਿਗੜੇ ਮਾਹੌਲ 'ਚੋਂ ਚੁੱਪ-ਚੁਪੀਤੇ ਹੀ ਰਵਾਨਾ ਕਰ ਦਿਤਾ ਹੈ। ਮੁੰਡੇ ਦਾ ਫੋਨ ਦੋ ਵਾਰ

### ਸੁਖਦੇਵ ਸਿੰਘ ਮਾਨ

ਰੋਜ਼ ਆਉਂਦਾ ਹੈ। ਜੀਅ ਲੱਗ ਗਿਆ। ਮੇਰਾ ਵੀ ਉਹ ਸੁਪਨਿਆਂ ਦਾ ਸ਼ਹਿਰ ਸੀ। ਮੈਂ ਆਪਣੀ ਇੱਛਾ ਪ੍ਰਭਜੋਤ ਰਾਹੀਂ ਪੂਰੀ ਕਰ ਕੇ ਰੋਮਾਂਚਿਤ ਹੋ ਰਿਹਾ ਹਾਂ। ਪ੍ਰਭਜੋਤ ਦੀ ਮੰਮੀ ਫੋਨ ਸੁਣਨ ਮਗਰੋਂ ਅਕਸਰ ਆਖਦੀ ਹੈ: "ਮੁੰਡੇ ਦੀ ਖੁਸ਼ੀ ਤੋਂ ਏਦਾਂ ਲੱਗਦੈ, ਕੋਈ ਗਰਲ ਫਰੈਂਡ ਵੀ ਉਸ ਬਣਾ ਲਈ।"

ਗਰਲ ਫਰੈਂਡ ਬਾਰੇ ਸੋਚ ਅਸੀਂ ਦੋਵੇਂ ਜੀਅ ਰੋਮਾਂਚਿਤ ਹੋ ਰਹੇ ਹਾਂ। ਅਸੀਂ ਇਨ੍ਹਾਂ ਗੱਲਾਂ ਦਾ ਕਚੀਰਾ ਕਰਦੇ ਸੌਂ ਗਏ। ਸੱਥ ਵਾਲੇ ਟਰਾਂਸਫਾਰਮਰ ਦਾ ਫਿਊਜ਼ ਉਡ ਗਿਆ। ਅੱਧ-ਸੁੱਤਾ ਸ਼ਰਾਬੀ ਸੱਥ 'ਚ ਆ ਗਿਆ। ਅਸੀਂ ਦੋਵੇਂ ਜੀਆਂ ਨੇ ਕੰਧ 'ਤੋਂ ਦੀ ਦੇਖਿਆ, ਇਕ ਵੀ ਬੰਦਾ ਤਮੀਜ਼ ਨਾਲ ਨਹੀਂ ਬੋਲ ਰਿਹਾ। ਹੋਰ ਗੱਲਾਂ ਸੁਣਨ ਦੀ ਥਾਂ ਪ੍ਰਭਜੋਤ ਦੀ ਮੰਮੀ ਮੈਨੂੰ ਬਾਹੋਂ ਫੜ ਮੰਜੇ ਵੱਲ ਆ ਗਈ।

"ਸ਼ੁਕਰ ਹੈ ਮੁੰਡਾ ਆਪਾਂ ਸ਼ਹਿਰ ਭੇਜ ਦਿਤਾ। ਭੋਲੇ ਬੱਚੇ 'ਤੇ ਕੀ ਅਸਰ ਪੈਂਦਾ ਅਜਿਹੀ ਬੋਲ-ਬਾਣੀ ਦਾ! ਨਾ ਤਾਂ ਵੱਡਿਆਂ ਨੂੰ ਸ਼ਊਰ ਹੈ ਤੇ ਨਾ ਛੋਟਿਆਂ ਨੂੰ।" ਉਹ ਤਾਂ ਥੋੜ੍ਹਾ ਚਿਰ ਬੋਲ ਕੇ ਸੌਂ ਗਈ। ਮੈਨੂੰ ਚਿੰਤਾ ਹੋਣ ਲੱਗੀ, 'ਕੀ ਸੱਚਮੁੱਚ ਅਸੀਂ ਮਾਹੌਲ ਤੋਂ ਅਣਭਿੱਜ ਰਹਿ ਜਾਵਾਂਗੇ?' ਜੀਅ ਕੀਤਾ, ਪ੍ਰਭਜੋਤ ਨੂੰ ਹੁਣੇ ਫੋਨ ਲਾਵਾਂ, ਪਰ ਨਹੀਂ, ਕੱਲ੍ਹ ਨੂੰ ਉਸ ਆਉਣਾ ਹੈ। ਝੋਨੇ ਨੂੰ ਕੰਬਾਈਨ ਲੱਗਣੀ ਹੈ। ਪ੍ਰਭਜੋਤ ਨੂੰ ਟਰੈਕਟਰ 'ਤੇ ਮੰਡੀ ਝੋਨਾ ਸੁੱਟਣ ਦਾ ਸ਼ੌਕ ਹੈ। ਉਹ ਟਰੈਕਟਰ 'ਤੇ ਲੱਗੀ ਟੇਪ 'ਤੇ ਮਨਪਸੰਦ ਗਾਣੇ ਸੁਣਦਾ ਹੈ।

ਪ੍ਰਭਜੋਤ ਰੋਟੀ ਵੇਲੇ ਪਿੰਡ ਆ ਗਿਆ। ਉਸ ਸ਼ਹਿਰੀ ਲਿਬਾਸ ਵੀ ਨਾ ਬਦਲਿਆ। ਟਰੈਕਟਰ ਝਾੜ-ਪੂੰਝ ਖੇਤ ਨਿਕਲ ਪਿਆ। ਥੋੜ੍ਹਾ ਸੂਰਜ ਭਖਦੇ ਕੰਬਾਈਨ ਚੱਲ ਪਈ। ਪ੍ਰਭਜੋਤ ਆਪਣੀ ਧੁਨ 'ਚ ਮਸਤ ਝੋਨਾ ਟਰਾਲੀ 'ਚ ਪਵਾਉਣ ਲੱਗਾ।

ਕਣਕ ਜਾਂ ਝੋਨਾ ਢੋਣ ਵੇਲੇ ਉਹ ਬਹੁਤਾ ਹੀ ਬੇਪਰਵਾਹ ਹੋ ਜਾਂਦਾ ਹੈ। ਆਪਣੇ ਮਨਪਸੰਦ ਗਾਣੇ ਉਚੀ ਆਵਾਜ਼ 'ਚ ਲਾਉਂਦਾ ਹੈ। ਟੇਪ ਵੱਜਣ ਲੱਗਦੀ ਹੈ, 'ਨੀ ਚੰਡੀਗੜ੍ਹ ਵਾਲੀਏ, ਹੁਣ ਨ੍ਹੀਂ ਮੁੜਦੇ ਯਾਰ। ਨੀ ਚੰਡੀਗੜ੍ਹ ਵਾਲੀਏ, ਮਿਸ ਕਾਲਾਂ ਨਾ ਮਾਰ...।' ਉਮਰ ਹੀ ਅਜਿਹੀ ਹੈ। ਕੰਬਾਈਨ ਵਾਲੇ ਭਾਈ ਵੀ ਮੇਰੇ ਨਾਲ ਅੱਖ ਮਿਲਾ ਹੱਸਣ ਲੱਗ ਪਏ।

ਰਾਤ ਨੂੰ ਤਾਰਿਆਂ ਦੀ ਛਾਂ ਹੇਠ ਪਏ ਅਸੀਂ ਦੋਵੇਂ ਜੀਅ ਪ੍ਰਭਜੋਤ ਦੀਆਂ ਜਵਾਨ ਹਰਕਤਾਂ ਦੀ ਗੱਲ ਕਰ ਰਹੇ ਹਾਂ। ਗੱਲ ਪ੍ਰਭਜੋਤ ਦੇ ਫੋਨ 'ਤੇ ਆ ਗਈ। ਪ੍ਰਭਜੋਤ ਦੇ ਫੋਨ ਘੱਟ ਆਉਣ ਦੀ ਸ਼ਿਕਾਇਤ ਉਸ ਦੀ ਮੰਮੀ ਕਰਨ ਲੱਗੀ। 'ਭਵਨਾਂ ਵਾਲਾ ਸ਼ਹਿਰ ਹੀ ਐਸਾ ਹੈ। ਉਸ ਦੀ ਰੰਗੀਨੀ 'ਚ ਸਾਡਾ ਪੁੱਤ ਖੋ ਗਿਆ ਹੋਵੇਗਾ।' ਮੈਂ ਸੋਚਦਾ ਹਾਂ।

ਸਾਝਰੇ ਬਾਹਰਲੇ ਬਾਰ ਦਾ ਕੁੰਡਾ ਖੜਕਦਾ ਹੈ। ਮੇਰਾ ਦਿਲ ਧੜਕਣ ਲੱਗਦਾ ਹੈ। ਚੱਪਲਾਂ ਪਾ ਬਾਰ ਵੱਲ ਅਹੁਲਦਾ ਹਾਂ। ਅਰਲ ਖਿੱਚ ਦੇਖਦਾ ਹਾਂ। ਸਾਡੀ ਪਰਲੀ ਪੱਤੀ ਦਾ ਨੰਬਰਦਾਰ ਜਿਊਣਾ




ਬਾਰ ਅੱਗੇ ਖੜ੍ਹਾ ਹੈ। ਨੰਬਰਦਾਰ ਦਾ ਪੋਤਾ ਸਾਡੇ ਪ੍ਰਭਜੋਤ ਨਾਲ ਭਵਨਾਂ ਵਾਲੇ ਸ਼ਹਿਰ ਪੜ੍ਹਦਾ ਹੈ, ਮੈਨੂੰ ਪਤਾ ਹੈ। ਉਸ ਦਾ ਚਿਹਰਾ ਭਖਿਆ ਹੋਇਆ ਹੈ। ਮੈਂ ਜਿਊਣੇ ਦੀਆਂ ਅੱਖਾਂ ਵੱਲ ਦੇਖ ਸਹਿਮ ਜਾਂਦਾ ਹਾਂ। ਜਿਊਣਾ ਖੂੰਡੇ ਦੀ ਘੋਪ ਧਰਤੀ ਵਿਚ ਖੋਭਦਾ ਵਿਹੜੇ ਲੰਘ ਆਇਆ। "ਅਸੀਂ ਮੁੰਡਾ ਸ਼ਹਿਰ 'ਚੋਂ ਵਾਪਸ ਲੈ ਆਏ ਦਰਸ਼ਨ ਸਿਹਾਂ।"

ਮੈਂ ਅਵਾਕ ਜਿਊਣੇ ਦੇ ਮੂੰਹ ਵੱਲ ਦੇਖਣ ਲੱਗਦਾ ਹਾਂ। "ਘਰੇ ਲਿਆ ਕੇ ਡਾਂਗ ਫੇਰੀ ਐ ਸੰਵਾਰ ਕੇ। ਮੁੰਡੇ ਆਪਣੇ ਗਲਤ ਰਾਹ ਪੈ ਗਏ।" ਉਸ ਅੱਗਾ-ਪਿੱਛਾ ਦੇਖ ਕੇ ਕਿਹਾ, "ਚਿੱਟੇ ਦੀ ਪੁੜੀ ਮਿਲੀ ਐ ਮੁੰਡੇ ਕੋਲੋਂ।"

ਜਿਊਣਾ ਹੋਰ ਕੁਝ ਨਾ ਬੋਲਿਆ। ਭਖਿਆ ਹੋਇਆ ਪੁੱਠਾ ਮੁੜ ਗਿਆ।

ਮੇਰੀਆਂ ਅੱਖਾਂ ਮੂਹਰੇ ਹਨੇਰਾ ਛਾ ਗਿਆ। ਅਲਾਣੀ ਮੰਜੀ 'ਤੇ ਬੇਸੁਰਤਾਂ ਵਾਂਗ ਡਿੱਗ ਪਿਆ। ਪ੍ਰਭਜੋਤ ਦੀ ਮਾਂ ਪਾਣੀ ਲੈ ਕੇ ਆਈ। ਡਰ ਨਾਲ ਪੀਲੀ ਪਈ ਮੇਰੇ ਘਾਬਰੇ ਚਿਹਰੇ ਵੱਲ ਦੇਖਣ ਲੱਗੀ। ਮੈਂ ਦੋ ਘੁੱਟ ਪੀ ਗਲਾਸ ਪਰ੍ਹੇ ਰੱਖ ਦਿੱਤਾ।

"ਨੰਬਰਦਾਰ ਕੀ ਕਹਿ ਕੇ ਗਿਆ?"

ਮੈਂ ਢਿੱਲੇ ਹੋਏ ਜੂੜੇ ਨੂੰ ਕੱਸਦਿਆਂ ਕਿਹਾ, "ਜਿਹੜੀ ਅੱਗ ਗੁਆਂਢ ਵਿਚ ਬਲ ਰਹੀ ਸੀ। ਉਹ ਆਪਣੀ ਕੰਧ ਵੀ ਟੱਪ ਆਈ।"

ਅਸੀਂ ਦੋਵੇਂ ਜੀਅ ਕੁਝ ਮਿੰਟ ਸਿਰ ਫੜ ਕੇ ਬੈਠੇ ਰਹੇ। ਜਿਵੇਂ ਦੇ ਕੱਪੜੇ ਸੀ, ਉਹੀ ਪਾ, ਬਟੂਆ ਜੇਬ ਵਿਚ ਪਾ ਕੇ ਮੈਂ ਬੱਸ ਚੜ੍ਹ ਗਿਆ। ਪ੍ਰਭਜੋਤ ਨੂੰ ਫੋਨ ਕਰਨਾ ਵੀ ਗ਼ਲਤ ਸੀ। ਉਹ ਘਬਰਾ ਕੇ ਕੋਈ ਗ਼ਲਤ ਕਦਮ ਚੁੱਕ ਸਕਦਾ ਸੀ। ਜਦੋਂ ਮੈਂ ਭਵਨਾਂ ਵਾਲੇ ਸ਼ਹਿਰ ਪੁੱਜਾ, ਸੂਰਤ ਪੂਰਾ ਕੰਮ ਨਹੀਂ ਕਰ ਰਹੀ ਸੀ। ਕਾਲਜ ਦੇ ਸਟਾਫ ਨੂੰ ਮਿਲਿਆ। ਬੱਚਿਆਂ ਦੀ ਸ਼ਿਕਾਇਤ ਪੁੱਜ ਚੁੱਕੀ ਸੀ। ਸਟਾਫ਼ ਮੇਰੀ ਉਡੀਕ ਹੀ ਕਰ ਰਿਹਾ ਸੀ। ਮੈਂ ਪ੍ਰਿੰਸੀਪਲ ਦੇ ਦਫ਼ਤਰ ਗਿਆ ਤੇ ਨੀਵੀਂ ਪਾ ਕੇ ਬਹਿ ਗਿਆ।

ਪ੍ਰਿੰਸੀਪਲ ਬੋਲਿਆ, "ਸਰਦਾਰ ਜੀ, ਬੱਚੇ ਨੂੰ ਚੁੱਪ-ਚਾਪ ਲੈ ਜਾਓ। ਸਖ਼ਤੀ ਨ੍ਹੀਂ ਕਰਨੀ। ਘਰ ਦਾ ਮਾਹੌਲ ਵਧੀਆ ਬਣਾ ਕੇ ਰਸਤਾ ਨਿਕਲੇਗਾ। ਪਰਮਾਤਮਾ ਭਲੀ ਕਰੇਗਾ।" ਹੋਰ ਕੁਝ ਸੁਣਨ ਦੀ ਲੋੜ ਨਹੀਂ ਸੀ। ਪੀ.ਜੀ. ਗਿਆ। ਉਹ ਨੀਵੀਂ ਪਾਈ ਸਟੂਲ 'ਤੇ ਬੈਠਾ ਸੀ। ਕਈ ਦਿਨਾਂ ਦੇ ਜੂਠੇ ਬਰਤਨ ਘੌਰ ਉਦਾਸੀ ਦੀ ਗਵਾਹੀ ਭਰ ਰਹੇ ਸਨ। ਮੈਂ ਉਸ ਦੇ ਮੋਢਿਆਂ 'ਤੇ ਹੱਥ ਰੱਖੇ। ਸ਼ੇਰ ਵਰਗੀ ਤਾਕਤ ਵਾਲਾ ਛੇ ਫੁੱਟ ਤੋਂ ਵੱਧ ਕੱਦ ਦਾ ਪੁੱਤ ਮੈਲੇ ਕੱਪੜਿਆਂ ਵਿਚ ਬੇਹੱਦ ਗਮਗੀਨ ਜਾਪ ਰਿਹਾ ਸੀ। ਕੁਝ ਕਹਿਣ ਦੀ ਲੋੜ ਨਹੀਂ ਸੀ। ਮੈਂ ਉਸ ਦਾ ਚੌੜਾ ਹੱਥ ਆਪਣੇ ਹੱਥ ਵਿਚ ਲੈ ਲਿਆ।

ਕਿਤੇ ਮੈਨੂੰ ਇਹ ਸ਼ਹਿਰ ਰੋਮਾਂਚ ਨਾਲ ਭਰ ਦਿੰਦਾ ਸੀ। ਹੁਣ ਬੱਸ ਜਦੋਂ ਚੌਕਾਂ ਨੂੰ ਪਿੱਛੇ ਛੱਡ ਰਹੀ ਸੀ ਤਾਂ ਅਮਲਤਾਸ ਦੇ ਪੀਲੇ ਫੁੱਲ ਵੀ ਮੈਨੂੰ ਬਲਦੇ ਸਿਵਿਆਂ ਵਰਗੇ ਜਾਪੇ। ਉਹ ਸੀਟ 'ਤੇ ਨੀਵੀਂ ਸੁੱਟੀ ਊਂਘ ਰਿਹਾ ਸੀ। ਦੋ ਵਾਰ ਉਸ ਦੇ ਮੋਬਾਈਲ ਦੀ ਰਿੰਗ ਵੱਜੀ। ਉਸ ਨਾ ਚੁੱਕਿਆ। ਮੈਂ ਵੀ ਚੁੱਪ ਸੀ। ਪਤਾ ਨਹੀਂ ਪਿੰਡ ਦੀਆਂ ਕਿਨ੍ਹਾਂ ਗਲੀਆਂ ਵਿਚਦੀ ਅਸੀਂ ਪਿਉ-ਪੁੱਤ ਘਰ ਪੁੱਜੇ। ਉਹ ਬਿਨਾਂ ਕੁਝ ਖਾਧੇ ਪੀਤੇ ਬੈਡ 'ਤੇ ਡਿੱਗ ਪਿਆ। ਉਸ ਦੀ ਮੰਮੀ ਨੇ ਬੂਟਾਂ ਦੇ ਤਸਮੇ ਖੋਲ੍ਹਣ ਲਈ ਹੱਥ ਵਧਾਇਆ। ਉਸ ਹੱਥ ਛਿਟਕ ਦਿਤਾ।

ਘਰ ਖਾਣ ਨੂੰ ਆ ਰਿਹਾ ਸੀ। ਇਕ-ਦੂਜੇ ਵੱਲ ਦੇਖ ਅਸੀਂ ਅੱਖਾਂ ਭਰ ਆਏ। ਉਹ ਉਲਟੀਆਂ ਕਰ ਰਿਹਾ ਸੀ। ਮੈਂ ਕਿਹਾ, "ਰਹਿਰਾਸ ਪੜ੍ਹ, ਗੁਰਜੀਤ ਕੁਰੇ।" ਬਾਣੀ ਚੱਲ ਪਈ। ਕੋਈ ਰਸਤਾ ਕੱਢਣ ਲਈ ਮਨ ਦੀ ਤਾਰ ਕਿਤੇ-ਕਿਤੇ ਬਾਣੀ ਨਾਲੋਂ ਟੁੱਟ ਜਾਂਦੀ। ਰਹਿਰਾਸ ਮੁੱਕੀ। ਮੈਂ ਕਿਹਾ, "ਪਾਠ ਕਿਤੋਂ ਹੋਰ ਸ਼ੁਰੂ ਕਰੋ। ਮਨ ਅਸ਼ਾਂਤ ਹੈ।"

ਬਾਣੀ ਦੇ ਸਵਰ ਘਰ ਵਿਚ ਗੂੰਜਣ ਲੱਗੇ। ਪਤਾ ਹੀ ਨਾ ਲੱਗਾ ਕਦੋਂ ਗੁਰਜੀਤ ਕੌਰ ਸੌਂ ਗਈ। ਮੈਂ ਵੀ ਪ੍ਰਭਜੋਤ ਦੀ ਵੱਖੀ ਲੱਗ ਪੈ ਗਿਆ। ਰਾਤ ਨੂੰ ਪ੍ਰਭਜੋਤ ਖੰਘਦਾ ਤਾਂ ਮੇਰੀ ਨੀਂਦ ਟੁੱਟ ਜਾਂਦੀ। ਉਸ ਦੀ ਖੰਘ ਵਿਚ ਗੱਭਰੂਆਂ ਵਾਲੀ ਦਮਕ ਨਹੀਂ ਸੀ, ਇਉਂ ਸੀ ਜਿਵੇਂ ਕੋਈ ਬਿਮਾਰ ਖੰਘਦਾ ਹੋਵੇ।

ਤੜਕੇ ਮੇਰੀ ਅੱਖ ਖੁੱਲ੍ਹੀ। ਬਾਣੀ ਦੀ ਸੈਂਚੀ ਗੁਰਜੀਤ ਕੌਰ ਦੇ ਹੱਥਾਂ 'ਚ ਖੁੱਲ੍ਹੀ ਪਈ ਸੀ। ਗੁਰਬਾਣੀ ਦੀ ਇਕ ਟੂਕ 'ਤੇ ਮੇਰੀ ਨਜ਼ਰ ਅਟਕ ਗਈ: ਧ੍ਰਿਗੁ ਤਿਨਾ ਕਾ ਜੀਵਣਾ ਜੋ ਪਤ ਲਥੀ ਜਾਇ॥

ਮੈਂ ਟੂਕ ਵੱਲ ਦੇਖ ਕੁਝ ਸੋਚਦਾ ਰਿਹਾ। ਸੈਂਚੀ ਰੁਮਾਲੇ ਵਿਚ ਲਪੇਟ ਕੇ ਸੰਤੋਖ ਦਿੱਤੀ। ਸਦਮੇ ਵਿਚੋਂ ਬਾਹਰ ਆਉਣ ਲਈ ਕੋਈ ਰਾਹ ਖੋਜਣ ਲੱਗਾ। ਗੁਰਜੀਤ ਕੌਰ ਉਠ ਖੜ੍ਹੀ। ਮੈਂ ਕਿਹਾ, "ਜਿਸ ਲੜਾਈ ਤੋਂ ਬਚਣ ਲਈ ਆਪਾਂ ਪ੍ਰਭਜੋਤ ਨੂੰ ਭੇਜਿਆ ਸੀ, ਉਹ ਆਪਣੇ ਗਲ ਆ ਪਈ ਹੈ। ਆਪਾਂ ਇਹ ਲੜਾਈ ਲੜਾਂਗੇ। ਤੂੰ ਠੇਕਿਆਂ ਖਿਲਾਫ਼ ਔਰਤਾਂ ਨੂੰ ਜਾਗਰੂਕ ਕਰ। ਮੈਂ ਜਿਊਣੇ ਹੋਰਾਂ ਨੂੰ ਹੋਰ ਨਸ਼ਿਆਂ ਖਿਲਾਫ ਨਾਲ ਤੋਰਾਂਗਾ। ਇਸ ਤਰ੍ਹਾਂ ਢੇਰੀ ਢਾਹਿਆਂ ਖ਼ਤਰਾ ਟਲਣ ਵਾਲਾ ਨਹੀਂ ਹੈ।"

---

ਨਸ਼ਾ ਛੁਡਾਊ ਕੇਂਦਰ ਦਾ ਇਹ ਮੇਰਾ ਦੂਜਾ ਗੇੜਾ ਹੈ। ਕੇਂਦਰ ਦਾ ਸਟਾਫ ਬੜਾ ਸਖ਼ਤ ਹੈ। ਨਸ਼ਾ ਛੱਡਣ ਵਾਲੇ ਮੁੰਡਿਆਂ ਦੀ ਕੁੱਟ-ਮਾਰ ਕਰ ਦਿੰਦਾ ਹੈ। ਮੈਂ ਆਪਣੇ ਪੁੱਤ ਨਾਲ ਅਜਿਹਾ ਵਿਹਾਰ ਸਹਿ ਨਹੀਂ ਸਕਦਾ। ਭੋਲੇਪਨ ਵਿਚ ਉਹ ਜ਼ਰੂਰ ਕਿਸੇ ਸ਼ਾਤਰ ਗੈਂਗ ਦੀ ਲਪੇਟ ਵਿਚ ਆਇਆ ਹੈ। ਮੈਂ ਕੇਂਦਰ ਦੇ ਡਾਕਟਰ ਨੂੰ ਮਿਲਿਆ। ਡਾਕਟਰ ਮਿਲਣਸਾਰ ਹੈ। ਮੈਂ ਬੇਨਤੀ ਕੀਤੀ ਕਿ ਪੈਸੇ ਚਾਹੇ ਦੁੱਗਣੇ ਭਰਾ ਲਵੋ, ਮੇਰੇ ਪੁੱਤ ਦੇ ਛਟੀ ਨਹੀਂ ਮਾਰਨੀ। ਡਾਕਟਰ ਮੇਰੀਆਂ ਭਰੀਆਂ ਅੱਖਾਂ ਦੇਖ ਕੇ ਗੰਭੀਰ ਹੋ ਗਿਆ। ਉਸ ਮੈਨੂੰ ਹੌਸਲਾ ਦਿਤਾ। ਪਿੰਡ ਵਿਚ ਨਸ਼ਾ ਵਿਰੋਧੀ ਲਹਿਰ ਬਣਾਉਣ ਲਈ ਕਿਹਾ। ਮੈਂ ਘਰ ਘਰ ਗਿਆ। ਦੁਖੀ ਔਰਤਾਂ ਤੇ ਬੰਦੇ ਹੌਲੀ-ਹੌਲੀ ਆਪਣੀ ਜ਼ੁਬਾਨ ਖੋਲ੍ਹਣ ਲੱਗੇ।

ਮੈਂ ਜਥੇਬੰਦੀ ਖੜ੍ਹੀ ਕਰਦਾ, ਕਈ ਦਿਨਾਂ ਮਗਰੋਂ ਪ੍ਰਭਜੋਤ ਦਾ ਪਤਾ ਲੈਣ ਗਿਆ। ਉਸ ਦੀ ਡਾਕਟਰ ਨਾਲ ਦੋਸਤੀ ਹੋ ਗਈ ਸੀ। ਡਾਕਟਰ ਨੇ ਮੈਨੂੰ ਦੱਸਿਆ, "ਤੁਹਾਡਾ ਪੁੱਤਰ ਖੁੱਲ੍ਹੀ ਕਿਤਾਬ ਜਿਹਾ ਹੈ। ਕੋਈ ਵਕਤ ਹੀ ਮਾੜਾ ਆ ਗਿਆ ਸੀ। ਹੁਣ ਇਹ ਠੀਕ ਹੈ।" ਉਸ ਪ੍ਰਭਜੋਤ ਨੂੰ ਕੋਲ ਸੱਦ ਲਿਆ ਤੇ ਕਿਹਾ, "ਦੇਖ ਕਾਕਾ, ਅਹੁ ਸਾਹਮਣੇ ਸੌ ਸਾਲ ਪੁਰਾਣਾ ਬੋਹੜ ਦਾ ਰੁੱਖ ਹੈ। ਪੱਤਝੜ ਮਗਰੋਂ ਬਹਾਰ ਵਿਚ ਤੂੰ ਇਸ ਦਾ ਪੁਨਰ-ਜਨਮ ਦੇਖ ਰਿਹਾ ਹੈਂ ਨਾ? ਇਸ ਦੀ ਛਾਂ ਕਿੰਨੀ ਸੰਘਣੀ ਹੈ। ਇਸ ਦੇ ਪੱਤੇ ਕਿੰਨੇ ਕੂਲੇ ਹਨ। ਪੁੱਤਰ, ਤੂੰ ਜਵਾਨੀ ਦੀ ਸਿਖਰ 'ਤੇ ਹੈਂ। ਇਸ ਤੋਂ ਮਗਰੋਂ ਤੇਰੇ 'ਤੇ ਕੋਈ ਪੱਤਝੜ ਨਹੀਂ ਆਵੇਗੀ। ਤੂੰ ਮਾਂ-ਪਿਉ ਦਾ ਚਿਰਾਗ ਹੀ ਨਹੀਂ, ਸੰਘਣੀ ਛਾਂ ਦੇਣ ਵਾਲਾ ਰੁੱਖ ਵੀ ਏਂ। ਖੁਸ਼ੀ-ਖੁਸ਼ੀ ਆਪਣੇ ਘਰ ਜਾ।"

ਪ੍ਰਭਜੋਤ ਨੂੰ ਕਮਰੇ ਵਿਚੋਂ ਤੋਰਨ ਮਗਰੋਂ ਡਾਕਟਰ ਨੇ ਮੈਨੂੰ ਕਿਹਾ, "ਇਹ ਕਿਹੜੀ ਰੁੱਤ ਹੈ ਸਰਦਾਰ ਜੀ?"

ਮੈਂ ਹੈਰਾਨ ਹੋ ਗਿਆ। ਡਾਕਟਰ ਨੇ ਇਹ ਸਵਾਲ ਕਿਉਂ ਪੁੱਛਿਆ। ਸਾਫ਼ ਹੈ, ਵਿਸਾਖੀ ਲੰਘ ਗਈ ਹੈ। ਕਣਕਾਂ ਨੂੰ ਕੰਬਾਈਨ ਪੈਣ ਵਾਲੀ ਹੈ।

"ਜੀ, ਵਾਢੀ ਦਾ ਜ਼ੋਰ ਚੱਲ ਰਿਹਾ।" ਮੈਂ ਕਿਹਾ।

"ਤੁਸੀਂ ਜਿਸ ਦਿਨ ਕੰਬਾਈਨ ਲਾਈ, ਪ੍ਰਭਜੋਤ ਦੀ ਗਰਲ ਫਰੈਂਡ ਕੰਬਾਈਨ ਦੀ ਵਾਢੀ ਦੇਖਣ ਆਵੇਗੀ। ਮੁੰਡਾ ਮੈਨੂੰ ਸਭ ਕੁਝ ਦੱਸ ਚੁੱਕਾ ਹੈ। ਇਸ ਨੂੰ ਆਹ ਦਲਦਲ ਵਿਚੋਂ ਕੱਢਣ ਵਿਚ ਮੇਰੀ ਦਵਾਈ ਦੇ ਨਾਲ-ਨਾਲ ਉਸ ਦਾ ਵੀ ਹੱਥ ਹੈ। ਤੁਸੀਂ ਉਸ ਦਾ ਸੁਆਗਤ ਕਰਨਾ ਹੈ।"

ਖੁਸ਼ੀ ਵਿਚ ਮੇਰੇ ਹੰਝੂ ਟਪਕ ਆਏ। "ਡਾਕਟਰ ਸਾਹਿਬ। ਇਸ ਦੀ ਖੁਸ਼ੀ ਵਿਚ ਹੀ ਸਾਡੀ ਖੁਸ਼ੀ ਹੈ। ਅਸੀਂ ਤਾਂ ਵਿਆਹ ਵੇਲੇ ਤੁਹਾਨੂੰ ਵੀ ਸਪੈਸ਼ਲ ਸੱਦਾਂਗੇ।" ਡਾਕਟਰ ਨੇ ਆਉਣ ਦਾ ਵਾਅਦਾ ਕੀਤਾ।

ਬਾਹਰ ਆ ਮੈਂ ਲਾਡ ਵਿਚ ਪ੍ਰਭਜੋਤ ਦੇ ਮੋਢਿਆਂ ਨੂੰ ਧੱਫ਼ਾ ਮਾਰਿਆ। ਮੋਢੇ ਪਹਿਲਾਂ ਵਾਂਗ ਹੀ ਮਜ਼ਬੂਤ ਸਨ।

# ਪੰਜਾਬ: ਹਿੰਸਾ ਦੀ ਸਿਆਸਤ

***(ਪਿਛਲੇ ਸਫੇ ਦੀ ਬਾਕੀ)***

ਇਸ ਲਹਿਰ ਨਾਲ ਜੁੜਿਆ ਸਾਹਿਤ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਉਤਪਾਦਨ ਰਿਸ਼ਤਿਆਂ ਵਿਚਲੀ ਦਰਜਾਬੰਦੀ ਉਸ ਲੁਕੀ ਹਿੰਸਾ ਦਾ ਧਰਾਤਲ ਹੈ ਜਿਸ ਵਿਚੋਂ ਜ਼ਾਹਰ ਜਾਂ ਪ੍ਰਤੱਖ ਹਿੰਸਾ ਆਕਾਰ ਗ੍ਰਹਿਣ ਕਰਦੀ ਹੈ।

ਇਕ ਪਾਸੇ ਭਾਰਤੀ ਰਾਸ਼ਟਰਵਾਦ ਨਾਲ ਜੁੜਿਆ 'ਅਨੇਕਤਾ ਵਿਚ ਏਕਤਾ' ਦਾ ਨਾਅਰਾ ਅਤੇ ਦੂਜੇ ਪਾਸੇ ਪੰਜਾਬ ਦੀ ਕੌਮੀ ਪਛਾਣ ਦਾ ਸੰਕਟ ਅੱਸੀਵਿਆਂ ਵਿਚ ਉਪਜੀ ਖਾੜਕੂ ਲਹਿਰ ਦੀ ਬਣਤਰ ਦਾ ਕੇਂਦਰੀ ਸੂਤਰ ਹੈ। ਮੁਲਕ ਦੀ ਆਜ਼ਾਦੀ ਵਿਚ ਸਰਗਰਮ ਅਤੇ ਮੋਹਰੀ ਭੂਮਿਕਾ ਨਿਭਾਉਣ ਦੇ ਬਾਵਜੂਦ ਪੰਜਾਬ, ਭਾਰਤੀ ਰਾਸ਼ਟਰਵਾਦ ਦੀ ਅੰਨ੍ਹੀ ਦੇਸ਼ ਭਗਤੀ ਦੇ ਸਿਆਸੀ ਮੁਹਾਜ਼ ਦਾ ਹਿੱਸਾ ਬਣਨ ਤੋਂ ਨਹੀਂ ਬਚ ਸਕਿਆ। ਪੰਜਾਬ ਦੀ ਵਿਲੱਖਣ ਪਛਾਣ ਹਮੇਸ਼ਾ ਇਸ ਅਖੌਤੀ ਦੇਸ਼ ਭਗਤੀ ਅਤੇ ਰਾਸ਼ਟਰਵਾਦ ਦੀ ਵਿਚਾਰਧਾਰਾ ਦੇ ਖਿਲਾਫ਼ ਰਹੀ ਹੈ। ਇਸੇ ਕਾਰਨ ਅਠਵੇਂ ਤੇ ਨੌਵੇਂ ਦਹਾਕੇ ਦੌਰਾਨ ਪੰਜਾਬ ਦੀ ਰਹਿਤਲ, ਸਟੇਟ ਅਤੇ ਖਾੜਕੂਆਂ ਵਿਚਲੀ ਹਿੰਸਾ-ਪ੍ਰਤੀ-ਹਿੰਸਾ ਦਾ ਅਖਾੜਾ ਬਣਦੀ ਹੈ। ਅੱਸੀਵਿਆਂ ਦੇ ਪੰਜਾਬ ਸੰਕਟ ਲਈ ਬੇਸ਼ੱਕ ਕਈ ਤਤਕਾਲੀ ਸਿਆਸੀ ਕਾਰਨ ਵੀ ਸਿੱਧੇ ਰੂਪ ਵਿਚ ਜ਼ਿੰਮੇਵਾਰ ਸਨ, ਪਰ ਇਸ ਪਿੱਛੇ ਭਾਰਤੀ ਰਾਸ਼ਟਰਵਾਦ ਨਾਲ ਜੁੜੀ ਸੂਖਮ ਹਿੰਸਾ ਵੱਲੋਂ ਨਿਭਾਈ ਭੂਮਿਕਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਇਸ ਸਬੰਧੀ ਵਿਚਾਰਨਯੋਗ ਮਸਲਾ ਇਹ ਹੈ ਕਿ ਸੱਤਾ ਸਥਾਪਤੀ ਲਈ ਜਿਥੇ ਲੋਕ ਸਹਿਮਤੀ ਦਾ ਹੋਣਾ ਜ਼ਰੂਰੀ ਹੈ, ਉਥੇ ਸਿਆਸੀ ਤਾਕਤ ਵੀ ਇਸ ਨੂੰ ਕਾਇਮ ਰੱਖਣ ਵਿਚ ਵਿਸ਼ੇਸ਼ ਭੂਮਿਕਾ ਅਦਾ ਕਰਦੀ ਹੈ। ਇਸੇ ਕਾਰਨ ਆਪਣੀ ਸੱਤਾ ਕਾਇਮ ਰੱਖਣ ਲਈ ਸਟੇਟ ਨੂੰ ਵਿਚਾਰਧਾਰਕ ਪ੍ਰਵਚਨਾਂ ਦੇ ਨਾਲ-ਨਾਲ ਫੌਜੀ ਤੇ ਸਿਆਸੀ ਪੈਂਤੜੇ ਵੀ ਈਜਾਦ ਕਰਨੇ ਪੈਂਦੇ ਹਨ। ਸਟੇਟ ਦੀ ਇਸ ਹਿੰਸਾ ਦੇ ਵਿਰੋਧ ਵਿਚੋਂ ਲੋਕ ਰੋਹ ਜਾਂ ਨਾਬਰੀ ਦੇ ਪ੍ਰਵਚਨ ਉਭਰ ਕੇ ਸਾਹਮਣੇ ਆਉਂਦੇ ਹਨ, ਪਰ ਸੂਖਮ ਹਿੰਸਾ ਦੇ ਵਿਰੋਧ ਵਿਚੋਂ ਉਪਜੀ ਇਸ ਲੋਕ-ਹਿੰਸਾ ਦੀ ਦਿਸ਼ਾ ਨਿਰਧਾਰਤ ਨਹੀਂ ਹੁੰਦੀ। ਜ਼ਰੂਰੀ ਨਹੀਂ ਕਿ ਇਸ ਹਿੰਸਾ ਦਾ ਨਿਕਾਸ ਸਟੇਟ ਦੇ ਵਿਰੁੱਧ ਹੀ ਹੋਵੇ। ਆਪਣੇ ਤੋਂ ਵੱਖਰੇ ਜਾਪਣ ਵਾਲੇ ਦੂਜੇ ਸਮਾਜਿਕ ਸਮੂਹ ਵੀ ਇਸ ਹਿੰਸਾ ਦਾ ਸ਼ਿਕਾਰ ਹੋ ਸਕਦੇ ਹਨ, ਜਿਵੇਂ ਪੰਜਾਬ ਵਿਚ ਸੰਤਾਲੀ ਅਤੇ ਚੁਰਾਸੀ ਦੌਰਾਨ ਵਾਪਰਿਆ।

ਇਸ ਪ੍ਰਸੰਗ ਵਿਚ ਇਕਵੀਂ ਸਦੀ ਦੌਰਾਨ ਪੰਜਾਬ ਦੇ ਬਦਲਦੇ ਹਾਲਾਤ ਅਤੇ ਇਸ ਤੋਂ ਉਪਜੇ ਘਟਨਾਕ੍ਰਮ ਬਾਰੇ ਵਿਸ਼ਲੇਸ਼ਣ ਕੀਤਾ ਜਾਣਾ ਜ਼ਰੂਰੀ ਹੈ। ਇਹ ਸਮਾਂ ਵਿਕਾਸ ਦੇ ਨਾਂ 'ਤੇ ਪੰਜਾਬ ਨੂੰ ਕਾਰਪੋਰੇਟ ਸੈਕਟਰ ਦੀਆਂ ਲੀਹਾਂ ਉਤੇ ਤੋਰਨ ਦਾ ਹੈ। ਇਹ ਦੌਰ ਪੰਜਾਬ ਦੇ ਕਿਰਤ ਤੋਂ ਟੁੱਟਣ ਅਤੇ ਨਿੱਜੀ ਮੁਨਾਫ਼ੇ ਦੁਆਲੇ ਕੇਂਦਰਤ ਹੋਣ ਦਾ ਸਮਾਂ ਹੈ।

ਜਿਥੇ ਆਲਮੀ ਪੂੰਜੀ ਦੇ ਪਸਾਰ ਨੇ ਪੰਜਾਬ ਨੂੰ ਖੁੱਲ੍ਹੀ ਮੰਡੀ ਨਾਲ ਜੋੜਿਆ, ਉਥੇ ਸਭਿਆਚਾਰਕ ਪੱਧਰ 'ਤੇ ਪੰਜਾਬ ਆਪਣੇ ਫਿਊਡਲ ਅਤੀਤ ਤੋਂ ਖਹਿੜਾ ਨਹੀਂ ਛੁਡਾ ਸਕਿਆ। ਖਾੜਕੂ ਲਹਿਰ ਦੇ ਖਾਤਮੇ ਤੋਂ ਬਾਅਦ ਪੰਜਾਬੀ ਨੌਜਵਾਨ ਨੂੰ ਮੰਡੀ ਦੇ ਖਪਤ ਸਭਿਆਚਾਰ ਨਾਲ ਜੋੜਨ ਲਈ ਸਟੇਟ ਅਪ੍ਰਤੱਖ ਰੂਪ ਵਿਚ ਸਭਿਆਚਾਰਕ ਮੇਲਿਆਂ ਨੂੰ ਹੁਲਾਰਾ ਦਿੰਦੀ ਹੈ ਅਤੇ ਪੰਜਾਬੀ ਬੰਦਾ ਇਨ੍ਹਾਂ ਪੇਸ਼ਕਾਰੀਆਂ ਨਾਲ ਜੁੜੀ ਹਾਈਪਰ-ਰਿਐਲਿਟੀ ਵਿਚੋਂ ਆਪਣੀ ਹੋਣੀ ਦੇ ਅਰਥ ਤਲਾਸ਼ਣ ਲੱਗਦਾ ਹੈ।

ਇਸ ਦੌਰ ਵਿਚ ਉਭਰੇ ਪਾਪੂਲਰ ਕਲਚਰ (ਪੰਜਾਬੀ ਗਾਇਕੀ ਅਤੇ ਸਿਨੇਮਾ) ਵਿਚ ਜਜ਼ਬ ਫਿਊਡਲ ਰਵਾਇਤਾਂ ਅਤੇ ਕਦਰਾਂ-ਕੀਮਤਾਂ ਇਸ ਪੱਖ ਤੋਂ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਸ ਤਰ੍ਹਾਂ ਦੇ ਗੀਤਾਂ ਤੇ ਫਿਲਮਾਂ ਦਾ ਪੰਜਾਬ ਦੇ ਪ੍ਰਸ਼ਾਸਕੀ ਢਾਂਚੇ ਹੇਠ ਦੱਬੀ ਸੂਖਮ ਹਿੰਸਾ ਨੂੰ ਲੁਕਤ ਬਣਾਈ ਰੱਖਣ ਵਿਚ ਵਿਸ਼ੇਸ਼ ਯੋਗਦਾਨ ਹੈ।

ਸਮਕਾਲੀ ਦੌਰ ਵਿਚ ਪੰਜਾਬ ਮੁੜ ਜ਼ਮੀਨੀ ਹਕੀਕਤ ਨਾਲ ਜੁੜਿਆ ਹੈ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ, ਵਧਦੀ ਬੇਰੁਜ਼ਗਾਰੀ, ਨੌਜਵਾਨ ਪੀੜ੍ਹੀ ਦੀ ਸਮੁੱਚੀ ਟੇਕ ਪਰਵਾਸ ਜਾਂ ਨਸ਼ਿਆਂ ਦੁਆਲੇ ਕੇਂਦਰਤ ਹੋਣ ਜਿਹੇ ਵਰਤਾਰਿਆਂ ਵਿਚੋਂ ਸਮਕਾਲੀ ਪੰਜਾਬ ਦਾ ਅਕਸ ਤਲਾਸ਼ਿਆ ਜਾ ਸਕਦਾ ਹੈ। ਇਸ ਦੌਰ ਵਿਚਲੇ ਪੰਜਾਬ ਦਾ ਪ੍ਰਬੰਧਕੀ ਢਾਂਚਾ ਜਿਸ ਕਿਸਮ ਦਾ ਆਰਥਿਕ-ਸਭਿਆਚਾਰਕ ਮਾਡਲ ਸਿਰਜ ਰਿਹਾ ਹੈ, ਉਸ ਨੇ ਪੰਜਾਬੀ ਬੰਦੇ ਅੰਦਰ ਬੇਵਿਸਾਹੀ ਦਾ ਆਲਮ ਸਿਰਜਿਆ ਹੈ। ਛੇਤੀ ਅਮੀਰ ਹੋਣ ਦੇ ਦਲਾਲੀ ਵਾਲੇ ਕੰਮ-ਧੰਦਿਆਂ ਵਿਚ ਮੰਦੀ ਆਉਣੀ ਸੁਭਾਵਕ ਸੀ, ਕਿਉਂਕਿ ਬਿਨਾ ਕਿਸੇ ਉਤਪਾਦਨ ਦੇ ਅਜਿਹੀ ਹਾਲਤ ਨੂੰ ਲੰਮੇ ਸਮੇਂ ਤੱਕ ਕਾਇਮ ਰੱਖਣਾ ਸੰਭਵ ਨਹੀਂ ਹੈ। ਪੰਜਾਬ ਦਾ ਸਿਆਸੀ ਮੁਹਾਜ਼ ਇਸ ਨਵੀਂ ਉਭਰੀ ਹਾਲਤ ਨਾਲ ਨਜਿੱਠਣ ਵਿਚ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਇਆ ਹੈ, ਜਾਂ ਉਸ ਦੀ ਮਨਸ਼ਾ ਸੱਤਾ ਉਤੇ ਕਾਬਜ਼ ਰਹਿਣ ਲਈ ਸੂਖਮ ਹਿੰਸਾ ਤੋਂ ਉਪਜੇ ਲੋਕ ਰੋਹ ਨੂੰ ਕਿਸੇ ਹੋਰ ਦਿਸ਼ਾ ਵੱਲ ਮੋੜਨ ਨਾਲ ਜੁੜੀ ਹੈ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਤ ਘਟਨਾਕ੍ਰਮ ਅਤੇ ਇਸ ਤੋਂ ਉਪਜੀ ਹਿੰਸਾ ਪ੍ਰਤੀ-ਹਿੰਸਾ ਨੂੰ ਇਸ ਨੁਕਤੇ ਤੋਂ ਸਮਝਿਆ ਜਾਣਾ ਜ਼ਰੂਰੀ ਹੈ। ਪੰਜਾਬ ਪਿਛਲੇ ਕਈ ਵਰ੍ਹਿਆਂ ਤੋਂ ਅਜਿਹੀ ਸੂਖਮ ਹਿੰਸਾ ਨਾਲ ਜੂਝ ਰਿਹਾ ਹੈ ਜਿਸ ਦੀਆਂ ਜੜ੍ਹਾਂ ਇਥੋਂ ਦੇ ਪ੍ਰਬੰਧਕੀ ਢਾਂਚੇ ਵਿਚ ਸਮਾਈਆਂ ਹੋਈਆਂ ਹਨ। ਰੁਜ਼ਗਾਰ ਦੇ ਵਸੀਲੇ ਘਟਣ ਕਾਰਨ ਪੰਜਾਬੀ ਬੰਦਾ ਆਪਣੀ ਜੰਮਣ ਭੋਇੰ 'ਤੇ ਬੇਗਾਨਿਆਂ ਵਾਂਗ ਵਿਚਰ ਰਿਹਾ ਹੈ। ਉਸ ਦੇ ਸੁਪਨਿਆਂ ਵਿਚ ਸਮਾਇਆ ਅਮਰੀਕਾ-ਕੈਨੇਡਾ ਦਾ ਬਿੰਬ ਇਸ ਕਦਰ ਸ਼ਕਤੀਸ਼ਾਲੀ ਹੈ ਕਿ ਉਹ ਖ਼ੁਦ ਨੂੰ ਆਪਣੇ ਮੁਲਕ ਵਿਚ ਪਰਵਾਸੀ ਸਮਝਦਾ, ਇਥੋਂ ਉਡਾਰੀ ਭਰਨ ਲਈ ਵਧੇਰੇ ਬਿਹਬਲ ਜਾਪਦਾ ਹੈ। ਇਸ ਲਈ ਪੰਜਾਬ ਦੇ ਸਮਕਾਲੀ ਸੰਕਟ ਅਤੇ ਇਸ ਕਾਰਨ ਉਪਜੇ ਲੋਕ-ਰੋਹ ਨੂੰ ਪ੍ਰਸ਼ਾਸਨ ਅਤੇ ਸਰਕਾਰੀ ਢਾਂਚੇ ਵਿਚਲੀ ਸੂਖਮ ਹਿੰਸਾ ਨਾਲ ਜੋੜ ਕੇ ਦੇਖਣਾ ਚਾਹੀਦਾ ਹੈ।

ਪੰਜਾਬ ਦੇ ਸਮਕਾਲੀ ਸੰਕਟ ਦੇ ਤਤਕਾਲੀ ਕਾਰਨ ਕੁਝ ਵੀ ਹੋਣ, ਇਸ ਲੋਕ-ਰੋਹ ਦੀ ਜ਼ਮੀਨ ਪਹਿਲਾਂ ਤੋਂ ਹੀ ਤਿਆਰ ਸੀ, ਪਰ ਜਿਸ ਤਰ੍ਹਾਂ ਪੰਜਾਬ ਦਾ ਇਤਿਹਾਸ ਦਰਸਾਉਂਦਾ ਹੈ, ਇਸ ਵਾਰ ਵੀ ਇਸ ਹਿੰਸਾ ਦੇ ਦਿਸ਼ਾਹੀਣ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

-0-

# ਮਨੁੱਖੀ ਬੇਵਸੀ ਦੀ ਕਲਾਤਮਿਕ ਸਿਰਜਣਾ ਚੌਥੀ ਕੂਟ




ਫਿਲਮਸਾਜ਼ ਗੁਰਵਿੰਦਰ ਸਿੰਘ

ਕਲਾ ਦੇ ਖੇਤਰ ਵਿਚ ਵਿਚਰਦਿਆਂ ਪੰਜਾਬੋਂ ਬਾਹਰ ਸੁਣਨ ਨੂੰ ਮਿਲਦਾ ਹੈ ਕਿ ਪੰਜਾਬ ਵਿਜ਼ੂਅਲੀ ਅਨਪੜ੍ਹ ਖਿੱਤਾ ਹੈ। ਇਥੇ ਲੋਕਾਂ ਕੋਲ ਵਿਜ਼ੂਅਲ ਸਮਝ ਨਹੀਂ ਹੈ। 'ਅੰਨ੍ਹੇ ਘੋੜੇ ਦਾ ਦਾਨ' ਤੋਂ ਬਾਅਦ 'ਚੌਥੀ ਕੂਟ' ਨੇ ਪੰਜਾਬੀ ਸਿਨਮੇ ਦੇ ਮੱਥੇ ਤੋਂ ਇਹ ਉਲਾਂਭਾ ਲਾਹ ਦਿਤਾ ਹੈ। ਇਥੇ ਗੁਰਵਿੰਦਰ ਸਿੰਘ ਨੂੰ 'ਮਾਸਟਰ ਔਫ ਵਿਜ਼ੂਅਲ ਲੈਂਗੂਏਜ' ਕਹਿਣਾ ਗਲਤ ਨਹੀਂ ਹੋਵੇਗਾ। ਫਿਲਮ ਇਕ ਸਫਰ ਤੋਂ ਆਪਣਾ ਸਫ਼ਰ ਸ਼ੁਰੂ ਕਰਦੀ ਹੈ ਅਤੇ ਲਗਾਤਾਰ ਉਲਝਣਾਂ ਭਰੇ ਸਫਰ ਵੱਲ ਵਧਦੀ ਹੈ। ਕਿਸੇ ਖਾਸ ਵਿਚਾਰ ਜਾਂ ਵਿਚਾਰਧਾਰਾ ਤੋਂ ਅਣਭਿੱਜ ਆਮ ਲੋਕਾਈ ਕਿਵੇਂ ਚੌਤਰਫਾ ਸੰਤਾਪ ਭੋਗਦੀ ਹੈ। ਬੇਵੱਸ, ਲਾਚਾਰ ਘੁਟਣ ਭਰੇ ਵਾਤਾਵਰਨ, ਆਪਣੇ ਹੀ ਅਹਿਸਾਸ ਦਾ ਕਤਲ ਕਰਨ ਲਈ ਮਜਬੂਰ, ਕਿਸੇ ਦਰਦਮੰਦ ਧਿਰ ਦੇ ਢਾਰਸ ਦੀ ਅਣਹੋਂਦ ਵਿਚ, ਮਨੁੱਖੀ ਜਿੰਦਾਂ ਤੇ ਟੁੱਟੇ ਬੁਰੇ ਵਕਤ ਦੇ ਕਹਿਰ ਵਿਚ ਡਾਢਿਆਂ ਅੱਗੇ ਬੋਲਣ ਦੀ ਜੁਰਅਤ ਰੱਖਣ ਵਾਲਾ ਕਿਰਦਾਰ ਹੈ ਕੁੱਤਾ ਟੌਮੀ ਜੋ ਕਿਸੇ ਉਡਦੇ ਪੰਜਾਬ ਦੇ ਟੌਮੀ ਨਾਲੋਂ ਵੱਧ ਸੰਜੀਦਾ ਹੈ। ਉਹ ਗ਼ਲਤੀਆਂ ਕਰ ਕੇ ਨਹੀਂ ਸੁਧਰਦਾ ਅਤੇ ਆਪਣੀ ਸੰਵੇਦਨਾ ਦੀ ਸਜ਼ਾ ਆਪਣਿਆਂ ਹੱਥੋਂ ਹੀ ਭੁਗਤਦਾ ਹੈ। ਉਹ ਪਰੋਸੀ ਹੋਈ ਜ਼ਹਿਰ ਨਹੀਂ ਨਿਗਲਦਾ, ਸਗੋਂ ਦਿਨ ਰਾਤ ਸ਼ੱਕੀਆਂ ਤੋਂ ਚੌਕਸ ਰਹਿ ਕੇ ਖ਼ਬਰਦਾਰ ਕਰਦਾ ਹੈ। ਫਿਲਮ ਦੇ ਇਕ ਕਿਰਦਾਰ ਤੋਂ ਆਪਣੀ ਵਫ਼ਾਦਾਰੀ ਤੇ ਜਿਉਂਦੇ ਜਾਗਦੇ ਹੋਣ ਦਾ ਸਨਮਾਨ ਸ਼ਬਦ ਹਾਸਿਲ ਕਰਦਾ ਹੈ: 'ਉਠ ਬੁੱਲ੍ਹਿਆ ਉਠ ਪੀਰ ਮਨਾ ਲੈ ਨਹੀਂ ਤਾਂ ਬਾਜੀ ਲੈਗੇ ਕੁੱਤੇ... ਤੈਂ ਤੀ ਉਤੇ'। ਬੀਂਡਿਆਂ ਅਤੇ ਡੱਡੂਆਂ ਦੀ ਟੀਂ ਟੀਂ ਟ੍ਰੈਂ ਟ੍ਰੈਂ ਦੀਆਂ ਆਵਾਜ਼ਾਂ ਫਿਲਮ ਦੇ ਕਿਰਦਾਰਾਂ ਦੀ ਨਸ ਨਸ ਵਿਚ ਪੈਂਦੇ ਹੌਲ ਨੂੰ ਹੋਰ ਵੀ ਹੌਲਨਾਕ ਬਣਾਉਂਦੀਆਂ ਹਨ ਜੋ ਫ਼ਿਲਮ ਵਿਚ ਧੁਨੀ ਦੀ ਅਹਿਮੀਅਤ ਦੀਆਂ ਹਾਮੀ ਹਨ। ਕਿਸੇ ਫਿਲਮ ਦੇ ਸੈੱਟ 'ਤੇ ਬਹੁਤ ਵਾਰ ਅਸਲੀ ਹਨ੍ਹੇਰੀ, ਬੱਦਲਾਂ ਨਾਲ ਢਕੇ ਅਸਮਾਨ ਅਤੇ ਗਰਜਦੀ ਬਿਜਲੀ ਦਾ ਸਾਹਮਣਾ ਹੁੰਦਾ ਹੋਵੇਗਾ, ਸ਼ਾਇਦ ਇਹ ਫਿਲਮਾਂਕਣ ਦੇ ਕੰਮ ਵਿਚ ਵਿਘਨ ਵੀ ਬਣ ਜਾਂਦਾ ਹੋਵੇਗਾ, ਪਰ ਚੌਥੀ ਕੂਟ ਵਿਚ ਹਦਾਇਤਕਾਰ ਨੇ ਬਾਖ਼ੂਬੀ ਇਨ੍ਹਾਂ ਬਿੱਜਾਂ ਨੂੰ ਆਪਣੀ ਪਟਕਥਾ ਦਾ ਵਿਜ਼ੂਅਲ ਪ੍ਰਗਟਾਵਾ ਕਰਾਉਣ ਲਈ ਵੱਸ ਵਿਚ ਕੀਤਾ ਹੈ। ਇਹ ਉਸ ਦੀ ਉਮਦਾ ਵਿਜ਼ੂਅਲ ਸਾਖਰਤਾ ਦਾ ਪ੍ਰਗਟਾਵਾ ਹੈ। ਭਾਦੋਂ ਦੇ ਸਾਹ ਘੁੱਟਵੇਂ ਵਾਤਾਵਰਨ ਦੇ ਦ੍ਰਿਸ਼ ਕਿਰਦਾਰਾਂ ਦੇ ਅੰਦਰ ਦੀ ਘੁਟਣ ਦਾ ਜਿਵੇਂ ਵਿਜ਼ੂਅਲ ਪ੍ਰਗਟਾਵਾ ਹੋਣ। ਟਰੇਨ ਦੇ ਮੁਸਾਫਿਰਾਂ ਦਾ ਹਾਲਾਤ ਤੋਂ ਭੈਭੀਤ ਹੋਣ, ਸਫ਼ਰ ਦੌਰਾਨ ਤੇ ਸਫ਼ਰ ਮੁੱਕਣ ਤੱਕ ਸਾਰੇ ਰਾਹ ਸਾਥ ਹੋਣ 'ਤੇ ਵੀ ਬੇਗਾਨਗੀ ਦੇ ਹਾਵ-ਭਾਵਾਂ ਨੂੰ ਦ੍ਰਿਸ਼ਾਂ 'ਚ ਖੂਬਸੂਰਤੀ ਨਾਲ ਬਿਆਨਿਆ ਗਿਆ ਹੈ ਜੋ ਕਿਸੇ ਪ੍ਰੌੜ੍ਹ ਵਿਚਾਰ ਦੀ ਅਣਹੋਂਦ ਵਿਚ ਹਨ੍ਹੇਰੇ ਵਿਚ ਟੱਕਰਾਂ ਮਾਰਨ ਵਰਗੀ ਭਾਵਨਾ ਦਾ ਅਹਿਸਾਸ ਕਰਾਉਂਦੇ ਹਨ। ਰਾਤ ਦੇ ਸੀਨ ਜਿਥੇ ਮਾਮੂਲੀ ਜਿਹੀ ਚਾਨਣ ਦੀ ਮੌਜੂਦਗੀ ਹੀ ਇਕ ਆਸ ਹੈ। ਇਤਿਹਾਸ ਦੇ



**ਰਣਦੀਪ ਮੱਦੋਕੇ**
ਫੋਨ: +91-98146-93368

ਉਸ ਦੌਰ ਵਿਚ ਦੋ ਚੱਕੀਆਂ ਦੇ ਪੁੜਾਂ ਵਿਚ ਪਿਸਦੇ ਸਾਧਾਰਨ ਜਨ ਹਰ ਪਾਸਿਓਂ ਹਾਲਾਤ ਮੂਹਰੇ ਬੇਵੱਸ ਹਨ। ਫਿਲਮ ਉਨ੍ਹਾਂ ਦੀ ਲਾਚਾਰੀ ਦਾ ਕਲਾਤਮਿਕ ਪ੍ਰਗਟਾਵਾ ਹੈ। ਫਿਲਮ ਦੀ ਪਰਦਾਪੇਸ਼ੀ ਤੋਂ ਬਾਅਦ ਪੰਜਾਬ ਵਿਚ ਦੋ ਤਰ੍ਹਾਂ ਦੇ ਵਿਚਾਰ ਫਿਲਮ ਬਾਰੇ ਸੁਣਨ ਨੂੰ ਮਿਲੇ: ਇਕ ਇਹ ਕਿ ਫਿਲਮ ਸਟੇਟ ਦੇ ਪੱਖ ਵਿਚ ਭੁਗਤਦੀ ਹੈ; ਦੂਜਾ ਇਹ ਕਿ ਖਾਲਸਤਾਨੀਆਂ ਦੇ ਪੱਖ ਵਿਚ ਭੁਗਤਦੀ ਹੈ; ਪਰ ਅਸਲ ਵਿਚ ਇਹ ਫਿਲਮ ਉਸ ਦੌਰ ਦੇ ਆਮ ਲੋਕਾਂ ਦੇ ਪੱਖ ਵਿਚ ਭੁਗਤਦੀ ਹੈ, ਉਨ੍ਹਾਂ ਦੀ ਬੇਵਸੀ ਦਾ ਬਾਖ਼ੂਬੀ ਇਜ਼ਹਾਰ ਕਰਦੀ ਹੈ। ਇਸ ਨੂੰ ਕਿਸੇ ਖਾਸ ਸਾਂਚੇ 'ਚ ਢਾਲ ਕੇ ਦੇਖਣਾ ਆਪਣੀ ਵਿਦਵਤਾ ਜਾ ਬੌਧਿਕ ਕੰਗਾਲੀ ਹੀ ਹੋ ਸਕਦੀ ਹੈ। ਇਥੇ ਬਣਨ ਵਾਲੀਆਂ ਆਮ ਫਿਲਮਾਂ ਕਿਸ ਦੇ ਪੱਖ ਵਿਚ ਭੁਗਤਦੀਆਂ ਹਨ, ਅਸੀਂ ਇਨ੍ਹਾਂ ਬਾਰੇ ਕਿੰਨੀ ਕੁ ਚਰਚਾ ਕਰਦੇ ਹਾਂ! ਸਾਨੂੰ ਕਲਾ ਦੀ ਉਚ ਪਾਏਦਾਰੀ ਦਾ ਸੁਆਗਤ ਕਰਨਾ ਚਾਹੀਦਾ ਹੈ। ਆਮ ਦਰਸ਼ਕ ਨੂੰ ਹਦਾਇਤਾਂ ਦੇਣਾ, ਆਪਣੇ ਸਿਆਣੇ ਹੋਣ ਅਤੇ ਉਸ ਦੇ ਬੇਵਕੂਫ਼ ਹੋਣ ਦਾ ਹੀ ਦਾਅਵਾ ਹੈ। ਸਾਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਦਰਸ਼ਕ ਦੇ ਸੁਆਦ ਨੂੰ ਦੋਇਮ ਦਰਜੇ ਦੇ ਮਨੋਰੰਜਨ ਸਿਨਮਾ/ਕਲਾ ਨੇ ਹੀ ਭ੍ਰਿਸ਼ਟ ਕੀਤਾ ਹੈ। ਜੇ ਇਥੇ ਆਹਲਾ ਦਰਜੇ ਦਾ ਸਿਨਮਾ/ਕਲਾ ਹਾਸਿਲ ਹੋਵੇ ਤਾਂ ਦਰਸ਼ਕ ਖੁਦ ਚੰਗਾ ਆਲੋਚਕ ਹੋ ਸਕਦਾ ਹੈ। ਕਿਸੇ ਫਿਲਮ ਦੇ ਬੁਰੇ ਚੰਗੇ ਪੱਖਾਂ ਬਾਰੇ ਉਸ ਦੇ ਪੱਖਪਾਤੀ ਕਿਰਦਾਰ ਦੀ ਪਰਖ ਵੀ ਕਰ ਸਕਦਾ ਹੈ ਤੇ ਇਹ ਹੱਕ ਦਰਸ਼ਕ ਨੂੰ ਦੇਣਾ ਵੀ ਚਾਹੀਦਾ ਹੈ। ਅਸੀਂ ਸਰਕਾਰੀ ਪਾਬੰਦੀਆਂ ਦਾ ਅਕਸਰ ਵਿਰੋਧ ਕਰਦੇ ਹਾਂ ਅਤੇ ਕਈ ਵਾਰੀ ਖੁਦ ਪਾਬੰਦੀਆਂ ਆਇਦ ਕਰ ਕੇ ਸਰਕਾਰ ਵਰਗਾ ਰਵੱਈਆ ਅਖਤਿਆਰ ਕਰ ਲੈਂਦੇ ਹਾਂ। ਸਾਡੇ ਪੰਜਾਬ ਵਿਚ ਅਕਸਰ ਕਲਾ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਇਹ ਹਰ ਹਾਲ, ਸਾਡੇ ਵਿਚਾਰ ਦੇ ਪੱਖ ਵਿਚ ਬੁਲਾਰੇ ਦਾ ਕੰਮ ਕਰੇ, ਪਰ ਅਸਲ ਵਿਚ ਕਲਾ ਦਾ ਕੰਮ ਮਨੁੱਖੀ ਸੰਵੇਦਨਾ ਨੂੰ ਹਲੂਣਾ ਦੇਣਾ ਹੁੰਦਾ ਹੈ। ਅਸੀਂ ਅਕਸਰ ਫਿਲਮ ਵਰਗੀ ਕਲਾ ਵਿਧਾ ਤੋਂ ਵੀ ਦਾਦੀ ਅੰਮਾ ਦੀ ਕਹਾਣੀ ਵਰਗਾ ਵਿਸਤਾਰ ਲੋਚਦੇ ਹਾਂ। ਫਿਲਮ ਅਤੇ ਕਹਾਣੀ/ਲੇਖ ਲੇਖਣ ਬਿਲਕੁਲ ਵੱਖ ਵੱਖ ਸ਼ੈਆਂ ਹਨ। ਫਿਲਮ ਪੜ੍ਹੇ ਜਾਣ ਨਾਲੋਂ ਦੇਖੇ/ਸੁਣੇ ਜਾਣ ਵਾਲਾ ਕਲਾ ਮਾਧਿਅਮ ਹੈ। ਇਸ ਵਿਚ ਦ੍ਰਿਸ਼ਾਂ ਦੀ ਭਾਸ਼ਾ ਨੂੰ ਪੜ੍ਹਨਾ ਹੁੰਦਾ ਹੈ, ਜਿਥੇ ਬਹੁਤ ਕੁਝ, ਨਾ ਕਹਿ ਕੇ ਕਿਹਾ ਜਾਂਦਾ ਹੈ, ਪਰ ਅਸੀਂ ਜਿਸ ਤਰ੍ਹਾਂ ਦੀਆਂ ਫਿਲਮਾਂ ਅਤੇ ਗੀਤਾਂ ਦੇ ਆਦੀ ਹਾਂ, ਜਿਨ੍ਹਾਂ ਵਿਚ ਮਗਜ਼ ਨੂੰ ਕੋਈ ਤਰੱਦਦ ਨਹੀਂ ਕਰਨਾ ਪੈਂਦਾ ਜਿਸ ਸਦਕਾ ਅਸੀਂ ਹਮੇਸ਼ਾ ਉਸੇ ਤਰ੍ਹਾਂ ਦੀ ਹਲਕੀ ਫੁਲਕੀ ਭਾਸ਼ਾ ਦੇ ਮੁਰੀਦ ਬਣੇ ਰਹਿੰਦੇ ਹਾਂ। ਕਿਸੇ ਹੱਦ ਤੱਕ ਅਸੀਂ ਲਲਕਾਰਿਆਂ ਨੂੰ ਹੀ ਕਲਾ ਮੰਨ ਬੈਠੇ ਹਾਂ, ਇਸੇ ਕਰ ਕੇ ਕਲਾ ਜਗਤ ਵਿਚ ਸਾਡੀ ਕਲਾ ਦਾ ਪੰਜਾਬੋਂ ਬਾਹਰ ਕਿਤੇ ਜ਼ਿਕਰ ਤੱਕ ਨਹੀਂ ਹੁੰਦਾ। ਫਿਲਮ 'ਚੌਥੀ ਕੂਟ' ਸਾਨੂੰ ਪੰਜਾਬ ਦੀ ਸਥਾਪਿਤ ਹਲਕੀ ਦ੍ਰਿਸ਼ ਭਾਸ਼ਾ (ਵਿਜ਼ੂਅਲ ਲੈਂਗੂਏਜ) ਦੀ ਵਲਗਣ ਤੋਂ ਬਾਹਰ ਲੈ ਕੇ ਜਾਂਦੀ ਹੈ। ਇਸੇ ਕਰ ਕੇ ਇਸ ਦੀ ਚਰਚਾ ਆਲਮੀ ਫਿਲਮ ਕਲਾ ਜਗਤ ਵਿਚ ਹੁੰਦੀ ਹੈ। ਇਹ ਫਿਲਮ ਸਾਡੇ ਆਉਣ ਵਾਲੇ ਪੰਜਾਬੀ ਸਿਨਮੇ ਦੀ ਭਾਸ਼ਾ ਨੂੰ ਨਿਖਾਰਨ ਸੰਵਾਰਨ ਵਿਚ ਲਾਜ਼ਮੀ ਸਹਾਈ ਹੋਵੇਗੀ ਅਤੇ ਅਸੀਂ ਦੇਰ-ਸਵੇਰ ਉਚੇ ਸੁਹਜ ਸੁਆਦ ਹਜ਼ਮ ਕਰਨ ਯੋਗ ਹੋ ਜਾਵਾਂਗੇ। -0-







ਫਿਲਮਸਾਜ਼ ਗੁਰਵਿੰਦਰ ਸਿੰਘ ਦੀਆਂ ਦੋ ਫਿਲਮਾਂ 'ਚੌਥੀ ਕੂਟ' ਅਤੇ (ਸੱਜੇ) 'ਅੰਨ੍ਹੇ ਘੋੜੇ ਦਾ ਦਾਨ' ਦੇ ਦ੍ਰਿਸ਼।

# ਸ਼ੇਖਰ ਕਪੂਰ: ਪਾਣੀ ਦੀ ਕਹਾਣੀ

ਕਿਸੇ ਵੇਲੇ ਫਿਲਮ ਅਦਾਕਾਰ ਰਿਹਾ ਫਿਲਮਸਾਜ਼ ਸ਼ੇਖਰ ਕਪੂਰ ਇਕ ਵਾਰ ਫਿਰ ਚਰਚਾ ਵਿਚ ਹੈ। ਇਸ ਵਾਰ ਉਸ ਦੀ ਚਰਚਾ ਉਸ ਦੀ ਨਵੀਂ ਫਿਲਮ 'ਪਾਨੀ' ਬਾਰੇ ਹੈ। ਆਪਣੇ ਇਸ ਪ੍ਰੋਜੈਕਟ ਨੂੰ ਉਹ ਬੇਹੱਦ ਵੱਕਾਰੀ ਮੰਨ ਰਿਹਾ ਹੈ। ਉਂਜ, ਇਹ ਪ੍ਰੋਜੈਕਟ ਵਾਰ-ਵਾਰ ਅੜਿਕਿਆਂ ਦਾ ਸਾਹਮਣਾ ਕਰ ਰਿਹਾ ਹੈ। ਯਸ਼ ਰਾਜ ਫਿਲਮਜ਼ ਨੇ ਇਸ ਪ੍ਰੋਜੈਕਟ ਵਿਚ ਭਾਈਵਾਲੀ ਦੀ ਹਾਮੀ ਭਰੀ ਸੀ, ਪਰ ਅਦਿਤਿਆ ਚੋਪੜਾ ਪਿਛੇ ਜਿਹੇ ਇਸ ਪ੍ਰੋਜੈਕਟ ਤੋਂ ਪਿਛੇ ਹਟ ਗਿਆ। ਹੁਣ ਸ਼ੇਖਰ ਕਪੂਰ ਦਾ ਕਹਿਣਾ ਹੈ ਕਿ ਉਹ ਆਪਣਾ ਇਹ ਸੁਪਨਮਈ ਪ੍ਰੋਜੈਕਟ ਹਰ ਹਾਲ ਅਤੇ ਹਰ ਹੀਲੇ ਪੂਰਾ ਕਰੇਗਾ, ਭਾਵੇਂ ਉਸ ਨੂੰ ਬਾਹਰੋਂ ਮਦਦ ਹੀ ਕਿਉਂ ਨਾ ਲੈਣੀ ਪਵੇ!

ਯਾਦ ਰਹੇ ਕਿ ਸ਼ੇਖਰ ਕਪੂਰ ਇਸ ਤੋਂ ਪਹਿਲਾਂ 'ਮਾਸੂਮ', 'ਬੈਂਡਿਟ ਕੁਈਨ' ਅਤੇ 'ਐਲਿਜ਼ਬੈਥ' ਵਰਗੀਆਂ ਚਰਚਿਤ ਫਿਲਮਾਂ ਨਾਲ ਫਿਲਮ ਜਗਤ ਵਿਚ ਆਪਣਾ ਨਿਵੇਕਲਾ ਥਾਂ ਬਣਾ ਚੁੱਕਾ ਹੈ। ਉਸ ਨੇ ਆਪਣਾ ਕਰੀਅਰ ਬਤੌਰ ਐਕਟਰ 1975 ਵਿਚ ਫਿਲਮ 'ਜਾਨ ਹਾਜ਼ਰ ਹੈ' ਨਾਲ ਕੀਤਾ ਸੀ। ਮਗਰੋਂ ਉਹਨੇ ਕਵਿਤਾ ਚੌਧਰੀ ਵਾਲੇ ਲੜੀਵਾਰ 'ਉਡਾਨ' ਜੋ ਦੂਰਦਰਸ਼ਨ ਤੋਂ ਨਸ਼ਰ ਕੀਤਾ ਗਿਆ ਸੀ, ਵਿਚ ਵੀ ਅਦਾਕਾਰੀ ਕੀਤੀ। 1983 ਵਿਚ 'ਮਾਸੂਮ' ਫਿਲਮ ਨਾਲ ਉਹ ਫਿਲਮਸਾਜ਼ੀ ਵੱਲ ਆਇਆ। ਇਸ ਫਿਲਮ ਵਿਚ ਮੁੱਖ ਭੂਮਿਕਾਵਾਂ ਨਸੀਰੂਦੀਨ ਸ਼ਾਹ, ਸ਼ਬਾਨਾ ਆਜ਼ਮੀ ਅਤੇ ਜੁਗਲ ਹੰਸਰਾਜ ਦੀਆਂ ਸਨ। ਇਸ ਵਿਚ ਇਕ ਬੱਚਾ ਆਪਣੀ ਮਤਰੇਈ ਮਾਂ ਵਿਚੋਂ ਡਾਢਾ ਪਿਆਰ ਲੱਭ ਲੈਂਦਾ ਹੈ। 1987 ਵਿਚ ਉਸ ਦੀ ਫਿਲਮ 'ਮਿਸਟਰ ਇੰਡੀਆ' ਨੇ ਵੀ ਕਾਫੀ ਚਰਚਾ ਕਰਵਾਈ। ਇਹ ਸਾਇੰਸ ਫਿਕਸ਼ਨ ਫਿਲਮ ਸੀ ਅਤੇ ਇਸ ਵਿਚ ਮੁੱਖ ਅਦਾਕਾਰੀ ਅਨਿਲ ਕਪੂਰ, ਸ੍ਰੀਦੇਵੀ ਅਤੇ ਅਮਰੀਸ਼ ਪੁਰੀ ਦੀ ਸੀ। ਅਮਰੀਸ਼ ਪੁਰੀ ਦਾ ਕਿਰਦਾਰ ਖਲਨਾਇਕ ਵਾਲਾ ਸੀ ਅਤੇ ਇਸ ਫਿਲਮ ਦਾ ਇਕ ਸੰਵਾਦ 'ਮੋਗੈਂਬੋ ਖੁਸ਼ ਹੂਆ' ਬਹੁਤ ਮਸ਼ਹੂਰ ਹੋ ਗਿਆ ਅਤੇ ਇਹ ਸੰਵਾਦ ਸਦਾ-ਸਦਾ ਲਈ ਅਮਰੀਸ਼ ਪੁਰੀ ਨਾਲ ਜੁੜ ਗਿਆ। ਇਸ ਤੋਂ ਬਾਅਦ 1994 ਵਿਚ ਸ਼ੇਖਰ ਕਪੂਰ ਦੀ ਫਿਲਮ 'ਬੈਂਡਿਟ ਕੁਈਨ' ਦੀ ਖੂਬ ਚਰਚਾ ਹੋਈ। ਇਹ ਫਿਲਮ ਡਾਕੂ ਤੋਂ ਲੋਕ ਸਭਾ ਮੈਂਬਰ ਬਣੀ ਫੂਲਾਂ ਦੇਵੀ ਦੀ ਜ਼ਿੰਦਗੀ ਉਤੇ ਆਧਾਰਿਤ ਸੀ। ਇਸ ਫਿਲਮ ਨਾਲ ਉਸ ਦਾ ਕੱਦ-ਬੁੱਤ ਬਹੁਤ ਉਚਾ ਹੋ ਗਿਆ। ਫਿਰ ਉਸ ਨੇ ਆਸਕਰ ਐਵਾਰਡ ਜੇਤੂ ਫਿਲਮ 'ਐਲਿਜ਼ਬੈਥ' (1998) ਬਣਾਈ। ਇਹ ਫਿਲਮ ਬਰਤਾਨਵੀ ਮਹਾਰਾਣੀ ਐਲਿਜ਼ਬੈਥ-ਪਹਿਲੀ ਦੀ ਜ਼ਿੰਦਗੀ ਬਾਰੇ ਸੀ। ਇਹ ਫਿਲਮ 7 ਆਸਕਰ ਇਨਾਮਾਂ ਲਈ ਨਾਮਜ਼ਦ ਹੋਈ ਸੀ। ਸਾਲ 2007 ਵਿਚ ਸ਼ੇਖਰ ਕਪੂਰ ਨੇ ਇਸ ਫਿਲਮ ਦੀ ਸੀਕੁਅਲ 'ਐਲਿਜ਼ਾਬੈਥ: ਦਿ ਗੋਲਡਨ ਏਜ' ਬਣਾਈ। ਹੁਣ ਉਹ ਫਿਲਮ 'ਪਾਨੀ' ਨਾਲ ਪਰ ਤੋਲ ਰਿਹਾ ਹੈ। ਉਸ ਨੂੰ ਜਾਣਨ ਵਾਲੇ ਜਾਣਦੇ ਹਨ ਕਿ ਉਹ ਆਪਣੀ ਧੁਨ ਦਾ ਪੱਕਾ ਹੈ, ਇਹ ਪ੍ਰੋਜੈਕਟ ਮੁਕੰਮ ਕਰ ਕੇ ਹੀ ਸਾਹ ਲਵੇਗਾ।






ਫਿਲਮਸਾਜ਼ ਸ਼ੇਖਰ ਕਪੂਰ (ਸੱਜੇ) ਅਤੇ ਫਿਲਮ 'ਪਾਨੀ' ਦਾ ਪੋਸਟਰ।








# ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

## ਅਸੀਂ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ *ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

*Rates as low as 2.0%*

ਸੰਪਰਕ ਕਰੋ:
ਪਾਲ ਫੋਨ 1-800-705-3863





**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

www.Transportationfunding.com

**Transportation Funding Group, Inc. Minneapolis, MN 55426**


ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ, ਅਮਰੀਕਾ
UNITED SPORTS CLUB, CALIFORNIA AMERICA
USC
ਯੂਨਾਈਟਡ ਸਪੋਰਟਸ ਕਲੱਬ, ਕੈਲੇਫੋਰਨੀਆਂ ਅਮਰੀਕਾ
ਕੈਲੇਫੋਰਨੀਆਂ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ
12ਵਾਂ ਵਿਸ਼ਵ ਕਬੱਡੀ ਕੱਪ
ਮਿਤੀ 18 ਸਤੰਬਰ 2016 ਦਿਨ ਐਤਵਾਰ ਨੂੰ
(Logan High School 1800 H Street, Union City, California 94587)
ਤੀਰਥ ਗਾਖਲ
ਰੰਗ ਕਬੱਡੀ ਦੇ
ਅਮੋਲਕ ਸਿੰਘ ਗਾਖਲ
ਸਰਪ੍ਰਸਤ
ਯੂਨਾਈਟਡ ਸਪੋਰਟਸ ਕਲੱਬ
ਲੋਗਨ ਹਾਈ ਸਕੂਲ 1800 ਐਚ ਯੂਨੀਅਨ ਸਿਟੀ, ਕੈਲੀਫੋਰਨੀਆਂ 94587 ਦੀਆਂ ਗਰਾਉਂਡਾਂ ਵਿਚ ਕਰਵਾਇਆ ਜਾ ਰਿਹਾ ਹੈ
18 ਸਤੰਬਰ ਦਾ ਦਿਨ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਲਈ ਰਾਖਵਾਂ ਰੱਖ ਕੇ ਸਾਰਾ ਦਿਨ ਕਬੱਡੀ ਦੇ ਰੰਗ ਸਵੇਰ 9 ਵਜੇ ਤੋਂ ਸ਼ਾਮ 6 ਵਜੇ ਤੱਕ ਵੇਖਣ ਲਈ ਜੇਮਸ ਲੋਗਨ ਹਾਈ ਸਕੂਲ ਵਿਚ ਪਹੁੰਚੋ।
ਮੱਖਣ ਸਿੰਘ ਬੈਂਸ ਚੇਅਰਮੈਨ
ਇਕਬਾਲ ਸਿੰਘ ਗਾਖਲ ਉਪ ਚੇਅਰਮੈਨ
ਬਲਵੀਰ ਸਿੰਘ ਭਾਟੀਆ ਪ੍ਰਧਾਨ
ਪਲਵਿੰਦਰ ਸਿੰਘ ਗਾਖਲ ਡਾਇਰੈਕਟਰ
ਜੁਗਰਾਜ ਸਿੰਘ ਸਹੋਤਾ ਉਪ ਪ੍ਰਧਾਨ
ਗੁਰਦਾਵਰ ਸਿੰਘ ਮਹੇੜੂ ਜਨਰਲ ਸਕੱਤਰ
ਐਸ ਅਸ਼ੋਕ ਭੌਰਾ ਮੀਡੀਆ ਇੰਚਾਰਜ
ਪਿੰਕੀ ਅਟਵਾਲ ਡਾਇਰੈਕਟਰ
ਪਹਿਲੇ ਇਨਾਮ ਦੇ ਸਪਾਂਸਰ
DIAMOND TRANSPORTATION
ਡਾਇਮੰਡ ਟਰੱਕਿੰਗ ਸਟਾਕਟਨ ਦੇ
ਗੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ 'ਤੇ ਪਿੰਕੀ ਅਟਵਾਲ
ਦੂਜੇ ਇਨਾਮ ਦੇ ਸਪਾਂਸਰ
ਸਹੋਤਾ ਪਰਿਵਾਰ ਦੇ ਜੁਗਰਾਜ ਸਿੰਘ ਸਹੋਤਾ 'ਤੇ ਨਰਿੰਦਰ ਸਿੰਘ ਸਹੋਤਾ
(ਪਿਤਾ ਸਵ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਨੂੰ ਸਮਰਪਿਤ)
ਪਰਮਜੀਤ ਸਿੰਘ ਪੰਮੀ ਕਬੱਡੀ ਕੋਚ
ਸਾਧੂ ਸਿੰਘ ਸਲਾਹਕਾਰ
ਨਰਿੰਦਰ ਸਿੰਘ ਸਹੋਤਾ ਖਜਾਨਚੀ
ਦਲਵਿੰਦਰ ਪੰਡਾ ਡਾਇਰੈਕਟਰ
ਨੱਥਾ ਸਿੰਘ ਗਾਖਲ ਸਲਾਹਕਾਰ
ਦੇਬੀ ਸੋਹਲ ਸਿੱਧਵਾਂ ਦੋਨਾ ਡਾਇਰੈਕਟਰ
ਬਖਤਾਵਰ ਸਿੰਘ ਗਾਖਲ ਡਾਇਰੈਕਟਰ
ਜਸਵੀਰ ਸਿੰਘ ਗਾਖਲ ਡਾਇਰੈਕਟਰ
ਗੁਰਪ੍ਰੀਤ ਸਿੰਘ ਗਾਖਲ ਡਾਇਰੈਕਟਰ
ਵਿਸ਼ਵ ਕਬੱਡੀ ਕੱਪ ਦੇ ਮੀਡੀਆ ਇੰਚਾਰਜ
ਐਸ ਅਸ਼ੋਕ ਭੌਰਾ
Phone: 510 415 3315, Email: ashokbhaura@gmail.com
ਖੇਡ ਮੇਲੇ ਵਿਚ ਭਾਗ ਲੈਣ ਵਾਲੀਆਂ ਕਲੱਬਾਂ
* ਬੇ ਏਰੀਆ ਸਪੋਰਟਸ ਕਲੱਬ
* ਸੈਂਟਰਲ ਵੈਲੀ ਸਪੋਰਟਸ ਕਲੱਬ
* ਸ਼ਹੀਦ ਊਧਮ ਸਿੰਘ 'ਤੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ
* ਫਤਿਹ ਸਪੋਰਟਸ ਕਲੱਬ
ਕਬੱਡੀ ਲਈ ਪਾਏ ਵਿਸ਼ੇਸ਼ ਯੋਗਦਾਨ ਬਦਲੇ ਕੈਲੇਫੋਰਨੀਆਂ ਕਬੱਡੀ ਫੈਡਰੇਸ਼ਨ ਦੇ ਸਮੂਹ ਅਹੁਦੇਦਾਰਾਂ ਅਤੇ ਕਬੱਡੀ ਨੂੰ ਸਮਰਪਿਤ ਰਹੀਆਂ ਸਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਹੋਵੇਗਾ
ਖੇਡ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ
ਦਾਖਲਾ ਮੁਫਤ
ਸਿਟੀ ਪ੍ਰਸ਼ਾਸ਼ਨ ਦੀਆਂ ਹਦਾਇਤਾਂ ਮੁਤਾਬਿਕ ਗਰਾਊਂਡ ਤੋਂ ਬਾਹਰ ਪਾਣੀ ਜਾਂ ਸੋਡਾ ਮੁੱਲ ਜਾਂ ਮੁੱਫਤ ਨਾ ਵੰਡਣ ਦੀ ਬੇਨਤੀ ਹੈ।
ਹਰ ਵਾਰ ਦੀ ਤਰ੍ਹਾਂ ਰਾਜਾ ਸਵੀਟਸ ਦਾ ਲਜ਼ੀਜ਼ ਫੂਡ ਵੀ ਉਪਲਬਧ ਹੋਵੇਗਾ
ਵਿਸ਼ਵ ਕਬੱਡੀ ਕੱਪ ਦੇ ਉਦਘਾਟਨ ਮੌਕੇ ਬੱਚਿਆਂ ਦੀ ਪਰੇਡ ਹੋਵੇਗੀ
ਕੋਈ ਵਿਅਕਤੀਗਤ ਖੇਡ ਨਹੀਂ ਹੋਵੇਗੀ
ਸੈਨਹੋਜ਼ੇ ਗੁਰੂਘਰ ਦੀ ਪ੍ਰਬੰਧਕ ਕਮੇਟੀ ਵਲੋਂ ਵਿਸ਼ਵ ਕਬੱਡੀ ਕੱਪ ਨੂੰ ਪੂਰਨ ਸਹਿਯੋਗ
ਗਦਰੀ ਬਾਬਿਆਂ ਦੇ ਇਤਿਹਾਸਕ ਗੁਰੂਘਰ ਸਟਾਕਟਨ ਦੀ ਪ੍ਰਬੰਧਕ ਕਮੇਟੀ ਵਲੋਂ ਵਿਸ਼ਵ ਕਬੱਡੀ ਕੱਪ ਨੂੰ ਪੂਰਨ ਸਹਿਯੋਗ
ਫਰੀਮਾਂਟ ਗੁਰੂਘਰ ਦੀ ਪ੍ਰਬੰਧਕ ਕਮੇਟੀ ਵਲੋਂ ਵਿਸ਼ਵ ਕਬੱਡੀ ਕੱਪ ਨੂੰ ਪੂਰਨ ਸਹਿਯੋਗ
ਗੋਲਡ ਮੈਡਲ ਨਾਲ ਸਨਮਾਨਿਤ ਹੋਣ ਵਾਲੀਆਂ ਸਖਸ਼ੀਅਤਾਂ
ਮੇਜਰ ਸਿੰਘ ਗਾਖਲ ਸਾਬਕਾ ਕਬੱਡੀ ਖਿਡਾਰੀ (ਯੂਨਾਈਟਡ ਸਪੋਰਟਸ ਕਲੱਬ ਵਲੋਂ)
ਬੇ-ਏਰੀਆ ਸਪੋਰਟਸ ਕਲੱਬ ਦੇ ਬਲਜੀਤ ਸਿੰਘ ਸੰਧੂ (ਯੂਨਾਈਟਡ ਸਪੋਰਟਸ ਕਲੱਬ ਵਲੋਂ ਵਿਸ਼ੇਸ਼ ਸਨਮਾਨ)
ਰਾਣਾ ਵੰਝ ਸਾਬਕਾ ਕਬੱਡੀ ਖਿਡਾਰੀ (ਕੁਲਵੰਤ ਸਿੰਘ ਨਿੱਝਰ ਤੇ ਸੁਖਬੀਰ ਸਿੰਘ ਨਿੱਝਰ ਵਲੋਂ)
ਦੀਪਾ ਮੁਠੱਡਾ ਸਾਬਕਾ ਕਬੱਡੀ ਖਿਡਾਰੀ (ਤੀਰਥ ਗਾਖਲ ਵਲੋਂ)
ਨੱਥਾ ਸਿੰਘ ਗਾਖਲ (ਤੀਰਥ ਗਾਖਲ ਵਲੋਂ)
ਸੰਦੀਪ ਲੁੱਧੜ (ਬੇ-ਏਰੀਆ ਸਪੋਰਟਸ ਕਲੱਬ ਵਲੋਂ)
Sponsors
Surjit Singh Tutt, Ranjit Singh Tutt, Aman Truck Line, Tirath S. Gakhal, Yadwinder Singh Sohal, Randhir Singh Nijjar, Paramjit Singh Lidher, Surinder Singh Atwal, Harduman Singh, Billa Sanghera, Dhanna Singh Kabaddi Coach, Sant Singh Hothi, Sukhwant S. Klair, Baljinder S. Klair, Kashmir S. Dhoot, Inderjit Singh Thind, Gurcharan Singh Maan, Raj Bhanot ( Hindu Temple Sunnyvale), Raghbir Singh Shergill, Santokh Singh Jajj.
Lachhar Bros., Mike Boparai Winco Truck Stop & Plaza, Kulwant Singh Nijjar, Sukhvir Singh Nijjar, Baljit Singh Sahota, Amarjit Singh Sangha, Raghbir Singh Gakhal, Sodhi Indiana, Pargan Singh, Natomas Liquior, Mangal Singh Bhandal, Amrik Chand Lakha CPA, S S Trucking, Sewa Singh Randhawa Canada, Paramjit Singh Deol Canada, Gurnam Singh, Kulwant Singh Khaira (Chairman Sri Guru Teg Bahadur Sports Club), Jass Sohal Canada, Jagir Singh Sabzi Mandi, Balkar SIngh Lidhar, Harjinder Singh Lidhar, Ranjit Singh Dhillon.
Lakhvir Singh Patwari, Rana Atwal, Sukhminder Machhiana, Mehnga Singh Sarpanch, Manjit Singh, Kuldip Singh Dhaliwal, Jinder Johal, Sarbjit Singh Dhaliwal, Jack Ram & Paul Ram, National Transport, Travel for less, Tirath Singh Sallh, Bill Bains, Jasvir Takhar, Major Singh Gakhal, Jagtar Singh, Harbhajan Singh Gakhal, TS Badwal, Ranvir Singh, Gurmej Singh Gakhal, Sohan Singh Gakhal, Avtar Singh, Bhupinder Singh Parmar, Shankar Singh, Such Ram Bharta, Darshan Aujla, Kashmir Dhugha, Jaswant Singh Sra, Santokh Singh Takhar, Shashi Pal, Jasvir Singh Sohal, Sewa Singh Sidhwan, Boota Singh Sidhwan, Parmjit Singh Khehra, Jaswinder Shergill, Balwinder Virk, Bittu Rai, Malagher Khehra, Ravinder Johal, Baljit Bassi, Malwinder Singh Chahal, Bhupinder Singh Gill Gholia, Avtar Singh Tari, Kuldip Mann, Rana Kahlon, Lakhi Kala Sanghia, Mahinder Singh, Randhir Singh Kang,
Supporter Organizations
Yuba Brother Hockey Sutter, Bay Area Sports Club, Central Velly Sports Club, Shaheed Baba Deep Singh Sports Club, Fateh Sports Club, Shaheed Udham & Shaheed Bhagat Singh Sports Club, Santa Clara Sports Club, Sanjose Punjabi Mela Sports Club.